30-APRIL-PAGE-1.qxd 4/29/2025 10:31 PM Page 1

ਬੁੱਧਵਾਰ, 30 ਅਪ੍ਰੈਲ, 2025
18 ਵਿਸਾਖ { ਨਾਨਕਸ਼ਾਹੀ 557 / ਬਿਕਰਮੀ 2082 }
ਜਿਲਦ/VOL. : 73
ਅੰਕ/NO. : 329

ਰੋਜ਼ਾਨਾ

# ਨਵਾਂ ਜ਼ਮਾਨਾ

DAILY NAWAN ZAMANA • WEDNESDAY, 30 APRIL, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

YouTube nawan zamana TV

ਕੀਮਤ/PRICE : 5.00 ਰੁਪਏ Regd. No : L-4/Pb-JL-0023/2024-26, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਕੁੱਕੜ-ਖੇਹ


**ਨਵੀਂ ਦਿੱਲੀ** : ਜਦੋਂਕਿ ਦੇਸ਼ ਵਾਸੀ ਪਹਿਲਗਾਮ 'ਚ ਅੱਤਵਾਦੀਆਂ ਹੱਥੋਂ ਮਾਰੇ ਗਏ ਲੋਕਾਂ ਦੇ ਸੋਗ ਵਿੱਚ ਡੁੱਬਿਆ ਹੋਇਆ ਹੈ ਤੇ ਅੱਤਵਾਦੀਆਂ ਨੂੰ ਸਖਤ ਸਬਕ ਸਿਖਾਉਣ ਲਈ ਇੱਕਮੁੱਠ ਹਨ, ਹੁਕਮਰਾਨ ਭਾਜਪਾ ਤੇ ਵਿਰੋਧੀ ਕਾਂਗਰਸ ਨੇ ਆਪਣਾ ਹੀ ਅਖਾੜਾ ਲਾ ਲਿਆ ਹੈ। ਕਾਂਗਰਸ ਨੇ ਆਪਣੇ ਅਧਿਕਾਰਤ 'ਐਕਸ' ਹੈਂਡਲ 'ਤੇ ਇੱਕ ਤਸਵੀਰ ਪੋਸਟ ਕੀਤੀ ਹੈ, ਜਿਸ ਵਿੱਚ ਕੁਰਤਾ-ਪਜਾਮਾ ਪਾਈ ਬਿਨਾਂ ਸਿਰ ਵਾਲਾ ਸ਼ਖਸ ਦਿਖਾਇਆ ਗਿਆ ਹੈ ਤੇ ਇਸ ਦੀ ਕੈਪਸ਼ਨ ਵਿੱਚ ਲਿਖਿਆ ਹੈ—ਜ਼ਿੰਮੇਦਾਰੀ ਕੇ ਸਮਯ ਗਾਇਬ। ਇਸ ਦੇ ਜਵਾਬ 'ਚ ਭਾਜਪਾ ਦੇ ਬੁਲਾਰੇ ਆਰ ਪੀ ਸਿੰਘ ਨੇ ਇੱਕ ਪੋਸਟਰ ਜਾਰੀ ਕੀਤਾ, ਜਿਸ ਵਿੱਚ ਰਾਹੁਲ ਵਰਗੀ ਚਿੱਟੀ ਟੀ ਸ਼ਰਟ ਪਹਿਨੀ ਤੇ ਗਾਂਧੀ ਟੋਪੀ ਪਾਈ ਵਿਅਕਤੀ ਨੂੰ ਪਿੱਠ ਪਿੱਛੇ ਚਾਕੂ ਫੜੇ ਦਿਖਾਇਆ ਗਿਆ ਹੈ ਤੇ ਕੈਪਸ਼ਨ ਦਿੱਤੀ ਹੈ—ਪਾਕਿਸਤਾਨ ਕੇ ਯਾਰ।

ਇਸ ਪੋਸਟ ਨੂੰ ਪਹਿਲਗਾਮ ਹਮਲੇ ਦੇ ਬਾਅਦ 24 ਅਪ੍ਰੈਲ ਨੂੰ ਹੋਈ ਸਰਬ ਪਾਰਟੀ ਮੀਟਿੰਗ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ, ਜਿਸ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸ਼ਾਮਲ ਨਹੀਂ ਹੋਏ ਸਨ ਤੇ ਪ੍ਰਧਾਨਗੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਕੀਤੀ ਸੀ।

ਇਸ ਪੋਸਟ 'ਤੇ ਭਾਜਪਾ ਦੇ ਬੁਲਾਰੇ ਗੌਰਵ ਭਾਟੀਆ ਨੇ ਕਿਹਾ ਕਿ ਕਾਂਗਰਸ ਤੇ ਦਹਿਸ਼ਤਗਰਦਾਂ ਦੀ ਸੋਚ ਇੱਕੋ ਜਿਹੀ ਹੈ। ਕਾਂਗਰਸ ਲਸ਼ਕਰ-ਇ-ਪਾਕਿਸਤਾਨ ਹੈ। ਪਾਕਿਸਤਾਨ ਦੇ ਟਾਵਰ ਤੋਂ ਕਾਂਗਰਸ ਦਾ ਸਿਗਨਲ ਮਿਲਦਾ ਹੈ। ਰਾਹੁਲ ਦੇ ਸਿਗਨਲ 'ਤੇ ਅਜਿਹਾ ਹੋ ਰਿਹਾ ਹੈ। ਪਾਕਿਸਤਾਨ ਵਿੱਚ ਵਾਹ-ਵਾਹ ਲਈ ਕਾਂਗਰਸ ਅਜਿਹਾ ਕਰ ਰਹੀ ਹੈ। ਭਾਜਪਾ ਦੇ ਆਈ ਟੀ ਸੈੱਲ ਦੇ ਮੁਖੀ ਅਮਿਤ ਮਾਲਵੀਆ ਨੇ ਕਿਹਾ ਹੈ ਕਿ ਕਾਂਗਰਸ ਨੇ ਸਿਰ ਤਨ ਨਾਲੋਂ ਅੱਡ ਵਰਗੀ ਭਾਸ਼ਾ ਦਾ ਇਸਤੇਮਾਲ ਕਰਕੇ ਫਿਰ ਸਾਬਤ ਕਰ ਦਿੱਤਾ ਹੈ ਕਿ ਇਹ ਮੁਸਲਮ ਵੋਟਾਂ ਨੂੰ ਧਿਆਨ ਵਿੱਚ ਰੱਖ ਕੇ ਟਿੱਪਣੀ ਕੀਤੀ ਗਈ ਹੈ। ਜੇ ਕਹਾਵਤ ਦੇ ਤੌਰ 'ਤੇ ਦੇਖੀਏ ਤਾਂ ਅਸਲ ਵਿੱਚ ਧੌਣ ਤਾਂ ਕਾਂਗਰਸ ਦੀ ਕਟੀ ਹੈ, ਜੋ ਹੁਣ ਬਿਨਾਂ ਦਿਸ਼ਾ ਵਾਲੀ ਇੱਕ ਬੇਕਾਬੂ ਜਥੇਬੰਦੀ ਬਣ ਗਈ ਹੈ। ਭਾਜਪਾ ਸਾਂਸਦ ਅਨੁਰਾਗ ਠਾਕੁਰ ਨੇ ਕਿਹਾ ਕਿ ਕਾਂਗਰਸ ਤੇ ਉਸ ਦੇ ਆਗੂਆਂ ਦੀ ਕੀ ਮਜਬੂਰੀ ਹੈ ਕਿ ਪਾਕਿਸਤਾਨ ਦੇ

• ਬਾਕੀ ਸਫਾ 2 'ਤੇ

ਜ਼ਿੰਮੇਦਾਰੀ ਕੇ ਸਮਯ ਗਾਇਬ




ਪਾਕਿਸਤਾਨ ਕੇ ਯਾਰ



## ਟਰੰਪ ਦੀਆਂ ਧਮਕੀਆਂ ਕੈਨੇਡਾ ਦੇ ਲਿਬਰਲਾਂ ਨੂੰ ਘਿਓ ਵਾਂਗ ਲੱਗੀਆਂ



**ਵੈਨਕੂਵਰ** : ਕੈਨੇਡਾ ਦੀਆਂ ਸੰਸਦੀ ਚੋਣਾਂ ਵਿੱਚ ਹੁਕਮਰਾਨ ਲਿਬਰਲ ਪਾਰਟੀ 343 ਵਿੱਚੋਂ 168 ਸੀਟਾਂ ਜਿੱਤ ਕੇ ਸਪੱਸ਼ਟ ਬਹੁਮਤ ਲਈ ਲੋੜੀਂਦੀਆਂ 172 ਸੀਟਾਂ ਤੋਂ ਮਹਿਜ਼ 4 ਸੀਟਾਂ ਪਿੱਛੇ ਰਹਿ ਗਈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਆਪਣੀ ਸੀਟ ਵੱਡੇ ਫਰਕ ਨਾਲ ਜਿੱਤ ਲਈ, ਜਦੋਂਕਿ ਨਿਊ ਡੈਮੋਕਰੇਟਿਕ ਪਾਰਟੀ (ਐੱਨ ਡੀ ਪੀ) ਦੇ ਜਗਮੀਤ ਸਿੰਘ ਤੇ ਮੁੱਖ ਵਿਰੋਧੀ ਕੰਜ਼ਰਵੇਟਿਵ ਪਾਰਟੀ ਦੇ ਪੀਅਰ ਪੋਲਿਵਰ ਚੋਣ ਹਾਰ ਗਏ ਹਨ। ਜਗਮੀਤ ਸਿੰਘ ਨੇ ਚੋਣਾਂ ਵਿੱਚ ਲੱਗੇ ਵੱਡੇ ਖੋਰੇ ਅਤੇ ਖੁਦ ਚੋਣ ਨਾ ਜਿੱਤ ਸਕਣ ਕਰਕੇ ਪਾਰਟੀ ਦੀ ਪ੍ਰਧਾਨਗੀ ਛੱਡ ਦੇਣ ਦਾ ਐਲਾਨ ਕੀਤਾ ਹੈ।

ਇਸ ਤੋਂ ਪਹਿਲਾਂ 2019 ਅਤੇ 2022 ਵਿੱਚ ਵੀ ਕਿਸੇ ਪਾਰਟੀ ਨੂੰ ਬਹੁਮਤ ਨਹੀਂ ਮਿਲਿਆ ਸੀ ਤੇ ਲਿਬਰਲ ਪਾਰਟੀ ਜਸਟਿਨ ਟਰੂਡੋ ਦੀ ਅਗਵਾਈ ਵਿੱਚ ਐੱਨ ਡੀ ਪੀ ਦੇ ਸਹਿਯੋਗ ਨਾਲ ਸਰਕਾਰ ਚਲਾਉਂਦੀ ਰਹੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਕੈਨੇਡਾ ਦੇ ਅਮਰੀਕਾ ਵਿੱਚ ਰਲੇਵੇਂ ਦੀ ਧਮਕੀ ਤੇ ਵਪਾਰਕ ਜੰਗ ਨੇ ਲਿਬਰਲ ਪਾਰਟੀ ਦੀ ਜਿੱਤ 'ਚ ਅਹਿਮ ਭੂਮਿਕਾ ਨਿਭਾਈ ਹੈ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਮਾਰਕ ਕਾਰਨੀ ਨੂੰ ਜਿੱਤ ਲਈ ਵਧਾਈ ਦਿੰਦਿਆਂ ਕਿਹਾ ਕਿ ਉਹ ਭਾਰਤ-ਕੈਨੇਡਾ ਦੁਵੱਲੇ ਸੰਬੰਧਾਂ ਨੂੰ ਮਜ਼ਬੂਤ ਕਰਨ ਅਤੇ ਦੋਵਾਂ ਦੇਸ਼ਾਂ ਦੇ ਲੋਕਾਂ ਲਈ ਵਧੇਰੇ ਮੌਕੇ ਖੋਲ੍ਹਣ ਦੀ ਉਮੀਦ ਕਰ ਰਹੇ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਲਿਬਰਲ ਪਾਰਟੀ ਨੂੰ ਮਿਲੀ ਜਿੱਤ ਮਗਰੋਂ ਕਿਹਾ ਕਿ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਉਨ੍ਹਾ ਦੇ ਮੁਲਕ ਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ। ਓਟਵਾ ਵਿੱਚ ਜੇਤੂ ਤਕਰੀਰ ਦੌਰਾਨ ਆਪਣੇ ਸਮਰਥਕਾਂ ਨੂੰ ਸੰਬੋਧਨ ਕਰਦਿਆਂ ਕਾਰਨੀ ਨੇ ਵਾਸ਼ਿੰਗਟਨ ਦੀਆਂ ਧਮਕੀਆਂ ਦੇ ਸਾਹਮਣੇ ਕੈਨੇਡੀਅਨ ਲੋਕਾਂ ਦੇ ਏਕੇ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾ ਕਿਹਾ, 'ਅਸੀਂ ਅਮਰੀਕੀ ਵਿਸ਼ਵਾਸਘਾਤ ਦੇ ਸਦਮੇ 'ਚੋਂ ਬਾਹਰ ਆ ਗਏ ਹਾਂ, ਪਰ ਸਾਨੂੰ ਕਦੇ ਵੀ ਸਬਕ ਨਹੀਂ ਭੁੱਲਣੇ ਚਾਹੀਦੇ।' ਕਾਰਨੀ ਨੇ ਕਿਹਾ, 'ਜਿਵੇਂ ਕਿ ਮੈਂ ਮਹੀਨਿਆਂ ਤੋਂ ਚੇਤਾਵਨੀ ਦੇ ਰਿਹਾ ਹਾਂ, ਅਮਰੀਕਾ ਸਾਡੀ ਜ਼ਮੀਨ, ਸਾਡੇ ਸਰੋਤ, ਸਾਡਾ ਪਾਣੀ, ਸਾਡਾ ਦੇਸ਼ ਚਾਹੁੰਦਾ ਹੈ। ਇਹ ਧਮਕੀਆਂ ਕੋਈ ਐਵੇਂ ਹੀ ਨਹੀਂ ਹਨ। ਰਾਸ਼ਟਰਪਤੀ ਟਰੰਪ ਸਾਨੂੰ ਤੋੜਨ ਦੀ ਕੋਸ਼ਿਸ਼ ਕਰ ਰਹੇ ਹਨ, ਤਾਂ ਜੋ ਅਮਰੀਕਾ ਸਾਡਾ ਮਾਲਕ ਬਣ ਸਕੇ। ਇਹ ਕਦੇ ਵੀ ਨਹੀਂ ਹੋਵੇਗਾ, ਪਰ ਸਾਨੂੰ ਇਸ ਹਕੀਕਤ ਨੂੰ ਵੀ ਪਛਾਣਨਾ ਚਾਹੀਦਾ ਹੈ ਕਿ ਸਾਡੀ ਦੁਨੀਆ ਬੁਨਿਆਦੀ

• ਬਾਕੀ ਸਫਾ 2 'ਤੇ

### ਪੰਜਾਬੀਆਂ ਨੇ ਐਤਕੀਂ ਚਾਰ ਸੀਟਾਂ ਵੱਧ ਜਿੱਤੀਆਂ

**ਟੋਰਾਂਟੋ** : ਕੈਨੇਡਾ ਦੀਆਂ ਸੰਸਦੀ ਚੋਣਾਂ ਵਿੱਚ ਐਤਕੀਂ 22 ਪੰਜਾਬੀ ਚੁਣੇ ਗਏ ਹਨ। ਇਸ ਤੋਂ ਪਹਿਲਾਂ 2021 ਵਿੱਚ 18 ਤੇ 2019 ਵਿੱਚ 20 ਪੰਜਾਬੀ ਚੁਣੇ ਗਏ ਸਨ। ਬਰੈਂਪਟਨ ਵਿੱਚ ਵੱਖ-ਵੱਖ ਪਾਰਟੀਆਂ ਤੋਂ ਪੰਜਾਬੀਆਂ ਨੇ ਪੰਜ ਸੀਟਾਂ ਜਿੱਤੀਆਂ ਹਨ। ਲਿਬਰਲ ਪਾਰਟੀ ਦੇ ਪ੍ਰਮੁੱਖ ਜੇਤੂਆਂ ਵਿੱਚ ਓਕਵਿਲ ਈਸਟ ਤੋਂ ਅਨੀਤਾ ਆਨੰਦ, ਵਾਟਰਲੂ ਤੋਂ ਬਰਦੀਸ਼ ਚੱਗਰ, ਡੋਰਵਲ ਲਾਚੀਨ ਤੋਂ ਅੰਜੂ ਢਿੱਲੋਂ, ਸਰੀ ਨਿਊਟਨ ਤੋਂ ਸੁੱਖ ਧਾਲੀਵਾਲ, ਮਿਸੀਸਾਗਾ ਮਾਲਟਨ ਤੋਂ ਇਕਵਿੰਦਰ ਸਿੰਘ ਗਹੀਰ, ਸਰੀ ਸੈਂਟਰ ਤੋਂ ਰਣਦੀਪ ਸਰਾਏ, ਫਲੀਟਵੁੱਡ ਪੋਰਟ

• ਬਾਕੀ ਸਫਾ 2 'ਤੇ

## ਨਫਰਤੀ ਤਾਕਤਾਂ ਤੋਂ ਸਾਵਧਾਨ ਰਹਿਣ ਦੀ ਲੋੜ : ਡੀ ਰਾਜਾ

**ਲੁਧਿਆਣਾ** : ਸੀ ਪੀ ਆਈ ਦੇ ਜਨਰਲ ਸਕੱਤਰ ਡੀ. ਰਾਜਾ ਨੇ ਸਮਾਜ ਵਿੱਚ ਧਰੁਵੀਕਰਨ ਅਤੇ ਨਫਰਤ ਫੈਲਾਉਣ ਵਾਲੀਆਂ ਸ਼ਕਤੀਆਂ ਤੋਂ ਸਾਵਧਾਨ ਰਹਿਣ ਦਾ ਸੱਦਾ ਦਿੱਤਾ ਹੈ। ਉਹਨਾ ਕਿਹਾ ਕਿ ਰਾਜ-ਸੱਤਾ ਵਿੱਚ ਬੈਠੇ ਸ਼ਕਤੀਸ਼ਾਲੀ ਵਿਅਕਤੀਆਂ ਵੱਲੋਂ ਇਸ ਕਿਸਮ ਦੀਆਂ ਸ਼ਕਤੀਆਂ ਦੀ ਰੱਖਿਆ ਕਰਨਾ ਬਹੁਤ ਹੀ ਖਤਰਨਾਕ ਸਾਬਤ ਹੋ ਰਿਹਾ ਹੈ। ਦੂਜੇ ਪਾਸੇ ਗਰੀਬੀ, ਜ਼ਰੂਰੀ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ, ਸਿੱਖਿਆ, ਸਿਹਤ ਅਤੇ ਬੁਨਿਆਦੀ ਸਹੂਲਤਾਂ ਲੋਕਾਂ ਦੀ ਪਹੁੰਚ ਤੋਂ ਬਾਹਰ ਹੋਣ, ਵਧੀਆਂ ਅਸਮਾਨਤਾਵਾਂ ਡੂੰਘੀ ਚਿੰਤਾ ਦਾ ਮਾਮਲਾ ਹਨ। ਖੇਤੀ ਸੰਕਟ ਡੂੰਘਾ ਅਤੇ ਅਨਿਸਚਿਤਤਾ ਵੱਲ ਵਧਦਾ ਜਾ ਰਿਹਾ ਹੈ, ਜਿਸ ਦੇ ਲੰਮੇ ਸਮੇਂ ਦੇ ਪ੍ਰਭਾਵ ਹੋਣਗੇ। ਉਹਨਾ ਇੱਥੇ ਪਾਰਟੀ ਦੀ ਸੂਬਾਈ ਕੌਂਸਲ ਦੀ ਮੀਟਿੰਗ 'ਚ 23 ਤੋਂ 25 ਅਪਰੈਲ ਤੱਕ ਤ੍ਰਿਵੇਂਦਰਮ 'ਚ ਹੋਈ ਕੌਮੀ ਕੌਂਸਲ ਦੇ ਫੈਸਲਿਆਂ ਦੀ ਜਾਣਕਾਰੀ ਦਿੰਦਿਆਂ ਕਿਹਾ ਕਿ ਅਗਾਮੀ ਪਾਰਟੀ ਕਾਂਗਰਸ ਇਨ੍ਹਾਂ ਮੁੱਦਿਆਂ ਤੇ ਵਿਚਾਰ ਕਰੇਗੀ ਅਤੇ ਸਮੱਸਿਆਵਾਂ ਲਈ ਬਦਲਵੇਂ ਹੱਲ ਦੱਸੇਗੀ।

ਪਾਰਟੀ ਦੀ ਕੌਮੀ ਸਕੱਤਰ ਅਮਰਜੀਤ ਕੌਰ ਨੇ ਪੰਜਾਬ ਵੱਲੋਂ ਮਹਾਂ ਸੰਮੇਲਨ (ਕਾਂਗਰਸ) ਦੀ ਮੇਜ਼ਬਾਨੀ ਕਰਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਹਨਾ ਆਜ਼ਾਦੀ ਸੰਗਰਾਮ ਵਿਚ ਸੀ ਪੀ ਆਈ ਦੀ ਭੂਮਿਕਾ ਨੂੰ ਉਜਾਗਰ ਕਰਨ ਅਤੇ ਰਾਸ਼ਟਰ ਨਿਰਮਾਣ ਵਿਚ ਪਾਰਟੀ ਦੀ ਭੂਮਿਕਾ ਦੀ ਵਿਆਖਿਆ ਕੀਤੀ।




ਪ੍ਰੈੱਸ ਕਾਨਫਰੰਸ 'ਚ ਪਾਰਟੀ ਕਾਂਗਰਸ ਦਾ ਲੋਗੋ ਜਾਰੀ ਕਰਦੇ ਹੋਏ ਡੀ. ਰਾਜਾ, ਅਮਰਜੀਤ ਕੌਰ, ਬੰਤ ਸਿੰਘ ਬਰਾੜ, ਗੁਲਜ਼ਾਰ ਸਿੰਘ ਗੋਰੀਆ, ਡੀ ਪੀ ਮੌੜ, ਐੱਮ ਐੱਸ ਭਾਟੀਆ, ਡਾ. ਅਰੁਣ ਮਿੱਤਰਾ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ।

ਉਹਨਾ ਕਿਹਾ ਕਿ ਅਮਰੀਕਾ ਦੀ ਸ਼ਹਿ ਨਾਲ ਜ਼ਾਇਨਵਾਦੀ ਇਜ਼ਰਾਇਲ ਵੱਲੋਂ ਫਲਸਤੀਨੀਆਂ ਦੀ ਨਸਲਕੁਸ਼ੀ ਨਾ ਕੇਵਲ ਉਸ ਖਿੱਤੇ ਲਈ, ਬਲਕਿ ਸਮੁੱਚੇ ਏਸ਼ੀਆ ਤੇ ਦੁਨੀਆਂ ਲਈ ਬਹੁਤ ਵੱਡਾ ਖਤਰਾ ਹਨ। ਬਾਹਰੋਂ ਕਿਸੇ ਕਿਸਮ ਦੀ ਰਸਦ ਨਾ ਆਉਣ ਦੇਣ ਦੇ ਨਾਲ ਮਨੁੱਖੀ ਸੰਕਟ ਗਾਜ਼ਾ ਵਿਖੇ ਬਹੁਤ ਗੰਭੀਰ ਹੋ ਗਿਆ ਹੈ। ਨਾਟੋ ਦੁਆਰਾ ਸਮਰਥਿਤ ਯੂਕਰੇਨ ਅਤੇ ਦੂਜੇ ਪਾਸੇ ਰੂਸ ਵਿਚਕਾਰ ਜਾਰੀ ਯੁੱਧ ਬਹੁਤ ਗੰਭੀਰ ਸਥਿਤੀਆਂ ਪੈਦਾ ਕਰ ਰਿਹਾ ਹੈ ਅਤੇ ਮਨੁੱਖੀ ਸੰਕਟ ਪੈਦਾ ਕਰ ਰਿਹਾ ਹੈ। ਇਹ ਦੁਨੀਆ ਭਰ ਦੇ ਮਨੁੱਖਤਾਵਾਦੀ ਅਤੇ ਸ਼ਾਂਤੀਪਸੰਦ ਲੋਕਾਂ ਲਈ ਬਹੁਤ ਵੱਡੀ ਚੁਣੌਤੀ ਹੈ। ਪਾਰਟੀ ਦੇ ਮਹਾਂ ਸੰਮੇਲਨ ਵਿੱਚ ਇਸ ਕਿਸਮ ਦੇ ਵਿਸ਼ਿਆਂ 'ਤੇ ਗੰਭੀਰ ਚਰਚਾ ਕੀਤੀ ਜਾਏਗੀ।ਇਸ ਪਿਛੋਕੜ ਵਿਚ ਸੀ ਪੀ ਆਈ ਦਾ 25ਵਾਂ ਮਹਾਂ ਸੰਮੇਲਨ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਅਤੇ ਲੋਕਾਂ ਨੂੰ ਸਹਿਣੀਆਂ ਪੈ ਰਹੀਆਂ ਮੁਸ਼ਕਲਾਂ ਦੇ ਲਈ ਹੱਲ ਲੱਭਣ ਅਤੇ ਨੀਤੀਆਂ ਤੈਅ ਕਰਨ ਵਿੱਚ ਬਹੁਤ ਮਹੱਤਵਪੂਰਨ ਘਟਨਾ ਹੋਵੇਗੀ।

ਕੇਂਦਰੀ ਟਰੇਡ ਯੂਨੀਅਨਾਂ, ਸੁਤੰਤਰ ਸੈਕਟੋਰਲ ਫੈਡਰੇਸ਼ਨਾਂ ਅਤੇ ਐਸੋਸੀਏਸ਼ਨਾਂ ਦੇ ਪਲੇਟਫਾਰਮਾਂ ਦੁਆਰਾ 20 ਮਈ ਨੂੰ ਕੀਤੀ ਜਾਣ ਵਾਲੀ ਦੇਸ਼-ਵਿਆਪੀ ਹੜਤਾਲ ਬਾਰੇ ਵੀ ਅਮਰਜੀਤ ਕੌਰ ਨੇ ਸੂਚਿਤ ਕੀਤਾ। ਉਨ੍ਹਾ ਦੱਸਿਆ ਕਿ ਸੰਯੁਕਤ ਕਿਸਾਨ ਮੋਰਚਾ ਨੇ ਵੀ ਇਸ ਹੜਤਾਲ ਵਿੱਚ ਸ਼ਾਮਿਲ ਹੋਣ ਦਾ ਫੈਸਲਾ ਕੀਤਾ ਹੈ।

ਸੀ ਪੀ ਆਈ ਦੇ ਸੂਬਾ ਸਕੱਤਰ ਬੰਤ ਸਿੰਘ ਬਰਾੜ ਨੇ ਦੱਸਿਆ ਕਿ ਪਾਰਟੀ ਦੀ ਸਥਾਪਨਾ 1925 ਵਿੱਚ 26 ਦਸੰਬਰ ਨੂੰ ਕਾਨਪੁਰ ਵਿਖੇ ਹੋਈ ਸੀ। ਪੰਜਾਬ ਨੂੰ 100 ਸਾਲਾ ਸਥਾਪਨਾ ਸਮਾਗਮਾਂ ਦੇ ਮੌਕੇ 25ਵਾਂ ਮਹਾਂ ਸੰਮੇਲਨ ਕਰਨ ਦਾ ਮਾਣ ਪ੍ਰਾਪਤ ਹੋ ਰਿਹਾ ਹੈ। ਪੰਜਾਬ ਦੇ ਲੋਕ ਆਜ਼ਾਦੀ ਦੇ ਸੰਘਰਸ਼ ਵਿੱਚ ਮੂਹਰਲੀਆਂ ਸਫਾਂ ਵਿੱਚ ਸ਼ਾਮਲ ਸਨ ਅਤੇ ਬਰਤਾਨਵੀ ਬਸਤੀਵਾਦੀ ਸ਼ਾਸਨ ਖਿਲਾਫ ਪੰਜਾਬੀਆਂ ਨੇ ਅਥਾਹ ਕੁਰਬਾਨੀਆਂ ਦਿੱਤੀਆਂ ਹਨ। ਪਾਰਟੀ ਦੇ ਮਹਾਂ ਸੰਮੇਲਨ ਲਈ ਬਣੀ ਸੁਆਗਤੀ ਕਮੇਟੀ ਦਾ ਪ੍ਰਧਾਨ ਡਾਕਟਰ ਸਵਰਾਜਬੀਰ ਸਾਬਕਾ ਆਈ ਪੀ ਐੱਸ, ਸਾਬਕਾ ਸੰਪਾਦਕ ਪੰਜਾਬੀ ਟ੍ਰਿਬਿਊਨ ਅਤੇ ਜੋ ਕਲਾ ਤੇ ਸਾਹਿਤ ਦੇ ਖੇਤਰ ਵਿੱਚ ਇੱਕ ਉੱਘੀ ਸ਼ਖਸੀਅਤ ਹਨ, ਨੂੰ ਪ੍ਰਧਾਨ ਬਣਾਇਆ ਗਿਆ ਹੈ। ਸਵਾਗਤੀ ਕਮੇਟੀ ਦੇ ਜਨਰਲ ਸਕੱਤਰ ਬੰਤ ਸਿੰਘ ਬਰਾੜ ਹੋਣਗੇ। ਇਸ ਦੇ ਨਾਲ ਪਾਰਟੀ ਦੀ ਸਮੁੱਚੀ ਸੂਬਾ ਕੌਂਸਲ ਵੀ ਸਵਾਗਤੀ ਕਮੇਟੀ ਵਿੱਚ ਸ਼ਾਮਲ ਹੋਏਗੀ। ਇਸ ਤੋਂ ਇਲਾਵਾ ਸਿੱਖਿਆ, ਸਿਹਤ, ਕਲਾ, ਸਾਹਿਤ ਆਦਿ

• ਬਾਕੀ ਸਫਾ 2 'ਤੇ

### 48 ਪਾਰਕ ਤੇ ਬਗੀਚੇ ਸੈਲਾਨੀਆਂ ਲਈ ਬੰਦ

**ਸ੍ਰੀਨਗਰ** : ਪਹਿਲਗਾਮ ਦਹਿਸ਼ਤੀ ਹਮਲੇ ਦੇ ਮੱਦੇਨਜ਼ਰ ਕਸ਼ਮੀਰ ਵਾਦੀ ਵਿੱਚ 87 ਜਨਤਕ ਪਾਰਕਾਂ ਅਤੇ ਬਾਗਾਂ ਵਿੱਚੋਂ 48 ਨੂੰ ਸੈਲਾਨੀਆਂ ਲਈ ਬੰਦ ਕਰ ਦਿੱਤਾ ਗਿਆ ਹੈ। ਇਸ ਸੂਚੀ ਵਿੱਚ ਹੋਰ ਥਾਵਾਂ ਨੂੰ ਵੀ ਸ਼ਾਮਲ ਕੀਤਾ ਜਾ ਸਕਦਾ ਹੈ। ਬੰਦ ਕੀਤੇ ਗਏ ਸੈਲਾਨੀ ਸਥਾਨ ਕਸ਼ਮੀਰ ਦੇ ਦੂਰ-ਦੁਰਾਡੇ ਇਲਾਕਿਆਂ ਵਿੱਚ ਹਨ ਅਤੇ ਪਿਛਲੇ 10 ਸਾਲਾਂ ਵਿੱਚ ਖੋਲ੍ਹੀਆਂ ਗਈਆਂ ਕੁਝ ਨਵੀਆਂ ਥਾਵਾਂ ਵਿੱਚ ਸ਼ਾਮਲ ਹਨ। ਜਿਨ੍ਹਾਂ ਥਾਵਾਂ ਨੂੰ ਸੈਲਾਨੀਆਂ ਲਈ ਬੰਦ ਕੀਤਾ ਗਿਆ ਹੈ, ਉਨ੍ਹਾਂ 'ਚ ਡੂਸ਼ਪੱਥਰੀ, ਕੋਕਰਨਾਗ, ਦੁਕਸਮ, ਸਿੰਥਨ ਟੌਪ, ਅਚਾਬਲ, ਬੰਗਸ ਘਾਟੀ, ਮਾਰਗਨ ਟੌਪ ਅਤੇ ਤੋਸ਼ਾਮੈਦਾਨ ਸ਼ਾਮਲ ਹਨ। ਦੱਖਣੀ ਕਸ਼ਮੀਰ ਦੇ ਕਈ ਮੁਗਲ ਗਾਰਡਨ ਵੀ ਸੈਲਾਨੀਆਂ ਲਈ ਬੰਦ ਕਰ ਦਿੱਤੇ ਗਏ ਹਨ।

### ਪਾਕਿਸਤਾਨਣ ਨਾਲ ਗੱਲਾਂ ਕਰਨ ਵਾਲਾ ਮੋਚੀ ਗ੍ਰਿਫਤਾਰ



**ਬਠਿੰਡਾ** : ਬਠਿੰਡਾ ਕੈਂਟ ਤੋਂ ਇੱਕ ਮੋਚੀ ਸੁਨੀਲ ਕੁਮਾਰ ਨੂੰ ਪਾਕਿਸਤਾਨ ਦੀ ਮਹਿਲਾ ਨਾਲ ਸੰਪਰਕ ਰੱਖਣ ਦੇ ਦੋਸ਼ ਹੇਠ ਗ੍ਰਿਫਤਾਰ ਕੀਤਾ ਗਿਆ ਹੈ। ਬਿਹਾਰ ਦੇ ਸਮਸਤੀਪੁਰ ਦਾ ਸੁਨੀਲ 10 ਸਾਲਾਂ ਤੋਂ ਬੇਅੰਤ ਨਗਰ, ਬਠਿੰਡਾ ਵਿੱਚ ਰਹਿ ਰਿਹਾ ਸੀ ਅਤੇ ਬਠਿੰਡਾ ਛਾਉਣੀ ਵਿੱਚ ਮੋਚੀ ਦਾ ਕੰਮ ਕਰਦਾ ਸੀ। ਫੌਜ ਦੀ ਖੁਫੀਆ ਏਜੰਸੀ ਨੇ ਇੱਕ ਆਪਰੇਸ਼ਨ ਦੌਰਾਨ ਉਸ ਦੇ ਮੋਬਾਈਲ ਦੀ ਜਾਂਚ ਕੀਤੀ, ਜਿਸ ਵਿੱਚ ਪਾਕਿਸਤਾਨ ਦੀ ਇਕ ਔਰਤ ਨਾਲ ਸ਼ੱਕੀ ਵਟਸਐਪ ਚੈਟ ਮਿਲੀ। ਪੁਲਸ ਨੇ ਸੁਨੀਲ ਕੁਮਾਰ ਖਿਲਾਫ ਜਾਸੂਸੀ ਦਾ ਮਾਮਲਾ ਦਰਜ ਕਰ ਲਿਆ ਹੈ।

### ਸੀ ਸੀ ਐੱਸ ਦੀ ਅੱਜ ਮੀਟਿੰਗ

**ਨਵੀਂ ਦਿੱਲੀ** : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਬੁੱਧਵਾਰ ਨੂੰ ਸੁਰੱਖਿਆ ਬਾਰੇ ਕੈਬਨਿਟ ਕਮੇਟੀ (ਸੀ ਸੀ ਐੱਸ) ਦੀ ਮੀਟਿੰਗ ਦੀ ਪ੍ਰਧਾਨਗੀ ਕਰਨਗੇ। ਸੂਤਰਾਂ ਨੇ ਦੱਸਿਆ ਕਿ ਮੀਟਿੰਗ 'ਚ ਪਾਕਿਸਤਾਨੀ ਜਹਾਜ਼ਾਂ ਲਈ ਭਾਰਤੀ ਹਵਾਈ ਖੇਤਰ ਨੂੰ ਬੰਦ ਕਰਨ ਬਾਰੇ ਫੈਸਲਾ ਹੋ ਸਕਦਾ ਹੈ। ਪਹਿਲਗਾਮ ਹਮਲੇ ਤੋਂ ਬਾਅਦ ਪਹਿਲੀ ਸੀ ਸੀ ਐੱਸ ਮੀਟਿੰਗ 23 ਅਪਰੈਲ ਨੂੰ ਹੋਈ ਸੀ, ਜਿਸ 'ਚ ਛੇ ਦਹਾਕੇ ਪੁਰਾਣੀ ਸਿੰਧੂ ਜਲ ਸੰਧੀ ਨੂੰ ਮੁਲਤਵੀ ਕਰਨ ਦਾ ਫੈਸਲਾ ਕੀਤਾ ਗਿਆ ਸੀ।

## ਸੰਸਦ ਦਾ ਵਿਸ਼ੇਸ਼ ਸੈਸ਼ਨ ਸੱਦਣ 'ਤੇ ਜ਼ੋਰ

**ਨਵੀਂ ਦਿੱਲੀ** : ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਤੇ ਰਾਹੁਲ ਗਾਂਧੀ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਪੱਤਰ ਲਿਖ ਕੇ ਪਹਿਲਗਾਮ ਅੱਤਵਾਦੀ ਹਮਲੇ 'ਤੇ ਚਰਚਾ ਕਰਨ ਅਤੇ ਸਮੂਹਕ ਦ੍ਰਿੜ੍ਹਤਾ ਦਾ ਪ੍ਰਦਰਸ਼ਨ ਕਰਨ ਲਈ ਸੰਸਦ ਦਾ ਵਿਸ਼ੇਸ਼ ਸੈਸ਼ਨ ਬੁਲਾਉਣ ਦੀ ਮੰਗ ਕੀਤੀ ਹੈ। ਪਿਛਲੇ ਹਫਤੇ ਹੋਏ ਭਿਆਨਕ ਹਮਲੇ ਦੇ ਮੱਦੇਨਜ਼ਰ ਕਈ ਵਿਰੋਧੀ ਧਿਰ ਦੇ ਸੰਸਦ ਮੈਂਬਰਾਂ ਨੇ ਸਰਕਾਰ ਤੋਂ ਅਜਿਹੀ ਹੀ ਮੰਗ ਕੀਤੀ ਹੈ, ਜਿਨ੍ਹਾਂ ਵਿੱਚ ਸੀ ਪੀ ਆਈ ਦੇ ਸੰਦੋਸ਼ ਵੀ ਸ਼ਾਮਲ ਹਨ।

ਪ੍ਰਧਾਨ ਮੰਤਰੀ ਨੂੰ ਲਿਖੇ ਪੱਤਰ ਵਿੱਚ ਖੜਗੇ ਨੇ ਕਿਹਾ, "ਇਸ ਸਮੇਂ, ਜਦੋਂ ਏਕਤਾ ਅਹਿਮ ਹੈ, ਵਿਰੋਧੀ ਧਿਰ ਦਾ ਮੰਨਣਾ ਹੈ ਕਿ ਸੰਸਦ ਦੇ ਦੋਵਾਂ ਸਦਨਾਂ ਦਾ ਇਕ ਵਿਸ਼ੇਸ਼ ਸੈਸ਼ਨ ਜਲਦੀ ਤੋਂ ਜਲਦੀ ਬੁਲਾਇਆ ਜਾਣਾ ਜ਼ਰੂਰੀ ਹੈ।" ਉਨ੍ਹਾ ਕਿਹਾ, "ਇਹ 22 ਅਪ੍ਰੈਲ ਨੂੰ ਪਹਿਲਗਾਮ ਵਿਚ ਮਾਸੂਮ ਨਾਗਰਿਕਾਂ 'ਤੇ ਹੋਏ ਜ਼ਾਲਮ ਅੱਤਵਾਦੀ ਹਮਲੇ ਨਾਲ ਨਜਿੱਠਣ ਲਈ ਸਾਡੇ ਸਮੂਹਕ ਸੰਕਲਪ ਅਤੇ ਇੱਛਾ ਸ਼ਕਤੀ ਦਾ ਇੱਕ ਸ਼ਕਤੀਸ਼ਾਲੀ ਪ੍ਰਦਰਸ਼ਨ ਹੋਵੇਗਾ। ਸਾਨੂੰ ਉਮੀਦ ਹੈ ਕਿ ਸੈਸ਼ਨ ਉਸੇ ਅਨੁਸਾਰ ਬੁਲਾਇਆ ਜਾਵੇਗਾ।" ਇਸ ਤੋਂ ਪਹਿਲਾਂ ਕਾਂਗਰਸ ਪ੍ਰਧਾਨ ਨੇ ਸੋਮਵਾਰ ਰਾਜਸਥਾਨ ਵਿੱਚ ਪਾਰਟੀ ਰੈਲੀ ਦੌਰਾਨ ਪ੍ਰਧਾਨ ਮੰਤਰੀ ਮੋਦੀ 'ਤੇ ਵਰ੍ਹਦਿਆਂ ਪਹਿਲਗਾਮ ਹਮਲੇ 'ਤੇ ਸਰਬ-ਪਾਰਟੀ ਮੀਟਿੰਗ ਵਿੱਚ ਸ਼ਾਮਲ ਨਾ ਹੋਣ ਅਤੇ ਭਾਜਪਾ 'ਤੇ ਦੇਸ਼ ਵਿੱਚ ਵੰਡ ਪੈਦਾ ਕਰਨ ਦਾ ਦੋਸ਼ ਲਗਾਇਆ ਸੀ। ਖੜਗੇ ਨੇ ਕਿਹਾ ਸੀ, "ਸੰਕਟ ਦੀ ਇਸ ਘੜੀ ਵਿੱਚ ਹਰ ਕੋਈ ਇਕੱਠੇ ਲੜਨਾ ਚਾਹੁੰਦਾ ਹੈ, ਪਰ ਭਾਜਪਾ ਜ਼ਹਿਰ ਫੈਲਾਉਣਾ ਅਤੇ ਲੋਕਾਂ ਨੂੰ ਵੰਡਣਾ ਚਾਹੁੰਦੀ ਹੈ।"

## ਹਰਿਆਣਾ ਪੰਜਾਬ ਤੋਂ ਵਾਧੂ ਪਾਣੀ ਦੀ ਉਮੀਦ ਨਾ ਰੱਖੇ : ਮਾਨ



**ਚੰਡੀਗੜ੍ਹ** : ਮੁੱਖ ਮੰਤਰੀ ਭਗਵੰਤ ਮਾਨ ਨੇ ਮੰਗਲਵਾਰ ਹਰਿਆਣਾ ਨੂੰ ਵਾਧੂ ਪਾਣੀ ਦੇਣ ਤੋਂ ਸਾਫ ਇਨਕਾਰ ਕਰਦਿਆਂ ਕਿਹਾ ਕਿ ਪੰਜਾਬ ਕੋਲ ਇੱਕ ਬੂੰਦ ਵੀ ਪਾਣੀ ਫਾਲਤੂ ਨਹੀਂ, ਜਿਸ ਕਰਕੇ ਹਰਿਆਣਾ ਇਸ ਸੰਬੰਧੀ ਪੰਜਾਬ ਤੋਂ ਕੋਈ ਉਮੀਦ ਨਾ ਰੱਖੇ। ਉਨ੍ਹਾ ਕਿਹਾ ਕਿ ਪਾਕਿਸਤਾਨ ਦੇ ਦਰਿਆਵਾਂ ਨੂੰ ਜਾਣ ਵਾਲਾ ਪਾਣੀ ਪੰਜਾਬ ਦੇ ਡੈਮਾਂ ਵਿੱਚ ਛੱਡਿਆ ਜਾਵੇ ਤਾਂ ਹੀ ਉਹ ਪਾਣੀ ਹਰਿਆਣਾ ਨੂੰ ਦਿੱਤਾ ਜਾ ਸਕਦਾ ਹੈ। ਉਨ੍ਹਾ ਭਾਜਪਾ ਨੂੰ ਪਾਣੀ ਦੇ ਮਾਮਲੇ 'ਤੇ ਕੋਝੀ ਸਿਆਸਤ ਕਰਨ ਤੋਂ ਬਾਜ਼ ਆਉਣ ਲਈ ਕਿਹਾ। ਮਾਨ ਨੇ ਕਿਹਾ ਕਿ ਭਾਜਪਾ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ ਬੀ ਐੱਮ ਬੀ) ਜ਼ਰੀਏ ਪੰਜਾਬ 'ਤੇ ਦਬਾਅ ਬਣਾ ਰਹੀ ਹੈ, ਪਰ ਪੰਜਾਬ ਕਿਸੇ ਵੀ ਦਬਾਅ ਅੱਗੇ ਝੁਕੇਗਾ ਨਹੀਂ। ਉਨ੍ਹਾ ਕਿਹਾ ਕਿ ਹਰਿਆਣਾ ਦਰਿਆਵਾਂ ਦੇ ਪਾਣੀ 'ਚੋਂ ਆਪਣੇ ਬਣਦੇ ਹਿੱਸੇ ਤੋਂ ਜ਼ਿਆਦਾ 103 ਫੀਸਦੀ ਪਾਣੀ ਵਰਤ ਚੁੱਕਾ ਹੈ, ਜਦੋਂ ਕਿ ਪੰਜਾਬ ਵਿੱਚ ਹੁਣ ਪਾਣੀ ਦੀ ਮੰਗ ਵਧ ਰਹੀ ਹੈ। ਉਨ੍ਹਾ ਕਿਹਾ ਕਿ ਪੁਰਾਣੀਆਂ ਸਰਕਾਰਾਂ ਸਮੇਂ ਹਰਿਆਣਾ ਨੂੰ ਪੰਜਾਬ ਵਾਧੂ ਪਾਣੀ ਦੇ ਦਿੰਦਾ ਸੀ, ਪਰ ਹੁਣ ਪੰਜਾਬ ਸਰਕਾਰ ਲਈ ਆਪਣਾ ਸੂਬਾ ਤਰਜੀਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਪੰਜਾਬ ਇਨਸਾਨੀ ਅਧਾਰ 'ਤੇ ਪਹਿਲਾਂ ਹੀ ਪੀਣ ਵਾਲੇ ਪਾਣੀ ਵਾਸਤੇ ਹਰਿਆਣਾ ਨੂੰ ਚਾਰ ਹਜ਼ਾਰ ਕਿਊਸਿਕ ਪਾਣੀ ਦੇ ਰਿਹਾ ਹੈ, ਪਰ ਹੁਣ ਹਰਿਆਣਾ ਹੋਰ ਪਾਣੀ ਦੀ ਪੰਜਾਬ ਤੋਂ ਉਮੀਦ ਨਾ ਰੱਖੇ। ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਨੇ ਆਪਣੇ ਪੁਰਾਣੇ ਰਜਵਾਹੇ ਮੁੜ ਸੁਰਜੀਤ ਕੀਤੇ ਹਨ, ਜਿਸ ਕਰਕੇ ਖੁਦ ਪੰਜਾਬ ਵਿੱਚ ਪਾਣੀ ਦੀ ਮੰਗ ਵਧ ਗਈ ਹੈ। ਦੱਸਣਯੋਗ ਹੈ ਕਿ ਭਾਖੜਾ ਬਿਆਸ ਮੈਨੇਜਮੈਂਟ ਬੋਰਡ ਦੀ ਉੱਚ ਪੱਧਰੀ ਮੀਟਿੰਗ ਵਿੱਚ ਸੋਮਵਾਰ ਹਰਿਆਣਾ ਨੇ ਪੰਜਾਬ ਤੋਂ 8500 ਕਿਊਸਿਕ ਪਾਣੀ ਦੀ ਮੰਗ ਕੀਤੀ ਸੀ, ਪਰ ਪੰਜਾਬ ਸਰਕਾਰ ਨੇ ਮੀਟਿੰਗ ਵਿੱਚ ਇਹ ਪਾਣੀ ਦੇਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ। ਹਰਿਆਣਾ ਦੇ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਵੀ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਇਸ ਬਾਰੇ ਇੱਕ ਪੱਤਰ ਲਿਖਿਆ ਸੀ।

### ਵੇਰਕਾ ਦੁੱਧ ਦੋ ਰੁਪਏ ਲੀਟਰ ਮਹਿੰਗਾ




**ਚੰਡੀਗੜ੍ਹ** : ਪੰਜਾਬ ਸਮੇਤ ਚੰਡੀਗੜ੍ਹ ਵਿੱਚ ਵੇਰਕਾ ਨੇ ਦੁੱਧ ਦੀਆਂ ਕੀਮਤਾਂ 30 ਅਪ੍ਰੈਲ ਤੋਂ ਪ੍ਰਤੀ ਲੀਟਰ 2 ਰੁਪਏ ਵਧਾ ਦਿੱਤੀਆਂ ਹਨ। ਪ੍ਰਤੀ ਲੀਟਰ ਫੁੱਲ ਕਰੀਮ 69 ਰੁਪਏ, ਅੱਧਾ ਲੀਟਰ 35 ਰੁਪਏ, ਲਿਟਰ ਸਟੈਂਡਰਡ ਮਿਲਕ 63 ਰੁਪਏ, ਅੱਧਾ ਲਿਟਰ 32 ਰੁਪਏ ਦਾ ਮਿਲੇਗਾ। ਡਬਲ ਟੋਨ ਮਿਲਕ ਅੱਧਾ ਲੀਟਰ 26 ਰੁਪਏ ਹੋ ਗਿਆ ਹੈ। ਜਾਪਦਾ ਹੈ ਕਿ ਅਮੂਲ ਅਤੇ ਮਦਰ ਡੇਅਰੀ ਵਾਲੇ ਵੀ ਕੀਮਤਾਂ ਵਧਾ ਦੇਣਗੇ।

## ਭਰਾਤਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਪਰਸੋਂ ਬੋਹਾ ਥਾਣੇ ਦਾ ਘਿਰਾਓ : ਅਰਸ਼ੀ

**ਬੁਢਲਾਡਾ (ਅਸ਼ੋਕ ਲਾਕੜਾ)**

ਸੀ.ਪੀ.ਆਈ. ਦੇ ਸੂਬਾ ਕੌਂਸਲ ਮੈਂਬਰ ਅਤੇ ਸਾਬਕਾ ਵਿਧਾਇਕ ਕਾਮਰੇਡ ਹਰਦੇਵ ਸਿੰਘ ਅਰਸ਼ੀ ਨੇ ਪਾਰਟੀ ਦੇ ਸੀਨੀਅਰ ਆਗੂ ਅਤੇ ਪੰਜਾਬ ਇਸਤਰੀ ਸਭਾ ਦੀ ਜ਼ਿਲ੍ਹਾ ਪ੍ਰਧਾਨ ਕਾਮਰੇਡ ਮਨਜੀਤ ਕੌਰ ਗਾਮੀਵਾਲਾ ਨੂੰ ਕੌਮਾਂਤਰੀ ਇਸਤਰੀ ਦਿਹਾੜੇ ਦੇ ਦਿਨ 8 ਮਾਰਚ ਨੂੰ ਕਸਬਾ ਬੋਹਾ ਵਿਖੇ ਭਾੜੇ ਦੇ ਗੁੰਡਿਆਂ ਵੱਲੋਂ ਬੇਰਹਿਮੀ ਨਾਲ ਕਤਲ ਕਰਨ ਦੇ ਮਾਮਲੇ ਵਿੱਚ ਐੱਸ.ਐੱਚ.ਓ. ਬੋਹਾ ਜਗਦੇਵ ਸਿੰਘ ਦੀ ਦੋਸ਼ੀਆਂ ਨੂੰ ਬਚਾਉਣ ਅਤੇ ਆਰੰਭ ਤੋਂ ਸ਼ੱਕੀ ਭੂਮਿਕਾ ਸੰਬੰਧੀ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਇਸ ਸੰਬੰਧੀ ਆਵਾਜ਼ ਉਠਾ ਰਹੀ ਹੈ, ਪਰੰਤੂ ਜ਼ਿਲ੍ਹਾ ਪੁਲਸ ਮੁਖੀ ਇਸ ਮਾਮਲੇ 'ਚ ਮੂਕ ਦਰਸ਼ਕ ਬਣੇ ਹੋਏ ਹਨ।ਕਮਿਊਨਿਸਟ ਆਗੂ ਨੇ ਕਿਹਾ ਕਿ ਇਸ ਕਤਲ ਕਾਂਡ ਦੀ ਬਾਰੀਕੀ ਨਾਲ ਜਾਂਚ ਪੜਤਾਲ ਕਰਨ ਦੀ ਬਜਾਏ ਸ਼ਰੇਆਮ ਦੋਸ਼ੀਆਂ ਨੂੰ ਬਚਾਉਣ ਲਈ ਹੱਥਕੰਡੇ ਵਰਤੇ ਜਾ ਰਹੇ ਹਨ। ਉਨ੍ਹਾ ਕਿਹਾ ਕਿ ਉਕਤ ਐੱਸ ਐੱਚ ਓ ਜਗਦੇਵ ਸਿੰਘ ਦੀ ਬੋਹਾ ਥਾਣੇ ਤੋਂ ਬਦਲੀ ਕਰ ਦਿੱਤੀ ਹੈ ਪਰੰਤੂ ਉਸ ਦੀ ਭੂਮਿਕਾ ਤੇ ਦੋਸ਼ੀਆਂ ਨਾਲ ਉਸ ਦੀ ਮਿਲੀਭੁਗਤ ਵਾਲੇ ਰੋਲ ਨੂੰ ਨੰਗਾ ਨਹੀਂ ਕੀਤਾ ਜਾ ਰਿਹਾ। ਉਨ੍ਹਾ ਦੱਸਿਆ ਕਿ ਕਮਿਊਨਿਸਟ ਪਾਰਟੀ ਦੁਆਰਾ ਸਾਜ਼ਿਸ਼ ਕਰਤਾ ਬਾਰੇ ਫੀਡ ਬੈਕ ਦੇਣ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਹੋ ਰਹੀ ਹੈ।



ਉਕਤ ਮਾਮਲੇ ਵਿੱਚ ਐੱਸ.ਐੱਸ.ਪੀ. ਦਾ ਰਵੱਈਆ ਸ਼ੁਰੂ ਤੋਂ ਨਾਂਹਪੱਖੀ ਰਿਹਾ ਹੈ, ਉਕਤ ਪੁਲਸ ਅਧਿਕਾਰੀ ਗੱਲ ਸੁਣਨ ਤੱਕ ਤਿਆਰ ਨਹੀਂ ਹੈ।ਉਨ੍ਹਾ ਕਿਹਾ ਕਿ ਉਕਤ ਐੱਸ ਐੱਚ ਓ ਨੇ ਇਸ ਕੇਸ ਨੂੰ ਕਮਜ਼ੋਰ ਕਰਨ ਲਈ ਜ਼ਿਲ੍ਹਾ ਪੁਲਸ ਮੁਖੀ ਦੀ ਸਹਿਮਤੀ ਨਾਲ ਦੋ ਦੋਸ਼ੀਆਂ ਨੂੰ ਕੇਸ ਵਿੱਚੋਂ ਕੱਢ ਦਿੱਤਾ ਹੈ, ਇੱਕ ਦੋਸ਼ੀ ਨੂੰ ਹਾਲੇ ਤੱਕ ਜਾਣ-ਬੁੱਝ ਕੇ ਫੜਿਆ ਹੀ ਨਹੀਂ ਗਿਆ ਹੈ।ਕਾਮਰੇਡ ਅਰਸ਼ੀ ਨੇ ਕਿਹਾ ਕਿ ਮਨਜੀਤ ਦਾ ਕਤਲ ਕੋਈ ਸਧਾਰਨ ਘਟਨਾ ਨਹੀਂ, ਬਲਕਿ ਇੱਕ ਡੂੰਘੀ ਸਾਜ਼ਿਸ਼ ਤਹਿਤ ਕੀਤਾ ਗਿਆ ਸਿਆਸੀ ਕਤਲ ਹੈ, ਮਨਜੀਤ ਕੌਰ ਨੇ ਇੱਕ ਪੀੜਤ ਵਿਧਵਾ ਔਰਤ ਨੂੰ ਇਨਸਾਫ ਦਿਵਾਉਣ ਲਈ ਉਸ ਦੀ ਪੂਰੀ ਤਨਦੇਹੀ ਨਾਲ ਮਦਦ ਕੀਤੀ ਸੀ, ਜਿਸ ਦੇ ਨਤੀਜੇ ਵਜੋਂ ਉਸ ਨੂੰ ਆਪਣੀ ਜਾਨ ਤੋਂ ਹੱਥ ਧੋਣੇ ਪਏ। ਉਨ੍ਹਾ ਕਿਹਾ ਕਿ ਮਨਜੀਤ ਕੌਰ ਦੇ ਮਾਮਲੇ ਵਿੱਚ ਇਨਸਾਫ ਲਈ 2 ਮਈ ਨੂੰ ਸਵੇਰੇ 10 ਵਜੇ ਥਾਣਾ ਬੋਹਾ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਮੰਗ ਕੀਤੀ ਕਿ ਥਾਣੇਦਾਰ ਜਗਦੇਵ ਸਿੰਘ ਨੂੰ ਤੁਰੰਤ ਮੁਅੱਤਲ ਕਰਕੇ ਇਸ ਕੇਸ ਨਾਲ ਜੁੜੀ ਉਸ ਦੀ ਸ਼ੱਕੀ ਭੂਮਿਕਾ ਦੀ ਜਾਂਚ ਕੀਤੀ ਜਾਵੇ। ਕੇਸ ਵਿੱਚੋਂ ਕੱਢੇ ਗਏ ਦੋ ਦੋਸ਼ੀਆਂ ਨੂੰ ਮੁੜ ਗ੍ਰਿਫ਼ਤਾਰ ਕਰਕੇ ਕੋਰਟ ਵਿੱਚ ਪੇਸ਼ ਕੀਤਾ ਜਾਵੇ।ਕਤਲ ਦੇ ਮੁੱਖ ਸਾਜ਼ਿਸ਼ ਕਰਤਾ ਵਿਰੁੱਧ ਗੰਭੀਰਤਾ ਨਾਲ ਜਾਂਚ ਕੀਤੀ ਜਾਵੇ। ਪੀੜਤ ਪਰਵਾਰ ਨੂੰ 10 ਲੱਖ ਰੁਪਏ ਦੀ ਮਾਲੀ ਮਦਦ ਅਤੇ ਇੱਕ ਮੈਂਬਰ ਨੂੰ ਸਰਕਾਰੀ ਨੌਕਰੀ ਦਿੱਤੀ ਜਾਵੇ। ਕਾਮਰੇਡ ਅਰਸ਼ੀ ਨੇ ਸਮੂਹ ਖੱਬੀਆਂ, ਜਮਹੂਰੀ ਰਾਜਸੀ ਪਾਰਟੀਆਂ ਤੇ ਕਿਸਾਨ-ਮਜ਼ਦੂਰ ਜਥੇਬੰਦੀਆਂ ਨੂੰ ਉਕਤ ਸੰਘਰਸ਼ ਵਿੱਚ ਭਰਪੂਰ ਸਹਿਯੋਗ ਕਰਨ ਦੀ ਅਪੀਲ ਕੀਤੀ ਹੈ।

## ਫੁਕਰਪੁਣੇ ਦੀ ਹੱਦ !



**ਬਰੇਟਾ (ਰੀਤਵਾਲ)**- ਨਜ਼ਦੀਕੀ ਪਿੰਡ ਸਿਰਸੀਵਾਲਾ ਤੇ ਗੋਬਿੰਦਪੁਰਾ ਵਿਚਕਾਰ ਬਣੇ ਰੇਲਵੇ ਅੰਡਰਬ੍ਰਿਜ ਅੰਦਰ ਸੱਤ-ਅੱਠ ਮਨਚਲੇ ਲੜਕਿਆਂ ਨੇ ਆਪਣੇ ਮੋਟਰਸਾਈਕਲਾਂ ਦੀ ਸ਼ਰਤ ਲਾਉਣੀ ਸ਼ੁਰੂ ਕਰ ਦਿੱਤੀ ਕਿ ਜੇ ਕੋਈ ਵੀ ਮੋਟਰਸਾਈਕਲ ਸਾਰਿਆਂ ਜਣਿਆਂ ਸਮੇਤ ਅੰਡਰਬ੍ਰਿਜ ਵਾਲੀ ਚੜ੍ਹਾਈ ਨਾ ਚੜ੍ਹ ਸਕਿਆ ਤਾਂ ਉਹ ਆਪਣੇ ਮੋਟਰਸਾਈਕਲ ਨੂੰ ਇੱਥੇ ਹੀ ਅੱਗ ਲਾ ਦੇਣਗੇ।ਦੋਵੇਂ ਮੋਟਰਸਾਈਕਲਾਂ 'ਤੇ ਚਾਰ-ਚਾਰ ਜਣੇ ਚੜ੍ਹ ਕੇ ਅੰਡਰਬ੍ਰਿਜ ਦੇ ਥੱਲਿਓਂ ਚੜ੍ਹਾਈ ਚੜ੍ਹਨ ਲੱਗੇ ਤਾਂ ਦੋਵੇਂ ਹੀ ਮੋਟਰਸਾਈਕਲ ਅੱਧ ਵਿਚਕਾਰ ਜਾ ਕੇ ਬੰਦ ਹੋ ਗਏ ਤਾਂ ਉਸੇ ਸਮੇਂ ਹੀ ਇਨ੍ਹਾਂ ਮਨਚਲੇ ਲੜਕਿਆਂ ਨੇ ਆਪਣੇ ਮੋਟਰਸਾਈਕਲਾਂ ਨੂੰ ਅੱਗ ਲਗਾ ਦਿੱਤੀ।ਇਸ ਬਾਰੇ ਜਦ ਪਿੰਡ ਸਿਰਸੀਵਾਲਾ ਦੇ ਸਰਪੰਚ ਨਿਸ਼ਾਨ ਸਿੰਘ ਨੂੰ ਪਤਾ ਲੱਗਿਆ ਕਿ ਰਾਤ ਨੂੰ 1 1

• ਬਾਕੀ ਸਫਾ 2 'ਤੇ

## ਅੱਜ-ਨਾਮਾ

ਤੀਜੀ ਵਾਰ ਕੈਨੇਡਾ ਵਿੱਚ ਚੋਣ ਹੋ ਗਈ,
ਹੋਈ ਕਿਸੇ ਦੀ ਜਿੱਤ ਨਹੀਂ ਹਾਰ ਮੀਆਂ।
ਆਗੂ ਬਦਲਿਆ, ਪਾਰਟੀ ਬਚੀ ਕਹਿੰਦੇ,
ਪਹਿਲਾ ਹੁੰਦਾ ਤਾਂ ਪੈਣੀ ਸੀ ਮਾਰ ਮੀਆਂ।
ਰਿਹਾ ਜੋ ਸੋਚਦਾ ਦੇਸ਼ ਦਾ ਮੁਖੀ ਬਣਨਾ,
ਲੱਗਿਆ ਸੀਟ ਤੋਂ ਉਹ ਨਾ ਪਾਰ ਮੀਆਂ।
ਫਤਵਾ ਵੋਟਰਾਂ ਦਾ ਹੋਵੇ ਜਿਸ ਤਰ੍ਹਾਂ ਦਾ,
ਮੋੜਵਾਂ ਕਰਿਆ ਟਰੰਪ 'ਤੇ ਵਾਰ ਮੀਆਂ।
ਲੋਕ ਸਿਆਣੇ ਆ ਸਾਰਿਆਂ ਆਗੂਆਂ ਤੋਂ,
ਦਿੱਤੀ ਬਾਹਲੀ ਨਾ ਕਿਸੇ ਨੂੰ ਭੱਲ ਮੀਆਂ।
ਰਹਿਣਾ ਪਊਗਾ ਹੱਦਾਂ ਵਿੱਚ ਸਾਰਿਆਂ ਨੂੰ,
ਰੱਖਣਾ ਯਾਦ ਪਊ ਆਂਵਦਾ ਕੱਲ੍ਹ ਮੀਆਂ।

-ਤੀਸ ਮਾਰ ਖਾਂ

## ਸਿੰਧੂ ਜਲ ਸੰਧੀ ਦੀ ਮੁਅੱਤਲੀ ਤੋਂ ਬਾਅਦ ਝਨਾਂ ਦਰਿਆ ਦਾ ਪੱਧਰ ਘਟਿਆ

**ਚੰਡੀਗੜ੍ਹ** : 22 ਅਪਰੈਲ ਨੂੰ ਪਹਿਲਗਾਮ ਨੇੜੇ ਹੋਏ ਅੱਤਵਾਦੀ ਹਮਲੇ ਤੋਂ ਬਾਅਦ ਭਾਰਤ ਵੱਲੋਂ ਸਿੰਧੂ ਜਲ ਸੰਧੀ ਨੂੰ ਮੁਅੱਤਲ ਕਰਨ ਤੋਂ ਬਾਅਦ ਸੈਟੇਲਾਈਟ ਤਸਵੀਰਾਂ 'ਚ ਭਾਰਤ ਤੋਂ ਪਾਕਿਸਤਾਨ 'ਚ ਵਹਿ ਰਹੇ ਝਨਾਂ ਦਰਿਆ ਵਿੱਚ ਪਾਣੀ ਦੇ ਵਹਾਅ 'ਚ ਕਮੀ ਦਾ ਸੰਕੇਤ ਮਿਲਿਆ ਹੈ। ਹਮਲੇ ਤੋਂ ਇਕ ਦਿਨ ਪਹਿਲਾਂ 21 ਅਪਰੈਲ ਅਤੇ ਫਿਰ 26 ਅਪਰੈਲ ਨੂੰ ਲਈਆਂ ਗਈਆਂ ਸਰਹੱਦ ਪਾਰ ਸਿਆਲਕੋਟ ਖੇਤਰ ਵਿੱਚ ਮਰਾਲਾ ਹੈੱਡਵਰਕਸ ਦੀਆਂ ਸੈਟੇਲਾਈਟ ਤਸਵੀਰਾਂ ਬੈਰਾਜ ਦੇ ਅੱਗੇ ਗਾਰ ਅਤੇ ਤਲਛਟ ਦੇ ਉੱਚ ਪੱਧਰ ਨੂੰ ਦਰਸਾਉਂਦੀਆਂ ਹਨ।

ਤਸਵੀਰ ਵਿਆਖਿਆ ਮਾਹਰ ਕਰਨਲ ਵਿਨਾਇਕ ਭੱਟ (ਸੇਵਾਮੁਕਤ), ਜਿਸ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਤਸਵੀਰਾਂ ਸਾਂਝੀਆਂ ਕੀਤੀਆਂ, ਨੇ ਦੱਸਿਆ, "ਤੁਲਨਾਤਮਕ ਸੈਟੇਲਾਈਟ ਤਸਵੀਰਾਂ 'ਤੇ ਦੇਖੇ ਗਏ ਪਾਣੀ ਦੇ ਵਹਾਅ ਤੋਂ ਸਪੱਸ਼ਟ ਤੌਰ 'ਤੇ ਪਤਾ ਲੱਗਦਾ ਹੈ ਕਿ ਹੈੱਡਵਰਕਸ ਤੋਂ ਨਿਕਲਣ ਵਾਲੇ ਪਾਣੀ ਦੇ ਚੈਨਲਾਂ ਦੇ ਵਹਾਅ ਵਿੱਚ ਕਮੀ ਆਈ ਹੈ ਅਤੇ ਇਕ ਪੂਰੀ ਤਰ੍ਹਾਂ ਸੁੱਕ ਗਿਆ ਹੈ।" ਉਨ੍ਹਾਂ ਕਿਹਾ ਕਿ ਇਹ ਜਲ ਸੰਧੀ ਨੂੰ ਮੁਅੱਤਲ ਕਰਨ ਤੋਂ ਬਾਅਦ ਭਾਰਤ ਵਿੱਚ ਪਾਣੀ ਦੇ ਭੰਡਾਰ ਨੂੰ ਦਰਸਾਉਂਦਾ ਹੈ। ਭਾਰਤ ਅਤੇ ਪਾਕਿਸਤਾਨ ਵਿਚਕਾਰ ਹੋਈ ਸਿੰਧੂ ਜਲ ਸੰਧੀ ਦੇ ਤਹਿਤ ਭਾਰਤ ਨੂੰ ਤਿੰਨ ਪੂਰਬੀ ਦਰਿਆਵਾਂ—ਸਤਲੁਜ, ਬਿਆਸ ਅਤੇ ਰਾਵੀ ਦੇ ਪਾਣੀ ਦੀ ਵਰਤੋਂ ਕਰਨ ਦਾ ਅਧਿਕਾਰ ਸੀ, ਜਦੋਂ ਕਿ ਤਿੰਨ ਪੱਛਮੀ ਦਰਿਆਵਾਂ ਸਿੰਧ, ਜੇਹਲਮ ਅਤੇ ਝਨਾਂ ਦੇ ਪਾਣੀ ਪਾਕਿਸਤਾਨ ਨੂੰ ਅਲਾਟ ਕੀਤੇ ਗਏ ਸਨ। ਸੰਧੀ ਦੀਆਂ ਸ਼ਰਤਾਂ ਦੇ ਅਨੁਸਾਰ ਭਾਰਤ ਪੱਛਮੀ ਦਰਿਆਵਾਂ ਦੇ 20 ਪ੍ਰਤੀਸ਼ਤ ਤੱਕ ਪਾਣੀ ਨੂੰ ਸਿੰਜਾਈ ਅਤੇ ਬਿਜਲੀ ਉਤਪਾਦਨ ਲਈ ਰਨ-ਆਫ-ਦ-ਰਿਵਰ ਪ੍ਰੋਜੈਕਟਾਂ ਰਾਹੀਂ ਵਰਤ ਸਕਦਾ ਹੈ, ਪਰ ਉਸ ਨੂੰ ਅਜਿਹਾ ਬਿਨਾਂ ਵੱਡੀਆਂ ਸਟੋਰੇਜ ਸਹੂਲਤਾਂ ਬਣਾਏ ਜਾਂ ਪਾਕਿਸਤਾਨ ਨੂੰ ਪਾਣੀ ਦੇ ਵਹਾਅ ਵਿੱਚ ਵਿਘਨ ਪਾਏ ਕਰਨਾ ਹੋਵੇਗਾ, ਕਿਉਂਕਿ ਪਾਕਿਸਤਾਨ ਦੀ ਖੇਤੀ-ਆਰਥਿਕਤਾ ਸਿੰਧ ਬੇਸਿਨ 'ਤੇ ਨਿਰਭਰ ਕਰਦੀ ਹੈ।

ਝਨਾਂ ਦਰਿਆ ਦੋ ਨਦੀਆਂ ਚੰਦਰ ਅਤੇ ਭਾਗਾ ਦੇ ਸੰਗਮ ਦੁਆਰਾ ਬਣਦਾ ਹੈ, ਜੋ ਕਿ ਮਨਾਲੀ ਕੋਲ ਸਥਿਤ ਬਾਰਾਲਾਚਾ ਲਾ-ਦੱਰੇ ਦੇ ਨੇੜੇ ਹੈ। ਇਹ ਜੰਮੂ ਅਤੇ ਕਸ਼ਮੀਰ ਵਿੱਚ ਦਾਖਲ ਹੋਣ ਤੋਂ ਪਹਿਲਾਂ ਚੰਬਾ ਰਾਹੀਂ ਉੱਤਰ-ਪੱਛਮੀ ਦਿਸ਼ਾ ਵਿੱਚ ਵਗਦਿਆਂ ਕਿਸ਼ਤਵਾੜ, ਡੋਡਾ, ਰਾਮਬਨ, ਰਿਆਸੀ ਅਤੇ ਜੰਮੂ ਜ਼ਿਲ੍ਹਿਆਂ ਨੂੰ ਪਾਰ ਕਰਦਾ ਹੈ ਅਤੇ ਅੰਤ ਵਿਚ ਪਾਕਿਸਤਾਨ 'ਚ ਲਹਿੰਦੇ ਪੰਜਾਬ ਵਿੱਚ ਬਹਾਵਲਪੁਰ ਦੇ ਨੇੜੇ ਸਤਲੁਜ 'ਚ ਮਿਲ ਜਾਂਦਾ ਹੈ।

ਇਸ ਦਰਿਆ ਵਿੱਚ ਹਾਈਡਰੋ-ਬਿਜਲੀ ਉਤਪਾਦਨ ਦੀ ਉੱਚ ਸੰਭਾਵਨਾ ਹੈ, ਜਿਸ ਵਿਚ ਕਈ ਕਾਰਜਸ਼ੀਲ ਅਤੇ ਆਉਣ ਵਾਲੇ ਪ੍ਰੋਜੈਕਟ ਹਨ, ਜਿਨ੍ਹਾਂ ਦੀ ਸੰਯੁਕਤ ਸਮਰੱਥਾ ਭਾਰਤੀ ਪਾਸੇ 7,000 ਮੈਗਾਵਾਟ ਦੇ ਕਰੀਬ ਹੈ। ਪਾਕਿਸਤਾਨ ਵਿੱਚ ਦਰਿਆ 'ਤੇ ਬਣੇ ਚਾਰ ਬੈਰਾਜਾਂ ਵਿੱਚੋਂ ਪਹਿਲਾ, ਮਰਾਲਾ ਹੈੱਡਵਰਕਸ, ਅਖਨੂਰ ਸੈਕਟਰ ਵਿੱਚ ਕੌਮਾਂਤਰੀ ਸਰਹੱਦ ਤੋਂ ਲੱਗਭੱਗ 8 ਕਿਲੋਮੀਟਰ ਦੂਰ ਹੈ ਅਤੇ ਚਿਕਨਜ਼ ਨੈੱਕ ਖੇਤਰ ਦੇ ਕਾਫੀ ਨੇੜੇ ਹੈ, ਜੋ ਪਾਕਿਸਤਾਨ ਨਾਲ ਪਿਛਲੀਆਂ ਜੰਗਾਂ ਵਿੱਚ ਫੈਸਲਾਕੁੰਨ ਲੜਾਈਆਂ ਦਾ ਸਥਾਨ ਰਿਹਾ ਹੈ। ਇਹ ਇਸ ਦੇ ਖੱਬੇ ਕੰਢੇ ਤੋਂ ਦੋ ਸਿੰਜਾਈ ਲਿੰਕ ਨਹਿਰਾਂ ਨੂੰ ਛੱਡਦਾ ਹੈ। 100 ਕਿਲੋਮੀਟਰ ਲੰਬੀ ਮਰਾਲਾ-ਰਾਵੀ ਲਿੰਕ (ਐੱਮ ਆਰ ਐੱਲ), ਦੀ ਸਮਰੱਥਾ 22,000 ਕਿਊਸਿਕ ਹੈ। ਬੰਬਾਂਵਾਲਾ-ਰਾਵੀ-ਬੇਦੀਆਂ-ਦੇਪਾਲਪੁਰ ਨਹਿਰ, ਜਿਸ ਨੂੰ ਇਚੋਗਿਲ ਨਹਿਰ ਵੀ ਕਿਹਾ ਜਾਂਦਾ ਹੈ, 158 ਕਿਲੋਮੀਟਰ ਲੰਬੀ ਹੈ ਅਤੇ ਇਸ ਦੀ ਸਮਰੱਥਾ 4,200 ਕਿਊਸਿਕ ਹੈ, ਜਦੋਂ ਕਿ ਹੈੱਡਵਰਕਸ ਅਤੇ ਐੱਮ ਆਰ ਐੱਲ ਪਹਿਲੀ ਵਾਰ ਅੰਗਰੇਜ਼ਾਂ ਨੇ 1906-1912 ਦੌਰਾਨ ਗੁਜਰਾਂਵਾਲਾ ਜ਼ਿਲ੍ਹਾ, ਜੋ ਹੁਣ ਪਾਕਿਸਤਾਨ ਵਿੱਚ ਹੈ, ਦੀ ਸਿੰਜਾਈ ਲਈ ਬਣਾਏ ਸਨ, ਪਰ ਆਜ਼ਾਦੀ ਤੋਂ ਬਾਅਦ ਇਨ੍ਹਾਂ ਜਲ ਮਾਰਗਾਂ ਨੇ ਫੌਜੀ ਮਹੱਤਵ ਵੀ ਗ੍ਰਹਿਣ ਕਰ ਲਿਆ ਹੈ। ਰੱਖਿਆ ਮਾਹਰਾਂ ਦਾ ਕਹਿਣਾ ਹੈ ਕਿ ਪਾਕਿਸਤਾਨੀ ਫੌਜ ਦੀਆਂ ਬਹੁਤ ਸਾਰੀਆਂ ਇਕਾਈਆਂ ਦੇ ਆਪਣੇ ਬਚਾਅ ਢਾਂਚੇ ਇਨ੍ਹਾਂ ਨਹਿਰਾਂ ਦੇ ਨਾਲ-ਨਾਲ ਹਨ। ਇਹ ਵਿਸ਼ੇਸ਼ਤਾਵਾਂ ਦੋਵਾਂ ਪਾਸਿਆਂ 'ਤੇ ਸੰਚਾਲਨ ਯੋਜਨਾਬੰਦੀ ਦਾ ਹਿੱਸਾ ਬਣਦੀਆਂ ਹਨ, ਕਿਉਂਕਿ ਪਾਣੀ ਦਾ ਪੱਧਰ ਹਮਲਾਵਰ ਅਤੇ ਰੱਖਿਆਤਮਕ ਚਾਲਾਂ ਦੇ ਸੰਚਾਲਨ 'ਤੇ ਸਿੱਧਾ ਪ੍ਰਭਾਵ ਪਾਉਂਦਾ ਹੈ।

### ਮਈ-ਜੂਨ 'ਚ 'ਨਸ਼ਾ ਮੁਕਤੀ ਯਾਤਰਾ'

**ਚੰਡੀਗੜ੍ਹ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)**

ਸੂਬੇ ਵਿੱਚ ਨਸ਼ਿਆਂ ਦੇ ਖ਼ਤਰੇ 'ਤੇ ਅੰਤਿਮ ਅਤੇ ਫੈਸਲਾਕੁੰਨ ਹਮਲੇ ਲਈ ਤਿਆਰੀ ਵਿੱਢਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਸ਼ਾ ਵਿਰੋਧੀ ਜਾਗਰੂਕਤਾ ਅਤੇ ਕਾਰਵਾਈ ਮੁਹਿੰਮ ਤਹਿਤ 'ਨਸ਼ਾ ਮੁਕਤੀ ਯਾਤਰਾ' ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜੋ ਮਈ ਅਤੇ ਜੂਨ ਦੇ ਮਹੀਨਿਆਂ ਵਿੱਚ ਸੂਬੇ ਦੇ ਹਰ ਪਿੰਡ ਅਤੇ ਵਾਰਡ ਤੱਕ ਪਹੁੰਚ ਕਰੇਗੀ।

ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਇਹ ਮੁਹਿੰਮ 2 ਤੋਂ 4 ਮਈ ਤੱਕ ਸੂਬੇ ਭਰ ਵਿੱਚ ਜ਼ਿਲ੍ਹਾ ਪੱਧਰੀ ਮੀਟਿੰਗਾਂ ਕਰਨ ਲਈ ਪਿੰਡ ਸੁਰੱਖਿਆ ਕਮੇਟੀਆਂ ਨੂੰ ਨੇੜਿਓਂ ਸ਼ਾਮਲ ਕਰਕੇ ਚਲਾਈ ਜਾਵੇਗੀ। ਇਹ ਮੀਟਿੰਗਾਂ 'ਨਸ਼ਾ ਮੁਕਤੀ ਯਾਤਰਾ' ਮੁਹਿੰਮ ਲਈ ਅਧਿਕਾਰਤ ਲਾਂਚ ਪਲੇਟਫਾਰਮ ਵਜੋਂ ਕੰਮ ਕਰਨਗੀਆਂ।ਪਿੰਡ ਸੁਰੱਖਿਆ ਕਮੇਟੀਆਂ ਦੇ ਸਾਰੇ ਮੈਂਬਰਾਂ ਤੋਂ ਇਲਾਵਾ ਇਸ ਮੀਟਿੰਗ ਵਿੱਚ ਪਿੰਡਾਂ ਦੇ ਸਰਪੰਚ, ਸਿਵਲ ਅਤੇ ਪੁਲਸ ਪ੍ਰਸ਼ਾਸਨ ਦੇ ਨਾਲ-ਨਾਲ ਹੋਰ ਸੰਬੰਧਤ ਵੀ ਸ਼ਾਮਲ ਹੋਣਗੇ।

ਮੁੱਖ ਮੰਤਰੀ ਨੇ ਡਿਪਟੀ ਕਮਿਸ਼ਨਰਾਂ ਅਤੇ ਐੱਸ.ਐੱਸ.ਪੀ. ਨੂੰ ਉਨ੍ਹਾਂ ਪਿੰਡਾਂ ਵਿੱਚ ਪਿੰਡ ਸੁਰੱਖਿਆ ਕਮੇਟੀਆਂ ਬਣਾਉਣ ਲਈ ਕਿਹਾ ਹੈ, ਜਿੱਥੇ ਇਹ ਕਮੇਟੀਆਂ ਮੌਜੂਦ ਨਹੀਂ ਹਨ ਅਤੇ ਉਨ੍ਹਾਂ ਨੂੰ ਇਨ੍ਹਾਂ ਮੀਟਿੰਗਾਂ

• ਬਾਕੀ ਸਫਾ 2 'ਤੇ

CMYK

## ਸਿਵਲ ਹਸਪਤਾਲ ਨੂੰ ਪਤਨੀ ਦੀ ਯਾਦ 'ਚ ਵ੍ਹੀਲ ਚੇਅਰਾਂ ਦਾਨ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਦਾਨੀ ਸੱਜਣ ਸ੍ਰ. ਜਸਬੀਰ ਸਿੰਘ ਢਿੱਲੋਂ, ਪ੍ਰਿੰਸੀਪਲ ਦੇਸ ਰਾਜ ਗਰੋਮਿੰਟ ਸੈਕੰਡਰੀ ਸਕੂਲ ਨੇ ਆਪਣੀ ਮਰਹੂਮ ਪਤਨੀ ਬਲਜੀਤ ਕੌਰ ਢਿੱਲੋਂ ਦੀ ਯਾਦ ਵਿੱਚ ਬਠਿੰਡਾ ਦੇ ਸਿਵਲ ਹਸਪਤਾਲ ਨੂੰ ਵ੍ਹੀਲਚੇਅਰਾਂ ਦਾਨ ਕਰਕੇ ਸਮਾਜਿਕ ਜ਼ਿੰਮੇਵਾਰੀ ਦੀ ਇੱਕ ਉੱਤਮ ਮਿਸਾਲ ਪੇਸ਼ ਕੀਤੀ ਹੈ।ਜਾਣਕਾਰੀ ਮੁਤਾਬਕ ਜਸਬੀਰ ਸਿੰਘ, ਜੋ ਇੱਕ ਵਧੀਆ ਲਿਖਾਰੀ ਵੀ ਹਨ, ਵੱਲੋਂ ਪਤਨੀ ਦੀ ਯਾਦ ਵਿੱਚ ਹਰ ਸਾਲ ਸਮਾਜ ਸੇਵਾ ਲਈ ਉਪਰਾਲੇ ਕੀਤੇ ਜਾਂਦੇ ਹਨ।ਇਸ ਸਾਲ ਤੀਸਰੀ ਬਰਸੀ ਮੌਕੇ ਵਿਛੜੀ ਰੂਹ ਨੂੰ ਯਾਦ ਕਰਦਿਆਂ ਸਿਵਲ ਹਸਪਤਾਲ ਬਠਿੰਡਾ ਨੂੰ ਡਾਕਟਰ ਗੁਰਜੀਤ ਸਿੰਘ, ਸਿਵਲ ਸਰਜਨ ਬਠਿੰਡਾ ਦੀ ਅਗਵਾਈ ਵਿੱਚ ਪੰਜ ਵ੍ਹੀਲਚੇਅਰਾਂ ਦਾਨ ਕੀਤੀਆਂ ਗਈਆਂ।ਇਸ ਮੌਕੇ ਜ਼ਿਲ੍ਹਾ ਸਿਹਤ ਅਫ਼ਸਰ ਡਾ. ਊਸ਼ਾ ਗੋਇਲ, ਜ਼ਿਲ੍ਹਾ ਪਰਿਵਾਰ ਤੇ ਭਲਾਈ ਅਫਸਰ ਡਾ. ਸੁਖਜਿੰਦਰ ਸਿੰਘ ਗਿੱਲ, ਮਾਸ ਮੀਡੀਆ ਅਫ਼ਸਰ ਪਵਨ ਕੁਮਾਰ, ਬਲਾਕ ਐਜੂਕੇਟਰ ਗਗਨਦੀਪ ਸਿੰਘ ਤੋਂ ਦਾਨੀ ਸੱਜਣ ਜਸਬੀਰ ਸਿੰਘ ਢਿੱਲੋਂ ਦੇ ਪਰਿਵਾਰਕ ਮੈਂਬਰ ਹਾਜ਼ਰ ਸਨ।ਉਨ੍ਹਾਂ ਕਿਹਾ ਕਿ ਉਨ੍ਹਾਂ ਦੀ ਪਤਨੀ ਦਾ ਕੈਂਸਰ ਵਰਗੀ ਨਾਮੁਰਾਦ ਬਿਮਾਰੀ ਨਾਲ ਜੂਝਦੇ ਹੋਏ ਤਿੰਨ ਸਾਲ ਪਹਿਲਾਂ ਦਾ ਦੇਹਾਂਤ ਹੋ ਗਿਆ ਸੀ।ਉਨ੍ਹਾਂ ਦੀ ਯਾਦ ਵਿੱਚ ਹਸਪਤਾਲ ਵਿਖੇ ਇਲਾਜ ਲਈ ਆਉਣ ਵਾਲੇ ਲੋੜਵੰਦ ਮਰੀਜ਼ਾਂ ਦੀ ਸਹੂਲਤ ਨੂੰ ਧਿਆਨ ਵਿੱਚ ਰੱਖਦੇ ਹੋਏ ਇਹ ਯੋਗਦਾਨ ਦਿੱਤਾ ਹੈ।ਸਿਵਲ ਸਰਜਨ ਬਠਿੰਡਾ ਡਾ. ਗੁਰਜੀਤ ਸਿੰਘ ਨੇ ਦਾਨੀ ਪਰਿਵਾਰ ਦੀ ਇਸ ਕਦਮ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਹ ਵ੍ਹੀਲਚੇਅਰਾਂ ਹਸਪਤਾਲ ਵਿੱਚ ਆਉਣ ਵਾਲੇ ਅਪਾਹਜ ਮਰੀਜ਼ਾਂ ਲਈ ਵੱਡੀ ਸਹੂਲਤ ਸਾਬਿਤ ਹੋਣਗੀਆਂ।ਇਸ ਮੌਕੇ ਹਸਪਤਾਲ ਸਟਾਫ ਤੇ ਹੋਰ ਮੁੱਖ ਅਧਿਕਾਰੀਆਂ ਦੀ ਹਾਜ਼ਰੀ 'ਚ ਦਾਨੀ ਪਰਿਵਾਰ ਦਾ ਤਹਿ ਦਿਲੋਂ ਧੰਨਵਾਦ ਕੀਤਾ ਗਿਆ।

# ਜ਼ਿਲ੍ਹੇ ਦੀਆਂ ਯੂਨੀਅਨਾਂ ਪੀੜਤ ਕਸ਼ਮੀਰੀ ਲੋਕਾਂ ਦੇ ਹੱਕ 'ਚ ਨਿੱਤਰੀਆਂ



**ਮਾਨਸਾ (ਆਤਮਾ ਸਿੰਘ ਪਮਾਰ)**-ਮਾਨਸਾ ਵਿਖੇ ਬਾਬਾ ਬੂਝਾ ਸਿੰਘ ਭਵਨ ਵਿਖੇ ਪੰਜਾਬ ਦੀਆਂ ਵੱਖ-ਵੱਖ ਜਥੇਬੰਦੀਆਂ ਤੇ ਸੰਸਥਾਵਾਂ ਦੀ ਇੱਕ ਸਾਂਝੀ ਮੀਟਿੰਗ ਹੋਈ।ਮੀਟਿੰਗ 'ਚ ਜਬਰ ਤੇ ਫਿਰਕਾਪ੍ਰਸਤੀ ਵਿਰੋਧੀ ਫਰੰਟ ਦਾ ਗਠਨ ਵੀ ਕੀਤਾ ਗਿਆ।ਮੀਟਿੰਗ ਵਿੱਚ ਸਭ ਤੋਂ ਪਹਿਲਾਂ ਪਹਿਲਗਾਮ ਹਮਲੇ ਵਿੱਚ ਮਾਰੇ ਗਏ ਬੇਗੁਨਾਹ ਲੋਕਾਂ ਦੀ ਯਾਦ ਵਿੱਚ ਦੁੱਖ ਪ੍ਰਗਟਾਉਂਦਿਆਂ ਸ਼ੋਕ ਸਭਾ ਕੀਤੀ ਗਈ ਤੇ ਉਨ੍ਹਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ ਗਈ।ਪਹਿਲਗਾਮ ਦੀ ਇਸ ਘਟਨਾ ਤੋਂ ਬਾਅਦ ਪੰਜਾਬ ਤੇ ਦੇਸ਼ ਦੇ ਹੋਰ ਕਈ ਸੂਬਿਆਂ ਵਿੱਚ ਥਾਂ-ਥਾਂ ਫ਼ਿਰਕੂ ਰੰਗਤ ਰਾਹੀਂ ਗ਼ਲਤ ਗਤੀਵਿਧੀਆਂ ਨੂੰ ਅੰਜਾਮ ਦੇਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ, ਜੋ ਕਿ ਬਹੁਤ ਹੀ ਮੰਦਭਾਗੀ ਹੈ।ਸਾਰੀਆਂ ਯੂਨੀਅਨਾਂ ਵੱਲੋਂ ਸਾਫ਼ ਸ਼ਬਦਾਂ ਵਿੱਚ ਕਿਹਾ ਗਿਆ ਕਿ ਉਹ ਲੁਕੀਆਂ ਤਾਕਤਾਂ ਨੂੰ ਪੰਜਾਬ ਦੀ ਧਰਤੀ 'ਤੇ ਕਸ਼ਮੀਰੀ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੇ ਮਕਸਦ ਵਿੱਚ ਕਾਮਯਾਬ ਨਹੀਂ ਹੋਣ ਦੇਣਗੇ।ਇਸ ਇਕੱਤਰਤਾ ਦਾ ਮਕਸਦ ਪੰਜਾਬ ਵਿੱਚ ਪੜ੍ਹਦੇ ਤੇ ਕੰਮ ਕਰਦੇ ਕਸ਼ਮੀਰੀ ਨੌਜਵਾਨਾਂ ਲਈ ਆਪਣੀ ਅਵਾਜ਼ ਬੁਲੰਦ ਕਰਨਾ ਹੈ।ਪ੍ਰੈੱਸ ਬਿਆਨ ਜਾਰੀ ਕਰਦੇ ਹੋਏ ਆਲ ਇੰਡੀਆ ਸੈਂਟਰਲ ਕੌਂਸਲ ਆਫ਼ ਟਰੇਡ ਯੂਨੀਅਨ ਦੇ ਸੂਬਾ ਪ੍ਰਧਾਨ ਕਾਮਰੇਡ ਰਾਜਵਿੰਦਰ ਸਿੰਘ ਰਾਣਾ, ਮੈਡੀਕਲ ਪ੍ਰੈਕਟੀਸ਼ਨਰਜ਼ ਦੇ ਸੂਬਾ ਪ੍ਰਧਾਨ ਧੰਨਾ ਮੱਲ ਗੋਇਲ, ਅਦਾਰਾ ਦਖਲ ਦੇ ਆਗੂ ਡਾ. ਅਵਤਾਰ ਸਿੰਘ, ਭਾਰਤੀ ਕਿਸਾਨ ਯੂਨੀਅਨ ਡਕੌਂਦਾ ਬੁਰਜ ਗਿੱਲ ਦੇ ਜ਼ਿਲ੍ਹਾ ਸਕੱਤਰ ਲਛਮਣ ਸਿੰਘ ਚੱਕ ਅਲੀਸ਼ੇਰ, ਰਾਜ ਅਕਲੀਆ, ਪੰਜਾਬ ਖੇਤ ਮਜ਼ਦੂਰ ਸਭਾ ਏਕਤਾ ਦੇ ਸੂਬਾ ਆਗੂ ਕ੍ਰਿਸ਼ਨ ਚੌਹਾਨ, ਜਮਹੂਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਮੇਜਰ ਸਿੰਘ ਦੂਲੋਵਾਲ, ਮਜ਼ਦੂਰ ਮੁਕਤੀ ਮੋਰਚਾ ਪੰਜਾਬ ਦੇ ਜ਼ਿਲ੍ਹਾ ਪ੍ਰਧਾਨ ਕਾ. ਬਲਵਿੰਦਰ ਘਰਾਂਗਣਾ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਸੂਬਾ ਆਗੂ ਭਜਨ ਸਿੰਘ ਘੁੰਮਣ, ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਆਗੂ ਸੁਖਚਰਨ ਦਾਨੇਵਾਲਾ,ਦੋਧੀ ਯੂਨੀਅਨ ਦੇ ਸੂਬਾ ਸਕੱਤਰ ਸੱਤਪਾਲ ਮਾਨਸਾ, ਪੈਨਸ਼ਨਰ ਐਸੋਸੀਏਸ਼ਨ ਦੇ ਜ਼ਿਲ੍ਹਾ ਪ੍ਰਧਾਨ ਸਿਕੰਦਰ ਸਿੰਘ ਘਰਾਂਗਣਾ, ਮੁਸਲਿਮ ਫਰੰਟ ਪੰਜਾਬ ਦੇ ਆਗੂ ਹੰਸ ਰਾਜ ਮੋਫ਼ਰ, ਰਵੀ ਖਾਨ, ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਦੇ ਜ਼ਿਲ੍ਹਾ ਪ੍ਰਧਾਨ ਹਰਚਰਨ ਤਾਮਕੋਟ, ਇੰਨਕਲਾਬੀ ਨੌਜਵਾਨ ਸਭਾ ਦੇ ਆਗੂ ਗਗਨ ਸਿਰਸੀਵਾਲਾ ਆਦਿ ਸ਼ਾਮਲ ਹੋਏ।ਇਨਸਾਫ਼ ਪਸੰਦ ਲੋਕਾਂ ਨੇ ਐਲਾਨ ਕੀਤਾ ਕਿ ਜੇਕਰ ਪੰਜਾਬ ਵਿੱਚ ਕਿਤੇ ਵੀ ਕਿਸੇ ਕਸ਼ਮੀਰੀ ਵਿਅਕਤੀ ਜਾਂ ਵਿਦਿਆਰਥੀ ਨਾਲ ਭੇਦਭਾਵ ਜਾਂ ਹਮਲਾ ਹੁੰਦਾ ਹੈ ਤਾਂ ਸਾਰੀਆਂ ਯੂਨੀਅਨਾਂ ਤੇ ਇਨਸਾਫ਼ ਪਸੰਦ ਲੋਕ ਉਸ ਦਾ ਡੱਟ ਕੇ ਸਾਥ ਦੇਣਗੀਆਂ।ਉਨ੍ਹਾਂ ਪੰਜਾਬ ਵਾਸੀਆਂ ਨੂੰ ਵੀ ਇਸ ਕਾਰਜ ਲਈ ਪੂਰਨ ਸਹਿਯੋਗ ਦੀ ਪੁਰਜ਼ੋਰ ਅਪੀਲ ਕੀਤੀ।

# ਪਾਕਿਸਤਾਨ ਨਾਲ ਜੰਗ ਦੀ ਬਜਾਏ ਆਰਥਿਕ ਪਾਬੰਦੀਆਂ ਲਾਈਆਂ ਜਾਣ : ਡਾ. ਬਲੱਗਣ/ਭਜਨ ਸਿੰਘ



**ਸਮਰਾਲਾ (ਸੁਰਜੀਤ ਸਿੰਘ)**-ਜੰਮੂ ਕਸ਼ਮੀਰ ਵਿੱਚ ਪਾਕਿਸਤਾਨ ਦੀ ਸ਼ਹਿ 'ਤੇ ਅੱਤਵਾਦੀਆਂ ਵੱਲੋਂ 28 ਨਿਰਦੋਸ਼ ਸੈਲਾਨੀਆਂ ਦੇ ਕੀਤੇ ਕਤਲ ਦਾ ਪਾਕਿਸਤਾਨ ਤੋਂ ਬਦਲਾ ਜੰਗ ਰਾਹੀਂ ਨਾ ਲੈ ਕੇ ਉਸ ਉੱਤੇ ਕੌਮਾਂਤਰੀ ਵਿੱਤੀ ਸੰਸਥਾਵਾਂ ਰਾਹੀਂ ਆਰਥਿਕ ਪਾਬੰਦੀਆਂ ਲਗਾਈਆਂ ਜਾਣ।ਇਹ ਵਿਚਾਰ ਇੱਥੇ ਸਮਾਜਵਾਦੀ ਪਾਰਟੀ ਦੇ ਸੂਬਾ ਪ੍ਰਧਾਨ ਡਾ. ਸੋਹਣ ਲਾਲ ਬਲੱਗਣ ਤੇ ਕਾਮਰੇਡ ਭਜਨ ਸਿੰਘ ਨੇ ਪ੍ਰੈੱਸ ਨੋਟ ਰਾਹੀਂ ਪ੍ਰਗਟ ਕੀਤੇ।ਉਨ੍ਹਾਂ ਕਿਹਾ ਕਿ ਜੇਕਰ ਭਾਰਤ ਪਾਕਿਸਤਾਨ ਦੀ ਜੰਗ ਲੱਗਦੀ ਹੈ ਤਾਂ ਉਸ ਦਾ ਸਭ ਤੋਂ ਵੱਧ ਨੁਕਸਾਨ ਪੰਜਾਬ ਨੂੰ ਹੋਵੇਗਾ।ਇਸ ਸਬੰਧੀ ਬਾਬਾ ਸਾਹਿਬ ਬੀ. ਆਰ. ਅੰਬੇਡਕਰ ਮਿਸ਼ਨਰੀ ਸਭਾ ਸਮਰਾਲਾ ਦੀ ਇੱਕ ਅਹਿਮ ਮੀਟਿੰਗ ਸਥਾਨਕ ਵਾਲਮੀਕ ਮੰਦਿਰ ਵਿਖੇ ਸਭਾ ਦੇ ਪ੍ਰਧਾਨ ਕਾਮਰੇਡ ਭਜਨ ਸਿੰਘ, ਡਾ. ਸੋਹਣ ਲਾਲ ਬਲੱਗਣ ਸਰਪ੍ਰਸਤ ਦੀ ਪ੍ਰਧਾਨਗੀ ਹੇਠ ਕੀਤੀ ਗਈ।ਮੀਟਿੰਗ ਵਿੱਚ ਜੰਮੂ ਕਸ਼ਮੀਰ ਦੇ ਪਹਿਲਗਾਮ ਵਿੱਚ ਅੱਤਵਾਦੀਆਂ ਦੁਆਰਾ ਗੋਲੀਆਂ ਚਲਾ ਕੇ 28 ਦੇ ਕਰੀਬ ਬੇਦੋਸ਼ੇ ਨਿਹੱਥੇ ਸੈਲਾਨੀਆਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ ਤੇ ਦਰਜਨਾਂ ਦੀ ਗਿਣਤੀ ਵਿੱਚ ਸੈਲਾਨੀਆਂ ਨੂੰ ਜ਼ਖ਼ਮੀ ਕਰ ਦਿੱਤਾ ਗਿਆ ਸੀ।ਮਾਰੇ ਗਏ ਸੈਲਾਨੀਆਂ ਦੀ ਵਿਛੜੀ ਆਤਮਾ ਦੀ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਧਾਰਨ ਕਰਕੇ ਸ਼ਰਧਾਂਜਲੀ ਦਿੱਤੀ ਗਈ।ਇਸ ਉਪਰੰਤ ਡਾ. ਸੋਹਣ ਲਾਲ ਬਲੱਗਣ ਨੇ ਕਿਹਾ ਕਿ ਇਸ ਘਟਨਾ ਕਾਰਨ ਪਾਕਿਸਤਾਨ ਦੀ ਪੂਰੀ ਦੁਨੀਆ ਵਿੱਚ ਵਿਰੋਧਤਾ ਹੋਈ ਹੈ, ਜਿਸ ਕਾਰਨ ਪਾਕਿਸਤਾਨ ਵਾਰ ਵਾਰ ਇਸ ਦੀ ਨਿਰਪੱਖ ਜਾਂਚ ਵਿੱਚ ਸਾਥ ਦੇਣ ਬਾਰੇ ਬਿਆਨ ਦੇ ਕੇ ਸੱਚਾ ਹੋਣ ਦੀ ਕੋਸ਼ਿਸ਼ ਕਰ ਰਿਹਾ ਹੈ, ਪ੍ਰੰਤੂ ਜੋ ਨਿਰਦੋਸ਼ ਸੈਲਾਨੀ ਇਸ ਹਮਲੇ ਵਿੱਚ ਮਾਰੇ ਗਏ ਹਨ, ਉਨ੍ਹਾਂ ਦੇ ਪਰਿਵਾਰ ਕਦੇ ਵੀ ਇਸ ਸਦਮੇ ਵਿੱਚੋਂ ਨਹੀਂ ਨਿਕਲ ਸਕਣਗੇ।ਇਸ ਹਮਲੇ ਦੀ ਜਿੰਨੀ ਨਿੰਦਾ ਕੀਤੀ ਜਾਵੇ ਥੋੜ੍ਹੀ ਹੈ। ਮੈਨੇਜਰ ਕਰਮ ਚੰਦ ਸਰਪ੍ਰਸਤ ਨੇ ਕਿਹਾ ਕਿ ਪਹਿਲਗਾਮ ਦੇ ਨਸਲੀ ਹਮਲੇ ਨਾਲ ਹਿੰਦੂ, ਮੁਸਲਮਾਨ ਤੇ ਸਿੱਖਾਂ ਵਿਚਕਾਰ ਆਪਸੀ ਭਾਈਚਾਰੇ ਦੀ ਤੰਦ ਹੋਰ ਪੀਡੀ ਹੋਈ ਹੈ।ਮੀਟਿੰਗ ਵਿੱਚ ਉਪਰੋਕਤ ਤੋਂ ਇਲਾਵਾ ਬੂਟਾ ਸਿੰਘ ਜਨਰਲ ਸਕੱਤਰ, ਰਾਮਜੀ ਦਾਸ ਮੱਟੂ ਮੀਤ ਪ੍ਰਧਾਨ, ਨਰਿੰਦਰ ਮਨਕੂ ਸੀਨੀਅਰ ਮੈਂਬਰ, ਅਸ਼ੋਕ ਕੁਮਾਰ ਕਲਿਆਣ, ਰਾਜਿੰਦਰਪਾਲ ਮੱਟੂ ਕੈਸ਼ੀਅਰ, ਗੁਰਮੀਤ ਸਿੰਘ ਮੈਂਬਰ, ਕਸ਼ਮੀਰਾ ਸਿੰਘ ਮੈਂਬਰ, ਮਨਵੀਰ ਕੌਰ ਮੈਂਬਰ, ਬਲਦੇਵ ਸਿੰਘ ਤੂਰ ਪ੍ਰਾਪੇਗੰਡਾ ਸੈਕਟਰੀ ਆਦਿ ਤੋਂ ਇਲਾਵਾ ਸਭਾ ਦੇ ਹੋਰ ਮੈਂਬਰ ਤੇ ਮੁਹੱਲਾ ਨਿਵਾਸੀ ਹਾਜ਼ਰ ਸਨ।

## ਕੇ ਵੀ ਕੇ ਵੱਲੋਂ ਕਿੱਤਾ-ਮੁਖੀ ਸਿਖਲਾਈ ਕੋਰਸ



**ਪਟਿਆਲਾ (ਭੁਪਿੰਦਰਜੀਤ ਮੌਲਵੀਵਾਲਾ)**-ਕ੍ਰਿਸ਼ੀ ਵਿਗਿਆਨ ਕੇਂਦਰ ਪਟਿਆਲਾ ਵੱਲੋਂ ਸੱਤ ਰੋਜ਼ਾ ਫੁੱਲਕਾਰੀ ਕਢਾਈ ਦੀ ਬਹੁਤਾਂਤੀ ਵਰਤੋਂ ਤੇ ਸਾਬਣ-ਸਰਫ ਬਣਾਉਣ ਬਾਰੇ ਪੰਜ ਰੋਜ਼ਾ ਸਿਖਲਾਈ ਕੋਰਸ ਦਾ ਆਯੋਜਨ ਕੀਤਾ ਗਿਆ।ਇਸ ਕੋਰਸ ਵਿੱਚ ਜ਼ਿਲ੍ਹਾ ਪਟਿਆਲਾ ਦੇ ਵੱਖ-ਵੱਖ ਪਿੰਡਾਂ ਜਿਵੇਂ ਕਿ ਦੀਵਾਨਗੜ੍ਹ, ਬੁੱਗਾਖੁਰਦ, ਰਣਜੀਤਗੜ੍ਹ, ਹੁਡਕੀ ਬੁੱਧਸਿੰਘ, ਨਾਮਾਣਾ, ਮੌਹਲ ਗਵਾਰਾ, ਮਸਿੰਗਣ ਤੋਂ 28 ਪੇਂਡੂ ਔਰਤਾਂ, ਲੜਕੀਆਂ ਤੇ ਨੌਜੁਆਨਾਂ ਨੇ ਭਾਗ ਲਿਆ।ਗੁਰਉਪਦੇਸ਼ ਕੌਰ, ਪ੍ਰੋਫੈਸਰ (ਗ੍ਰਹਿ ਵਿਗਿਆਨ) ਨੇ ਕੱਪੜਿਆਂ ਦੀ ਸਾਜ-ਸਜਾਵਟ ਲਈ ਫੁਲਕਾਰੀ ਕਢਾਈ ਕੱਢਣ ਦੇ ਗੁਰ ਦੱਸੇ ਤੇ ਵੱਖ-ਵੱਖ ਸਜਾਵਟੀ ਸਮਾਨ ਜਿਵੇਂ ਕਿ ਦੁਪੱਟੇ, ਪੋਟਲੀ ਪਰਸ, ਬਟੂਆ ਤੇ ਸੀਨਰੀਆਂ ਬਣਾਉਣ ਦੀ ਤਕਨੀਕੀ ਜਾਣਕਾਰੀ ਦਿੱਤੀ।ਘਰ ਵਿੱਚ ਸਾਬਣ ਤੇ ਸਰਫ ਬਣਾਉਣ ਬਾਰੇ ਵੀ ਸਿਖਿਆਰਥਣਾਂ ਨੇ ਬਹੁਤ ਉਤਸ਼ਾਹ ਨਾਲ ਸਿੱਖਿਆ।ਸਿਖਲਾਈ ਦੌਰਾਨ ਸਫਲ ਸਿਖਿਆਰਥਣਾਂ ਸਰਬਨਜੀਤ ਕੌਰ (ਬਲੌਸਿਸ ਬੁਟੀਕ, ਘਨੌਰ) ਤੇ ਜਸਵੀਰ ਕੌਰ (ਸੋਹੀ ਬੁਟੀਕ, ਨਾਭਾ) ਨੇ ਸਵੈ-ਸਮੂਹਾਂ ਦੇ ਸ਼ਕਤੀਕਰਨ ਬਾਰੇ ਪ੍ਰੇਰਿਤ ਭਾਸ਼ਣ ਦਿੱਤਾ ਤੇ ਆਰਥਿਕ ਆਤਮ-ਨਿਰਭਰਤਾ ਬਾਰੇ ਆਪਣੇ ਤਜਰਬੇ ਸਾਂਝੇ ਕੀਤੇ।ਡਾ. ਰਚਨਾ ਸਿੰਗਲਾ, ਪ੍ਰੋਫੈਸਰ (ਬਾਗਬਾਨੀ) ਨੇ ਔਰਤਾਂ ਨੂੰ ਘਰਲੂ ਬਗੀਚੀ ਤੇ ਫ਼ਲਦਾਰ ਬੂਟਿਆਂ ਦੀ ਕਾਸ਼ਤ ਬਾਰੇ ਦੱਸਿਆ।ਡਾ. ਰਜਨੀ ਗੋਇਲ, ਪ੍ਰੋਫੈਸਰ (ਭੋਜਨ ਵਿਗਿਆਨ) ਨੇ ਘਰ ਵਿੱਚ ਫ਼ਲਾਂ ਸਬਜ਼ੀਆਂ ਦੀ ਸਾਭ-ਸੰਭਾਲ ਬਾਰੇ ਜਾਣਕਾਰੀ ਦਿੱਤੀ।ਸਿਖਲਾਈ ਦੇ ਅਖੀਰਲੇ ਦਿਨ ਡਾ. ਹਰਦੀਪ ਸਿੰਘ ਡਿਪਟੀ ਡਾਇਰੈਕਟਰ (ਸਿਖਲਾਈ) ਨੇ ਕਿਸਾਨ ਬੀਬੀਆਂ ਨੂੰ ਆਪਣਾ ਹੁਨਰ ਪਛਾਣ ਕੇ ਪੰਜਾਬ ਦੀ ਦਸਤਕਾਰੀ ਜਿਵੇਂ ਕਿ ਫੁਲਕਾਰੀ, ਕਰੋਸ਼ੀਆ, ਹੱਥ ਦੀ ਬੁਣਾਈ ਆਦਿ ਕੰਮਾਂ ਨੂੰ ਵਪਾਰਕ ਪੱਧਰ 'ਤੇ ਤੋਰਨ ਲਈ ਪ੍ਰੇਰਿਤ ਕੀਤਾ।

# ਨੌਕਰੀ ਖੁਸ ਜਾਣ ਦੀ ਚਿੰਤਾ ਹੇਠ ਸੌਣਗੇ 100 ਤੋਂ ਵਧੇਰੇ ਅਧਿਆਪਕਾਂ ਦੇ ਪਰਵਾਰ : ਡੀ ਟੀ ਐੱਫ

■ ਬੰਦ ਹੋ ਚੁੱਕੀ 899 ਅਧਿਆਪਕਾਂ ਦੀ ਭਰਤੀ ਦੀਆਂ ਸੋਧੀਆਂ ਸੂਚੀਆਂ 'ਚੋਂ ਕੀਤਾ ਬਾਹਰ

**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਡੈਮੋਕ੍ਰੇਟਿਕ ਟੀਚਰਜ਼ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਵਿਕਰਮਦੇਵ ਸਿੰਘ, ਜਨਰਲ ਸਕੱਤਰ ਮਹਿੰਦਰ ਕੌੜਿਆਂਵਾਲੀ ਤੇ ਵਿੱਤ ਸਕੱਤਰ ਅਸ਼ਵਨੀ ਅਵਸਥੀ ਨੇ ਦੱਸਿਆ ਕਿ ਚਾਰ ਸਾਲ ਪਹਿਲਾਂ ਪੂਰੀ ਹੋ ਚੁੱਕੀ ਭਰਤੀ ਦੇ 899 ਅੰਗਰੇਜ਼ੀ ਵਿਸ਼ੇ ਦੇ ਅਧਿਆਪਕਾਂ ਦੀਆਂ ਚੋਣ ਸੂਚੀਆਂ ਮੁੜ ਸੋਧੀਆਂ ਗਈਆਂ, ਜਿਸ ਨਾਲ 100 ਤੋਂ ਵਧੇਰੇ ਅਧਿਆਪਕਾਂ ਨੂੰ ਸੋਧੀਆਂ ਸੂਚੀਆਂ ਵਿੱਚ ਚੋਣ ਤੋਂ ਬਾਹਰ ਕਰ ਦਿੱਤਾ ਗਿਆ ਹੈ, ਜਿਸ ਨਾਲ ਇਨ੍ਹਾਂ ਅਧਿਆਪਕਾਂ ਤੇ ਇਨ੍ਹਾਂ ਨਾਲ ਸਬੰਧਤ ਪਰਿਵਾਰਾਂ ਨੂੰ ਮਾਨਸਿਕ ਤਣਾਅ ਵਿੱਚੋਂ ਗੁਜ਼ਰਨਾ ਪੈ ਰਿਹਾ ਹੈ।ਆਗੂਆਂ ਨੇ ਦੱਸਿਆ ਕਿ 4 ਮਈ ਨੂੰ ਅਧਿਆਪਕ ਮੰਗਾਂ ਨੂੰ ਲੈ ਕੇ ਡੀ ਟੀ ਐੱਫ ਵੱਲੋਂ ਸਿੱਖਿਆ ਮੰਤਰੀ ਦੇ ਪਿੰਡ ਗੰਭੀਰਪੁਰ ਵਿਖੇ ਚਿਤਾਵਨੀ ਮਾਰਚ ਕੀਤਾ ਜਾ ਰਿਹਾ ਹੈ ਅਤੇ ਇਸ ਮੌਕੇ ਬਾਕੀ ਅਧਿਆਪਕ ਮੰਗਾਂ ਦੇ ਨਾਲ ਨਾਲ ਸੋਧੀਆਂ ਸੂਚੀਆਂ ਵਿੱਚ ਮੈਰਿਟ ਤੋਂ ਬਾਹਰ ਹੋਏ ਅਧਿਆਪਕਾਂ ਦਾ ਮਸਲਾ ਵੀ ਜ਼ੋਰਦਾਰ ਢੰਗ ਨਾਲ ਉਠਾਇਆ ਜਾਵੇਗਾ।ਆਗੂਆਂ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ 899 ਅੰਗਰੇਜ਼ੀ ਵਿਸ਼ੇ ਦੀ ਭਰਤੀ ਅਧੀਨ ਆਪਣਾ ਪਰਖ ਕਾਲ ਸਮਾਂ ਪੂਰਾ ਕਰ ਚੁੱਕੇ ਅਧਿਆਪਕਾਂ ਦੀਆਂ ਚੋਣ ਸੂਚੀਆਂ ਮੁੜ ਸੋਧੀਆਂ ਗਈਆਂ ਹਨ।ਇਨ੍ਹਾਂ ਸੋਧੀਆਂ ਸੂਚੀਆਂ ਵਿੱਚ 100 ਤੋਂ ਵਧੇਰੇ ਅਧਿਆਪਕਾਂ ਨੂੰ ਚੋਣ ਤੋਂ ਬਾਹਰ ਕਰ ਦਿੱਤਾ ਗਿਆ ਹੈ, ਜਿਸ ਨਾਲ ਇਨ੍ਹਾਂ ਅਧਿਆਪਕਾਂ ਦੀ ਨੌਕਰੀ ਨੂੰ ਖਤਰੇ ਵਿੱਚ ਪਾਇਆ ਗਿਆ ਹੈ। ਪਹਿਲਾਂ ਵੀ 3704 ਭਰਤੀ ਨਾਲ ਸਬੰਧਤ ਵੱਖ ਵੱਖ ਵਿਸ਼ਿਆਂ ਦੇ ਅਧਿਆਪਕਾਂ ਨੂੰ ਸੋਧੀਆਂ ਚੋਣ ਸੂਚੀਆਂ ਵਿੱਚ ਚੋਣ ਤੋਂ ਬਾਹਰ ਕੀਤਾ ਗਿਆ ਸੀ ਤੇ ਅਧਿਆਪਕਾਂ ਨੂੰ ਸੇਵਾਵਾਂ ਖਤਮ ਕਰਨ ਦੇ ਨੋਟਿਸ ਜਾਰੀ ਕੀਤੇ ਗਏ ਸਨ, ਪਰ ਬਾਅਦ ਵਿੱਚ ਉਹ ਨੋਟਿਸ ਵਾਪਸ ਲੈ ਲਏ ਗਏ ਸਨ।ਆਗੂਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਇਸ ਭਰਤੀ ਨੂੰ ਬੰਦ ਕਰਨ ਦੇ ਜਾਣ ਦਾ ਨੋਟਿਸ ਵੀ ਜਾਰੀ ਕੀਤਾ ਜਾ ਚੁੱਕਾ ਹੈ ਤੇ ਇਸ ਤੋਂ ਬਾਅਦ ਅਧਿਆਪਕਾਂ ਦੀ ਨੌਕਰੀ 'ਤੇ ਤਲਵਾਰ ਲਟਕਾਉਣਾ ਪੰਜਾਬ ਸਰਕਾਰ ਦਾ ਬੇਇਨਸਾਫ਼ੀ ਵਾਲਾ ਫੈਸਲਾ ਹੈ ਅਤੇ ਹੁਣ ਇਨ੍ਹਾਂ ਅਧਿਆਪਕਾਂ ਨੂੰ ਵਿਭਾਗ ਵੱਲੋਂ ਅਡਜਸਟ ਕੀਤਾ ਜਾਣਾ ਚਾਹੀਦਾ ਹੈ।ਡੀ ਟੀ ਐੱਫ ਦੇ ਆਗੂਆਂ ਨੇ ਪੰਜਾਬ ਸਰਕਾਰ ਵੱਲੋਂ ਵੱਖ ਵੱਖ ਭਰਤੀਆਂ ਨਾਲ ਸਬੰਧਤ ਸੋਧੀਆਂ ਸੂਚੀਆਂ ਰਾਹੀਂ ਅਧਿਆਪਕਾਂ ਦੇ ਭਵਿੱਖ ਨੂੰ ਸੁਰੱਖਿਅਤ ਕਰਨ ਲਈ ਕੋਈ ਸੁਹਿਰਦ ਕਦਮ ਨਾ ਚੁੱਕੇ ਜਾਣ 'ਤੇ ਪ੍ਰਸ਼ਨ ਉਠਾਇਆ।ਉਨ੍ਹਾਂ ਐਲਾਨ ਕੀਤਾ ਕਿ ਡੀ ਟੀ ਐੱਫ ਵੱਲੋਂ ਪੰਜਾਬ ਸਰਕਾਰ ਦੁਆਰਾ ਚਾਰ ਸਾਲ ਬਾਅਦ ਸੋਧ ਕੇ ਜਾਰੀ ਕੀਤੀਆਂ ਗਈਆਂ ਚੋਣ ਸੂਚੀਆਂ 'ਚੋਂ ਬਾਹਰ ਹੋਏ ਅਧਿਆਪਕਾਂ ਦੇ ਹੱਕ ਵਿੱਚ ਪਹਿਰਾ ਦਿੱਤਾ ਜਾਵੇਗਾ ਤੇ ਕਿਸੇ ਵੀ ਅਧਿਆਪਕ ਦੀ ਨੌਕਰੀ ਖੁੱਸਣ ਨਹੀਂ ਦਿੱਤੀ ਜਾਵੇਗੀ।

## ਸ਼ਮਿੰਦਰ ਖੀਵਾ ਨਸ਼ਾ ਮੁਕਤੀ ਮੋਰਚੇ ਦਾ ਹਲਕਾ ਕੋਆਰਡੀਨੇਟਰ ਨਿਯੁਕਤ



**ਭੀਖੀ (ਧਰਮਵੀਰ ਸ਼ਰਮਾ)**-ਸੂਬਾ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਜ਼ਮੀਨੀ ਪੱਧਰ 'ਤੇ ਮਜ਼ਬੂਤ ਕਰਨ ਲਈ ਆਮ ਆਦਮੀ ਪਾਰਟੀ ਵੱਲੋਂ ਸ਼ੁਰੂ ਕੀਤੇ ਨਸ਼ਾ ਮੁਕਤੀ ਮੋਰਚੇ ਦਾ ਨੇੜਲੇ ਪਿੰਡ ਖੀਵਾ ਕਲਾਂ ਦੇ ਟਕਸਾਲੀ ਆਪ ਆਗੂ ਸ਼ਮਿੰਦਰ ਸਿੰਘ ਖੀਵਾ ਨੂੰ ਵਿਧਾਨ ਸਭਾ ਹਲਕਾ ਮਾਨਸਾ ਦਾ ਕੋਆਰਡੀਨੇਟਰ ਨਿਯੁਕਤ ਕਰਨ 'ਤੇ ਪਾਰਟੀ ਵਰਕਰਾਂ ਵਿੱਚ ਖੁਸ਼ੀ ਦਾ ਮਾਹੌਲ ਹੈ।ਚੇਅਰਮੈਨ ਮਾਰਕਿਟ ਕਮੇਟੀ ਦੇ ਚੇਅਰਮੈਨ ਮਾ. ਵਰਿੰਦਰ ਸੋਨੀ, ਬਲਾਕ ਪ੍ਰਧਾਨ ਸਿਕੰਦਰ ਸਿੰਘ ਚਹਿਲ, ਬਹਾਦਰ ਸਿੰਘ ਅਕਾਲੀ, ਇੰਦਰਜੀਤ ਸਿੰਘ, ਦਲਜੀਤ ਸਿੰਘ, ਰਾਜ ਕੁਮਾਰ ਸਿੰਗਲਾ ਨੇ ਸੂਬਾ ਹਾਈ ਕਮਾਂਡ ਦਾ ਧੰਨਵਾਦ ਕਰਦਿਆਂ ਕਿਹਾ ਕਿ ਜ਼ਿੰਮੇਵਾਰ ਨੌਜਵਾਨਾਂ ਨੂੰ ਅੱਗੇ ਲਿਆਉਣ ਨਾਲ ਸੂਬੇ ਵਿੱਚ ਨਸ਼ਾ ਮੁਕਤੀ ਮੁਹਿੰਮ ਨੂੰ ਹੋਰ ਬਲ ਮਿਲੇਗਾ।ਉਨ੍ਹਾਂ ਕਿਹਾ ਕਿ ਨਸ਼ੇ ਨੂੰ ਮੂਲੋਂ ਖਤਮ ਕਰਨ ਲਈ ਪਾਰਟੀ ਪੱਧਰ 'ਤੇ ਵਿੱਢੀ ਮੁਹਿੰਮ ਵਿੱਚ ਆਮ ਆਦਮੀ ਪਾਰਟੀ ਵਰਕਰ ਵਧ ਚੜ੍ਹ ਕੇ ਹਿੱਸਾ ਲੈਣਗੇ।

# ਸਿੱਖਿਆ ਕ੍ਰਾਂਤੀ ਤਹਿਤ ਉਦਘਾਟਨ ਵਿਰੋਧੀਆਂ ਨੂੰ ਹਜ਼ਮ ਨਹੀਂ ਹੋ ਰਹੇ : ਦੇਵ ਮਾਨ

■ ਹਲਕੇ ਦੇ 30 ਤੋਂ ਵੱਧ ਸਕੂਲਾਂ 'ਚ ਵਿਕਾਸ ਕਾਰਜ ਵਿਦਿਆਰਥੀਆਂ ਨੂੰ ਸਮਰਪਤ




**ਨਾਭਾ (ਵਰਿੰਦਰ ਵਰਮਾ)**-ਨਾਭਾ ਦੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਨੇ ਕਿਹਾ ਹੈ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਰਕਾਰੀ ਸਕੂਲਾਂ ਵਿੱਚ ਵਿਕਾਸ ਕਾਰਜਾਂ ਦੇ ਹੋ ਰਹੇ ਉਦਘਾਟਨ ਵਿਰੋਧੀਆਂ ਨੂੰ ਹਜ਼ਮ ਨਹੀਂ ਹੋ ਰਹੇ।ਗੁਰਦੇਵ ਸਿੰਘ ਦੇਵ ਮਾਨ ਨੇ ਅੱਜ 20.5 ਲੱਖ ਰੁਪਏ ਖ਼ਰਚ ਕੇ ਸੀਨੀਅਰ ਸੈਕੰਡਰੀ ਸਕੂਲ ਮਾਂਗੇਵਾਲ ਦੀ ਬਣਵਾਈ ਚਾਰਦੀਵਾਰੀ, ਸਰਕਾਰੀ ਪ੍ਰਾਇਮਰੀ ਸਕੂਲ ਅਲਹੌਰਾਂ ਗੇਟ ਵਿਖੇ 13.39 ਲੱਖ ਰੁਪਏ ਖ਼ਰਚ ਕੇ ਕਲਾਸ ਰੂਮਜ਼ ਦਾ ਨਵੀਨੀਕਰਨ, 27.33 ਲੱਖ ਰੁਪਏ ਖ਼ਰਚ ਕੇ ਸਰਕਾਰੀ ਮਿਡਲ ਸਕੂਲ ਦੁਲੱਦੀ ਦੀ ਤਿਆਰ ਕਰਵਾਈ ਚਾਰਦੀਵਾਰੀ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਦੀ 10.49 ਲੱਖ ਰੁਪਏ ਖ਼ਰਚ ਕੇ ਤਿਆਰ ਕਰਵਾਈ ਚਾਰਦੀਵਾਰੀ ਦਾ ਉਦਘਾਟਨ ਕੀਤਾ।ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਹਲਕੇ ਦੇ ਹੁਣ ਤੱਕ 30 ਸਕੂਲਾਂ ਦਾ ਮੂੰਹ ਮੁਹਾਂਦਰਾ ਬਦਲਿਆ ਜਾ ਚੁੱਕਾ ਹੈ।ਉਨ੍ਹਾਂ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਸਨਮਾਨਤ ਕਰਦਿਆਂ ਅਧਿਆਪਕਾਂ, ਵਿਦਿਆਰਥੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਕਿ ਉਹ ਸਰਕਾਰੀ ਸਕੂਲਾਂ ਦਾ ਹਿੱਸਾ ਹਨ।ਵਿਧਾਇਕ ਨੇ ਕਿਹਾ ਕਿ ਪ੍ਰੰਤੂ ਪੰਜਾਬ ਵਿੱਚ ਹੁਣ ਤੱਕ ਰਾਜ ਕਰਦੀਆਂ ਰਹੀਆਂ ਪਾਰਟੀਆਂ ਦਾ ਸਿਰਫ਼ ਪ੍ਰੈਸ ਵਿਚ ਗੱਲ ਤੋਂ ਵੱਧ-ਘੱਟ ਹੋ ਰਿਹਾ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਨੇ ਸਿੱਖਿਆ ਤੇ ਸਿਹਤ ਨੂੰ ਆਪਣੀ ਮੁੱਢਲੀ ਤਰਜੀਹ ਬਣਾਇਆ ਤੇ ਰਾਜ ਵਿੱਚ ਸਕੂਲਾਂ ਨੂੰ ਮਿਆਰੀ ਸਹੂਲਤਾਂ ਤੇ ਬੱਚਿਆਂ ਨੂੰ ਮਿਆਰੀ ਸਿੱਖਿਆ ਮਿਲਣ ਲੱਗੀ।ਇਸ ਮੌਕੇ ਕਪਿਲ ਮਾਨ, ਚੇਅਰਮੈਨ ਇੰਪਰੂਵਮੈਂਟ ਟਰੱਸਟ ਸੁਰਿੰਦਰ ਪਾਲ ਸ਼ਰਮਾ, ਪ੍ਰਧਾਨ ਨਗਰ ਕੌਂਸਲ ਸੁਜਾਤਾ ਚਾਵਲਾ, ਬਲਾਕ ਪ੍ਰਧਾਨ ਬਲਵਿੰਦਰ ਸਿੰਘ, ਕਸ਼ਮੀਰ ਸਿੰਘ ਲਾਲਕਾ, ਮਾਸਟਰ ਅਮਰੀਕ ਸਿੰਘ, ਤੇਜਾ ਮਾਸਟਰ ਸਕੂਲਾਂ ਦੇ ਮੁਖੀ, ਅਧਿਆਪਕ, ਵਿਦਿਆਰਥੀ ਤੇ ਮਾਪਿਆਂ ਸਮੇਤ ਆਮ ਆਦਮੀ ਪਾਰਟੀ ਦੇ ਸਥਾਨਕ ਆਗੂ ਮੌਜੂਦ ਸਨ।

## ਜੌੜਾਮਾਜਰਾ ਵੱਲੋਂ ਵੱਖ-ਵੱਖ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਉਦਘਾਟਨ




**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸਮਾਣਾ ਦੇ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਪੰਜਾਬ ਸਿੱਖਿਆ ਕ੍ਰਾਂਤੀ ਤਹਿਤ ਸਰਕਾਰੀ ਮਿਡਲ ਸਕੂਲ ਤਰਖਾਣ ਮਾਜਰਾ 3.1 ਲੱਖ ਤੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਬਾਦਸ਼ਾਹਪੁਰ ਕਾਲੇਕੀ ਵਿਖੇ 1.13 ਲੱਖ ਰੁਪਏ, ਮਿਆਲ ਕਲਾਂ ਤੇ ਮਿਆਲ ਖੁਰਦ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਕਰਵਾਏ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ।ਇਸ ਮੌਕੇ ਸੰਬੋਧਨ ਕਰਦਿਆਂ ਵਿਧਾਇਕ ਜੌੜਾਮਾਜਰਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਕੀਤੇ ਗਏ ਮਿਆਰੀ ਸੁਧਾਰਾਂ ਕਰਕੇ ਸਾਡੇ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਦੇਸ਼ ਭਰ ਵਿੱਚ ਮਿਸਾਲ ਕਾਇਮ ਕੀਤੀ ਹੈ।ਉਨ੍ਹਾਂ ਕਿਹਾ ਕਿ ਵਿਦਿਆਰਥੀ ਕੌਮੀ ਪੱਧਰ ਦੇ ਵਿੱਦਿਅਕ ਖੇਤਰ ਤੇ ਹੋਰ ਮੁਕਾਬਲਿਆਂ ਵਿੱਚ ਮੋਹਰੀ ਰਹੇ ਹਨ, ਜਦਕਿ ਅਧਿਆਪਕਾਂ ਨੂੰ ਵਿਦੇਸ਼ੀ ਸਿੱਖਿਆ ਪ੍ਰਣਾਲੀ ਦੀ ਸਿਖਲਾਈ ਦਿਵਾਈ ਗਈ ਹੈ।ਉਨ੍ਹਾ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਕੂਲਾਂ ਨੂੰ ਸਮੇਂ ਦੇ ਹਾਣੀ ਬਣਾ ਦਿੱਤਾ ਗਿਆ ਹੈ ਤੇ ਹੁਣ ਇਨ੍ਹਾਂ ਸਕੂਲਾਂ ਵਿੱਚ ਡਿਜੀਟਲ ਇੰਟ੍ਰੈਕਟਿਵ ਸਕਰੀਨਾਂ, ਨਵੇਂ ਬੈਂਚ ਤੇ ਕਮਰਿਆਂ ਸਮੇਤ ਲਾਇਬ੍ਰੇਰੀਆਂ, ਲੈਬਾਰਟਰੀਆਂ, ਚਾਰਦੀਵਾਰੀਆਂ, ਨਵਾਂ ਫਰਨੀਚਰ, ਪੀਣ ਵਾਲਾ ਪਾਣੀ, ਟੁਆਇਲਟ ਬਲਾਕ ਸਮੇਤ ਖੇਡਾਂ ਨਾਲ ਸਬੰਧਤ ਬੁਨਿਆਦੀ ਢਾਂਚਾ ਪ੍ਰਦਾਨ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਾਡੇ ਬੱਚੇ ਤੇ ਅਧਿਆਪਕ ਬਦਲਦੇ ਪੰਜਾਬ ਦੇ ਗਵਾਹ ਬਣ ਗਏ ਹਨ।ਇਸ ਮੌਕੇ ਮਾਰਕੀਟ ਕਮੇਟੀ ਚੇਅਰਮੈਨ ਬਲਕਾਰ ਸਿੰਘ ਗੱਜੂਮਾਜਰਾ, ਗੁਰਦੇਵ ਸਿੰਘ ਟਿਵਾਣਾ, ਸਕੂਲਾਂ ਦੇ ਪ੍ਰਿੰਸੀਪਲ ਵੱਡੀ ਗਿਣਤੀ ਅਧਿਆਪਕ, ਵਿਦਿਆਰਥੀ, ਮਾਪੇ ਤੇ ਹੋਰ ਪਤਵੰਤੇ ਮੌਜੂਦ ਸਨ।

## ਸ੍ਰੀ ਸ਼ਿਆਮ ਮੰਦਰ 'ਚ ਮੁਫ਼ਤ ਅੱਖਾਂ ਦੇ ਜਾਂਚ ਕੈਂਪ



**ਕੋਟਕਪੂਰਾ (ਰਛਪਾਲ ਭੁੱਲਰ)**-ਸਥਾਨਕ ਸੁਰਗਾਪੁਰੀ ਵਿੱਚ ਸਥਿਤ ਪ੍ਰਾਚੀਨ ਸ੍ਰੀ ਸ਼ਿਆਮ ਮੰਦਿਰ ਵਿਖੇ ਸ੍ਰੀ ਸ਼ਿਆਮ ਮੰਦਰ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਮੋਹਨ ਲਾਲ ਬਾਂਸਲ ਦੀ ਪ੍ਰਧਾਨਗੀ ਹੇਠ ਅੱਖਾਂ ਦਾ ਮੁਫ਼ਤ ਜਾਂਚ ਕੈਂਪ ਲਗਾਇਆ ਗਿਆ।ਸੰਸਥਾ ਦੇ ਸੇਵਾਦਾਰ ਹਰੀ ਸ਼ਿਆਮ ਸਿੰਗਲਾ, ਕੈਲਾਸ਼ ਸ਼ਰਮਾ, ਪੰਡਿਤ ਵਿਜੇ ਸਵਾਮੀ, ਪੰਡਿਤ ਅਖਿਲ ਕੌਸ਼ਿਕ, ਨਰਿੰਦਰ ਮਿੱਤਲ, ਵਿਨੋਦ ਸ਼ਰਮਾ, ਅਮਰਨਾਥ ਸ਼ਰਮਾ, ਸੁਦਰਸ਼ਨ ਸਿੰਗਲਾ, ਸੁਮਿਤ ਮੋਦੀ, ਰਵੀ ਸ਼ਰਮਾ ਨੇ ਦੱਸਿਆ ਕਿ ਇਸ ਕੈਂਪ ਵਿੱਚ ਲਾਇਨਜ਼ ਕਲੱਬ ਜੈਤੋ ਦੇ ਡਾਕਟਰਾਂ ਦੀ ਟੀਮ ਨੇ 210 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਅਤੇ ਦਵਾਈਆਂ ਦਿੱਤੀਆਂ। 11 ਮਰੀਜ਼ਾਂ ਨੂੰ ਅੱਖਾਂ ਦੇ ਆਪ੍ਰੇਸ਼ਨ ਲਈ ਚੁਣਿਆ ਗਿਆ।ਉਨ੍ਹਾਂ ਕਿਹਾ ਕਿ ਆਪ੍ਰੇਸ਼ਨ ਲਈ ਆਉਣ ਵਾਲੇ ਮਰੀਜ਼ਾਂ ਦਾ ਖਰਚਾ ਸ੍ਰੀ ਸ਼ਿਆਮ ਮੰਦਰ ਪ੍ਰਬੰਧਕ ਕਮੇਟੀ ਵੱਲੋਂ ਚੁੱਕਿਆ ਜਾਵੇਗਾ।ਇਸ ਸਮੇਂ ਕਮੇਟੀ ਦੇ ਪ੍ਰਧਾਨ ਮੋਹਨ ਲਾਲ ਬਾਂਸਲ ਨੇ ਦੱਸਿਆ ਕਿ ਅੱਜ ਦਾ ਕੈਂਪ 'ਨਰ ਸੇਵਾ ਨਾਰਾਇਣ ਸੇਵਾ' ਦੇ ਆਧਾਰ 'ਤੇ ਲਗਾਇਆ ਗਿਆ ਹੈ ਅਤੇ ਇਸ ਕੈਂਪ ਦੇ ਆਯੋਜਨ ਲਈ ਸ੍ਰੀ ਸ਼ਿਆਮ ਯੁਵਾ ਵੈਲਫੇਅਰ ਸੋਸਾਇਟੀ ਅਤੇ ਸ੍ਰੀ ਸ਼ਿਆਮ ਮਹਿਲਾ ਸੰਤਸਾਗ ਮੰਡਲ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ ਹੈ। ਇਸ ਸਮੇਂ ਸਰੋਜ ਸ਼ਰਮਾ, ਸਚਿਨ ਸਿੰਗਲਾ, ਮੁਕੁਲ ਬਾਂਸਲ, ਕਰਨ ਸਿੰਗਲਾ, ਦੇਵਾਸ਼ੂ ਮਿੱਤਲ, ਕੁਨਾਲ ਮਿੱਤਲ, ਆਦਿਤਯ ਅਗਰਵਾਲ, ਮਾਨਵ ਗੋਇਲ ਤੋਂ ਇਲਾਵਾ ਸ਼ਹਿਰ ਦੇ ਹੋਰ ਪਤਵੰਤੇ ਵੀ ਮੌਜੂਦ ਸਨ।

## 'ਮੇਰਾ ਵਾਰਡ ਮੇਰੀ ਸ਼ਾਨ' ਮੁਹਿੰਮ ਤਹਿਤ ਵਾਰਡਾਂ 'ਚ ਸਫਾਈ ਕਰਵਾਈ



**ਕੋਟ ਈਸੇ ਖਾਂ (ਅਰੋੜਾ)**-ਸਵੱਛ ਭਾਰਤ ਅਭਿਆਨ ਤੇ ਪੰਜਾਬ ਸਰਕਾਰ ਵੱਲੋਂ ਮੇਰਾ ਵਾਰਡ ਮੇਰੀ ਸ਼ਾਨ ਮੁਹਿੰਮ ਚਾਲੂ ਕੀਤੀ ਗਈ ਹੈ, ਜਿਸ ਤਹਿਤ ਸ਼ਹਿਰ ਦੇ ਚੋਣਵੇ ਵਾਰਡਾਂ ਵਿੱਚ ਸਾਫ ਸਫਾਈ ਤੇ ਹੋਰ ਪ੍ਰਬੰਧਾਂ ਨੂੰ ਸੁਧਾਰਨਾ ਹੁੰਦਾ ਹੈ, ਜਿਸ ਤਹਿਤ ਨਗਰ ਪੰਚਾਇਤ ਕੋਟ ਈਸੇ ਖਾਂ ਦੇ ਈ. ਓ. ਬ੍ਰਿਜ ਮੋਹਨ ਦੀ ਅਗਵਾਈ ਹੇਠ ਵਾਰਡ ਨੰ. 8 ਤੇ ਵਾਰਡ ਨੰ. 11 ਵਿੱਚ ਇਸ ਸਫਾਈ ਮੁਹਿੰਮ ਦਾ ਅਗਾਜ਼ ਕੀਤਾ ਗਿਆ। ਇਸ ਮੌਕੇ ਵਾਰਡ ਨੰ. 8 ਦੇ ਕੌਂਸਲਰ ਤੇ ਨਗਰ ਪੰਚਾਇਤ ਦੇ ਵਾਈਸ ਪ੍ਰਧਾਨ ਸੁਮੀਤ ਮਲਹੋਤਰਾ ਨੇ ਪ੍ਰੈੱਸ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਮੇਰਾ ਵਾਰਡ ਮੇਰੀ ਸ਼ਾਨ ਮੁਹਿੰਮ ਤਹਿਤ ਅੱਜ ਵਾਰਡ ਨੰ. 8 ਵਿੱਚ ਸਫਾਈ ਕਾਮਿਆਂ ਵੱਲੋਂ ਸੈਨਟਰੀ ਇੰਸਪੈਕਟਰ ਅਨਿਲ ਕੁਮਾਰ ਦੀ ਹਾਜ਼ਰੀ ਵਿੱਚ ਮੁਕੰਮਲ ਤੌਰ 'ਤੇ ਸਫਾਈ ਕਰਵਾਈ ਜਾ ਰਹੀ ਹੈ ਅਤੇ ਵਾਰਡ ਨੂੰ ਬਹੁਤ ਵਧੀਆ ਢੰਗ ਨਾਲ ਸਾਫ ਸੁਥਰਾ ਬਣਾਇਆ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਸਫਾਈ ਕਾਮਿਆਂ ਵੱਲੋਂ ਇਸੇ ਤਰ੍ਹਾਂ ਰੋਜ਼ਾਨਾ ਸਫਾਈ ਕੀਤੀ ਜਾਵੇਗੀ ਤੇ ਜਿੱਥੇ ਵੀ ਕੋਈ ਮੁਸ਼ਕਲ ਆਵੇਗੀ, ਉਸ ਨੂੰ ਦੂਰ ਕੀਤਾ ਜਾਵੇਗਾ। ਉਨ੍ਹਾ ਕਿਹਾ ਕਿ ਹਲਕਾ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਢੋਸ ਦੀ ਅਗਵਾਈ ਹੇਠ ਸ਼ਹਿਰ ਦਾ ਵਿਕਾਸ ਹੋ ਰਿਹਾ ਹੈ ਤੇ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ ਅਤੇ ਸ਼ਹਿਰ ਦਾ ਸਭ ਤੋਂ ਵੱਡਾ ਪ੍ਰੋਜੈਕਟ ਸੀਵਰੇਜ ਦਾ ਸੀ, ਜਿਸ ਦਾ ਕੰਮ ਚੱਲ ਰਿਹਾ ਹੈ।

# 6 ਦੇ ਚੰਡੀਗੜ੍ਹ ਧਰਨੇ ਦੀਆਂ ਤਿਆਰੀਆਂ ਮੁਕੰਮਲ : ਕੁਲਬੀਰ ਢਿੱਲੋਂ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)** : ਤਾਲਮੇਲ ਕਮੇਟੀ ਪੈਰਾ ਮੈਡੀਕਲ ਤੇ ਸਿਹਤ ਕਰਮਚਾਰੀ ਪੰਜਾਬ ਦੀ ਮੀਟਿੰਗ ਸੂਬਾ ਚੇਅਰਮੈਨ ਕੁਲਬੀਰ ਸਿੰਘ ਢਿੱਲੋਂ ਦੀ ਅਗਵਾਈ ਹੇਠ ਹੋਈ, ਜਿਸ ਵਿੱਚ ਵੱਖ ਵੱਖ ਜ਼ਿਲ੍ਹਿਆਂ ਦੇ ਅਹੁਦੇਦਾਰਾਂ ਨੇ ਸ਼ਮੂਲੀਅਤ ਕੀਤੀ। ਸੂਬਾ ਕਨਵੀਨਰ ਰਵਿੰਦਰ ਲੂਥਰਾ, ਕੋ-ਕਨਵੀਨਰ ਇੰਦਰਜੀਤ ਸਿੰਘ ਵਿਰਦੀ ਨੇ ਦੱਸਿਆ ਕਿ 6 ਮਈ ਨੂੰ ਡਾਇਰੈਕਟਰ ਦਫ਼ਤਰ ਪੰਜਾਬ ਚੰਡੀਗੜ੍ਹ ਵਿਖੇ ਲਗਾਏ ਜਾ ਰਹੇ ਧਰਨੇ ਸਬੰਧੀ ਪੰਜਾਬ ਦੇ ਸਮੂਹ ਜ਼ਿਲ੍ਹਿਆਂ ਦੇ ਮੁਲਾਜ਼ਮਾਂ ਵਿੱਚ ਭਾਰੀ ਉਤਸ਼ਾਹ ਪਾਇਆ ਜਾ ਰਿਹਾ ਹੈ। ਇਸ ਧਰਨੇ ਵਿੱਚ ਪੰਜਾਬ ਭਰ ਤੋਂ ਸੈਂਕੜੇ ਮੁਲਾਜ਼ਮ ਚੰਡੀਗੜ੍ਹ ਵੱਲ ਕੂਚ ਕਰਨਗੇ। ਉਨ੍ਹਾਂ ਅੱਗੇ ਦੱਸਿਆ ਕਿ ਮੁਲਾਜ਼ਮਾਂ ਦੀਆਂ ਜਾਇਜ਼ ਮੰਗਾਂ ਦਾ ਮੰਗ ਪੱਤਰ, ਸਿਹਤ ਮੰਤਰੀ ਪੰਜਾਬ, ਪ੍ਰਮੁੱਖ ਸਕੱਤਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਚੰਡੀਗੜ੍ਹ, ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਪੰਜਾਬ ਚੰਡੀਗੜ੍ਹ ਨੂੰ ਭੇਜਿਆ ਗਿਆ ਸੀ, ਜਿਸ 'ਤੇ ਮੁਲਾਜ਼ਮਾਂ ਦੀਆਂ ਮੰਗਾਂ 'ਤੇ ਗੱਲਬਾਤ ਲਈ ਅੱਜ ਤੱਕ ਦਾ ਸਮਾਂ ਨਿਸ਼ਚਿਤ ਨਹੀਂ ਕੀਤਾ ਗਿਆ, ਜਿਸ ਕਰਕੇ ਪੰਜਾਬ ਦੇ ਪੈਰਾ ਮੈਡੀਕਲ ਕਾਮਿਆਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ।

ਉਨ੍ਹਾਂ ਦੱਸਿਆ ਕਿ ਮੁਲਾਜ਼ਮਾਂ ਦੀਆਂ ਮੰਗਾਂ ਜਿਵੇਂ ਕਿ ਐੱਨ ਐੱਚ ਐੱਮ, ਵੱਖ ਵੱਖ ਸਕੀਮਾਂ ਤਹਿਤ, ਆਊਟਸੋਰਸਿੰਗ ਤੇ ਈਐੱਸਆਈ ਹਸਪਤਾਲਾਂ ਵਿੱਚ ਠੇਕੇ 'ਤੇ ਕੰਮ ਕਰਦੇ ਮੁਲਾਜ਼ਮਾਂ ਨੂੰ ਤੁਰੰਤ ਰੈਗੂਲਰ ਕਰਨਾ, ਸਮੂਹ ਪੈਰਾ-ਮੈਡੀਕਲ ਕਾਮਿਆਂ ਦੇ ਕੱਟੇ ਭੱਤੇ ਬਹਾਲ ਕੀਤੇ ਜਾਣ, ਪੈਰਾ-ਮੈਡੀਕਲ ਕਾਮਿਆਂ ਦੀਆਂ ਖਾਲੀ ਪਈਆਂ ਅਸਾਮੀਆਂ ਰੈਗੂਲਰ ਤੌਰ 'ਤੇ ਭਰੀਆਂ ਜਾਣ, ਸਿਹਤ ਵਿਭਾਗ ਵਿੱਚ ਸਮੂਹ ਪੈਰਾ-ਮੈਡੀਕਲ ਕਾਮਿਆਂ ਦੀ ਕੈਟਾਗਰੀ ਵਾਇਜ਼ ਡਿਪਟੀ ਡਾਇਰੈਕਟਰ ਦੀ ਅਸਾਮੀ ਦੀ ਰਚਨਾ ਕੀਤੀ ਜਾਵੇ, ਪਰੋਬੇਸ਼ਨ ਪੀਰੀਅਡ ਦਾ ਸਮਾਂ 3 ਸਾਲ ਤੋਂ ਘਟਾ ਕੇ 2 ਸਾਲ ਕੀਤਾ ਜਾਵੇ ਤੇ ਪਰੋਬੇਸ਼ਨ ਪੀਰੀਅਡ ਦੌਰਾਨ ਪੂਰੀ ਤਨਖਾਹ ਸਮੇਤ ਭੱਤਿਆਂ ਦਿੱਤੀ ਜਾਵੇ ਆਦਿ ਮੰਗਾਂ 'ਤੇ ਗੱਲਬਾਤ ਕਰਕੇ ਮੰਗਾਂ ਦਾ ਨਿਪਟਾਰਾ ਨਾ ਕੀਤਾ ਗਿਆ ਤਾਂ 6 ਮਈ ਨੂੰ ਪੰਜਾਬ ਭਰ ਤੋਂ ਸੈਂਕੜੇ ਮੁਲਾਜ਼ਮ ਚੰਡੀਗੜ੍ਹ ਵੱਲ ਕੂਚ ਕਰਨਗੇ।

ਮੀਟਿੰਗ ਵਿੱਚ ਜਸਵਿੰਦਰ ਸਿੰਘ ਅੰਮ੍ਰਿਤਸਰ, ਟਹਿਲ ਸਿੰਘ ਫਾਜ਼ਿਲਕਾ, ਕੰਵਲਜੀਤ ਸਿੰਘ ਅੰਮ੍ਰਿਤਸਰ, ਰਮਨ ਅੱਤਰੀ ਫਿਰੋਜ਼ਪੁਰ, ਗੁਰਬੀਰ ਸਿੰਘ ਪੰਡੋਰੀ ਤਰਨਤਾਰਨ, ਕੁਲਪ੍ਰੀਤ ਸਿੰਘ ਸਮਰਾ, ਮੇਜਰ ਸਿੰਘ ਧੁੰਨ, ਜਗਤਾਰ ਸਿੰਘ ਸਿੱਧੂ ਮਲੇਰਕੋਟਲਾ, ਮਨਦੀਪ ਸਿੰਘ ਫਰੀਦਕੋਟ, ਸੁਨੀਲ ਸਿੰਗਲਾ ਫਰੀਦਕੋਟ, ਰਣਧੀਰ ਸਿੰਘ ਤੇ ਨੀਰਜ਼ ਕੁਮਾਰ ਸੰਗਰੂਰ, ਤਰੀਥ ਸਿੰਘ ਨਵਾਂ ਸ਼ਹਿਰ, ਬਲਜਿੰਦਰ ਸਿੰਘ ਫਤਿਹਗੜ੍ਹ ਸਾਹਿਬ, ਜਸਪਾਲ ਸਿੰਘ ਆਦਿ ਹਾਜ਼ਰ ਸਨ।

## ਸਰਕਾਰੀ ਹਾਈ ਸਕੂਲ ਝੋਕ ਹਰੀਹਰ ਵਿਖੇ ਨਸ਼ਿਆਂ ਖਿਲਾਫ ਸੈਮੀਨਾਰ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸਰਕਾਰੀ ਹਾਈ ਸਕੂਲ ਝੋਕ ਹਰੀਹਰ ਵਿਖੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੈਮੀਨਾਰ ਕਰਵਾਇਆ ਗਿਆ, ਜਿਸ ਵਿੱਚ ਸਕੂਲ ਮੁਖੀ ਅਵਤਾਰ ਸਿੰਘ, ਸਮੂਹ ਸਕੂਲ ਸਟਾਫ ਤੇ ਵਿਦਿਆਰਥੀਆਂ ਨੇ ਹਿੱਸਾ ਲਿਆ। ਇਸ ਸੈਮੀਨਾਰ ਵਿੱਚ ਵਿਦਿਆਰਥੀਆਂ ਨੂੰ ਨਸ਼ਿਆਂ ਵਿਰੁੱਧ ਜਾਗਰੂਕ ਕੀਤਾ ਗਿਆ ਤੇ ਨਸ਼ਿਆਂ ਵਿਰੁੱਧ ਸਮਾਜ ਨੂੰ ਜਾਗਰੂਕ ਕਰਨ ਲਈ ਲੋਕ ਲਹਿਰ ਬਣਾਉਣ ਦੀ ਅਪੀਲ ਕੀਤੀ ਗਈ। ਨੀਨਾ ਕਾਂਸਲ ਪੰਜਾਬੀ ਮਿਸਟਰੈੱਸ ਨੇ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਦੱਸਿਆ ਤੇ ਵਿਦਿਆਰਥੀਆਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਜਾਗਰੂਕ ਕੀਤਾ। ਇਸ ਮੌਕੇ ਵਿਦਿਆਰਥੀ ਸ਼ਮਾ, ਵਿਰਾਟ ਤੇ ਵਿਆਨ ਭੱਟੀ ਨੇ ਭਾਸ਼ਣ ਰਾਹੀਂ ਨਸ਼ਿਆਂ ਤੋਂ ਬਚਣ ਤੇ ਇਸ ਦੇ ਮਾੜੇ ਪ੍ਰਭਾਵਾਂ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ। ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਲਗਾਤਾਰ ਸਕੂਲ ਵਿੱਚ ਵੱਖ ਵੱਖ ਗਤੀਵਿਧੀਆਂ ਕਰਵਾਈਆਂ ਜਾ ਰਹੀਆਂ ਹਨ, ਜਿਸ ਤਹਿਤ ਰੰਗੋਲੀ, ਪੋਸਟਰ ਮੇਕਿੰਗ ਮੁਕਾਬਲੇ, ਭਾਸ਼ਣ ਮੁਕਾਬਲੇ ਤੇ ਕਵਿਤਾ ਮੁਕਾਬਲੇ ਕਰਵਾਏ ਜਾ ਰਹੇ ਹਨ ਤੇ ਸਾਰੇ ਵਿਦਿਆਰਥੀ ਇਸ ਵਿੱਚ ਵਧ ਚੜ੍ਹ ਕੇ ਹਿੱਸਾ ਲੈ ਰਹੇ ਹਨ। ਮੁਕਾਬਲਿਆਂ ਵਿੱਚ ਜੇਤੂ ਰਹਿਣ ਵਾਲੇ ਵਿਦਿਆਰਥੀਆਂ ਨੂੰ ਇਨਾਮ ਵੀ ਵੰਡੇ ਗਏ।

## ਗ੍ਰਾਮ ਪੰਚਾਇਤ ਵੱਲੋਂ ਸਕੂਲ ਨੂੰ ਵਾਟਰ ਕੂਲਰ ਭੇਟ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਬੀਤੇ ਦਿਨੀਂ ਨਵੀਂ ਬਣੀ ਗ੍ਰਾਮ ਪੰਚਾਇਤ ਕਮਾਲਦੀਨ ਨਿਆਜੀਆਂ ਵੱਲੋਂ ਪਿੰਡ ਦੇ ਸਰਕਾਰੀ ਪ੍ਰਾਇਮਰੀ ਸਕੂਲ ਨੂੰ ਬੱਚਿਆਂ ਵਾਸਤੇ ਠੰਡਾ ਪਾਣੀ ਪੀਣ ਲਈ ਵਾਟਰ ਕੂਲਰ ਭੇਟ ਕੀਤਾ ਗਿਆ। ਇਹ ਵਾਟਰ ਕੂਲਰ ਸਕੂਲ ਦੀ ਹੈੱਡ ਟੀਚਰ ਕੁਲਦੀਪ ਕੌਰ ਤੇ ਅਧਿਆਪਕ ਅਮਨਦੀਪ ਕੁਮਾਰ ਦੀ ਹਾਜ਼ਰੀ ਵਿੱਚ ਭੇਟ ਕੀਤਾ ਗਿਆ। ਇਸ ਮੌਕੇ ਬੋਲਦਿਆਂ ਸਰਪੰਚ ਬਲਜੀਤ ਸਿੰਘ ਨੇ ਕਿਹਾ ਕਿ ਪਿੰਡ ਦੀ ਪੰਚਾਇਤ ਹਮੇਸ਼ਾ ਸਾਂਝੇ ਕੰਮ ਤੇ ਲੋਕ ਭਲਾਈ ਦੇ ਕੰਮ ਕਰਦੀ ਰਹੇਗੀ। ਇਸ ਮੌਕੇ ਉਨ੍ਹਾਂ ਨਾਲ ਪੰਚ ਮੰਗਲ ਸਿੰਘ, ਬਸੰਤ ਸਿੰਘ ਤੇ ਬੱਚਿਆਂ ਦੇ ਮਾਤਾ-ਪਿਤਾ ਵੀ ਹਾਜ਼ਰ ਸਨ।

## ਵਿਕਾਸ ਗੋਇਲ ਦੀ ਯਾਦ 'ਚ ਲੱਗੇ ਖ਼ੂਨਦਾਨ ਕੈਂਪ 'ਚ 40 ਯੂਨਿਟ ਖ਼ੂਨਦਾਨ



**ਬੋਹਾ (ਨਿਰੰਜਣ ਬੋਹਾ)**-ਸਮਾਜ ਸੇਵੀ ਨੌਜਵਾਨ ਵਿਕਾਸ ਗੋਇਲ ਦੀ ਸਲਾਨਾ ਬਰਸੀ ਮੌਕੇ ਵਿਕਾਸ ਵੈਲਫੇਅਰ ਟਰੱਸਟ ਬੋਹਾ ਵੱਲੋਂ ਉਨ੍ਹਾ ਦੀ ਯਾਦ ਵਿਚ ਇਕ ਖ਼ੂਨਦਾਨ ਕੈਂਪ ਦਾ ਆਯੋਜਨ ਨੇਕੀ ਫਾਊਂਡੇਸ਼ਨ ਬੁਢਲਾਡਾ ਦੇ ਸਹਿਯੋਗ ਨਾਲ ਨੰਨ੍ਹਾ ਬਚਪਨ ਪਲੇ ਵੇ ਸਕੂਲ ਬੋਹਾ ਵਿਖੇ ਕੀਤਾ ਗਿਆ। ਸਵ: ਵਿਕਾਸ ਗੋਇਲ ਦੇ ਪਿਤਾ ਪ੍ਰਵੀਨ ਕੁਮਾਰ ਗੋਇਲ ਤੇ ਭਰਾ ਨਿਖਿਲ ਗੋਇਲ ਵੱਲੋਂ ਪ੍ਰਾਪਤ ਜਾਣਕਾਰੀ ਅਨੁਸਾਰ ਇਸ ਕੈਂਪ ਵਿਚ ਬਲੱਡ ਬੈਂਕ ਮਾਨਸਾ ਦੀ ਟੀਮ ਦੀ ਨਿਗਰਾਨੀ ਵਿਚ 40 ਨੌਜਵਾਨਾਂ ਨੇ ਆਪਣਾ ਖ਼ੂਨ ਦਾਨ ਕੀਤਾ। ਇਸ ਮੌਕੇ ਉਚੇਚੇ ਤੌਰ 'ਤੇ ਪੁੱਜੇ ਭਾਰਤੀ ਜਨਤਾ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਰਕੇਸ਼ ਜੈਨ ਤੇ ਨਗਰ ਪੰਚਾਇਤ ਬੋਹਾ ਦੇ ਪ੍ਰਧਾਨ ਕਮਲਜੀਤ ਸਿੰਘ ਬਾਵਾ ਨੇ ਕਿਹਾ ਕਿ ਅਜਿਹੇ ਕੈਂਪ ਲਾਉਣ ਦਾ ਮਕਸਦ ਵਿਕਾਸ ਗੋਇਲ ਵਰਗੇ ਨੌਜਵਾਨਾਂ ਦੀ ਸਮਾਜ ਸੇਵਾ ਦੀ ਭਾਵਨਾ ਦਾ ਸਤਿਕਾਰ ਕਰਨਾ ਹੈ। ਉਨ੍ਹਾਂ ਕਿਹਾ ਕਿ ਖ਼ੂਨਦਾਨ ਇਕ ਮਹਾਨ ਦਾਨ ਹੈ, ਸਾਡੇ ਵੱਲੋਂ ਦਾਨ ਕੀਤੇ ਖ਼ੂਨ ਦੇ ਕੁਝ ਕਤਰੇ ਕਿਸੇ ਦੀ ਕੀਮਤੀ ਜਾਨ ਬਚਾ ਸਕਦੇ ਹਨ। ਇਸ ਸਮੇਂ ਹੋਰਨਾਂ ਤੋਂ ਇਲਾਵਾ ਨਗਰ ਪੰਚਾਇਤ ਬੋਹਾ ਦੇ ਸਾਬਕਾ ਪ੍ਰਧਾਨ ਸੁਨੀਲ ਕੁਮਾਰ ਗੋਇਲ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਦਰਸ਼ਨ ਘਾਰੂ, ਰਾਜਵਿੰਦਰ ਸਿੰਘ ਗਾਦੜਪੱਤੀ, ਐਸ ਸੀ ਜਗਸੀਰ ਸਿੰਘ ਜੱਗਾ, ਆਦਿੱਤਿਆ ਜਾਖਲ, ਮਨਮੰਦਰ ਸਿੰਘ, ਕੁਲਵਿੰਦਰ ਸਿੰਘ ਹੈਪੀ, ਗਊ ਸ਼ਾਲਾ ਕਮੇਟੀ ਦੇ ਪ੍ਰਧਾਨ ਵਿਪਨ ਕੁਮਾਰ, ਤਰਸੇਮ ਰਾਜ, ਓਮ ਪ੍ਰਕਾਸ਼ ਚੁੱਘ ਤੇ ਗਿਆਨ ਚੰਦ ਸਿੰਗਲਾ ਆਦਿ ਵੀ ਹਾਜ਼ਰ ਸਨ।

# ...ਸ.ਫ਼ਾ 1 ਦੇ ਬਾਕੀ

## ਨਫਰਤੀ ਤਾਕਤਾਂ ਤੋਂ ...

ਦੇ ਵੱਖ-ਵੱਖ ਖੇਤਰਾਂ ਦੀਆਂ ਉੱਘੀਆਂ ਸ਼ਖ਼ਸ਼ੀਅਤਾਂ ਵੀ ਇਸ ਸੁਆਗਤੀ ਕਮੇਟੀ ਵਿੱਚ ਸ਼ਾਮਲ ਹੋਣਗੀਆਂ।ਪੰਜਾਬੀਆਂ ਨੂੰ ਪ੍ਰਾਹੁਣਚਾਰੀ ਅਤੇ ਉਦਾਰਤਾ ਲਈ ਜਾਣਿਆ ਜਾਂਦਾ ਹੈ। ਬੰਤ ਸਿੰਘ ਬਰਾੜ ਨੇ ਪੰਜਾਬ ਦੇ ਲੋਕਾਂ ਨੂੰ ਮਹਾਂ ਸੰਮੇਲਨ ਲਈ ਫੰਡ ਦੇਣ ਦੀ ਅਪੀਲ ਕੀਤੀ। ਉਹਨਾ ਕਿਹਾ ਕਿ ਪਾਰਟੀ ਸਮਕਾਲੀ ਮੁੱਦਿਆਂ 'ਤੇ ਸੈਮੀਨਾਰਾਂ ਦਾ ਆਯੋਜਨ ਕਰੇਗੀ।ਸ਼ਹੀਦਾਂ ਨੂੰ ਯਾਦ ਰੱਖਣ ਅਤੇ ਉਨ੍ਹਾਂ ਦੇ ਪਰਵਾਰਾਂ ਦਾ ਸਨਮਾਨ ਕਰਨ ਲਈ ਜਥਾ ਪ੍ਰੋਗਰਾਮਾਂ ਨੂੰ ਆਯੋਜਿਤ ਕੀਤਾ ਜਾਵੇਗਾ।21 ਸਤੰਬਰ ਨੂੰ ਕਾਂਗਰਸ ਦੇ ਪਹਿਲੇ ਦਿਨ ਇੱਕ ਵਿਸ਼ਾਲ ਰੈਲੀ ਆਯੋਜਿਤ ਕੀਤੀ ਜਾਏਗੀ। ਇਸ ਮੌਕੇ ਇਕ ਯਾਦਗਾਰੀ ਸੋਵੀਨਰ ਛਾਪਿਆ ਜਾ ਰਿਹਾ ਹੈ, ਜਿਸ ਵਿੱਚ ਦੇਸ਼ ਨੂੰ ਦਰਪੇਸ਼ ਸਮੱਸਿਆਵਾਂ ਦਾ ਵਿਸ਼ਲੇਸ਼ਣ ਕਰਦੇ ਵੱਖ-ਵੱਖ ਵਿਦਵਾਨਾਂ ਵੱਲੋਂ ਲਿਖੇ ਗਏ ਲੇਖ ਹੋਣਗੇ। ਇਸ ਮੌਕੇ ਇਤਿਹਾਸਕ ਸੀ ਪੀ ਆਈ ਕਾਂਗਰਸ ਦੀ ਕਾਰਵਾਈ ਬਾਰੇ ਲੋਕਾਂ ਵਿੱਚ ਪ੍ਰਚਾਰ ਲਈ ਮੀਡੀਆ ਤੋਂ ਸਹਾਇਤਾ ਦੀ ਮੰਗ ਕੀਤੀ ਗਈ। ਇਸ ਮੌਕੇ ਪਾਰਟੀ ਕਾਂਗਰਸ ਲਈ ਇੱਕ ਲੋਗੋ ਵੀ ਜਾਰੀ ਕੀਤਾ ਗਿਆ।ਸੂਬਾ ਕੌਂਸਲ ਦੀ ਮੀਟਿੰਗ ਦੇ ਸ਼ੁਰੂ ਵਿੱਚ ਪਹਿਲਗਾਮ ਵਿਖੇ ਨਿਰਦੋਸ਼ ਸੈਲਾਨੀਆਂ ਦੀ ਅੱਤਵਾਦੀਆਂ ਵੱਲੋਂ ਕੀਤੀ ਗਈ ਹੱਤਿਆ ਦੀ ਨਿਖੇਧੀ ਕੀਤੀ ਗਈ ਅਤੇ ਉਹਨਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਛਤੀਸਗੜ੍ਹ ਵਿਚ ਨਾਜਾਇਜ਼ ਐਨਕਾਊਂਟਰਾਂ ਦਾ ਵਿਰੋਧ ਕੀਤਾ ਗਿਆ। ਮੀਟਿੰਗ ਵਿੱਚ ਨਫ਼ਰਤ ਅਤੇ ਧਰੁਵੀਕਰਨ ਦੀਆਂ ਸ਼ਕਤੀਆਂ ਨੂੰ ਹਰਾਉਣ ਲਈ ਤੇ ਧਰਮ ਨਿਰਪੱਖ ਲੋਕਤੰਤਰ ਦੀ ਰਾਖੀ ਲਈ ਹੋਰ ਮਜ਼ਬੂਤੀ ਨਾਲ ਕੰਮ ਕਰਨ ਦਾ ਸੰਕਲਪ ਲਿਆ ਗਿਆ ਅਤੇ ਭਾਰਤ ਦੇ ਸੰਵਿਧਾਨ ਦੀ ਰਾਖੀ ਲਈ ਡਟਣ ਦਾ ਫੈਸਲਾ ਲਿਆ ਗਿਆ। ਪੋਪ ਫਰਾਂਸਿਸ, ਜੋ ਆਮ ਜਨਤਾ ਦੇ ਹਿੱਤਾਂ ਲਈ ਬੋਲਦੇ ਸਨ, ਨੂੰ ਵੀ ਸ਼ਰਧਾਂਜਲੀ ਭੇਂਟ ਕੀਤੀ ਗਈ।ਪਿਛਲੀ ਰਾਜ ਕੌਂਸਲ ਦੀ ਮੀਟਿੰਗ ਤੋਂ ਬਾਅਦ, ਜੋ ਜ਼ਿੰਦਗੀ ਦੇ ਵੱਖ-ਵੱਖ ਸਤਰਾਂ ਦੇ ਪ੍ਰਮੁੱਖ ਵਿਅਕਤੀ ਸਦੀਵੀ ਵਿਛੋੜਾ ਦੇ ਗਏ ਹਨ, ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਪ੍ਰੈੱਸ ਕਾਨਫਰੰਸ ਦੌਰਾਨ ਡੀ. ਰਾਜਾ ਤੋਂ ਇਲਾਵਾ ਅਮਰਜੀਤ ਕੌਰ, ਬੰਤ ਸਿੰਘ ਬਰਾੜ, ਨਿਰਮਲ ਸਿੰਘ ਧਾਲੀਵਾਲ, ਗੁਲਜ਼ਾਰ ਸਿੰਘ ਗੋਰੀਆ, ਡੀ ਪੀ ਮੌੜ, ਐੱਮ ਐੱਸ ਭਾਟੀਆ, ਡਾ. ਅਰੁਣ ਮਿੱਤਰਾ ਤੇ ਪ੍ਰਿਥੀਪਾਲ ਸਿੰਘ ਮਾੜੀਮੇਘਾ ਮੌਜੂਦ ਸਨ।

## ਫੁਕਰਪੁਣੇ ਦੀ...

ਵਜੇ ਦੇ ਕਰੀਬ ਅੰਡਰਬ੍ਰਿਜ ਵਿੱਚੋਂ ਅੱਗ ਦੀਆਂ ਲਪਟਾਂ ਚਮਕ ਰਹੀਆਂ ਹਨ, ਉਸੇ ਸਮੇਂ ਉਨ੍ਹਾਂ ਨੇ ਆ ਕੇ ਦੇਖਿਆ ਕਿ ਦੋ ਮੋਟਰਸਾਈਕਲ ਅੱਗ ਵਿੱਚ ਸੜ ਚੁੱਕੇ ਸਨ ਅਤੇ ਉਹ ਲੜਕੇ ਉਨ੍ਹਾਂ ਨੂੰ ਦੇਖ ਕੇ ਉਥੋਂ ਭੱਜ ਗਏ।ਉਨ੍ਹਾਂ ਬਰੇਟਾ ਪੁਲਸ ਥਾਣਾ ਵਿਖੇ ਫੋਨ ਕੀਤਾ ਤਾਂ ਸਹਾਇਕ ਥਾਣੇਦਾਰ ਜਗਮੇਲ ਸਿੰਘ ਪੁਲਸ ਪਾਰਟੀ ਸਮੇਤ ਘਟਨਾ ਵਾਲੀ ਥਾਂ 'ਤੇ ਪਹੁੰਚੇ।ਉਦੋਂ ਤੱਕ ਮੋਟਰਸਾਈਕਲ ਸੜ ਕੇ ਸੁਆਹ ਬਣ ਚੁੱਕੇ ਸਨ ਅਤੇ ਨਾਲ ਹੀ ਨੰਬਰ ਪਲੇਟਾਂ ਵੀ ਸੜ ਜਾਣ ਕਾਰਨ ਪਤਾ ਨਹੀਂ ਲੱਗ ਸਕਿਆ ਕਿ ਮੋਟਰਸਾਈਕਲ ਕਿਸ ਦੇ ਹਨ।ਉਨ੍ਹਾਂ ਦੇ ਤਫਤੀਸ਼ ਸ਼ੁਰੂ ਕਰਨ ਉਪਰੰਤ ਕੁੱਝ ਪਤਾ ਲੱਗਿਆ ਕਿ ਪਿੰਡ ਕੁੱਲਰੀਆਂ ਦੇ ਸੱਤ-ਅੱਠ ਲੜਕੇ ਅੰਡਰਬ੍ਰਿਜ ਵਿੱਚ ਮੋਟਰਸਾਈਕਲਾਂ ਦੀ ਜ਼ੋਰ ਅਜ਼ਮਾਇਸ਼ ਕਰ ਰਹੇ ਸਨ, ਪ੍ਰੰਤੂ ਕਿਸੇ ਵੱਲੋਂ ਕੋਈ ਦਰਖਾਸਤ ਨਾ ਆਉਣ 'ਤੇ ਜਾਂ ਕਾਰਵਾਈ ਨਾ ਕਰਵਾਉਣ ਕਰਕੇ ਜਾਂਚ ਉੱਥੇ ਹੀ ਠੱਪ ਕਰ ਦਿੱਤੀ ਗਈ।

## ਮਈ-ਜੂਨ 'ਚ 'ਨਸ਼ਾ ਮੁਕਤੀ ਯਾਤਰਾ' ...

ਲਈ ਸੱਦਾ ਦੇਣ ਲਈ ਕਿਹਾ ਹੈ। ਇਸੇ ਤਰ੍ਹਾਂ ਨਗਰ ਨਿਗਮ ਖੇਤਰਾਂ ਦੇ ਹਰੇਕ ਵਾਰਡ ਵਿੱਚ ਵਾਰਡ ਸੁਰੱਖਿਆ ਕਮੇਟੀਆਂ ਵੀ ਬਣਾਈਆਂ ਜਾਣਗੀਆਂ ਅਤੇ ਉਨ੍ਹਾਂ ਨੂੰ ਇਨ੍ਹਾਂ ਮੀਟਿੰਗਾਂ ਲਈ ਸੱਦਿਆ ਜਾਵੇਗਾ। ਹਰੇਕ ਜ਼ਿਲ੍ਹਾ ਪੱਧਰੀ ਮੀਟਿੰਗ ਦੀ ਪ੍ਰਧਾਨਗੀ ਇੱਕ ਕੈਬਨਿਟ ਮੰਤਰੀ ਵੱਲੋਂ ਕੀਤੀ ਜਾਵੇਗੀ, ਜਿਸ ਦਾ ਮੰਤਵ ਨਸ਼ਾ ਮੁਕਤੀ ਯਾਤਰਾ ਮੁਹਿੰਮ ਬਾਰੇ ਜਾਗਰੂਕ ਕਰਨਾ, ਚੌਕਸੀ ਲਈ ਪਿੰਡ-ਪੱਧਰੀ ਲੀਡਰਸ਼ਿਪ ਨੂੰ ਲਾਮਬੰਦ ਕਰਨਾ, ਪਿੰਡ ਸੁਰੱਖਿਆ ਕਮੇਟੀਆਂ, ਵਾਰਡ ਸੁਰੱਖਿਆ ਕਮੇਟੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਵਿਚਕਾਰ ਤਾਲਮੇਲ ਨੂੰ ਮਜ਼ਬੂਤ ਕਰਨਾ ਅਤੇ ਪਿੰਡ ਪੱਧਰ 'ਤੇ ਨਸ਼ਿਆਂ ਵਿਰੁੱਧ ਸਮੂਹਿਕ ਇਕਜੁੱਟਤਾ ਨੂੰ ਮਜ਼ਬੂਤ ਕਰਨਾ ਹੈ।ਇਨ੍ਹਾਂ ਮੀਟਿੰਗਾਂ ਤੋਂ ਬਾਅਦ ਦੂਜੇ ਪੜਾਅ ਦੀ ਨਸ਼ਾ ਮੁਕਤੀ ਯਾਤਰਾ 7 ਮਈ ਤੋਂ ਜ਼ਮੀਨੀ ਪੱਧਰ 'ਤੇ ਸ਼ੁਰੂ ਕੀਤੀ ਜਾਵੇਗੀ ਅਤੇ ਇਸ ਯਾਤਰਾ ਵਿੱਚ ਹਰੇਕ ਪਿੰਡ/ਵਾਰਡ ਦੇ ਸਾਰੇ ਲੋਕਾਂ ਦੀ ਇੱਕ ਮੀਟਿੰਗ ਕੀਤੀ ਜਾਵੇਗੀ। ਇਸ ਮੀਟਿੰਗ ਵਿੱਚ ਪਿੰਡ ਸੁਰੱਖਿਆ ਕਮੇਟੀ, ਵਾਰਡ ਸੁਰੱਖਿਆ ਕਮੇਟੀ, ਸਰਪੰਚ ਅਤੇ ਹੋਰ ਅਧਿਕਾਰੀ ਸ਼ਾਮਲ ਹੋਣਗੇ। ਪੰਜਾਬ ਦੇ ਹਰੇਕ ਪਿੰਡ/ਵਾਰਡ ਨੂੰ ਸੂਬਾ ਸਰਕਾਰ ਵੱਲੋਂ ਤਿਆਰ ਕੀਤੀ ਸਾਰਣੀ ਅਨੁਸਾਰ ਕਵਰ ਕੀਤਾ ਜਾਵੇਗਾ।

## ਟਰੰਪ ਦੀਆਂ ਧਮਕੀਆਂ...

ਤੌਰ 'ਤੇ ਬਦਲ ਗਈ ਹੈ।' ਕੰਜ਼ਰਵੇਟਿਵ ਪਾਰਟੀ ਦੇ ਆਗੂ ਪੀਅਰ ਪੋਲਿਵਰ ਨੇ ਕਿਹਾ ਕਿ ਉਹ ਚੋਣ ਹਾਰਨ ਦੇ ਬਾਵਜੂਦ ਕੈਨੇਡਾ ਦੇ ਲੋਕਾਂ ਦੇ ਹੱਕਾਂ ਲਈ ਲੜਦੇ ਰਹਿਣਗੇ। ਪੋਲਿਵਰ ਨੇ ਆਪਣੇ ਸਮਰਥਕਾਂ ਨੂੰ ਕਿਹਾ, 'ਅਸੀਂ ਇਸ ਤੱਥ ਤੋਂ ਜਾਣੂ ਹਾਂ ਕਿ ਅਸੀਂ ਅਜੇ ਤੱਕ ਅੰਤਮ ਰੇਖਾ ਨੂੰ ਪਾਰ ਨਹੀਂ ਕੀਤਾ। ਅਸੀਂ ਜਾਣਦੇ ਹਾਂ ਕਿ ਤਬਦੀਲੀ ਦੀ ਲੋੜ ਹੈ, ਪਰ ਤਬਦੀਲੀ ਆਪਣੇ ਆਪ ਨਹੀਂ ਆਉਂਦੀ, ਇਸ ਲਈ ਮਿਹਨਤ ਕਰਨੀ ਪੈਂਦੀ ਹੈ। ਇਸ ਵਿੱਚ ਸਮਾਂ ਲੱਗਦਾ ਹੈ ਅਤੇ ਇਸ ਲਈ ਸਾਨੂੰ ਅੱਜ ਰਾਤ ਦੇ ਸਬਕ ਸਿੱਖਣੇ ਪੈਣਗੇ, ਤਾਂ ਜੋ ਅਗਲੀ ਵਾਰ ਜਦੋਂ ਕੈਨੇਡੀਅਨ ਦੇਸ਼ ਦਾ ਭਵਿੱਖ ਤੈਅ ਕਰਨ ਤਾਂ ਅਸੀਂ ਹੋਰ ਵੀ ਵਧੀਆ ਨਤੀਜਾ ਪ੍ਰਾਪਤ ਕਰ ਸਕੀਏ।' ਇਲੈਕਸ਼ਨ ਕੈਨੇਡਾ ਵੱਲੋਂ ਜਾਰੀ ਕੀਤੇ ਅੰਕੜਿਆਂ ਮੁਤਾਬਕ ਆਖਰੀ ਗੇੜ ਦੀ ਗਿਣਤੀ ਤੋਂ ਪਹਿਲਾਂ ਲਿਬਰਲ 168, ਕੰਜ਼ਰਵੇਟਿਵ 144, ਬਲਾਕ ਕਿਊਬਕਵਾ 23, ਐੱਨ ਡੀ ਪੀ 7 ਅਤੇ ਗਰੀਨ ਪਾਰਟੀ 1 ਸੀਟ 'ਤੇ ਅੱਗੇ ਚੱਲ ਰਹੇ ਸਨ। ਰਾਜਸੀ ਮਾਹਰਾਂ ਮੁਤਾਬਕ ਇਹ ਅੰਕੜੇ ਲਗਭਗ ਅੰਤਮ ਹੀ ਹਨ, ਕਿਉਂਕਿ ਹੁਣ ਇਨ੍ਹਾਂ ਵਿੱਚ ਕੋਈ ਫੇਰਬਦਲ ਹੋਣ ਦੀ ਸੰਭਾਵਨਾ ਨਾਮਾਤਰ ਹੀ ਹੈ।

ਸਰਕਾਰ ਬਣਾਉਣ ਵਿੱਚ ਕਾਮਯਾਬ ਨਾ ਹੋਣ ਦੇ ਬਾਵਜੂਦ ਕੰਜ਼ਰਵੇਟਿਵ ਨੂੰ ਪਿਛਲੀ ਵਾਰ ਤੋਂ 30 ਕੁ ਸੀਟਾਂ ਦਾ ਲਾਭ ਹੋਇਆ ਹੈ। ਲਿਬਰਲ ਪਾਰਟੀ ਨੂੰ 49 ਫੀਸਦੀ, ਜਦਕਿ ਕੰਜ਼ਰਵੇਟਿਵ ਨੂੰ 42.3 ਫੀਸਦੀ ਵੋਟਾਂ ਮਿਲੀਆਂ ਹਨ। ਬਲਾਕ ਕਿਊਬਕਵਾ ਨੂੰ 6.7 ਫੀਸਦੀ, ਜਦਕਿ ਜਗਮੀਤ ਸਿੰਘ ਦੀ ਐੱਨ ਡੀ ਪੀ ਨੂੰ ਸਿਰਫ 2 ਫੀਸਦੀ ਵੋਟ ਹੀ ਮਿਲੇ ਹਨ। ਬਲਾਕ ਕਿਊਬਕਵਾ ਦੇ ਆਗੂ ਈਜ ਫਰਾਸਵਾ ਫਰਾਚੇ ਵੱਡੇ ਫਰਕ ਨਾਲ ਜਿੱਤੇ ਹਨ। ਐੱਨ ਡੀ ਪੀ ਪਿਛਲੀ ਵਾਰ ਦੀਆਂ 24 ਸੀਟਾਂ ਦੇ ਮੁਕਾਬਲੇ ਇਸ ਵਾਰ 7 ਸੀਟਾਂ 'ਤੇ ਸਿਮਟ ਕੇ ਰਹਿ ਗਈ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਓਟਵਾ ਦੇ ਲਾਗਲੇ ਕਸਬੇ ਨੇਪੀਅਰ ਹਲਕੇ ਤੋਂ ਕੰਜ਼ਰਵੇਟਿਵ ਉਮੀਦਵਾਰ ਬੀਬੀ ਬਾਰਬਰਾ ਬੱਲ ਨੂੰ ਵੱਡੇ ਫਰਕ ਨਾਲ ਹਰਾ ਕੇ ਜਿੱਤ ਹਾਸਲ ਕੀਤੀ ਹੈ। ਬੇਸ਼ੱਕ ਸੱਤਾਧਾਰੀ ਲਿਬਰਲ ਪਾਰਟੀ ਬਹੁਮਤ ਤੋਂ ਥੋੜ੍ਹਾ ਪਿੱਛੇ ਰਹਿ ਗਈ ਹੈ, ਪਰ ਵੱਡੀ ਪਾਰਟੀ ਹੋਣ ਕਰ ਕੇ ਉਸ ਦੇ ਆਗੂ ਮਾਰਕ ਕਾਰਨੀ ਆਪਣੀ ਸਰਕਾਰ ਬਣਾਈ ਰੱਖਣਗੇ। ਉਨ੍ਹਾ ਨੂੰ ਮੁੜ ਸਹੁੰ ਚੁੱਕਣ ਦੀ ਲੋੜ ਨਹੀਂ ਪਏਗੀ। ਸੰਸਦ ਵਿੱਚ ਕੋਈ ਬਿੱਲ ਪਾਸ ਕਰਾਉਣ ਲਈ ਲਿਬਰਲਾਂ ਨੂੰ ਬਹੁਮਤ ਵਾਸਤੇ ਕਿਸੇ ਹੋਰ ਪਾਰਟੀ ਤੋਂ ਸਹਿਯੋਗ ਦੀ ਲੋੜ ਰਹੇਗੀ। ਕੈਨੇਡਾ ਤੋਂ ਵੱਖ ਹੋਣ ਲਈ ਪਿਛਲੇ ਕਈ ਦਹਾਕਿਆਂ ਤੋਂ ਮੰਗ ਕਰ ਰਹੇ ਕਿਊਬਕ ਸੂਬੇ ਦੇ ਲੋਕਾਂ ਨੇ ਐਤਕੀਂ ਲਿਬਰਲ ਦੇ ਪੱਖ ਵਿਚ ਫਤਵਾ ਦਿੱਤਾ ਹੈ। ਕਿਊਬਕ ਵਿੱਚ ਲਿਬਰਲਾਂ ਨੂੰ 42, ਖੇਤਰੀ ਪਾਰਟੀ ਬਲਾਕ ਕਿਊਬਕ ਨੂੰ 23 ਅਤੇ ਕੰਜ਼ਰਵੇਟਿਵਾਂ ਨੂੰ 11 ਸੀਟਾਂ ਮਿਲੀਆਂ ਹਨ। ਦੱਸਣਯੋਗ ਹੈ ਕਿ ਕਿਊਬਕ ਸੂਬੇ ਵਿੱਚ ਕੈਨੇਡਾ ਤੋਂ ਵੱਖ ਹੋਣ ਦੇ ਮੁੱਦੇ 'ਤੇ ਦੋ ਵਾਰ ਰਾਇਸ਼ੁਮਾਰੀ ਹੋ ਚੁੱਕੀ ਹੈ ਅਤੇ ਦੋਵੇਂ ਵਾਰ ਵੱਡੀ ਗਿਣਤੀ ਲੋਕਾਂ ਨੇ ਵੱਖ ਹੋਣ ਲਈ ਵੋਟ ਪਾਈ ਸੀ, ਪਰ ਐਤਕੀਂ ਫੈਡਰਲ ਚੋਣਾਂ ਵਿੱਚ 53 ਫੀਸਦੀ ਵੋਟਰਾਂ ਨੇ ਲਿਬਰਲ ਪਾਰਟੀ ਦੇ ਪੱਖ ਵਿਚ ਵੋਟ ਦਿੱਤੀ ਹੈ। ਬਲਾਕ ਕਿਊਬਕ ਮੁਖੀ ਯਵੇਸ ਫਰਾਂਸਿਸ ਆਪਣੇ ਮੁੱਖ ਵਿਰੋਧੀ ਲਿਬਰਲ ਆਗੂ ਨਿਕੋਲਸ ਤੋਂ 10000 ਵੋਟਾਂ ਦੇ ਫਰਕ ਨਾਲ ਜੇਤੂ ਰਿਹਾ ਹੈ। ਬ੍ਰਿਟਿਸ਼ ਕੋਲੰਬੀਆ (ਬੀ ਸੀ) ਦੇ ਬਰਨਬੀ ਕੇਂਦਰੀ ਹਲਕੇ ਤੋਂ ਐੱਨ ਡੀ ਪੀ ਆਗੂ ਜਗਮੀਤ ਸਿੰਘ ਨੂੰ ਸਿਰਫ 18 ਫੀਸਦੀ ਵੋਟਾਂ ਮਿਲੀਆਂ ਤੇ ਉਹ ਤੀਜੇ ਨੰਬਰ 'ਤੇ ਰਹਿ ਕੇ ਵੱਡੇ ਫਰਕ ਨਾਲ ਹਾਰੇ।

## ਪੰਜਾਬੀਆਂ ਨੇ ਐਤਕੀਂ ...

ਕੈਲਸ ਤੋਂ ਗੁਰਬਖਸ਼ ਸੈਣੀ, ਰਿਚਮੰਡ ਈਸਟ ਸਟੀਵਨਸਟਨ ਤੋਂ ਪਰਮ ਬੈਂਸ ਸ਼ਾਮਲ ਹਨ। ਕੰਜ਼ਰਵੇਟਿਵ ਪਾਰਟੀ ਦੇ ਪ੍ਰਮੁੱਖ ਜੇਤੂਆਂ ਵਿੱਚ ਕੈਲਗਰੀ ਈਸਟ ਤੋਂ ਜਸਰਾਜ ਹੱਲਣ, ਕੈਲਗਰੀ ਨਾਈਟ ਤੋਂ ਦਲਵਿੰਦਰ ਗਿੱਲ, ਕੈਲਗਰੀ ਸਕਾਈਵਿਊ ਤੋਂ ਅਮਨਪ੍ਰੀਤ ਗਿੱਲ, ਆਕਸਫੋਰਡ ਤੋਂ ਅਰਪਨ ਖੰਨਾ, ਐਡਮਿੰਟਨ ਗੇਟਵੇ ਤੋਂ ਟਿਮ ਉੱਪਲ, ਮਿਲਟਨ ਈਸਟ ਤੋਂ ਪਰਮ ਗਿੱਲ, ਐਬਟਸਫੋਰਡ ਸਾਊਥ ਲੈਂਗਲੀ ਤੋਂ ਸੁਖਮਨ ਗਿੱਲ, ਐਡਮਿੰਟਨ ਸਾਊਥ ਈਸਟ ਤੋਂ ਜਗਸ਼ਰਨ ਸਿੰਘ ਮਾਹਲ ਤੇ ਵਿੰਡਸਰ ਵੈੱਸਟ ਤੋਂ ਹਰਬ ਗਿੱਲ ਸ਼ਾਮਲ ਹਨ। ਸਰੀ ਕੇਂਦਰੀ ਤੋਂ ਰਣਦੀਪ ਸਿੰਘ ਸਰਾਏ ਨੇ ਸੁੱਖ ਪੰਧੇਰ ਨੂੰ ਹਰਾ ਕੇ ਅਤੇ ਸਰੀ ਨਿਊਟਨ ਤੋਂ ਸੁੱਖ ਧਾਲੀਵਾਲ ਨੇ ਹਰਜੀਤ ਸਿੰਘ ਗਿੱਲ (ਰੇਡੀਓ ਹੋਸਟ) ਨੂੰ ਹਰਾ ਕੇ (ਦੋਹਾਂ ਨੇ) ਚੌਥੀ ਵਾਰ ਜਿੱਤ ਹਾਸਲ ਕੀਤੀ। ਐੱਨ ਡੀ ਪੀ ਦੇ ਰਾਜ ਸਿੰਘ ਤੂਰ ਨੂੰ ਸਿਰਫ 7 ਫੀਸਦੀ ਵੋਟਾਂ ਹੀ ਮਿਲੀਆਂ। ਬਰੈਂਪਟਨ ਪੱਛਮੀ ਤੋਂ ਪਹਿਲੀ ਵਾਰ ਚੋਣ ਮੈਦਾਨ 'ਚ ਕੁੱਦੇ ਅਮਰਜੀਤ ਸਿੰਘ ਗਿੱਲ ਨੇ ਇਸੇ ਹਲਕੇ ਤੋਂ ਤਿੰਨ ਵਾਰ ਜੇਤੂ ਸਾਬਕਾ ਕੇਂਦਰੀ ਮੰਤਰੀ ਬੀਬੀ ਕਮਲ ਖਹਿਰਾ ਨੂੰ ਹਰਾਇਆ। ਬਰੈਂਪਟਨ ਕੇਂਦਰੀ ਤੋਂ ਲਿਬਰਲ ਉਮੀਦਵਾਰ ਅਮਨਦੀਪ ਸਿੰਘ ਸੋਢੀ ਨੇ ਕੰਜ਼ਰਵੇਟਿਵ ਦੇ ਤਰਨ ਚਾਹਲ ਤੋਂ ਥੋੜ੍ਹੇ ਫਰਕ ਨਾਲ ਜਿੱਤ ਹਾਸਲ ਕੀਤੀ। ਇਸ ਵਾਰ ਦੀਆਂ ਚੋਣਾਂ ਵਿਚ ਵੱਖ-ਵੱਖ ਪਾਰਟੀਆਂ ਵੱਲੋਂ 60 ਤੋਂ ਵੀ ਵੱਧ ਪੰਜਾਬੀ ਮੂਲ ਦੇ ਉਮੀਦਵਾਰ ਚੋਣ ਮੈਦਾਨ ਵਿਚ ਸਨ।

## ਕੁੱਕੜ-ਖੇਹ...

ਬੋਲ ਬੋਲਣੇ ਜ਼ਰੂਰੀ ਹਨ ? ਉਹ ਪਾਕਿਸਤਾਨ ਦੀ ਹਮਾਇਤ ਕਿਉਂ ਕਰ ਰਹੇ ਹਨ ? ਜਦ ਭਾਰਤੀਆਂ ਦਾ ਖ਼ੂਨ ਵਹਿੰਦਾ ਹੈ ਤਾਂ ਕੀ ਉਨ੍ਹਾਂ ਨੂੰ ਇਹ ਦੇਖ ਕੇ ਗੁੱਸਾ ਨਹੀਂ ਆਉਂਦਾ ? ਕਾਂਗਰਸ ਕਿਸ ਨਾਲ ਖੜ੍ਹੀ ਹੈ, ਭਾਰਤ ਜਾਂ ਪਾਕਿਸਤਾਨ ਨਾਲ ?

ਭਾਜਪਾ ਨੇ ਕਿਹਾ ਕਿ ਕਾਂਗਰਸ 'ਮੁਸਲਿਮ ਲੀਗ 2.0' ਬਣ ਗਈ ਹੈ ਤੇ ਘੱਟ ਗਿਣਤੀਆਂ ਦੀਆਂ ਵੋਟਾਂ ਭਾਲ ਰਹੀ ਹੈ। ਇਸ ਨੇ ਅੱਗੇ ਕਿਹਾ ਹੈ ਕਿ ਨਵਾਂ ਭਾਰਤ ਨਾ ਝੁਕੇਗਾ ਤੇ ਨਾ ਟੁੱਟੇਗਾ। ਦਹਿਸ਼ਤ ਦਾ ਮੁਕਾਬਲਾ ਬਰਿਆਨੀ ਨਾਲ ਨਹੀਂ, ਗੋਲੀ ਨਾਲ ਕੀਤਾ ਜਾਵੇਗਾ। ਇਹ ਨਵੀਂ ਲੀਡਰਸ਼ਿਪ ਦਾ ਜ਼ਮਾਨਾ ਹੈ।

ਪਾਕਿਸਤਾਨ ਦੇ ਸਾਬਕਾ ਮੰਤਰੀ ਫਵਾਦ ਹੁਸੈਨ ਚੌਧਰੀ ਨੇ ਕਾਂਗਰਸ ਦੇ ਪੋਸਟਰ 'ਤੇ ਟਿੱਪਣੀ ਕਰਦਿਆਂ ਕਿਹਾ ਹੈ—ਗਧੇ ਕੇ ਸਿਰ ਸੇ ਸੀਂਗ ਗਾਇਬ ਸੁਨਾ ਥਾ ਯਹਾਂ ਮੋਦੀ ਸਾ'ਬ ਗਾਇਬ ਹੋ ਗਏ। ਇਸ ਦਰਮਿਆਨ ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਕਿਹਾ ਹੈ ਕਿ ਉਮੀਦ ਹੈ ਕਿ ਉਨ੍ਹਾ ਦੀ ਸੰਸਦ ਦੇ ਵਿਸ਼ੇਸ਼ ਸੈਸ਼ਨ ਦੀ ਮੰਗ ਮੰਨ ਲਈ ਜਾਵੇਗੀ। ਮੋਦੀ ਸਰਬ ਪਾਰਟੀ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ। ਉਨ੍ਹਾ ਨੂੰ ਸੰਸਦ ਦੇ ਵਿਸ਼ੇਸ਼ ਸੈਸ਼ਨ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ ਤੇ ਦੱਸਣਾ ਚਾਹੀਦਾ ਹੈ ਕਿ ਦਹਿਸ਼ਦਗਰਦਾਂ ਨੇ ਹਮਲਾ ਕਿਵੇਂ ਕੀਤਾ ?

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by **Gurmit Singh Shugli** for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: **Chand Singh @ Chand Fatehpuri**

ਸੰਪਾਦਕ : **ਚੰਦ ਸਿੰਘ ਉਰਫ ਚੰਦ ਫਤਿਹਪੁਰੀ** * ਪੀ ਆਰ ਬੀ ਐਕਟ ਤਹਿਤ ਖਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ **ਗੁਰਮੀਤ ਸਿੰਘ ਸ਼ੁਗਲੀ** ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

**ਫੋਨ ਨੰਬਰ ਪ੍ਰਬੰਧਕੀ ਵਿਭਾਗ** : 0181-5097300, **ਸਮਾਚਾਰ ਵਿਭਾਗ** : 0181-5097310, **ਈ-ਮੇਲ : nawanzamana@gmail.com * Web : www.nawanzamana.in**

CMYK

## ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਅਧਿਆਪਕਾਂ ਤੇ ਮਾਪਿਆਂ ਦਾ ਆਪਸੀ ਤਾਲਮੇਲ ਜ਼ਰੂਰੀ: ਡਾ. ਕਿਸ਼ਨਪੁਰੀ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**- ਜੰਡਿਆਲਾ ਗੁਰੂ ਦੀ ਨਾਮਵਰ ਸੰਸਥਾ ਸੇਂਟ ਸੋਲਜਰ ਇਲੀਟ ਕਾਨਵੈਂਟ ਸਕੂਲ, ਜੰਡਿਆਲਾ ਗੁਰੂ ਵਿੱਚ ਨਵੇਂ ਸੈਸ਼ਨ ਦੇ ਸ਼ੁਰੂਆਤੀ ਦਿਨਾਂ ਵਿੱਚ ਪਲੇਠੀ (ਪੀ.ਟੀ. ਮੀਟ) ਮਾਪੇ ਅਧਿਆਪਕ ਮਿਲਣੀ ਕੀਤੀ ਗਈ ਜਿਸ ਵਿੱਚ ਸਾਰੇ ਬੱਚਿਆਂ ਦੇ ਮਾਪਿਆਂ ਨੇ ਬੜੀ ਉਤਸਕਤਾ ਨਾਲ ਹਿੱਸਾ ਲਿਆ।ਮਾਪਿਆਂ ਨੇ ਆਪਣੇ ਬੱਚਿਆਂ ਦੇ ਨਾਲ ਅਧਿਆਪਕਾਂ ਕੋਲ ਬੈਠ ਕੇ ਬੱਚਿਆਂ ਦੀ ਬਹੁਪੱਖੀ ਵਿਕਾਸ ਬਾਰੇ ਵਿਚਾਰਾਂ ਕੀਤੀਆਂ।ਬੱਚਿਆਂ ਨੂੰ ਸਮੇਂ ਦੇ ਹਾਣੀ ਬਣਾਉਣ ਲਈ ਮਾਪਿਆਂ ਦੀ ਸਲਾਹ ਲਈ ਗਈ।ਉਨ੍ਹਾਂ ਦੁਆਰਾ ਦਿੱਤੀਆਂ ਸਲਾਹਾਂ ਨੂੰ ਪਰਪਖਤਾ ਨਾਲ ਪੂਰਾ ਕਰਨ ਦਾ ਵਾਅਦਾ ਕੀਤਾ।ਮਾਪਿਆਂ ਨੇ ਸਕੂਲ ਦੇ ਪ੍ਰੰਬੰਧ ਤੇ ਤਸੱਲੀ ਪਰਗਟ ਕੀਤੀ।ਸਕੂਲ ਦੇ ਡਾਇਰੈਕਟਰ ਡਾ. ਮੰਗਲ ਸਿੰਘ ਕਿਸ਼ਨਪੁਰੀ, ਪ੍ਰਿੰਸੀਪਲ ਅਮਰਪ੍ਰੀਤ ਕੌਰ, ਵਾਇਸ ਪ੍ਰਿੰਸੀਪਲ ਗੁਰਪ੍ਰੀਤ ਕੌਰ, ਕੋਆਰਡੀਨੇਟਰ ਸ਼ਿਲਪਾ ਸ਼ਰਮਾ ਅਤੇ ਨਿਲਾਕਸ਼ੀ ਗੁਪਤਾ ਨੇ ਮਾਪਿਆਂ ਨਾਲ ਵੱਖਰੇ ਤੌਰ ਤੇ ਮੀਟਿੰਗ ਕੀਤੀ ਤੇ ਉਨ੍ਹਾ ਦੇ ਸੁਝਾਅ ਲਏ।ਇਹ ਮਿਲਣੀ ਬੱਚਿਆਂ ਦੇ ਵਿਕਾਸ ਲਈ ਬਹੁਤ ਲਾਭਕਾਰੀ ਸਿੱਧ ਹੋਈ।ਆਏ ਹੋਏ ਮਾਪਿਆਂ ਨਾਲ ਗਲਬਾਤ ਕਰਦੇ ਹੋਏ ਕਿਸ਼ਨਪੁਰੀ ਨੇ ਕਿਹਾ ਕਿ ਬੱਚਿਆਂ ਦੇ ਬਹੁਪੱਖੀ ਵਿਕਾਸ ਲਈ ਦੋਹਾਂ ਦਾ ਮਿਲ ਜੁਲ ਕੇ ਬੈਠਣਾ ਅਤੇ ਵਿਚਾਰ ਕਰਨਾ ਅਤਿ ਜ਼ਰੂਰੀ ਹੈ।ਇਸ ਮੇਲ ਜੋਲ ਸਦਕਾ ਹੀ ਸੇਂਟ ਸੋਲਜਰ ਆਪਣੇ ਬੱਚਿਆਂ ਨੂੰ ਬੁਲੰਦੀਆਂ ਤੱਕ ਪਹੁੰਚਾ ਸਕਿਆ ਹੈ।ਇਸ ਸਕੂਲ ਵਿੱਚ ਅੰਤਰਰਾਸ਼ਟਰੀ ਹਾਕੀ ਖਿਡਾਰੀ, ਡਾਕਟਰ, ਇੰਜੀਨੀਅਰ, ਐਨਡੀਏ., ਪੁਲਸ ਅਫਸਰਜ਼, ਜੱਜ ਸਿਲੈਕਟ ਹੋਏ ਹਨ।ਇਹ ਸਿਰਫ ਤੇ ਸਿਰਫ ਮਾਪਿਆਂ, ਅਧਿਆਪਕਾਂ ਤੇ ਮੈਨੇਜਮੈਂਟ ਦੇ ਆਪਸੀ ਤਾਲਮੇਲ ਦਾ ਨਤੀਜਾ ਹੈ ਜੋ ਕਿ ਲਗਾਤਾਰ ਜਾਰੀ ਰਹਿਣਾ ਚਾਹੀਦਾ ਹੈ।

## 'ਕਰੀਅਰ ਪੇ ਚਰਚਾ' ਵਿਸ਼ੇ 'ਤੇ ਵਰਕਸ਼ਾਪ-ਕਮ-ਸਿਖਲਾਈ ਪ੍ਰੋਗਰਾਮ ਕਰਵਾਇਆ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਖਾਲਸਾ ਕਾਲਜ ਦੇ ਵਣਜ ਅਤੇ ਵਪਾਰ ਪ੍ਰਸ਼ਾਸਨ ਵਿਭਾਗ ਵੱਲੋਂ ਜ਼ਿਲ੍ਹੇ ਦੇ ਕਰੀਅਰ ਲਾਂਚਰ ਦੇ ਸਹਿਯੋਗ ਨਾਲ 'ਕਰੀਅਰ ਪੇ ਚਰਚਾ' ਵਿਸ਼ੇ 'ਤੇ ਵਰਕਸ਼ਾਪ-ਕਮ-ਸਿਖਲਾਈ ਪ੍ਰੋਗਰਾਮ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਆਤਮ ਸਿੰਘ ਰੰਧਾਵਾ ਦੇ ਦਿਸ਼ਾ-ਨਿਰਦੇਸ਼ਾਂ 'ਤੇ ਕਰਵਾਏ ਗਏ ਉਕਤ ਪ੍ਰੋਗਰਾਮ ਮੌਕੇ ਕਰੀਅਰ ਲਾਂਚਰ ਦੇ ਮੁਖੀ ਗੌਤਮ ਅਗਰਵਾਲ, ਸਾਗਰ ਚੁੱਗ ਅਤੇ ਸਾਕਸ਼ੀ ਨੇ ਮੁੱਖ ਬੁਲਾਰਿਆਂ ਵਜੋਂ ਸ਼ਿਰਕਤ ਕੀਤੀ। ਇਸ ਮੌਕੇ ਅਗਰਵਾਲ ਨੇ ਸਰਕਾਰੀ ਅਤੇ ਨਿੱਜੀ ਖੇਤਰਾਂ 'ਚ ਵੱਖ-ਵੱਖ ਕਰੀਅਰ ਮੌਕਿਆਂ ਸਬੰਧੀ ਗਿਆਨ ਸਾਂਝਾ ਕਰਦਿਆਂ ਵਿਦਿਆਰਥੀਆਂ ਨੂੰ ਵੱਖ-ਵੱਖ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਰਣਨੀਤਕ ਤੌਰ 'ਤੇ ਤਿਆਰੀ ਕਰਨ ਬਾਰੇ ਮਾਰਗਦਰਸ਼ਨ ਕੀਤਾ। ਜਦਕਿ ਚੁੱਗ ਨੇ ਵਿਦਿਆਰਥੀਆਂ ਨੂੰ ਸ਼ਖਸੀਅਤ ਵਿਕਾਸ ਅਤੇ ਸੰਚਾਰ ਹੁਨਰਾਂ 'ਤੇ ਇਕ ਇੰਟਰਐਕਟਿਵ ਸੈਸ਼ਨ 'ਚ ਸ਼ਾਮਿਲ ਕੀਤਾ ਜੋ ਕਿਸੇ ਵੀ ਕਰੀਅਰ 'ਚ ਸਫਲਤਾ ਲਈ ਜ਼ਰੂਰੀ ਸਾਧਨ ਹਨ। ਇਸੇ ਤਰ੍ਹਾਂ ਸਾਕਸ਼ੀ ਨੇ ਯੋਗਤਾ ਨਿਰਮਾਣ ਅਤੇ ਤਰਕਸ਼ੀਲ ਤਰਕ 'ਤੇ ਕੇਂਦਰਿਤ ਇਕ ਪ੍ਰੈਕਟੀਕਲ ਸਿਖਲਾਈ ਸੈਸ਼ਨ ਦਾ ਆਯੋਜਨ ਕੀਤਾ। ਇਸ ਮੌਕੇ ਵਰਕਸ਼ਾਪ ਚੇਅਰਮੈਨ ਅਤੇ ਪ੍ਰਿੰ: ਡਾ. ਰੰਧਾਵਾ ਨੇ ਵਰਕਸ਼ਾਪ ਡਾਇਰੈਕਟਰ ਡਾ. ਏ. ਕੇ. ਕਾਹਲੋਂ ਅਤੇ ਕੋਆਰਡੀਨੇਟਰ ਡਾ. ਪੂਨਮ ਸ਼ਰਮਾ ਦੇ ਉਕਤ ਪ੍ਰੋਗਰਾਮ ਸਬੰਧੀ ਕੀਤੇ ਗਏ ਯਤਨਾਂ ਦੀ ਸ਼ਲਾਘਾ ਕਰਦਿਆਂ ਅਕਾਦਮਿਕ ਸਿੱਖਿਆ ਅਤੇ ਕਰੀਅਰ ਯੋਜਨਾਬੰਦੀ ਵਿਚਕਾਰ ਪਾੜੇ ਨੂੰ ਪੂਰਾ ਕਰਨ ਲਈ ਅਜਿਹੇ ਇੰਟਰਐਕਟਿਵ ਸੈਸ਼ਨਾਂ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਪੇਸ਼ੇਵਰ ਸਫ਼ਰ 'ਚ ਸਪੱਸ਼ਟਤਾ ਅਤੇ ਦਿਸ਼ਾ ਪ੍ਰਾਪਤ ਕਰਨ ਲਈ ਅਜਿਹੇ ਪ੍ਰੋਗਰਾਮਾਂ 'ਚ ਹਿੱਸਾ ਲੈਣ ਲਈ ਉਤਸ਼ਾਹਿਤ ਕੀਤਾ। ਇਸ ਮੌਕੇ ਡਾ. ਕਾਹਲੋਂ ਨੇ ਵਿਦਿਆਰਥੀਆਂ ਨੂੰ ਕਰੀਅਰ ਸੂਝ ਪ੍ਰਦਾਨ ਕਰਨ 'ਚ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਗਤੀਸ਼ੀਲ ਨੌਕਰੀ ਬਾਜ਼ਾਰ 'ਚ ਢੁਕਵੇਂ ਰਹਿਣ ਲਈ ਨਿਰੰਤਰ ਸਿੱਖਣ ਅਤੇ ਹੁਨਰ ਵਿਕਾਸ ਦੀ ਲੋੜ 'ਤੇ ਜ਼ੋਰ ਦਿੱਤਾ। ਉਨ੍ਹਾਂ ਕਿਹਾ ਕਿ ਡਾ. ਨਿਧੀ ਸੱਭਰਵਾਲ ਅਤੇ ਪ੍ਰੋ. ਅਨਿੰਦਿਤਾ ਕੌਰ ਕਾਹਲੋਂ ਵਰਕਸ਼ਾਪ ਦੇ ਕੋ-ਕੋਆਰਡੀਨੇਟਰ ਸਨ। ਡਾ. ਪੂਨਮ ਸ਼ਰਮਾ ਨੇ ਉਕਤ ਬੁਲਾਰਿਆਂ ਨਾਲ ਜਾਣ-ਪਛਾਣ ਕਰਵਾਉਂਦਿਆਂ ਵਰਕਸ਼ਾਪ ਦੇ ਮੁੱਖ ਉਦੇਸ਼ 'ਤੇ ਚਾਨਣਾ ਪਾਇਆ। ਉਨ੍ਹਾਂ ਕਿਹਾ ਕਿ ਵਰਕਸ਼ਾਪ ਦਾ ਉਦੇਸ਼ ਵਿਦਿਆਰਥੀਆਂ ਨੂੰ ਲੋੜੀਂਦੇ ਸਾਧਨਾਂ, ਜਾਣਕਾਰੀ ਅਤੇ ਸੂਚਿਤ ਕਰੀਅਰ ਫ਼ੈਸਲੇ ਲੈਣ ਲਈ ਪ੍ਰੇਰਨਾ ਨਾਲ ਸਸ਼ਕਤ ਬਣਾਉਣਾ ਹੈ। ਉਨ੍ਹਾਂ ਕਰੀਅਰ ਲਾਂਚਰ ਦੀ ਟੀਮ ਵੱਲੋਂ ਦਿੱਤੇ ਸਮਰਥਨ ਅਤੇ ਵਿਦਿਆਰਥੀਆਂ ਦਾ ਭਾਗ ਲੈਣ ਸਬੰਧੀ ਧੰਨਵਾਦ ਕੀਤਾ। ਇਸ ਮੌਕੇ ਡਾ: ਦੀਪਕ ਦੇਵਗਨ, ਡਾ: ਅਜੇ ਸਹਿਗਲ, ਪ੍ਰੋ. ਮੀਨੂੰ ਚੋਪੜਾ, ਡਾ: ਹਰਪ੍ਰੀਤ ਕੌਰ ਮਹਿਰੋਕ, ਡਾ: ਨਵਪ੍ਰੀਤ ਕੁਲਾਰ, ਡਾ: ਆਂਚਲ ਅਰੋੜਾ, ਡਾ: ਸਾਮੀਆ, ਡਾ: ਸਾਕਸ਼ੀ ਸ਼ਰਮਾ, ਡਾ: ਮਨੀਸ਼ਾ ਬਹਿਲ, ਪ੍ਰੋ: ਪੂਜਾ ਪੁਰੀ, ਪ੍ਰੋ: ਸੁਖਜਿੰਦਰ ਕੌਰ, ਡਾ. ਅਮਰਬੀਰ ਸਿੰਘ ਭੱਲਾ, ਪ੍ਰੋ: ਜੈਸਲੀਨ ਕੌਰ ਆਦਿ ਹਾਜ਼ਰ ਸਨ।

## ਬਿਮਾਰੀਆਂ ਦੀ ਰੋਕਥਾਮ ਲਈ ਖਾਸ ਯੋਗਦਾਨ ਪਾ ਰਹੀ ਹੈ ਸੀਐੱਮ ਦੀ ਯੋਗਸ਼ਾਲਾ

**ਗੁਰਦਾਸਪੁਰ (ਜਨਕ ਮਹਾਜਨ)**- ਪੰਜਾਬ ਸਰਕਾਰ ਦੁਆਰਾ ਚਲਾਈ ਜਾ ਰਹੀ ਸੀ. ਐੱਮ. ਦੀ ਯੋਗਸ਼ਾਲਾ ਦਾ ਜ਼ਿਲ੍ਹਾ ਵਾਸੀ ਭਰਪੂਰ ਲਾਭ ਉਠਾ ਰਹੇ ਹਨ ਅਤੇ ਇਹ ਯੋਗਸ਼ਾਲਾ ਬਿਮਾਰੀਆਂ ਦੀ ਰੋਕਥਾਮ ਲਈ ਵਿਸ਼ੇਸ਼ ਯੋਗਦਾਨ ਦੇ ਰਹੀ ਹੈ। ਸੀ. ਐੱਮ. ਦੀ ਯੋਗਸ਼ਾਲਾ ਦੇ ਅੰਤਰਗਤ ਜ਼ਿਲ੍ਹਾ ਗੁਰਦਾਸਪੁਰ ਦੇ ਪਿੰਡ ਭਗਤਪੁਰਾ, ਬਲਾਕ ਕਾਦੀਆਂ ਵਿਖੇ ਪਿਛਲੇ ਡੇਢ ਸਾਲ ਤੋਂ ਸੀਐੱਮ ਦੀ ਯੋਗਸ਼ਾਲਾ ਦੇ ਕੈਂਪ ਲਗਾਏ ਜਾ ਰਹੇ ਹਨ, ਜਿਸ ਵਿੱਚ ਵੱਖ-ਵੱਖ ਉਮਰ ਦੀਆਂ ਔਰਤਾਂ ਭਾਗ ਲੈ ਰਹੀਆਂ ਹਨ। ਇਹ ਔਰਤਾਂ ਜਿੱਥੇ ਹਰ ਰੋਜ਼ ਸੀਐੱਮ ਦੀ ਯੋਗਸ਼ਾਲਾ ਵਿੱਚ ਯੋਗਾ ਦੇ ਵੱਖ-ਵੱਖ ਆਸਣ ਕਰਕੇ ਆਪ ਨਿਰੋਗੀ ਜੀਵਨ ਬਤੀਤ ਕਰ ਰਹੀਆਂ ਹਨ ਓਥੇ ਉਨ੍ਹਾਂ ਵੱਲੋਂ ਹੋਰਾਂ ਨੂੰ ਵੀ ਯੋਗਾ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ। ਸੀ. ਐੱਮ. ਦੀ ਯੋਗਸ਼ਾਲਾ ਵਿੱਚ ਰੋਜ਼ਾਨਾ ਯੋਗਾ ਕਰਨ ਵਾਲੀ ਸੋਨੀਆ ਰਾਣੀ ਨੇ ਦੱਸਿਆ ਕਿ ਉਹ ਪਿਛਲੇ ਡੇਢ ਸਾਲ ਤੋਂ ਸੀ. ਐੱਮ. ਦੀ ਯੋਗਸ਼ਾਲਾ ਵਿੱਚ ਰੋਜ਼ਾਨਾ ਯੋਗਾ ਕਰ ਰਹੀ ਹੈ ਜਿਸ ਨਾਲ ਉਸ ਦਾ ਮੋਟਾਪਾ ਤਾਂ ਘੱਟ ਹੋਇਆ ਹੀ ਹੈ ਨਾਲ ਹੀ ਥਾਇਰਾਇਡ ਯੂਰੀਆ ਵੀ ਕੰਟਰੋਲ ਵਿੱਚ ਹੋਇਆ ਹੈ। ਇੱਕ ਹੋਰ ਲਾਭਪਾਤਰੀ ਸੁਮਨ ਨੇ ਦੱਸਿਆ ਕਿ ਉਸ ਨੂੰ ਹਾਰਟ ਦੀ ਸਮੱਸਿਆ ਸੀ ਅਤੇ ਉਸ ਦਾ ਬੀਪੀ ਵੀ ਬਹੁਤ ਜ਼ਿਆਦਾ ਵਧਦਾ ਸੀ। ਰੋਜ਼ਾਨਾ ਯੋਗਾ ਕਰਨ ਨਾਲ ਉਸਦੀਆਂ ਇਹ ਬਿਮਾਰੀਆਂ ਬਿਲਕੁਲ ਠੀਕ ਹੋ ਗਈਆਂ ਹਨ। ਕੁਲਦੀਪ ਕੌਰ ਜਿਸ ਦੀ ਸ਼ੂਗਰ ਬਹੁਤ ਜ਼ਿਆਦਾ ਵੱਧ ਜਾਂਦੀ ਸੀ, ਉਹ ਯੋਗਾ ਕਰਨ ਨਾਲ ਹੁਣ ਠੀਕ ਹੈ। ਇਸੇ ਤਰਾਂ ਰਵਨੀਤ ਨੂੰ ਪੀਸੀਓਡੀ ਦੀ ਬਹੁਤ ਜ਼ਿਆਦਾ ਸਮੱਸਿਆ ਸੀ ਜੋ ਯੋਗਾ ਕਰਨ ਨਾਲ ਠੀਕ ਹੋ ਗਈ ਹੈ।



## ਹੁਣ ਇੱਕ ਹੀ ਥਾਂ ਮਿਲਣਗੀਆਂ ਲੋਕਾਂ ਨੂੰ ਫਰਦ ਤੇ ਪਟਵਾਰਖਾਨੇ ਦੀਆਂ ਸਹੂਲਤਾਂ : ਈਟੀਓ

**ਬਟਾਲਾ (ਤਰਲੋਕ ਬੱਗਾ)**- ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸੂਬੇ ਦੇ ਲੋਕਾਂ ਨੂੰ ਵਧ ਤੋਂ ਵਧ ਸਹੂਲਤਾਂ ਦੇਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੇ ਸਾਰਥਕ ਨਤੀਜੇ ਸਾਹਮਣੇ ਆਉਣ ਲੱਗੇ ਹਨ।ਇਸ ਸਬੰਧੀ ਜਾਣਕਾਰੀ ਦਿੰਦਿਆਂ ਪੰਜਾਬ ਦੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਦੱਸਿਆ ਕਿ ਵਿਕਾਸ ਕਾਰਜਾਂ ਦੀ ਲੜੀ ਤਹਿਤ ਪੰਜਾਬ ਸਰਕਾਰ ਵੱਲੋਂ ਗੁਰਦਾਸਪੁਰ ਜ਼ਿਲ੍ਹੇ ਦੇ ਬਟਾਲਾ ਹਲਕੇ ਦੇ ਲੋਕਾਂ ਨੂੰ ਜ਼ਮੀਨ-ਜਾਇਦਾਦ ਨਾਲ ਸਬੰਧਤ ਸਹੂਲਤਾਂ ਇੱਕ ਹੀ ਥਾਂ ਮੁਹੱਈਆ ਕਰਵਾਉਣ ਦੀ ਦਿਸ਼ਾ ਵਿੱਚ ਅਹਿਮ ਉਪਰਾਲਾ ਕਰਦਿਆਂ ਬਟਾਲਾ ਵਿਖੇ ਤਹਿਸੀਲ ਕੰਪਲੈਕਸ ਦੀ ਉਸਾਰੀ ਕਰਵਾਈ ਗਈ ਹੈ।ਉਨ੍ਹਾਂ ਦੱਸਿਆ ਕਿ ਤਹਿਸੀਲ ਕੰਪਲੈਕਸ ਬਟਾਲਾ ਵਿੱਚ ਐੱਸ. ਡੀ. ਐੱਮ. ਦਫ਼ਤਰ, ਰੀਡਰ ਰੂਮ, ਐੱਸ. ਡੀ. ਐੱਮ. ਕੋਰਟ, ਵੇਟਿੰਗ ਹਾਲ, ਕੈਨਟੀਨ, ਐਂਟਰੈਂਸ ਹਾਲ, ਪੋਰਚ, ਟਾਇਲਟ ਬਲਾਕ, ਫਰਦ ਸੈਂਟਰ, ਸਬ ਰਜਿਸਟਾਰ ਆਫ਼ਿਸ, ਸਟਾਫ਼ ਰੂਮ, ਰਜਿਸਟ੍ਰੇਸ਼ਨ ਰੂਮ, ਤਹਿਸੀਲਦਾਰ ਤੇ ਨਾਇਬ ਤਹਿਸੀਲਦਾਰ ਦਾ ਦਫ਼ਤਰ ਆਦਿ ਦੀ ਉਸਾਰੀ ਲਈ ਲਈ ਪੰਜਾਬ ਸਰਕਾਰ ਵੱਲੋਂ 05 ਅਪ੍ਰੈਲ, 2023 ਨੂੰ 11 ਕਰੋੜ ਤੋਂ ਵਧ ਦਾ ਬਜਟ ਜਾਰੀ ਕੀਤਾ ਗਿਆ ਸੀ।ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਇਹ ਕੰਪਲੈਕਸ 15 ਮਹੀਨਿਆਂ ਦੇ ਸਮੇਂ ਵਿੱਚ ਬਣ ਕੇ ਤਿਆਰ ਹੋ ਗਿਆ ਹੈ, ਜਿਸ ਨੂੰ ਤਿਆਰ ਕਰਨ ਲਈ 7 ਕਰੋੜ 88 ਲੱਖ 91 ਹਜ਼ਾਰ ਰੁਪਏ ਹੀ ਖਰਚ ਹੋਏ ਹਨ, ਜਦਕਿ ਪਹਿਲਾਂ ਇਸਦੀ ਅੰਦਾਜ਼ਨ ਲਾਗਤ 11 ਕਰੋੜ ਤੋਂ ਵਧ ਸੀ। ਉਹਨਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਭ੍ਰਿਸ਼ਟਾਚਾਰ ਰਹਿਤ ਪ੍ਰਸ਼ਾਸਨ ਮੁਹੱਈਆ ਕਰਵਾਉਣ ਸਦਕਾ ਹੀ ਇਹ ਸੰਭਵ ਹੋਇਆ ਹੈ ਕਿ ਪੰਜਾਬ ਸਰਕਾਰ ਦਾ ਤਕਰੀਬਨ 3 ਕਰੋੜ ਰੁਪਏ ਤੋਂ ਵਧ ਦੀ ਬਚਤ ਹੋਈ ਹੈ, ਜਿਸਨੂੰ ਹੋਰ ਭਲਾਈ ਤੇ ਵਿਕਾਸ ਕਾਰਜਾਂ ਵਿੱਚ ਖਰਚ ਕੀਤਾ ਜਾਵੇਗਾ।

## ਵਿਸ਼ਵ ਨ੍ਰਿਤ ਦਿਵਸ ਨੂੰ ਸਮਰਪਿਤ ਸ਼ਾਨਦਾਰ ਸਮਾਗਮ ਆਯੋਜਿਤ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਵਿਰਸਾ ਵਿਹਾਰ ਅੰਮ੍ਰਿਤਸਰ ਵੱਲੋਂ ਡਾ. ਰਸ਼ਮੀ ਦੀ ਅਗਵਾਈ ਵਿੱਚ 'ਵਿਸ਼ਵ ਨ੍ਰਿਤ ਦਿਵਸ' ਨੂੰ ਸਮਰਪਿਤ ਕਲਾਸੀਕਲ ਅਤੇ ਲੋਕ ਨਾਚਾਂ ਦੀ ਪੇਸ਼ਕਾਰੀ ਕੀਤੀ ਗਈ। ਇਸ ਸ਼ਾਨਦਾਰ ਸਮਾਗਮ ਦਾ ਆਗਾਜ਼ ਸ਼੍ਰੋਮਣੀ ਨਾਟਕਾਰ ਕੇਵਲ ਧਾਲੀਵਾਲ, ਅੰਜਨਾ ਸੇਠ, ਸਕੱਤਰ ਰਮੇਸ਼ ਯਾਦਵ, ਡਾ. ਰਸ਼ਮੀ ਨੰਦਾ, ਭੂਪਿੰਦਰ ਸਿੰਘ ਸੰਧੂ, ਹਿਰਦੇਪਾਲ ਸਿੰਘ ਪ੍ਰੀਤ ਨਗਰ, ਟੀ. ਐਸ. ਰਾਜਾ, ਰਿਤੂ ਸ਼ਰਮਾ, ਜੇ. ਐੱਸ. ਜੱਸ ਆਦਿ ਨੇ ਸ਼ਮਾਂ ਰੋਸ਼ਨ ਕਰਕੇ ਕੀਤਾ। ਇਸ ਸਮਾਗਮ ਵਿੱਚ ਅੰਮ੍ਰਿਤਸਰ ਸ਼ਹਿਰ ਦੇ ਅਲਗ-ਅਲਗ ਨਾਮਵਾਰ ਸਕੂਲਾਂ ਦੇ 116 ਤੋਂ ਵੱਧ ਵਿਦਿਆਰਥੀਆਂ ਨੇ ਨ੍ਰਿਤ ਦੀਆਂ ਵੰਨਗੀਆਂ ਪੇਸ਼ ਕੀਤੀਆਂ। ਇਨ੍ਹਾਂ ਸਕੂਲਾਂ ਵਿੱਚ ਡੀ. ਏ. ਵੀ. ਇੰਟਰਨੈਸ਼ਨਲ ਸਕੂਲ, ਸ੍ਰੀ ਰਾਮ ਆਸ਼ਰਮ ਪਬਲਿਕ ਸਕੂਲ, ਹੋਲੀ ਹਾਰਟ ਜੀ. ਟੀ. ਰੋਡ, ਭਵਨ ਐੱਸ. ਐੱਲ. ਸਕੂਲ (ਇਸਲਾਮਾਬਾਦ ਅਤੇ ਸ਼ਿਵਾਲਾ ਭਾਈਆ), ਸੈਕਰਡ ਹਾਰਟ, ਸਟਾਲਵਾਰਟ ਸਕੂਲ, ਦਿੱਲੀ ਪਬਲਿਕ ਸਕੂਲ ਅਤੇ ਡੀ. ਏ. ਵੀ ਪਬਲਿਕ ਸਕੂਲ (ਲਾਰੈਂਸ ਰੋਡ) ਨੇ ਬੇਹੱਦ ਸ਼ਾਨਦਾਰ ਪ੍ਰੋਗਰਾਮ ਦਾ ਆਗਾਜ਼ ਕੀਤਾ। ਇਸ ਵਿੱਚ ਕਲਾਸੀਕਲ, ਫੋਕ, ਸੂਫ਼ੀ ਸਮੇਤ ਕਈ ਨ੍ਰਿਤ ਵੰਨਗੀਆਂ ਦਾ ਪ੍ਰਦਰਸ਼ਨ ਕੀਤਾ ਗਿਆ। ਵਿਰਸਾ ਵਿਹਾਰ ਦੇ ਪ੍ਰਧਾਨ ਕੇਵਲ ਧਾਲੀਵਾਲ ਨੇ ਪ੍ਰੋਗਰਾਮ ਵਿੱਚ ਸ਼ਾਨਦਾਰ ਨ੍ਰਿਤ ਪੇਸ਼ ਕਰਨ ਵਾਲੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਪ੍ਰਸ਼ੰਸਾ ਕੀਤੀ ਅਤੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਨ੍ਰਿਤ ਦੇ ਖੇਤਰ ਵਿੱਚ ਵੱਡਮੱਲਾ ਯੋਗਦਾਨ ਪਾਉਣ ਵਾਲੇ ਲੱਖੀ ਚੰਦ ਦਾ ਵਿਰਸਾ ਵਿਹਾਰ ਵੱਲੋਂ ਸਨਮਾਨ ਚਿਨ੍ਹ ਦੇ ਕੇ ਸਨਮਾਨਿਤ ਕੀਤਾ। ਮੰਚ ਸੰਚਾਲਕ ਦੀ ਭੂਮਿਕਾ ਕਾਜਲ ਕੱਕੜ ਨੇ ਬਾਖੂਬੀ ਨਿਭਾਈ। ਇਸ ਮੌਕੇ ਬਲਵਿੰਦਰ ਰੰਧਾਵਾ, ਲਤਿਕਾ ਅਰੋੜਾ, ਸੁਮਨ ਤਾਰਾ, ਰੰਜੂ, ਵੰਦਨਾ, ਮੋਨਾ, ਉਰਵਸ਼ੀ, ਭਾਨੂੰ, ਮਮਤਾ, ਸ਼ਾਕਸ਼ੀ ਅਰੋੜਾ, ਸਿੰਮੀ, ਰਚਨਾ ਆਦਿ ਨੇ ਪ੍ਰੋਗਰਾਮ ਨੂੰ ਸਫ਼ਲਤਾਪੂਰਕ ਕਰਵਾਉਣ ਵਿੱਚ ਸਹਿਯੋਗ ਦਿੱਤਾ।



## ਸਕੂਲ ਅੰਦਰ ਸਕਿਓਰਿਟੀ ਗਾਰਡ ਨਾਲ ਕੁੱਟਮਾਰ ਕਰਨ ਵਾਲਿਆਂ ਖ਼ਿਲਾਫ਼ ਮਾਮਲਾ ਦਰਜ


**ਗੁਰਦਾਸਪੁਰ (ਜਨਕ ਮਹਾਜਨ)**- ਥਾਣਾ ਪੁਰਾਣਾ ਸ਼ਾਲਾ ਪੁਲਸ ਨੂੰ ਦਿੱਤੇ ਬਿਆਨਾਂ ਵਿਚ ਰਾਜਨ ਪੁੱਤਰ ਸਤਪਾਲ ਮਸੀਹ ਵਾਸੀ ਸਿੱਧਵਾਂ ਜਮੀਤਾ ਥਾਣਾ ਸਦਰ ਗੁਰਦਾਸਪੁਰ ਨੇ ਦੱਸਿਆ ਕਿ ਉਹ ਲਿਟਰ ਫਲਾਵਰ ਸਕੂਲ ਪੁਰਾਣਾ ਸ਼ਾਲਾ ਵਿਖੇ ਬਤੌਰ ਸਕਿਓਰਟੀ ਗਾਰਡ ਡਿਊਟੀ ਕਰਦਾ ਹੈ ਅਤੇ ਮਿਤੀ 5 ਅਪ੍ਰੈਲ 2025 ਨੂੰ ਸਕੂਲ ਵਿੱਚ ਮੌਜੂਦ ਸੀ ਕਿ ਅਭਿਸ਼ੇਕ, ਅਕਾਸ਼ ਪੁੱਤਰਾਨ ਨਿਆਮਤ, ਮਨਦੀਪ, ਪ੍ਰਦੀਪ ਪੁੱਤਰ ਸਲਾਮਤ ਵਾਸੀ ਲਾਮੀਨ ਕੁਰਾਲ, ਰਛਪਾਲ ਮਸੀਹ ਪੁੱਤਰ ਅਨਾਇਤ ਮਸੀਹ ਵਾਸੀ ਸਿੱਧਵਾਂ ਜਮੀਤਾ ਨੇ ਸਕੂਲ ਦੀ ਚਾਰਦਿਵਾਰੀ ਦੇ ਅੰਦਰ ਗੈਰ-ਕਾਨੂੰਨੀ ਢੰਗ ਨਾਲ ਦਾਖਲ ਹੋ ਕੇ ਮੇਰੇ ਨਾਲ ਝਗੜਾ ਕੀਤਾ ਅਤੇ ਦਸਤੀ ਹਥਿਆਰਾਂ ਨਾਲ ਸੱਟਾਂ ਮਾਰ ਕੇ ਮੈਨੂੰ ਜ਼ਖਮੀ ਕਰ ਦਿੱਤਾ। ਥਾਣਾ ਪੁਰਾਣਾ ਸ਼ਾਲਾ ਪੁਲਸ ਨੇ ਕਥਿਤ ਦੋਸ਼ੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ।

## ਗੁ: ਬਾਬਾ ਬੁੱਢਾ ਜੀ ਬੀੜ ਸਾਹਿਬ ਵਿਖੇ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਦਿਹਾੜਾ ਮਨਾਇਆ

**ਝਬਾਲ (ਹਰਜਿੰਦਰ ਸਿੰਘ ਸੋਨੀ)**- ਧੰਨ-ਧੰਨ ਬ੍ਰਹਮ ਗਿਆਨੀ ਬਾਬਾ ਬੁੱਢਾ ਸਾਹਿਬ ਜੀ ਦੇ ਪਾਵਨ ਪਵਿੱਤਰ ਅਸਥਾਨ ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ ਜੀ ਵਿਖੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਦੂਸਰੇ ਪਾਤਸ਼ਾਹ ਸ੍ਰੀ ਗੁਰੂ ਅੰਗਦ ਦੇਵ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਮਨਾਇਆ ਗਿਆ। ਗੁਰਦੁਆਰਾ ਸਾਹਿਬ ਦੇ ਮੀਰੀ ਪੀਰੀ ਦੀਵਾਨ ਹਾਲ ਵਿੱਚ ਸ੍ਰੀ ਅਖੰਡ ਪਾਠ ਸਾਹਿਬ ਜੀ ਦਾ ਭੋਗ ਪਾਇਆ ਉਪ੍ਰੰਤ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਜਥੇ ਨੇ ਗੁਰਬਾਣੀ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ ਅਤੇ ਹੈੱਡ ਗ੍ਰੰਥੀ ਗਿਆਨੀ ਸੁਖਵੰਤ ਸਿੰਘ ਸੁਰਸਿੰਘ ਵਾਲਿਆਂ ਵੱਲੋਂ ਸ੍ਰੀ ਗੁਰੂ ਅੰਗਦ ਦੇਵ ਜੀ ਦੇ ਪ੍ਰਕਾਸ਼ ਪੁਰਬ ਦਾ ਇਤਿਹਾਸ ਸਰਵਣ ਕਰਵਾਇਆ ਗਿਆ।ਇਸ ਮੌਕੇ ਗੁ: ਸਾਹਿਬ ਦੇ ਮੈਨੇਜਰ ਸਰਬਦਿਆਲ ਸਿੰਘ, ਸੁਪਰਵਾਈਜ਼ਰ ਪ੍ਰਿਥੀਪਾਲ ਸਿੰਘ, ਨਿਰਮਲ ਸਿੰਘ, ਜਸਪਾਲ ਸਿੰਘ ਨੌਸ਼ਹਿਰਾ ਢਾਲਾ, ਜਗਮੀਤ ਸਿੰਘ ਪੰਜਵੜ, ਬਿਕਰਮਜੀਤ ਸਿੰਘ ਸੁਰਸਿੰਘ, ਗੁਰਜੀਤ ਸਿੰਘ ਪੰਜਵੜ, ਬੇਅੰਤ ਸਿੰਘ ਸਮਰਾ, ਮਨਜੀਤ ਸਿੰਘ ਮੰਨਣ, ਬਲਜੀਤ ਸਿੰਘ ਝਬਾਲ, ਪ੍ਰਤਾਪ ਸਿੰਘ ਚੀਮਾ, ਅਮਰਜੀਤ ਸਿੰਘ ਸਮੇਤ ਸੰਗਤਾਂ ਵੀ ਹਾਜ਼ਰ ਸਨ।



## ਪੀਐੱਮਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਨੂੰ ਪੌਦੇ ਭੇਟ



**ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)**- ਪੀ. ਐੱਮ. ਸ਼੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਦੀਆਂ ਤੋਂ ਸੇਵਾ-ਮੁਕਤ ਲੈਕਚਰਾਰ ਪਰਮਜੀਤ ਕੌਰ ਵੱਲੋਂ ਸਕੂਲ ਨੂੰ 15 ਪੌਦੇ ਦਾਨ ਕੀਤੇ ਗਏ।ਇਹ ਜਾਣਕਾਰੀ ਸਕੂਲ ਪ੍ਰਿੰਸੀਪਲ ਡਾ. ਸੁਨੀਤਾ ਕੌਸ਼ਲ ਵੱਲੋਂ ਦਿੱਤੀ ਗਈ। ਇਸ ਮੌਕੇ ਸਕੂਲ ਮੁਖੀ ਡਾ.ਕੌਸ਼ਲ ਨੇ ਪਰਮਜੀਤ ਕੌਰ ਦਾ ਇਸ ਪਰਉਪਕਾਰੀ ਉਪਰਾਲੇ ਲਈ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਸਾਰੀ ਧਰਤੀ 'ਤੇ ਹੀ ਗਲੋਬਲ ਵਾਰਮਿੰਗ ਦਾ ਖ਼ਤਰਾ ਮੰਡਰਾ ਰਿਹਾ ਹੈ।ਧਰਤੀ ਦੀ ਤਪਸ਼ ਵਧ ਰਹੀ ਹੈ।ਗਲੇਸ਼ੀਅਰ ਪਿਘਲ ਰਹੇ ਹਨ, ਮੌਸਮ ਬਦਲ ਰਹੇ ਹਨ, ਬਿਮਾਰੀਆਂ ਵਧ ਰਹੀਆਂ ਹਨ, ਜੀਵਨ ਦੁਰਲੱਭ ਹੋ ਰਿਹਾ ਹੈ, ਵਾਤਾਵਰਨ ਦੂਸ਼ਿਤ ਹੋ ਗਿਆ ਹੈ।ਹਵਾ, ਪਾਣੀ, ਮਿਟੀ ਆਦਿ ਸਭ ਜ਼ਹਿਰੀਲੇ ਹੋ ਗਏ ਹਨ।ਪਾਣੀ ਦਾ ਪੱਧਰ ਦਿਨ-ਬ-ਦਿਨ ਨੀਵਾਂ ਹੋ ਰਿਹਾ ਹੈ, ਪੀਣ ਯੋਗ ਪਾਣੀ ਵੀ ਘਟ ਗਿਆ ਹੈ।ਜਿਹੜਾ ਉਪਲਬਧ ਹੈ ਉਹ ਵੀ ਜ਼ਹਿਰੀਲਾ ਤੇ ਨਾ ਵਰਤਣਯੋਗ ਹੈ।ਇਸ ਲਈ ਸਾਨੂੰ ਸਾਰੀਆਂ ਨੂੰ ਵੱਧ ਤੋਂ ਵੱਧ ਰੁੱਖ ਲਗਾਉਣੇ ਚਾਹੀਦੇ ਹਨ।ਇਸ ਮੌਕੇ ਸਕੂਲ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਪਰਮਜੀਤ ਕੌਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ।

## ਚੇਅਰਮੈਨ ਮਾਨਿਕ ਮਹਿਤਾ ਨੇ ਵਡਾਲਾ ਗ੍ਰੰਥੀਆਂ ਦਾਣਾ ਮੰਡੀ ਦਾ ਕੀਤਾ ਦੌਰਾ

**ਬਟਾਲਾ (ਡਾ. ਮਲਵਿੰਦਰ ਸਿੰਘ)**- ਬਟਾਲਾ ਦੇ ਵਿਧਾਇਕ ਅਤੇ ਕਾਰਜਕਾਰੀ ਪ੍ਰਧਾਨ ਆਮ ਆਦਮੀ ਪਾਰਟੀ ਪੰਜਾਬ, ਅਮਨਸ਼ੇਰ ਸਿੰਘ ਦੀ ਅਗਵਾਈ ਵਿੱਚ ਬਟਾਲਾ ਮਾਰਕੀਟ ਕਮੇਟੀ ਦੇ ਚੇਅਰਮੈਨ ਮਾਨਿਕ ਮਹਿਤਾ ਵੱਲੋਂ ਦਾਣਾ ਮੰਡੀ ਵਡਾਲਾ ਗ੍ਰੰਥੀਆਂ ਦਾ ਦੌਰਾ ਕਰਕੇ ਖਰੀਦ ਤੇ ਚੁਕਾਈ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ।ਇਸ ਮੌਕੇ ਉਨ੍ਹਾਂ ਆੜ੍ਹਤੀਆਂ ਤੇ ਕਿਸਾਨਾਂ ਨਾਲ ਗੱਲ ਕਰਕੇ ਖਰੀਦ ਪ੍ਰਬੰਧਾਂ ਦਾ ਜਾਣਕਾਰੀ ਹਾਸਿਲ ਕੀਤੀ।ਚੇਅਰਮੈਨ ਮਾਨਿਕ ਮਹਿਤਾ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਕਣਕ ਦੀ ਖਰੀਦ ਲਈ ਅਨਾਜ ਮੰਡੀਆਂ ਵਿੱਚ ਪੁਖਤਾ ਪ੍ਰਬੰਧ ਕੀਤੇ ਗਏ ਹਨ ਅਤੇ ਕਿਸਾਨਾਂ ਦੀ ਫਸਲ ਦਾ ਦਾਣਾ-ਦਾਣਾ ਖਰੀਦਿਆ ਜਾ ਰਿਹਾ ਹੈ ਅਤੇ ਨਾਲ ਦੀ ਨਾਲ ਫਸਲ ਦੀ ਚੁਕਾਈ ਵੀ ਨਿਰਵਿਘਨ ਚੱਲ ਰਹੀ ਹੈ।ਉਨ੍ਹਾਂ ਕਿਹਾ ਮੰਡੀਆਂ ਵਿੱਚ ਕਿਸਾਨਾਂ ਲਈ ਪੀਣ ਵਾਲੇ ਪਾਣੀ, ਲਾਈਟਾਂ ਅਤੇ ਬੈਠਣ ਲਈ ਜਗ੍ਹਾ ਦਾ ਖਾਸ ਪ੍ਰਬੰਧ ਕੀਤਾ ਗਿਆ ਹੈ ਤਾਂ ਜੋ ਮੰਡੀ ਵਿੱਚ ਫਸਲ ਵੇਚਣ ਆਏ ਕਿਸਾਨਾਂ ਨੂੰ ਕਿਸੇ ਪ੍ਰਕਾਰ ਦੀ ਮੁਸ਼ਕਿਲ ਦਾ ਸਾਹਮਣਾ ਨਾ ਕਰਨਾ ਪਵੇ।ਉਨ੍ਹਾਂ ਦੱਸਿਆ ਕਿ ਮੰਡੀ ਵਿੱਚ ਕਣਕ ਦੀ ਖਰੀਦ, ਚੁਕਾਈ ਤੇ ਅਦਾਇਗੀ ਪ੍ਰਕਿਰਿਆ ਸੁਚਾਰੂ ਢੰਗ ਨਾਲ ਚੱਲ ਰਹੀ ਹੈ।ਉਨ੍ਹਾਂ ਕਿਸਾਨਾਂ ਨੂੰ ਅਪੀਲ ਕੀਤੀ ਕਿ ਮੰਡੀਆਂ ਵਿੱਚ ਫਸਲ ਪੂਰੀ ਤਰ੍ਹਾਂ ਸੁਕਾ ਕੇ ਲਿਆਂਦੀ ਜਾਵੇ ਤਾਂ ਜੋ ਫਸਲ ਦੀ ਖਰੀਦ ਵਿੱਚ ਕੋਈ ਮੁਸ਼ਕਿਲ ਨਾ ਆਵੇ। ਉਨਾਂ ਕਿਹਾ ਕਿ ਕਣਕਾਂ ਦੀ ਕਟਾਈ ਕੰਬਾਇਨਾਂ ਰਾਹੀਂ ਨਿਰਧਾਰਿਤ ਸਮੇਂ ਅੰਦਰ ਹੀ ਕਰਵਾਈ ਜਾਵੇ ਅਤੇ ਰਾਤ ਸਮੇਂ ਕਣਕ ਦੀ ਕਟਵਾਈ ਬਿਲਕੁਲ ਨਾ ਕੀਤੀ ਜਾਵੇ ਕਿਉਂਕਿ ਇਸ ਨਾਲ ਫਸਲ ਵਿੱਚ ਨਮੀ ਦੀ ਮਾਤਰਾ ਵੱਧ ਜਾਂਦੀ ਹੈ ਤੇ ਨਮੀ ਤੋਂ ਵੱਧ ਵਾਲੀ ਫਸਲ ਖਰੀਦਣ ਵਿੱਚ ਖਰੀਦ ਏਜੰਸੀਆਂ ਨੂੰ ਮੁਸ਼ਕਿਲ ਪੇਸ਼ ਹੁੰਦੀ ਹੈ।ਦੱਸਣਯੋਗ ਹੈ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 27 ਅਪ੍ਰੈਲ ਤੱਕ 3 ਲੱਖ 88 ਹਜ਼ਾਰ 29 ਮੀਟਰਕ ਟਨ ਦੀ ਖਰੀਦ ਕੀਤੀ ਜਾ ਚੁੱਕੀ ਹੈ ਜਿਸ ਵਿਚੋਂ ਪਨਗ੍ਰੇਨ ਵਲੋਂ 11 ਲੱਖ 4 ਹਜ਼ਾਰ 400 ਮੀਟਰਕ ਟਨ, ਮਾਰਕਫੈੱਡ ਨੇ 10 ਲੱਖ 7 ਹਜ਼ਾਰ 425 ਮੀਟਰਕ ਟਨ, ਪਨਸਪ ਨੇ 91 ਹਜ਼ਾਰ 415 ਮੀਟਰਕ ਟਨ, ਪੰਜਾਬ ਵੇਅਰ ਹਾਊਸ ਨੇ 55 ਹਜ਼ਾਰ 869 ਮੀਟਰਕ ਟਨ, ਐੱਫ. ਸੀ. ਆਈ ਨੇ 16 ਹਜ਼ਾਰ 560 ਮੀਟਰਕ ਟਨ ਅਤੇ ਵਪਾਰੀਆਂ ਨੇ 2 ਹਜ਼ਾਰ 360 ਮੀਟਰਕ ਟਨ ਦੀ ਖਰੀਦ ਕੀਤੀ ਹੈ। ਕਿਸਾਨਾਂ ਨੂੰ 871.52 ਕਰੋੜ ਰੁਪਏ ਦੀ ਅਦਾਇਗੀ ਕੀਤੀ ਜਾ ਚੁੱਕੀ ਹੈ ਅਤੇ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਰੀਬ 6.68 ਮੀਟਰਕ ਟਨ ਕਣਕ ਆਉਣ ਦੀ ਸੰਭਾਵਨਾ ਹੈ।



## ਨੈਸ਼ਨਲ ਲਾਈਵਸਟਾਕ ਮਿਸ਼ਨ ਅਧੀਨ ਪਸ਼ੂਆਂ ਦੇ ਬੀਮੇ ਦੀ ਰਾਸ਼ੀ 'ਤੇ 70 ਫ਼ੀਸਦੀ ਤੱਕ ਸਬਸਿਡੀ

**ਗੁਰਦਾਸਪੁਰ (ਜਨਕ ਮਹਾਜਨ)**- ਵਰਿਆਮ ਸਿੰਘ ਡਾਇਰੈਕਟਰ ਡੇਅਰੀ ਗੁਰਦਾਸਪੁਰ ਨੇ ਦੱਸਿਆ ਕਿ ਪਸ਼ੂਆਂ ਨੂੰ ਹੋਣ ਵਾਲੀਆਂ ਬਿਮਾਰੀਆਂ ਮੂੰਹ ਖੁਰ, ਲੰਪੀ ਸਕਿਨ, ਗਲਘੋਟੂ ਆਦਿ ਕਾਰਨ ਕਈ ਵਾਰ ਪਸ਼ੂਆਂ ਦੀ ਮੌਤ ਹੋ ਜਾਂਦੀ ਹੈ। ਇਨ੍ਹਾਂ ਮੌਤਾਂ ਨਾਲ ਛੋਟੇ ਅਤੇ ਦਰਮਿਆਨੇ ਡੇਅਰੀ ਫਾਰਮਰਾਂ ਦਾ ਆਰਥਿਕ ਨੁਕਸਾਨ ਹੋ ਜਾਂਦਾ ਹੈ, ਭਾਵੇਂ ਕਿ ਇਨ੍ਹਾਂ ਬਿਮਾਰੀਆਂ ਦੀ ਰੋਕਥਾਮ ਲਈ ਸਰਕਾਰ ਵੱਲੋਂ ਪਸ਼ੂਆਂ ਦਾ ਸਮੇਂ-ਸਮੇਂ ਤੇ ਟੀਕਾਕਰਨ ਕੀਤਾ ਜਾਂਦਾ ਹੈ ਪਰ ਫਿਰ ਵੀ ਸਰਕਾਰ ਵਲੋਂ ਪਸ਼ੂ-ਧਨ ਦੇ ਵਿੱਤੀ ਨੁਕਸਾਨ ਨੂੰ ਘੱਟ ਕਰਨ ਲਈ ਬੀਮੇ ਦੀ ਰਾਸ਼ੀ ਤੇ ਸਬਸਿਡੀ ਦੀ ਸਹੂਲਤ ਵੀ ਦੇ ਦਿੱਤੀ ਗਈ ਹੈ। ਪਸ਼ੂਆਂ ਦੇ ਆਰਥਿਕ ਨੁਕਸਾਨ ਨੂੰ ਘੱਟ ਕਰਨ ਲਈ ਡੇਅਰੀ ਵਿਕਾਸ ਵਿਭਾਗ ਪੰਜਾਬ ਵਲੋਂ ਨੈਸ਼ਨਲ ਲਾਈਵਸਟਾਕ ਮਿਸ਼ਨ ਸਕੀਮ ਅਧੀਨ ਮੱਝਾਂ ਅਤੇ ਗਾਵਾਂ ਦੇ ਬੀਮੇ ਦੀ ਰਾਸ਼ੀ ਤੇ ਅਨੁਸੂਚਿਤ ਜਾਤੀ ਲਾਭਪਾਤਰੀਆਂ ਨੂੰ 70 ਪ੍ਰਤੀਸ਼ਤ ਸਬਸਿਡੀ ਅਤੇ ਜਨਰਲ ਜਾਤੀ ਲਾਭਪਾਤਰੀਆਂ ਨੂੰ 50 ਪ੍ਰਤੀਸ਼ਤ ਸਬਸਿਡੀ ਦਿੱਤੀ ਜਾ ਰਹੀ ਹੈ। ਇਸ ਸਕੀਮ ਤਹਿਤ ਫਾਰਮਰ 1 ਤੋਂ 5 ਪਸ਼ੂਆਂ ਦਾ ਬੀਮਾ ਕਰਵਾ ਸਕਦਾ ਹੈ। ਇਸ ਸਕੀਮ ਤਹਿਤ ਪ੍ਰਤੀ ਪਸ਼ੂ ਦੀ ਕੀਮਤ 70 ਹਜ਼ਾਰ ਰੁਪਏ ਨਿਰਧਾਰਿਤ ਕੀਤੀ ਗਈ ਹੈ। ਡਿਪਟੀ ਡਾਇਰੈਕਟਰ ਵਰਿਆਮ ਸਿੰਘ ਨੇ ਦੱਸਿਆ ਕਿ ਇਸ ਸਕੀਮ ਦਾ ਲਾਭ ਕੋਈ ਵੀ ਦੁੱਧ ਉਤਪਾਦਕ ਜਿਸ ਨੇ ਬੈਂਕ ਤੋਂ ਡੇਅਰੀ ਕਰਜ਼ਾ ਲਿਆ ਹੈ ਜਾ ਨਹੀਂ ਲਿਆ ਹੈ, ਕਿਸਾਨ ਕਰੈਡਿਟ ਕਾਰਡ ਸਕੀਮ ਲਈ ਹੈ ਜਾ ਨਹੀਂ ਲਈ ਹੈ, ਸਕੀਮ ਦਾ ਲਾਭ ਲੈ ਸਕਦਾ ਹੈ। ਇਸ ਤੋਂ ਇਲਾਵਾ ਸਿੱਧੇ ਤੌਰ 'ਤੇ ਡੇਅਰੀ ਕਿੱਤਾ ਕਰਨ ਵਾਲੇ ਕਿਸਾਨ ਵੀ ਇਸ ਸਕੀਮ ਦਾ ਲਾਭ ਲੈ ਸਕਦੇ ਹਨ। ਉਨ੍ਹਾਂ ਜ਼ਿਲ੍ਹਾ ਗੁਰਦਾਸਪੁਰ ਦੇ ਸਮੂਹ ਦੁੱਧ ਉਤਪਾਦਕਾਂ ਨੂੰ ਇਸ ਸਕੀਮ ਦਾ ਵੱਧ ਤੋਂ ਵੱਧ ਲਾਭ ਲੈਣ ਦੀ ਅਪੀਲ ਕੀਤੀ ਹੈ।



## ਆਈਏਐੱਸ ਅਧਿਕਾਰੀ ਓਇਸ਼ੀ ਮੰਡਲ ਨੇ ਸਹਾਇਕ ਕਮਿਸ਼ਨਰ ਵਜੋਂ ਅਹੁਦਾ ਸੰਭਾਲਿਆ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਈ. ਏ. ਐੱਸ. ਅਧਿਕਾਰੀ ਓਇਸ਼ੀ ਮੰਡਲ (2024 ਬੈਚ) ਨੇ ਇੱਥੇ ਸਹਾਇਕ ਕਮਿਸ਼ਨਰ (ਅੰਡਰ ਟ੍ਰੇਨਿੰਗ) ਵਜੋਂ ਅਹੁਦਾ ਸੰਭਾਲ਼ਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਤਨਦੇਹੀ ਅਤੇ ਸਮਰਪਣ ਭਾਵਨਾ ਨਾਲ ਨਿਭਾਉਣਗੇ। ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਮੌਜੂਦਗੀ ਵਿਚ ਅਹੁਦਾ ਸੰਭਾਲ਼ਦਿਆਂ ਓਇਸ਼ੀ ਮੰਡਲ ਨੇ ਕਿਹਾ ਕਿ ਉਹ ਲੋਕ ਮਾਮਲਿਆਂ ਦਾ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਕਰਵਾਉਣ, ਨਾਗਰਿਕ ਸੇਵਾਵਾਂ ਪ੍ਰਦਾਨ ਕਰਵਾਉਣ ਵਿਚ ਹੋਰ ਤੇਜ਼ੀ ਲਿਆਉਣ, ਭਲਾਈ ਸਕੀਮਾਂ ਨਾਲ ਸੰਬੰਧਤ ਪ੍ਰਕਿਰਿਆ ਨੂੰ ਹੋਰ ਸੁਚਾਰੂ ਢੰਗ ਨਾਲ ਅਮਲ ਵਿਚ ਲਿਆਉਣ ਤੋਂ ਇਲਾਵਾ ਪੰਜਾਬ ਸਰਕਾਰ ਦੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਨਿਯਮਤ ਸਮੀਖਿਆ ਨੂੰ ਵੀ ਵਿਸ਼ੇਸ਼ ਤਵੱਜੋ ਦੇਣਗੇ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਨਵ-ਨਿਯੁਕਤ ਆਈਏਐੱਸ ਓਇਸ਼ੀ ਮੰਡਲ ਨੂੰ ਵਧਾਈ ਦਿੰਦਿਆਂ ਭਵਿੱਖ ਵਿੱਚ ਵੀ ਵਧੀਆ ਕਾਰਗੁਜ਼ਾਰੀ ਲਈ ਸ਼ੁਭ ਕਾਮਨਾ ਦਿੱਤੀ।ਜ਼ਿਕਰਯੋਗ ਹੈ ਕਿ ਪੱਛਮੀ ਬੰਗਾਲ ਨਾਲ ਸੰਬੰਧਤ ਅਤੇ ਇਲੈਕਟ੍ਰਾਨਿਕਸ ਤੇ ਕਮਿਊਨਿਕੇਸ਼ਨਜ਼ ਵਿਚ ਬੀ. ਟੈੱਕ. ਓਇਸ਼ੀ ਮੰਡਲ ਦੀ ਇਹ ਪਹਿਲੀ ਨਿਯੁਕਤੀ ਹੈ।







**EXTRACT OF AUDITED FINANCIAL RESULTS FOR THE QUARTER AND YEAR ENDED MARCH 31, 2025**

(₹ in lacs except otherwise stated)

| Sr. No. | Particulars | Quarter Ended | | | Year Ended | |
|---|---|---|---|---|---|---|
| | | March 31, 2025 | December 31, 2024 | March 31, 2024 | March 31, 2025 | March 31, 2024 |
| | | Audited | Unaudited | Audited | Audited | Audited |
| 1. | Total Income from Operations | 25,703 | 25,313 | 22,474 | 99,452 | 86,241 |
| 2. | Net Profit/(Loss) for the period (before Tax, Exceptional and/or Extraordinary items) | 4,499 | 4,564 | 3,763 | 17,513 | 14,821 |
| 3. | Net Profit/(Loss) for the period before tax (after Exceptional and/or Extraordinary items) | 4,499 | 4,564 | 3,763 | 17,513 | 14,821 |
| 4. | Net Profit/(Loss) for the period after tax (after Exceptional and/or Extraordinary items) | 3,424 | 3,405 | 2,821 | 13,165 | 11,153 |
| 5. | Total Comprehensive Income for the period [Comprising Profit/(Loss) for the period (after tax) and Other Comprehensive Income (after tax)] [refer note (ii)] | - | - | - | - | - |
| 6. | Paid-up Equity Share Capital | 4,525 | 4,525 | 4,504 | 4,525 | 4,504 |
| 7. | Reserves (excluding Revaluation Reserve) as shown in the Audited Balance Sheet of the previous Year | | | | 1,29,489 | 1,15,238 |
| 8. | Securities Premium Account | 70,064 | 70,064 | 69,487 | 70,064 | 69,487 |
| 9. | Net worth[1] | 1,33,447 | 1,29,471 | 1,18,992 | 1,33,447 | 1,18,992 |
| 10. | Paid-up Debt Capital/Outstanding Debt | 32,058 | 35,354 | 47,225 | 32,058 | 47,225 |
| 11. | Outstanding Redeemable Preference Shares[2] | - | - | - | - | - |
| 12. | Debt Equity Ratio[3] | 0.24 | 0.27 | 0.39 | 0.24 | 0.39 |
| 13. | Earnings per share (of ₹10/- each) (for continuing operations) | | | | | |
| | 13.1 Basic ₹ (non-annualised) | 7.57 | 7.55 | 6.88 | 29.18 | 30.65 |
| | 13.2 Diluted ₹ (non-annualised) | 7.53 | 7.54 | 6.87 | 29.09 | 30.45 |
| 14. | Capital Redemption Reserve[4] | - | - | - | - | - |
| 15. | Debenture Redemption Reserve[4] | - | - | - | - | - |
| 16. | Debt Service Coverage Ratio[5] | - | - | - | - | - |
| 17. | Interest Service Coverage Ratio[5] | - | - | - | - | - |

1 *Net worth is computed as per RBI Master Circular No. RBI/2015-16/70 DBR.No.Dir.BC.12/13.03.00/2015-16 on Exposure Norms dated July 1, 2015. Net worth as at March 31, 2025 also includes Available for Sale ('AFS') Reserve.*
2 *The Bank has not issued any redeemable preference shares.*
3 *Debt-equity ratio means the ratio of total borrowings to share capital plus reserves.*
4 *As per the Companies Act, 2013, the Bank is not required to create capital/debenture redemption reserve. However, the Bank has created Recovery Expense Fund Account with BSE Limited.*
5 *Being a Banking Company, Disclosure is not applicable as per SEBI (Listing Obligations and Disclosure Requirements) Regulations, 2015.*

**Notes:**
(i) The above is an extract of the detailed format of quarter and year ended Financial Results filed with the Stock Exchanges under Regulation 33 & 52 of the SEBI (Listing Obligations and Disclosure Requirements) Regulations, 2015. The full format of the quarter and year ended Financial Results are available on the websites of the Stock Exchanges, www.nseindia.com and www.bseindia.com and of the Bank www.capitalbank.co.in.
(ii) Information related to the total comprehensive income and other comprehensive income are not furnished as Ind AS is not yet made applicable to Bank.
(iii) The figures of the quarter are the balancing figures between figures in respect of the year-to-date figures and the published figures upto previous quarter.
(iv) The other line items referred in Regulation 52(4) of the SEBI (Listing Obligations and Disclosure Requirements) Regulations, 2015, has been given hereunder.

| Sr. No. | Particulars | Quarter Ended | | | Year Ended | |
|---|---|---|---|---|---|---|
| | | March 31, 2025 | December 31, 2024 | March 31, 2024 | March 31, 2025 | March 31, 2024 |
| | | Audited | Unaudited | Audited | Audited | Audited |
| 1. | Percentage of shares held by Government of India | - | - | - | - | - |
| 2. | Return on Assets[1] (annualised) | 1.36% | 1.37% | 1.23% | 1.35% | 1.27% |
| 3. | Operating Margin[2] | 18.22% | 18.88% | 17.55% | 18.65% | 17.96% |
| 4. | Net Profit Margin[3] | 13.32% | 13.45% | 12.55% | 13.24% | 12.93% |
| 5. | Total Debt to Total Assets[4] | 3.17% | 3.47% | 5.08% | 3.17% | 5.08% |
| 6. | Gross NPA (₹ in lacs) | 18,534 | 18,230 | 17,018 | 18,534 | 17,018 |
| 7. | Net NPA (₹ in lacs) | 9,184 | 9,060 | 8,508 | 9,184 | 8,508 |
| 8. | % of Gross NPA | 2.58% | 2.67% | 2.76% | 2.58% | 2.76% |
| 9. | % of Net NPA | 1.30% | 1.35% | 1.40% | 1.30% | 1.40% |
| 10. | Capital Adequacy Ratio (%) | 25.39% | 25.82% | 27.39% | 25.39% | 27.39% |
| 11. | Tier-I Ratio (%) | 21.71% | 21.87% | 22.80% | 21.71% | 22.80% |

1 *Return on Assets means the ratio of profit after tax to average monthly total assets.*
2 *Operating Margin means Operating profit before provisions and contingencies to the total income.*
3 *Net Profit Margin means Net Profit to total income.*
4 *Total Debts to Total Assets means the ratio of total borrowings to total assets.*

**Notes:**
(v) The other line items referred in Regulation 52(4) of the SEBI (Listing Obligations and Disclosure Requirements) Regulations, 2015, pertinent disclosures have been made to the BSE Limited and National Stock Exchange of India Limited and can be accessed on the website of the Stock Exchange on www.bseindia.com, www.nseindia.com and the Bank on URL www.capitalbank.co.in.
(vi) The above results have been approved by the Board of Directors in its meeting held on April 29, 2025.

Date: April 29, 2025
Place: Jalandhar

For and on Behalf of the Board of Directors
of **Capital Small Finance Bank Limited**
Sd/-
**Sarvjit Singh Samra**
Managing Director
(DIN: 00477444)

**Capital Small Finance Bank**

*Vishwas Se Vikas Tak*

**Capital Small Finance Bank Limited** (CIN: L65110PB1999PLC022634)
**Regd. & Head Office:** "MIDAS Corporate Park", 3rd Floor, 37 G.T. Road, Jalandhar, Punjab, INDIA - 144 001
**Tel.:** 0181-505 1111, 505 2222 www.capitalbank.co.in | investorrelations@capitalbank.co.in

Great Place To Work. Certified

Scan for detailed financials

Adfactors 35/2025

ਨਵਾਂ ਜ਼ਮਾਨਾ
ਬੁੱਧਵਾਰ, 30 ਅਪ੍ਰੈਲ 2025

# ਉੱਤਰਾਖੰਡੀਆਂ ਦਾ ਸੁਫਨਾ ਅਧੂਰਾ

*ਯੂ ਪੀ ਦੀ ਵੰਡ ਦੇ ਬਾਅਦ ਹਿਮਾਲਿਆ ਦੀ ਗੋਦ ਵਿੱਚ ਜਨਮਿਆ ਉੱਤਰਾਖੰਡ ਆਪਣੇ 25ਵੇਂ ਵਰ੍ਹੇ 'ਚ ਦਾਖਲ ਹੋ ਚੁੱਕਾ ਹੈ। ਇਸ ਨਵੇਂ ਰਾਜ ਵਿੱਚ ਜਿੰਨੀਆਂ ਵੀ ਸਰਕਾਰਾਂ ਆਈਆਂ, ਸਭ ਨੇ ਇਸ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਦੇ ਦਾਅਵੇ ਕੀਤੇ, ਪਰ 'ਇੰਡੀਆ ਜਸਟਿਸ ਰਿਪੋਰਟ-2025' ਦੱਸਦੀ ਹੈ ਕਿ ਹੁਣ ਤੱਕ ਦੀਆਂ ਸਰਕਾਰਾਂ ਦੇ ਦਾਅਵੇ ਖੋਖਲੇ ਸਨ। ਸਾਲ 2000 ਵਿੱਚ ਜਦ ਉੱਤਰਾਖੰਡ ਨੂੰ ਆਜ਼ਾਦ ਰਾਜ ਦਾ ਦਰਜਾ ਮਿਲਿਆ ਤਾਂ ਇਹ ਸਿਰਫ ਭੂਗੋਲਿਕ ਜਾਂ ਪ੍ਰਸ਼ਾਸਨਕ ਪੁਨਰਗਠਨ ਨਹੀਂ ਸੀ। ਇਹ ਉਨ੍ਹਾਂ ਅੰਦੋਲਨਕਾਰੀਆਂ ਦੀ ਸਮੂਹਕ ਚੇਤਨਾ ਦੀ ਜਿੱਤ ਸੀ, ਜਿਹੜੇ ਆਪਣੇ ਲਈ ਨਿਆਂਪੂਰਨ, ਸੰਵੇਦਨਸ਼ੀਲ ਤੇ ਜਵਾਬਦੇਹ ਸ਼ਾਸਨ ਦੀ ਮੰਗ ਕਰ ਰਹੇ ਸਨ। ਰਾਜ ਨਿਰਮਾਣ ਦਾ ਸੁਫਨਾ ਸਿਰਫ ਸੜਕਾਂ, ਪੁਲਾਂ ਤੇ ਇਮਾਰਤਾਂ ਤੱਕ ਸੀਮਤ ਨਹੀਂ ਸੀ, ਸਗੋਂ ਇਸ ਦਾ ਮੂਲ ਉਦੇਸ਼ ਅਜਿਹੀ ਵਿਵਸਥਾ ਸਥਾਪਤ ਕਰਨਾ ਸੀ, ਜਿਹੜਾ ਆਮ ਲੋਕਾਂ ਨੂੰ ਸੌਖਾ ਤੇ ਸਮਾਂ-ਬੱਧ ਇਨਸਾਫ ਪ੍ਰਦਾਨ ਕਰ ਸਕੇ। ਇੰਡੀਆ ਜਸਟਿਸ ਰਿਪੋਰਟ ਦੇ ਹਿਸਾਬ ਨਾਲ ਰਾਜ ਦੀ ਸਥਿਤੀ ਨੂੰ ਦੇਖ ਕੇ ਇਹ ਸਵਾਲ ਉੱਠਦਾ ਹੈ ਕਿ ਕੀ ਨਵੇਂ ਰਾਜ ਦਾ ਸੁਫਨਾ ਸਾਕਾਰ ਹੋਇਆ?*

*ਰਿਪੋਰਟ ਚਾਰ ਨੁਕਤਿਆਂ 'ਤੇ ਅਧਾਰਤ ਹੈ-ਪੁਲਸ, ਨਿਆਂਪਾਲਿਕਾ, ਜੇਲ੍ਹ ਵਿਵਸਥਾ ਤੇ ਕਾਨੂੰਨੀ ਸਹਾਇਤਾ। ਰਿਪੋਰਟ ਵਿੱਚ ਪੁਲਸ ਵਿਵਸਥਾ ਨੂੰ 6.11 ਦੇ ਸਕੋਰ ਨਾਲ 18 ਰਾਜਾਂ 'ਚ ਪੰਜਵਾਂ ਸਥਾਨ ਦਿੱਤਾ ਗਿਆ ਹੈ। ਪੁਲਸ ਭਰਤੀ ਵਿੱਚ ਸੁਧਾਰ ਹੋਇਆ ਹੈ, ਪਰ ਸਾਧਨਾਂ ਦੀ ਕਮੀ ਤੇ ਨਿਆਂਇਕ ਪ੍ਰਕਿਰਿਆ 'ਚ ਪੁਲਸ ਦੀ ਭਾਗੀਦਾਰੀ ਦੀ ਪਾਰਦਰਸ਼ਤਾ ਅਜੇ ਵੀ ਨਾਕਾਫੀ ਹੈ। ਕਈ ਥਾਣਿਆਂ ਵਿੱਚ ਸ਼ਿਕਾਇਤ ਦਰਜ ਕਰਾਉਣ 'ਚ ਘੰਟਿਆਂ ਤੱਕ ਉਡੀਕ ਕਰਨੀ ਪੈਂਦੀ ਹੈ ਤੇ ਕਈ ਵਾਰ ਪੀੜਤ ਨੂੰ ਹੀ ਸ਼ੱਕੀ ਬਣਾ ਦਿੱਤਾ ਜਾਂਦਾ ਹੈ। ਨਿਆਂਪਾਲਿਕਾ ਦੇ ਮਾਮਲੇ ਵਿੱਚ ਉੱਤਰਾਖੰਡ ਦਾ ਨੰਬਰ 3.97 ਦੇ ਸਕੋਰ ਨਾਲ 18 ਰਾਜਾਂ ਵਿੱਚੋਂ 16ਵਾਂ ਹੈ। ਲਾਅ ਕਮਿਸ਼ਨ ਦੀਆਂ 1987 ਦੀਆਂ ਸਿਫਾਰਸ਼ਾਂ ਮੁਤਾਬਕ 10 ਲੱਖ ਦੀ ਆਬਾਦੀ ਪਿੱਛੇ 50 ਜੱਜ ਹੋਣੇ ਚਾਹੀਦੇ ਹਨ, ਪਰ ਮਸਾਂ 15 ਹਨ। ਪੈਂਡਿੰਗ ਕੇਸ ਵਧ ਰਹੇ ਹਨ ਤੇ ਫੈਸਲੇ ਵਰ੍ਹਿਆਂ ਤੱਕ ਲਟਕ ਰਹੇ ਹਨ। ਗਰੀਬ ਤੇ ਵਿਰਵੇ ਲੋਕ ਵਧੇਰੇ ਪੀੜਤ ਹਨ। ਉਤਲੀਆਂ ਅਦਾਲਤਾਂ ਵਿੱਚ ਮਹਿਲਾ ਜੱਜਾਂ ਦੀ ਗਿਣਤੀ ਸਿਰਫ 13 ਫੀਸਦੀ ਹੈ। ਜੇਲ੍ਹ ਵਿਵਸਥਾ ਵਿੱਚ ਰਾਜ 2.58 ਦੇ ਸਕੋਰ ਨਾਲ ਸਭ ਤੋਂ ਹੇਠਾਂ ਹੈ। ਜੇਲ੍ਹਾਂ ਵਿੱਚ ਸਮਰੱਥਾ ਨਾਲੋਂ ਦੁੱਗਣੇ ਬੰਦੀ ਤੁੰਨੇ ਹੋਏ ਹਨ। ਇਨ੍ਹਾਂ ਵਿੱਚੋਂ 76 ਫੀਸਦੀ ਜ਼ੇਰੇ-ਸਮਾਇਤ ਹਨ, ਜਿਨ੍ਹਾਂ 'ਤੇ ਕੋਈ ਦੋਸ਼ ਸਿੱਧ ਨਹੀਂ ਹੋਇਆ, ਫਿਰ ਉਹ ਵਰ੍ਹਿਆਂ ਤੋਂ ਡੱਕੇ ਹੋਏ ਹਨ। ਕਈਆਂ ਨੂੰ ਤਾਂ ਇਸ ਕਰਕੇ ਵਰ੍ਹਿਆਂ ਤੱਕ ਕੈਦ ਰਹਿਣਾ ਪੈਂਦਾ ਹੈ ਕਿ ਉਨ੍ਹਾਂ ਕੋਲ ਜ਼ਮਾਨਤ ਲਈ ਪੈਸੇ ਜਾਂ ਕਾਨੂੰਨੀ ਜਾਣਕਾਰੀ ਨਹੀਂ ਹੁੰਦੀ। ਕਾਨੂੰਨੀ ਸਹਾਇਤਾ ਵਿੱਚ ਰਾਜ 6.69 ਸਕੋਰ ਨਾਲ ਚੌਥੇ ਸਥਾਨ 'ਤੇ ਹੈ, ਪਰ ਅਜੇ ਵੀ ਦੂਰ-ਦੁਰਾਡੇ ਦੇ ਲੋਕਾਂ ਨੂੰ ਇਹ ਨਹੀਂ ਪਤਾ ਕਿ ਉਹ ਮੁਫ਼ਤ ਕਾਨੂੰਨੀ ਸਹਾਇਤਾ ਦੇ ਹੱਕਦਾਰ ਹਨ।*

*ਰਾਜ ਦੇ ਗਠਨ ਦਾ ਮੁੱਖ ਉਦੇਸ਼ ਪਹਾੜ ਦੇ ਲੋਕਾਂ ਨੂੰ ਇਨਸਾਫ, ਮੌਕੇ ਤੇ ਭਾਗੀਦਾਰੀ ਦਾ ਅਧਿਕਾਰ ਦੇਣਾ ਸੀ, ਪਰ ਵਰਤਮਾਨ ਨਿਆਂ ਵਿਵਸਥਾ ਵਿੱਚ ਇਹ ਤਿੰਨੋਂ ਤੱਤ ਗ਼ੈਰਹਾਜ਼ਰ ਦਿਸਦੇ ਹਨ। ਉੱਤਰਾਖੰਡ ਨੇ 25 ਵਰ੍ਹਿਆਂ ਵਿੱਚ ਬਹੁਤ ਕੁਝ ਹਾਸਲ ਕੀਤਾ ਹੋਵੇਗਾ, ਪਰ ਜੇ ਆਮ ਨਾਗਰਿਕ ਨੂੰ ਇਨਸਾਫ ਨਹੀਂ ਮਿਲਿਆ ਤਾਂ ਇਹ ਪ੍ਰਾਪਤੀ ਅਧੂਰੀ ਹੀ ਕਹਾਏਗੀ। ਰਾਜ ਨਿਰਮਾਣ ਦਾ ਸੁਫਨਾ ਉਦੋਂ ਤੱਕ ਅਧੂਰਾ ਹੈ, ਜਦੋਂ ਤੱਕ ਉਸ ਦਾ ਨਾਗਰਿਕ ਇਨਸਾਫ ਲਈ ਭਟਕਦਾ ਹੈ, ਜੇਲ੍ਹ ਵਿੱਚ ਸੜਦਾ ਜਾਂ ਅਦਾਲਤਾਂ ਦੀਆਂ ਲੰਬੀਆਂ ਕਤਾਰਾਂ ਵਿੱਚ ਖੜ੍ਹਾ ਬੁੱਢਾ ਹੋ ਜਾਂਦਾ ਹੈ।*

# ਸੋਨੇ ਰੰਗੀ ਕਣਕ ਦੀਆਂ ਕਾਲੀਆਂ ਤਸਵੀਰਾਂ

**ਇੰਜ: ਜਗਜੀਤ ਸਿੰਘ ਕੰਡਾ ਕੋਟਕਪੂਰਾ**

ਕਣਕ ਨੂੰ ਅੰਗਰੇਜ਼ੀ ਵਿੱਚ (Wheat) ਕਹਿੰਦੇ ਹਨ ।ਇਹ ਵਿਸ਼ਵ-ਵਿਆਪੀ ਮੁੱਖ ਭੋਜਨ ਹੈ। ਮੱਕੀ ਤੋਂ ਬਾਅਦ ਦੁਨੀਆ ਭਰ ਵਿੱਚ ਪੈਦਾ ਕੀਤੀ ਜਾਣ ਵਾਲੀ ਅਨਾਜ ਦੀ ਦੂਜੀ ਵੱਡੀ ਫਸਲ ਹੈ। ਕਣਕ ਦਾ ਵਪਾਰ ਪੂਰੀ ਦੁਨੀਆ ਵਿੱਚ ਬਾਕੀ ਸਾਰੀਆਂ ਫਸਲਾਂ ਨਾਲੋਂ ਵੱਧ ਹੈ । ਪੁਰਾਤਨ ਰਿਕਾਰਡ ਵਿੱਚ ਦਰਜ ਹੈ ਕਿ ਕਣਕ ਦੀ ਕਾਸ਼ਤ ਸਭ ਤੋਂ ਪਹਿਲਾਂ 9600 ਈਸਾ ਪੂਰਵ ਦੇ ਆਸ-ਪਾਸ ਉਪਜਾਊ ਕ੍ਰੇਸੈਂਟ ਦੇ ਖ਼ੇਤਰ ਵਿੱਚ ਕੀਤੀ ਗਈ ਸੀ। ਬੋਟੈਨੀਕਲ ਤੌਰ 'ਤੇ ਕਣਕ ਦਾ ਦਾਣਾ ਇੱਕ ਕਿਸਮ ਦਾ ਫਲ ਹੈ, ਜਿਸ ਨੂੰ ਅੰਗਰੇਜ਼ੀ ਵਿੱਚ 'ਕੈਰੀਓਪਸਿਸ' ਕਿਹਾ ਜਾਂਦਾ ਹੈ। ਕਣਕ ਪੈਦਾ ਕਰਨ ਵਾਲੇ ਮੁੱਖ ਦੇਸ਼ ਚੀਨ, ਭਾਰਤ, ਰੂਸ, ਸੰਯੁਕਤ ਰਾਜ, ਕੈਨੇਡਾ, ਫਰਾਂਸ, ਪਾਕਿਸਤਾਨ, ਯੂਕਰੇਨ, ਜਰਮਨੀ, ਤੁਰਕੀ ਹਨ । ਕਣਕ ਦੀ ਖੇਤੀ ਦੇ ਸਭ ਤੋਂ ਪੁਰਾਤਨ ਸਬੂਤ ਸੀਰੀਆ, ਜਾਰਡਨ, ਤੁਰਕੀ, ਅਰਮੇਨੀਆ ਤੇ ਇਰਾਕ ਵਿੱਚ ਮਿਲਦੇ ਹਨ। ਪੁਰਾਤਨ ਨਿਸ਼ਾਨੀਆਂ ਤੋਂ ਪਤਾ ਲੱਗਦਾ ਹੈ ਕਿ ਲੱਗਭੱਗ 9000 ਸਾਲ ਪਹਿਲਾਂ ਜੰਗਲੀ ਇਨਕੌਰਨ ਕਣਕ ਦੀ ਵਾਢੀ ਕੀਤੀ ਗਈ ਤੇ ਦੱਖਣ-ਪੱਛਮੀ ਏਸ਼ੀਆ ਇਲਾਕੇ ਵਿੱਚ ਇਸ ਦੀ ਖੇਤੀ ਕੀਤੀ ਜਾਣ ਲੱਗੀ । ਲੱਗਭੱਗ 8000 ਸਾਲ ਪਹਿਲਾਂ ਕਣਕ ਦਾ ਦੋਗਲਾਕਰਨ ਹੋ ਗਿਆ । ਨਤੀਜਨ ਵੱਡੇ ਦਾਣਿਆਂ ਵਾਲਾ ਕਣਕ ਦਾ ਪੌਦਾ ਤਿਆਰ ਹੋਇਆ।

ਜੇਕਰ ਗੱਲ ਕਰੀਏ ਕਿਸਾਨ ਦੀ ਤਾਂ ਇਸ ਨੂੰ ਅੰਨਦਾਤਾ ਕਿਹਾ ਜਾਂਦਾ ਹੈ, ਕਿਉਂਕਿ ਕਣਕ ਦਾ ਬੀਜ ਲੈ ਕੇ ਆਉਣ ਤੋਂ ਪੱਕਣ ਤੱਕ ਤੇ ਇਸ ਦੀ ਵਾਢੀ ਕਰਕੇ ਮੰਡੀ ਵਿੱਚ ਲਿਆਉਣ ਤੱਕ ਵੱਖ-ਵੱਖ ਤਰ੍ਹਾਂ ਦੀਆਂ ਕੈਟਾਗਰੀਆਂ ਦੇ ਲੋਕ ਇਸ ਤੋਂ ਆਪਣੀ ਰੋਜ਼ੀ-ਰੋਟੀ ਕਮਾਉਂਦੇ ਹਨ ਤੇ ਫਿਰ ਇਹ ਕਣਕ ਸਾਡੇ ਸਾਰਿਆਂ ਕੋਲ ਆਟੇ ਤੇ ਇਸ ਦੇ ਹੋਰ ਰੂਪਾਂ ਵਿੱਚ ਸਾਡਾ ਢਿੱਡ ਭਰਨ ਦੇ ਕੰਮ ਆਉਂਦੀ ਹੈ, ਜਿਸ ਕਾਰਨ ਕਿਸਾਨ ਨੂੰ ਅੰਨਦਾਤਾ ਕਿਹਾ ਜਾਂਦਾ ਹੈ । ਖੈਰ, ਮੇਰੇ ਪੰਜਾਬ ਦਾ ਅੰਨਦਾਤਾ ਭਾਰਤ ਦੇਸ਼ ਦੇ ਅਨਾਜ ਭੰਡਾਰ ਵਿੱਚ ਬਹੁਤ ਵੱਡਾ ਯੋਗਦਾਨ ਪਾ ਰਿਹਾ ਹੈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਭਾਰਤ ਵਿੱਚ ਅਮਰੀਕਾ ਤੋਂ ਲਾਲ ਰੰਗ ਦੀ ਕਣਕ ਪੀ ਐਲ-480 ਮੰਗਵਾਈ ਜਾਂਦੀ ਸੀ, ਜਿਸ ਨੂੰ ਅਮਰੀਕਾ ਦੇ ਪਸ਼ੂਆਂ ਲਈ ਵੀ ਗੈਰ-ਸਿਹਤਮੰਦ ਕਰਾਰ ਦਿੱਤਾ ਹੁੰਦਾ ਸੀ। ਸਾਡੇ ਭਾਰਤ ਦੇ ਸਤਿਕਾਰਯੋਗ ਦੂਜੇ ਪ੍ਰਧਾਨ ਮੰਤਰੀ ਸ੍ਰੀ ਲਾਲ ਬਹਾਦਰ ਸ਼ਾਸਤਰੀ ਨੇ ਅਮਰੀਕਾ ਦੀ ਦੋਗਲੀ ਨੀਤੀ ਦਾ ਕਰਾਰਾ ਜਵਾਬ ਦਿੰਦੇ ਹੋਏ ਜੈ ਜਵਾਨ, ਜੈ ਕਿਸਾਨ ਦਾ ਨਾਅਰਾ ਜੋੜ ਕੇ ਪੂਰੇ ਦੇਸ਼ ਵਿੱਚ ਹਰੀ ਕ੍ਰਾਂਤੀ ਸ਼ੁਰੂ ਕਰਕੇ ਅਨਾਜ ਦੀ ਪੈਦਾਵਾਰ ਵਿੱਚ ਵਾਧਾ ਕਰਵਾਇਆ । ਇਸੇ ਕਾਰਨ ਉਹਨਾ ਨੂੰ ਹਰੀ ਕ੍ਰਾਂਤੀ ਦਾ ਜਨਮਦਾਤਾ ਕਿਹਾ ਜਾਂਦਾ ਹੈ । ਉਸੇ ਸ਼ੁਰੂਆਤ ਨੇ ਅੱਜ ਪੰਜਾਬ ਨੂੰ ਅਨਾਜ ਦੀ ਪੈਦਾਵਾਰ ਦਾ ਮੁੱਖ ਸੂਬਾ ਬਣਾ ਦਿੱਤਾ ਹੈ।

ਪਿਛਲੇ ਕੁਝ ਦਿਨਾਂ ਤੋਂ ਇਸ ਹਾੜ੍ਹੀ ਦੇ ਸੀਜ਼ਨ ਦੌਰਾਨ ਪੰਜਾਬ ਵਿੱਚ ਹਜ਼ਾਰਾਂ ਏਕੜ ਕਣਕ ਦੀ ਪੱਕੀ ਸੋਨੇ ਰੰਗੀ ਫਸਲ ਸੜ ਕੇ ਸਵਾਹ ਬਣ ਗਈ ਹੈ, ਜਿਸ ਦੀਆਂ ਕਾਲੀਆਂ ਤਸਵੀਰਾਂ ਹਰ ਅਖਬਾਰ ਤੇ ਟੀ ਵੀ ਚੈਨਲਾਂ 'ਤੇ ਆਮ ਹੀ ਦੇਖਣ ਨੂੰ ਮਿਲੀਆਂ। ਸੋਸ਼ਲ ਮੀਡੀਆ ਨੇ ਤਾਂ ਹਰ ਚੈਨਲ ਵੱਲੋਂ ਕਿਸਾਨਾਂ ਦੀ ਸੜਦੀ ਸੋਨੇ ਰੰਗੀ ਕਣਕ ਨੂੰ ਲਾਈਵ ਦਿਖਾਇਆ । ਤਸਵੀਰਾਂ ਦਾ ਮੰਜ਼ਰ ਬਹੁਤ ਹੀ ਭਿਆਨਕ ਸੀ । ਅੱਗ ਏਨੀ ਭਿਆਨਕ ਤੇ ਵਿਕਰਾਲ ਰੂਪ ਵਿੱਚ ਸੀ, ਸੈਂਕੜੇ ਏਕੜ ਪਿੰਡਾਂ ਦੇ ਪਿੰਡ ਦੀਆਂ ਕਣਕਾਂ ਸੜਨ ਤੋਂ ਬਾਅਦ ਮਸਾਂ ਹੀ ਕਾਬੂ ਆਉਂਦੀ ਸੀ । ਥੋੜ੍ਹੀ ਜ਼ਮੀਨ ਦੇ ਮਾਲਕ ਪਿਓ-ਧੀ ਦੇ ਸੀਨੇ ਦੀਆਂ ਚੀਖਾਂ ਨੇ ਤਾਂ ਮੈਨੂੰ ਵੀ ਭਾਵੁਕ ਕਰ ਦਿੱਤਾ । ਕਈ ਥਾਈਂ ਤਾਂ ਅੱਗ ਬੁਝਾਉਣ ਲਈ ਵਰਤੇ ਜਾ ਰਹੇ ਟਰੈਕਟਰ ਵੀ ਕਣਕ ਦੇ ਨਾਲ-ਨਾਲ ਸੜ ਕੇ ਕੋਇਲਾ ਬਣ ਗਏ । ਕਈ ਕੰਬਾਈਨਾਂ ਵੀ ਅੱਗ ਦੀ ਲਪੇਟ ਵਿੱਚ ਆ ਕੇ ਸੜ ਗਈਆਂ । ਇਸ ਕਣਕ ਦੀ ਅੱਗ ਦੇ ਲਾਂਬੂਆਂ ਵਿੱਚ ਕਈ ਰਾਹਗੀਰ ਤੇ ਪਿੰਡਾਂ ਦੇ ਲੋਕ ਸੜ ਕੇ ਆਪਣੀਆਂ ਜਾਨਾਂ ਕੁਰਬਾਨ ਕਰ ਗਏ ਤੇ ਬਹੁਤਿਆਂ ਨੂੰ ਇਹ ਸੋਨੇ ਰੰਗੀ ਕਣਕ ਨੂੰ ਪਈ ਅੱਗ ਦੀਆਂ ਲਾਟਾਂ ਸਰੀਰ 'ਤੇ ਜ਼ਖ਼ਮ ਦੇ ਗਈਆਂ। ਸਰੀਰਕ ਜ਼ਖ਼ਮ ਤਾਂ ਕਿਸੇ ਵੇਲੇ ਭਰ ਸਕਦੇ ਹਨ, ਪਰ ਜੋ ਇਹ ਅੱਗ ਵਿੱਚ ਮਚੀ ਕਣਕ ਦੇ ਜ਼ਖ਼ਮ ਹਨ ਸਾਰੀ ਜ਼ਿੰਦਗੀ ਰਿਸਦੇ ਰਹਿਣਗੇ। ਬਹੁਤੇ ਛੋਟੇ ਜ਼ਿਮੀਂਦਾਰਾਂ ਨੇ ਠੇਕੇ 'ਤੇ ਲੈ ਕੇ ਬੀਜੀ ਸੀ, ਜੋ ਰਾਖ ਦੀ ਢੇਰੀ ਬਣ ਗਈ । ਹੁਣ ਤਾਂ ਠੇਕੇ ਵੀ ਲੱਖਾਂ ਦੇ ਹਿਸਾਬ ਨਾਲ ਹੋ ਗਏ ਹਨ ।

ਹੁਣ ਸੋਚਣ ਵਾਲੀ ਗੱਲ ਤਾਂ ਇਹ ਹੈ ਕਿ ਇਸ ਦੁੱਖ ਦੀ ਘੜੀ ਵਿੱਚ ਸਾਡੇ ਨਾਲ ਕੌਣ-ਕੌਣ ਖੜੇ, ਕੌਣ-ਕੌਣ ਸ਼ਰੀਕ ਹੋਏ? ਸੋਸ਼ਲ ਮੀਡੀਆ 'ਤੇ ਦੇਖਣ ਤੋਂ ਪਤਾ ਲੱਗਾ ਕਿ ਨਾ ਤਾਂ ਬਦਾਮਾਂ, ਕਾਜੂਆਂ ਦੇ ਲੰਗਰ ਲਾਉਣ ਵਾਲੇ ਕਿੱਧਰੇ ਲੱਭੇ ਕਿ ਜਿਹੜੇ ਕਹਿਣ, ਲਓ ਭਾਈ ਅਸੀਂ ਤੁਹਾਡੇ ਸੜੇ ਟਰੈਕਟਰ ਜਾਂ ਕੰਬਾਈਨਾਂ ਦੀ ਥਾਂ ਤੁਹਾਨੂੰ ਨਵੇਂ ਲੈ ਕੇ ਦੇਵਾਂਗੇ ਜਾਂ ਅਸੀਂ ਪ੍ਰਤੀ ਏਕੜ ਦੇ ਹਿਸਾਬ ਨਾਲ ਇੱਕ ਲੱਖ ਰੁਪਏ ਤੁਹਾਡੇ ਖਾਤਿਆਂ ਵਿੱਚ ਪਾ ਦੇਵਾਂਗੇ। ਉਦੋਂ ਤਾਂ ਪਤਾ ਨਹੀਂ ਟਰੱਕਾਂ ਦੇ ਟਰੱਕ ਬਦਾਮ, ਕਾਜੂ, ਸੁੱਕੇ ਮੇਵੇ ਤੇ ਹੋਰ ਜੀਭ ਦੇ ਸਵਾਦ ਵਾਲਾ ਸਮਾਨ ਪਤਾ ਨਹੀਂ ਕਿਹੜੇ ਅਕਾਸ਼ੋਂ ਉੱਤਰ-ਉੱਤਰ ਆਈ ਗਿਆ, ਹੁਣ ਓਹ ਲੱਭਦੇ ਨਹੀਂ? ਨਾ ਹੀ ਹੁਣ ਧਰਨਿਆਂ ਤੇ ਮਰਨ ਵਰਤ ਵਾਲਿਆਂ ਵੱਲੋਂ ਹਜ਼ਾਰਾਂ ਏਕੜ ਸੜੀ ਕਣਕ ਵਾਲਿਆਂ ਦੇ ਦਿਲ ਨੂੰ ਆਰਥਿਕ ਪੱਖੋਂ ਠੰਢ ਪਾਉਣ ਵਾਲੇ ਲੰਗਰ ਲਾਏ ਗਏ ਹਨ। ਓ ਭਲਿਓ ਮਾਣਸੋ, ਤੁਸੀਂ ਮਹਿੰਗੇ ਲੰਗਰ ਲਾ-ਲਾ ਕੇ ਭੁੱਖਿਆਂ ਤੇ ਰੱਜਿਆਂ ਨੂੰ ਰਜਾ-ਰਜਾ ਕੇ ਤੋਰਤਾ, ਅੱਜ ਉਹ ਤੁਹਾਡੇ ਵਾਸਤੇ ਹਾਅ ਦਾ ਨਾਅਰਾ ਮਾਰਨ ਲਈ ਵੀ ਨਹੀਂ ਲੱਭਦੇ? ਸੋਚੋ! ਕੁਝ ਹੋਸ਼ ਤੋਂ ਕੰਮ ਲਵੋ? ਛੱਪੜਾਂ 'ਤੇ ਪੈਸੇ ਖ਼ਰਚਣ ਨਾਲ ਕਣਕ ਦੀਆਂ ਅੱਗਾਂ ਨਹੀਂ ਰੁਕਣੀਆਂ? ਸਰਕਾਰੇ ਕੁਝ ਹੋਸ਼ ਕਰ! ਅਜਿਹੇ ਸਮੇਂ ਸਰਕਾਰਾਂ ਮੁਆਵਜ਼ੇ ਦੇਣ ਦੇ ਦਮਗਜ਼ੇ ਮਾਰਦੀਆਂ ਹਨ। ਮੁਆਵਜ਼ਾ ਮਿਲਣਾ ਵੀ ਚਾਹੀਦਾ ਹੈ। ਪਾਈ-ਪਾਈ ਦੇ ਹਿਸਾਬ ਨਾਲ ਦੇਣਾ ਬਣਦਾ ਹੈ। ਅਸਲ ਵਿੱਚ ਤਾਂ ਸਰਕਾਰਾਂ ਕੰਮ ਹੀ ਅਜਿਹਾ ਕਰ ਜਾਣ ਜਿਸ ਕਰਕੇ ਕਿਸੇ ਦਾ ਨੁਕਸਾਨ ਹੋਵੇ ਹੀ ਨਾ ਤੇ ਮੁਆਵਜ਼ਾ ਦੇਣਾ ਹੀ ਨਾ ਪਵੇ। ਕਣਕਾਂ ਨੂੰ ਅੱਗ ਲੱਗਣ ਦਾ ਇੱਕ ਕਾਰਨ ਵੱਡੀ ਗਿਣਤੀ ਵਿੱਚ ਦਰੱਖਤਾਂ ਦੀ ਕਟਾਈ ਕਾਰਨ ਵਾਤਾਵਰਨ ਵਿੱਚ ਵਧਦੀ ਤਪਸ਼ ਵੀ ਹੈ। ਸਮੇਂ ਤੋਂ ਪਹਿਲਾਂ ਇੱਕਦਮ ਤਪਸ਼ ਵਧ ਗਈ, ਕਣਕਾਂ ਪੱਕ ਕੇ ਬਾਰੂਦ ਦੀ ਢੇਰੀ ਬਣੀਆਂ ਹੋਈਆਂ ਸਨ, ਬਸ ਕੋਈ ਵੀ ਕਿਸੇ ਤਰ੍ਹਾਂ ਦੀ ਚੰਗਿਆੜੀ ਨੇ ਸਭ ਰਾਖ ਦੀ ਢੇਰੀ ਬਣਾ ਦਿੱਤਾ। ਇਹ ਵੀ ਸੋਚਣ ਦੀ ਲੋੜ ਹੈ? ਪਿਛਲੇ ਸਾਲਾਂ ਨਾਲੋਂ ਐਤਕੀ ਦੇ ਹਾੜ੍ਹੀ ਸੀਜ਼ਨ ਦੌਰਾਨ ਕਣਕਾਂ ਦੇ ਸੜਨ ਦੀ ਗਿਣਤੀ ਕਈ ਗੁਣਾ ਵੱਧ ਕਿਉਂ ਹੈ? ਦੁਬਈ ਦਾ ਤਾਪਮਾਨ ਰੇਤਲਾ ਇਲਾਕਾ ਹੋਣ ਕਾਰਨ ਗਰਮੀ ਵਿੱਚ ਬਹੁਤ ਵਧ ਜਾਂਦਾ ਸੀ। ਉਥੋਂ ਦੇ ਬਸ਼ਿੰਦਿਆਂ ਨੇ ਸਰਕਾਰ ਨਾਲ ਮਿਲ ਕੇ ਆਪਣੇ ਦੇਸ਼ ਵਿੱਚ ਦਰੱਖਤਾਂ ਦੀ ਗਿਣਤੀ ਸੈਂਕੜੇ ਗੁਣਾਂ ਵਧਾ ਕੇ ਦੁਬਈ ਦੇ ਤਾਪਮਾਨ ਨੂੰ ਭਾਰਤ ਦੇ ਤਾਪਮਾਨ ਨਾਲੋਂ ਘੱਟ ਕਰਨ ਲਈ ਯੋਗਦਾਨ ਪਾਇਆ, ਪ੍ਰੰਤੂ ਇਸ ਦੇ ਉਲਟ ਅਸੀਂ ਖਾਸ ਕਰਕੇ ਪੰਜਾਬੀਆਂ ਨੇ ਪੰਜਾਬ ਵਿੱਚੋਂ ਦਰੱਖਤਾਂ ਦੀ ਕਟਾਈ ਕਰਕੇ ਪੰਜਾਬ ਦੇ ਤਾਪਮਾਨ ਨੂੰ ਵਧਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ।

ਅੰਤਰਰਾਸ਼ਟਰੀ ਊਰਜਾ ਏਜੰਸੀ ਦੀ ਇੱਕ ਰਿਪੋਰਟ ਵਿੱਚ ਭਵਿੱਖਬਾਣੀ ਕੀਤੀ ਗਈ ਹੈ ਕਿ 2050 ਤੱਕ ਭਾਰਤ ਵਿੱਚ ਇੱਕ ਬਿਲੀਅਨ ਤੋਂ ਵੱਧ ਏਅਰ ਕੰਡੀਸ਼ਨ ਚੱਲ ਰਹੇ ਹੋਣਗੇ। ਜੇਕਰ 10 ਫੀਸਦੀ ਏ ਸੀ ਲੱਗਣ ਨਾਲ ਨਾਸਹਿਣ ਯੋਗ ਤਾਪਮਾਨ ਹੋ ਚੁੱਕਾ ਹੈ ਤਾਂ ਏਅਰ ਕੰਡੀਸ਼ਨ ਦੀ ਵਧਦੀ ਤਦਾਦ ਨਾਲ ਤਾਪਮਾਨ ਦੁਬਈ ਦੇ ਤਾਪਮਾਨ ਤੋਂ ਕਿਧਰੇ ਵੱਧ ਹੋ ਜਾਵੇਗਾ ਤੇ ਇਨਸਾਨਾਂ ਦਾ ਕੀ ਹਾਲ ਹੋਵੇਗਾ, ਇਹ ਸੋਚਣ ਵਾਲੀ ਗੱਲ ਹੈ। ਤਾਪਮਾਨ ਨੂੰ ਕੰਟਰੋਲ ਕਰਨ ਲਈ ਨਾ ਤਾਂ ਅਸੀਂ ਦਰੱਖਤ ਛੱਡੇ ਹਨ ਤੇ ਨਾ ਹੀ ਅਸੀਂ ਧਰਤੀ ਹੇਠਲੇ ਪਾਣੀ ਦਾ ਪੱਧਰ ਖਾਸ ਕਰਕੇ ਪੰਜਾਬ ਦਾ ਉੱਚਾ ਰਹਿਣ ਦਿੱਤਾ ਹੈ। ਗੱਲ ਮੁੜ-ਮੁੜ ਕੇ ਸਾਡੇ 'ਤੇ ਹੀ ਢੁਕਦੀ ਹੈ। ਜਦੋਂ ਕਿਤੇ ਸੜਕ 'ਤੇ ਟਰੈਫਿਕ ਜਾਮ ਦੀ ਸਮੱਸਿਆ ਆਉਂਦੀ ਹੈ ਤਾਂ ਪੈਦਲ ਜਾਂ ਸਾਈਕਲ, ਸਕੂਟਰ ਤੇ ਉਥੋਂ ਲੰਘਣਾ ਮੁਸ਼ਕਲ ਹੋ ਜਾਂਦਾ ਹੈ, ਕਿਉਂਕਿ ਸਾਰੀਆਂ ਹੀ ਗੱਡੀਆਂ ਸਟਾਰਟ ਤੇ ਅੰਦਰ ਏ ਸੀ ਚਲਦੇ ਹੋਣ ਕਾਰਨ ਬਾਹਰ ਅੱਤ ਦੀ ਚੁੱਭਵੀਂ ਹੀਟ ਛੱਡ ਰਹੇ ਹੁੰਦੇ ਹਨ । ਇਹੀ ਹਾਲ ਸਾਡੇ ਘਰਾਂ ਵਾਲੇ ਏ ਸੀ ਵਾਤਾਵਰਨ ਦਾ ਕਰਦੇ ਹਨ । ਜੇਕਰ ਸਾਰੀਆਂ ਹੀ ਸੜਕਾਂ ਦੇ ਕਿਨਾਰੇ ਪਹਿਲਾਂ ਦੀ ਤਰ੍ਹਾਂ ਦਰੱਖਤਾਂ ਦੇ ਝੁੰਡ ਲੱਗੇ ਹੋਣ ਤਾਂ ਇਹ ਹਾਲ ਨਾ ਹੋਵੇ। ਖੇਤਾਂ ਵਿੱਚ ਵੀ ਪ੍ਰਤੀ ਏਕੜ ਹਰ ਕਿਸਾਨ 10 ਦਰੱਖਤ ਲਾਉਣ ਨੂੰ ਜੇਕਰ ਪਹਿਲ ਦੇਵੇ ਤਾਂ ਇਹ ਸਮੇਂ ਤੋਂ ਪਹਿਲਾਂ ਏਨੀ ਤਪਸ਼ ਨਾ ਹੋਵੇ, ਜਿਸ ਨਾਲ ਸਾਡੀਆਂ ਸੋਨੇ ਰੰਗੀਆਂ ਕਣਕਾਂ ਸੜ ਕੇ ਸਵਾਹ ਨਾ ਹੋਣ । ਆਉਣ ਵਾਲੇ ਹਾੜ੍ਹੀ ਦੇ ਸੀਜ਼ਨ ਵਾਸਤੇ ਸਾਨੂੰ ਇਸ ਹਾੜ੍ਹੀ ਦੇ ਸੀਜ਼ਨ ਤੋਂ ਸਬਕ ਲੈ ਕੇ ਅਗਲੀ ਕਣਕ ਪੱਕਣ ਵੇਲੇ ਸਾਰੇ ਪਿੰਡ ਦੇ ਘਰਾਂ ਤੋਂ ਇੱਕ-ਇੱਕ ਮੈਂਬਰ ਆਪਣੇ ਪੂਰੇ ਪਿੰਡ ਦੇ ਰਕਬੇ ਵਿੱਚ ਪੱਕੀ ਕਣਕ ਦੀ ਰਾਖੀ ਲਈ ਦਿਨ-ਰਾਤ ਦੇ ਪਹਿਰੇ 'ਤੇ ਰਹਿਣ ਅਤੇ ਜਲੇਬੀਆਂ ਤੇ ਪਕੌੜਿਆਂ ਦੇ ਲੰਗਰਾਂ ਦੇ ਨਾਲ-ਨਾਲ ਹਰ ਪਿੰਡ ਆਪਣੇ ਲਈ ਦੇਸੀ ਤਰੀਕੇ ਦੀਆਂ ਸਟੀਲ ਵਾਲੇ ਵੱਡੇ ਟੈਂਕਾਂ ਵਾਲੀਆਂ ਅੱਗ ਬੁਝਾਊ ਗੱਡੀਆਂ ਪੈਸੇ ਇਕੱਠੇ ਕਰਕੇ ਤਿਆਰ ਕਰਨ, ਤਾਂ ਜੋ ਕਿਸੇ ਵੀ ਸਮੇਂ ਵਾਪਰਦੀ ਅਗਜ਼ਨੀ ਦੀ ਘਟਨਾ 'ਤੇ ਤੁਰੰਤ ਕਾਬੂ ਪਾ ਕੇ ਉਸ ਨੂੰ ਰੋਕਿਆ ਜਾ ਸਕੇ।

# ਸੰਪਰਕ : 96462-00468

# ਸਹੁੰ ਦਾ ਰਿਵਾਜ ਵੀ ਝੂਠ ਕਰਕੇ

ਸਮੁੱਚੇ ਦੇਸ਼ ਦਾ ਇਤਿਹਾਸ ਪੜ੍ਹਨ ਤੋਂ ਬਾਅਦ ਲੱਗਭੱਗ ਇੱਕ ਗੱਲ ਪੱਲੇ ਪੈਂਦੀ ਹੈ ਕਿ ਸੰਸਾਰ ਵਿੱਚ ਮਨੁੱਖ ਦੀ ਹੋਂਦ ਤੋਂ ਬਾਅਦ ਪਹਿਲਾ ਸੱਚ ਨੇ ਜਨਮ ਲਿਆ ਹੋਵੇਗਾ, ਬਾਅਦ 'ਚ ਝੂਠ ਉਤਪੰਨ ਹੋਇਆ ਹੋਏਗਾ। ਜੇ ਕਿਸੇ ਬੱਚੇ ਜਾਂ ਬੱਚੀ ਦੇ ਜਨਮ ਤੋਂ ਗੱਲ ਸ਼ੁਰੂ ਕਰੀਏ ਤਾਂ ਪਹਿਲੇ ਸ਼ਬਦ ਸੱਚ ਨਾਲ ਹੀ ਸੰਬੰਧਤ ਹੁੰਦੇ ਹਨ। ਇਹ ਬੱਚਾ ਜਾਂ ਬੱਚੀ ਮੇਰੀ ਹੈ, ਇਸ ਦਾ ਨਾਂਅ ਇਹ ਹੈ, ਇਸ ਨੇ ਇਸ ਤਰੀਕ ਨੂੰ ਜਨਮ ਲਿਆ, ਇਸ ਦੇ ਪਿਤਾ ਦਾ ਨਾਂਅ ਫਲਾਣਾ ਨਾਂਅ ਹੈ। ਮਾਤਾ ਦਾ ਨਾਂਅ ਇਹ ਹੈ, ਇਤਿਆਦ, ਅਜਿਹੀਆਂ ਸਭ ਗੱਲਾਂ ਸੱਚ ਨਾਲ ਸੰਬੰਧ ਰੱਖਦੀਆਂ ਹਨ, ਹਾਂ ਇਹ ਮੇਰਾ ਪੁੱਤ ਹੋਣ ਕਰਕੇ ਮੇਰਾ ਹੀ ਦੁੱਧ ਚੁੰਘਦਾ ਹੈ ਜਾਂ ਮੈਂ ਇਸ ਨੂੰ ਓਪਰਾ ਦੁੱਧ ਪਿਲਾਉਂਦੀ ਹਾਂ, ਅਜਿਹਾ ਸਭ ਉਦੋਂ ਤੱਕ ਹੁੰਦਾ ਰਿਹਾ ਹੋਵੇਗਾ, ਜਦ ਤੱਕ ਬੱਚੇ ਨੇ ਪੂਰਾ-ਪੂਰਾ ਬੋਲਣਾ ਨਹੀਂ ਸਿਖਿਆ, ਉਦੋਂ ਤੱਕ ਬੱਚੇ ਨੇ ਸਿਰਫ਼ ਆਪਣੀ ਮਾਂ ਨੂੰ ਹੀ ਮਾਂ ਆਖਿਆ, ਮਾਂ ਦੀ ਕਿਸੇ ਹੋਰ ਹਮ-ਉਮਰ ਔਰਤ ਨੂੰ ਮਾਂ ਨਹੀਂ ਆਖਿਆ, ਇਹ ਅਜਿਹਾ ਸਭ ਸੱਚ 'ਚ ਆਉਂਦਾ ਹੈ।

ਹੁਣ ਅਗਲਾ ਦੌਰ ਸ਼ੁਰੂ ਹੁੰਦਾ ਹੈ, ਜਦ ਬੱਚਾ ਬੋਲਣਾ ਸ਼ੁਰੂ ਕਰਦਾ ਹੈ, ਜਿਹੜਾ ਮਾਂ ਤੋਂ ਇਲਾਵਾ ਆਪਣੇ ਬਾਪ ਨੂੰ ਡੈਡੀ ਆਖਦਾ ਹੈ, ਬਾਪ ਦੇ ਛੋਟੇ ਭਰਾ ਨੂੰ ਚਾਚਾ ਆਖਦਾ ਹੈ ਤੇ ਵੱਡੇ ਭਰਾ ਨੂੰ ਤਾਇਆ ਆਖਣਾ ਸ਼ੁਰੂ ਕਰਦਾ ਹੈ, ਅਤੇ ਆਪਣੇ ਬਾਪ ਦੀ ਮਾਂ ਨੂੰ ਦਾਦੀ ਕਹਿਣਾ ਸ਼ੁਰੂ ਕਰਦਾ-ਕਰਦਾ ਪਰਵਾਰ ਦੇ ਸਭ ਰਿਸ਼ਤਿਆਂ ਨਾਲ ਜਾਣੂੰ ਹੋ ਜਾਂਦਾ ਹੈ। ਹੌਲੀ-ਹੌਲੀ ਉਸ ਨੂੰ ਜਦ ਪਤਾ ਲੱਗਦਾ ਹੈ, ਜਿਸ ਬੁਰੀ ਆਦਤ ਤੋਂ ਉਸ ਨੂੰ ਝਿੜਕਾਂ ਪੈਂਦੀਆਂ ਹਨ, ਉਸ ਤੋਂ ਬਚਣ ਲਈ ਉਹ ਝੂਠ ਦਾ ਸਹਾਰਾ ਲੈਂਦਾ ਹੈ। ਸਕੂਲੇ ਜਾਣ ਸਮੇਂ, ਸਕੂਲ ਦਾ ਕੰਮ ਨਾ ਕਰਨ ਕਰਕੇ, ਉਹ ਆਲੇ-ਦੁਆਲੇ ਤੋਂ ਜੋ ਸਿੱਖਣਾ ਹੈ, ਉਹ ਜੋ ਸੱਚ ਨੂੰ ਲੁਕਾਉਣ ਲਈ ਆਖਦਾ ਹੈ, ਉਸ ਨੂੰ ਅਸਲ 'ਚ ਝੂਠ ਕਿਹਾ ਜਾਂਦਾ ਹੈ, ਅਜਿਹੀਆਂ ਗੱਲਾਂ ਤੋਂ ਸਾਡਾ ਭਾਵ ਹੈ ਕਿ ਇਸ ਸੰਸਾਰ ਜਾਂ ਸਮਾਜ 'ਚ ਸੱਚ ਨੇ ਪਹਿਲਾਂ ਜਨਮ ਲਿਆ ਤੇ ਝੂਠ ਨੇ ਬਾਅਦ ਵਿੱਚ। ਉਂਝ ਅਗਰ ਪੂਰੀ ਗੰਭੀਰਤਾ ਨਾਲ ਸੋਚਿਆ ਜਾਵੇ ਤਾਂ ਸੱਚਮੁੱਚ ਹੀ ਇੱਕ ਮਨੁੱਖ ਪੂਰਾ-ਪੂਰਾ ਸੱਚ ਬੋਲ ਕੇ ਜ਼ਿੰਦਗੀ ਕੱਟ ਸਕਦਾ ਸੀ, ਸਕੂਲ ਵਿੱਚ ਬੱਚਾ ਅਕਸਰ ਸਕੂਲ ਦਾ ਕੰਮ ਨਾ ਕਰਨ ਕਰਕੇ ਕਾਪੀ ਘਰ ਰਹਿ ਗਈ ਹੈ, ਆਦਿ ਦਾ ਝੂਠਾ ਬਹਾਨਾ ਬਣਾ ਕੇ ਆਪਣੇ ਅਧਿਆਪਕ ਦੀ ਮਾਰ ਤੋਂ ਬਚਣ ਲਈ ਅਜਿਹਾ ਕਰਦਾ ਹੈ, ਜਿਨ੍ਹਾਂ ਨੂੰ ਅਜਿਹੇ ਕੰਮਾਂ 'ਚ ਸ਼ਹਿ ਮਿਲ ਜਾਵੇ,


ਐਡਵੋਕੇਟ ਗੁਰਮੀਤ ਸਿੰਘ ਸ਼ੁਗਲੀ

ਉਹ ਹੌਲੀ-ਹੌਲੀ ਆਪਣੀ ਜ਼ਿੰਦਗੀ ਵਿੱਚ ਝੂਠ ਦਾ ਸਹਾਰਾ ਵਧਾਉਂਦੇ ਰਹਿੰਦੇ ਹਨ ਅਤੇ ਆਪਣੇ ਦਿਨ-ਰਾਤ ਦੇ ਵਿਵਹਾਰ ਵਿੱਚ ਸੱਚ ਦੀ ਕਟੌਤੀ ਕਰਦੇ ਰਹਿੰਦੇ ਹਨ। ਇਸ ਸੰਸਾਰ ਵਿੱਚ ਜਿਸ ਨੇ ਸੱਚ ਦਾ ਪੱਲਾ ਫੜਿਆ, ਉਹ ਤਰ ਵੀ ਗਏ ਜਾਂ ਇਸ ਦੁਨੀਆ ਵਿੱਚ ਸੱਚ ਸਦਕਾ ਫਾਹੇ ਤੱਕ ਵੀ ਲੱਗ ਗਏ, ਪਰ ਉਨ੍ਹਾਂ ਨੇ ਕਿਸੇ ਹਾਲਤ ਵਿੱਚ ਝੂਠ ਦਾ ਸਹਾਰਾ ਨਹੀਂ ਲਿਆ, ਝੂਠ ਦੀ ਜਿੱਤ ਭਾਵੇਂ ਜ਼ਿਆਦਾ ਵਾਰ ਹੁੰਦੀ ਹੈ, ਪਰ ਉਹ ਸਦੀਵੀ ਕਦੇ ਵੀ ਨਹੀਂ ਹੋ ਸਕਦੀ, ਅੱਜ ਦੇ ਦਿਨ ਅਗਰ ਤੁਸੀਂ ਸੰਸਾਰ ਦੇ ਵੱਖ-ਵੱਖ ਚੋਟੀ ਦੇ ਆਗੂਆਂ ਵੱਲ ਧਿਆਨ ਦਿਓਗੇ, ਤਾਂ ਤੁਹਾਨੂੰ ਪਤਾ ਲੱਗੇਗਾ ਕਿ ਝੂਠ ਦਾ ਸਹਾਰਾ ਤਕਰੀਬਨ ਸਾਰੇ ਨੇਤਾ ਆਪਣੀ ਰਾਜਨੀਤੀ ਚਮਕਾਉਣ ਲਈ ਕਰ ਰਹੇ ਹਨ। ਸਭ ਨੇਤਾ ਆਪਣੀ ਜਨਤਾ ਅੱਗੇ ਸਮੇਂ-ਸਮੇਂ ਸਿਰ ਆਪਣੀ ਸਰਕਾਰ ਬਚਾਉਣ ਲਈ ਤਰ੍ਹਾਂ-ਤਰ੍ਹਾਂ ਦਾ ਝੂਠ ਜਨਤਾ ਅੱਗੇ ਵੱਖ-ਵੱਖ ਰੂਪਾਂ ਵਿੱਚ ਪਰੋਸਦੇ ਰਹਿੰਦੇ ਹਨ। ਜੇਕਰ ਨੀਝ ਲਾ ਕੇ ਅਜੋਕੀ ਭਾਰਤ ਦੀ ਸਿਆਸਤ ਵੱਲ ਨਿਗ੍ਹਾ ਮਾਰੀ ਜਾਏ, ਤੁਹਾਨੂੰ ਸਾਫ਼ ਦਿਖੇਗਾ ਕਿ ਬਹੁਤਾ ਕੁਝ ਉਹ ਹੋ ਰਿਹਾ ਹੈ, ਜੋ ਬਹੁਤਾ ਕਰਕੇ ਜਨਤਾ ਨੂੰ ਦੱਸਿਆ ਨਹੀਂ ਜਾ ਰਿਹਾ, ਜੋ ਨਹੀਂ ਹੋ ਰਿਹਾ ਅਤੇ ਨਾ ਹੀ ਨੇੜ-ਭਵਿੱਖ ਵਿੱਚ ਹੋਣਾ ਹੈ, ਉਸ ਨੂੰ ਬੜੇ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰਿਆ ਜਾ ਰਿਹਾ ਹੈ। ਜਿਵੇਂ ਤੁਸੀਂ ਜਾਣਦੇ ਹੋ ਕਿ ਭਾਰਤ ਨੂੰ ਕਦੇ ਵਿਸ਼ਵ ਗੁਰੂ ਗਰਦਾਨਿਆ ਜਾ ਰਿਹਾ ਹੈ, ਕਦੇ ਸੰਸਾਰ ਦੀ ਤੀਜੀ ਸ਼ਕਤੀ ਆਉਣ ਵਾਲੇ ਸਮੇਂ 'ਚ ਬਣਨ ਦੇ ਦਾਅਵੇ ਕੀਤੇ ਜਾ ਰਹੇ ਹਨ, ਕਦੇ ਸੰਸਾਰ ਦੇ ਹਰਮਨ ਪਿਆਰੇ ਲੀਡਰਾਂ ਵਿੱਚ ਆਪਣਾ ਨਾਂਅ ਚਮਕਾਇਆ ਜਾ ਰਿਹਾ ਹੈ, ਜਦ ਕਿ ਅਜਿਹੇ ਸਭ ਵਾਅਦੇ ਅਸਲੀਅਤ ਤੋਂ ਕਿਤੇ ਦੂਰ ਹਨ, ਜਿਵੇਂ 85 ਕਰੋੜ ਲੋਕਾਂ ਨੂੰ ਮੁਫ਼ਤ ਅਨਾਜ ਅਤੇ 30 ਕਰੋੜ ਲੋਕ ਗਰੀਬੀ ਤੋਂ ਇਸ ਸਾਲ ਉੱਪਰ ਉੱਠੇ ਹਨ, ਸਭ ਦਰਸਾਉਂਦੇ ਹਨ ਕਿ ਅਸੀਂ ਕਿੰਨੇ ਕੁ ਪਾਣੀ ਵਿੱਚ ਹਾਂ। ਦਿਨ-ਰਾਤ ਜਿੰਨਾ ਰੌਲਾ ਤੁਸੀਂ ਜਾਤ-ਪਾਤ ਅਤੇ ਵੱਖ-ਵੱਖ ਧਰਮਾਂ ਬਾਬਤ ਸੁਣ ਰਹੇ ਹੋ, ਉਸ ਤੋਂ ਚੌਥੇ ਹਿੱਸੇ ਦਾ ਰੌਲਾ ਕਦੇ ਜਨਤਾ ਦਾ ਪੱਧਰ ਉੱਪਰ ਚੁੱਕਣ ਬਾਬਤ ਨਹੀਂ ਸੁਣਿਆ ਹੋਵੇਗਾ। ਅਜਿਹਾ ਰੌਲਾ ਕਦੇ ਵਿੱਦਿਆ ਬਾਬਤ ਨਹੀਂ ਸੁਣਿਆ ਹੋਏਗਾ, ਨਾ ਹੀ ਅਜਿਹਾ ਰੌਲਾ ਕਦੇ ਕਾਲਜ, ਯੂਨੀਵਰਸਿਟੀਆਂ ਬਣਾਉਣ ਖਾਤਰ ਜਾਂ ਉਨ੍ਹਾਂ ਵਿੱਚ ਕੰਮ ਕਰਦੇ ਲੋਕਾਂ ਦੀਆਂ ਤਨਖਾਹਾਂ ਬਾਬਤ ਸੁਣਿਆ ਹੋਵੇਗਾ। ਨਾ ਹੀ ਸਮੁੱਚੀ ਜਨਤਾ ਨੂੰ ਉੱਚਾ ਚੁੱਕਣ ਬਾਰੇ ਵਿਉਂਤਾਂ ਅਸਲੀ ਰੂਪ 'ਚ ਦੇਖੀਆਂ ਹੋਣਗੀਆਂ।

ਪਿਛਲੇ ਹਫ਼ਤੇ ਹੋਏ ਪਹਿਲਗਾਮ 'ਚ ਅੱਤਵਾਦੀ ਹਮਲੇ ਨੇ ਕਈ ਕੁਝ ਨਵਾਂ ਸਮੁੱਚੀ ਜਨਤਾ ਅੱਗੇ ਪਰੋਸਿਆ ਹੈ, ਅਸੀਂ ਉਸ ਪਹਿਲਗਾਮ ਦੀ ਗੱਲ ਕਰ ਰਹੇ ਹਾਂ, ਜਿੱਥੇ ਸਾਡੇ 3 ਲੱਖ ਯਾਤਰੀਆਂ ਦੇ ਪਹੁੰਚਣ ਦਾ ਟੀਚਾ ਪੂਰਾ ਹੋਣ ਵਾਲਾ ਸੀ। ਜਿਥੇ ਸੈਂਕੜਿਆ ਦੀ ਗਿਣਤੀ ਵਿੱਚ ਵੱਖ-ਵੱਖ ਥਾਵਾਂ ਤੋਂ ਆਏ ਸੈਲਾਨੀ ਸਮੇਤ ਉਥੋਂ ਦੇ ਲੋਕਲ ਬਾਸ਼ਿੰਦਿਆਂ ਦੇ ਮੌਜੂਦ ਹੋਣ ਦੇ ਬਾਵਜੂਦ ਅੱਧੀ ਦਰਜਨ ਦੇ ਲੱਗਭੱਗ ਅੱਤਵਾਦੀ ਸਭ ਨੂੰ ਝੁਕਾਨੀ ਦੇ ਕੇ ਦੋ ਦਰਜਨ ਤੋਂ ਵੱਧ ਸੈਲਾਨੀਆਂ ਨੂੰ ਸਦਾ ਦੀ ਨੀਂਦ ਸੁਲਾ ਗਏ ਹਨ ਅਤੇ ਕਈਆਂ ਨੂੰ ਆਪਣੇ ਅੱਤਵਾਦੀ ਕਾਰਨਾਮਿਆਂ ਨਾਲ ਨਕਾਰਾ ਕਰ ਗਏ ਹਨ। ਇਹ ਭਾਣਾ ਉਦੋਂ ਵਾਪਰਿਆ, ਜਦੋਂ ਉਸ ਜਗ੍ਹਾ, ਜਿੱਥੇ ਲੱਗਭੱਗ 3 ਮਹੀਨੇ ਪਹਿਲਾਂ ਪੁਲਸ ਚੌਂਕੀ ਨੂੰ ਹਟਾ ਦਿੱਤਾ ਗਿਆ ਸੀ, ਕੋਈ ਪੁਲਸ ਅਧਿਕਾਰੀ ਨਾ ਹੋਣ ਕਰਕੇ ਸੈਲਾਨੀਆਂ ਦੀ ਅੱਤ ਦੀ ਖੱਜਲ-ਖਰਾਬੀ ਹੋਈ। ਸਕਿਉਰਟੀ ਬਾਰੇ ਵੀ ਹੁਣ ਇਹ ਭੇਤ ਖੁੱਲ੍ਹਿਆ ਹੈ ਕਿ ਇਸ ਦੀ ਘਾਟ ਇਸ ਕਰਕੇ ਸੀ, ਕਿਉਂਕਿ ਮੌਜੂਦਾ ਸਰਕਾਰ ਨੇ ਪਿਛਲੇ ਸਮੇਂ 'ਚ ਬਣਦੀ ਲੱਗਭੱਗ ਪੌਣੇ 2 ਲੱਖ ਫੌਜੀਆਂ ਦੀ ਭਰਤੀ ਨਾ ਕਰਕੇ ਪੈਸਾ ਬਚਾਇਆ । ਇਸ ਕੋਤਾਹੀ ਕਰਕੇ ਕਈਆਂ ਨੂੰ ਹੱਥ ਧੋਣੇ ਪਏ। ਜਨਤਾ ਨੂੰ ਕੁਝ ਦੱਸਿਆ ਜਾ ਰਿਹਾ ਹੈ, ਅਸਲੀਅਤ ਕੁਝ ਹੋਰ ਨਿਕਲੀ ਹੈ। ਇਹ ਠੀਕ ਹੈ ਕਿ ਮਰਨ ਵਾਲਿਆਂ 'ਚ ਜ਼ਿਆਦਾ ਹਿੰਦੂ ਸਨ, ਜਿਨ੍ਹਾਂ ਦਾ ਧਰਮ ਪੁੱਛ ਕੇ ਗੋਲੀਆਂ ਮਾਰੀਆਂ ਗਈਆਂ, ਪਰ ਸਾਨੂੰ ਇਹ ਵੀ ਨਹੀਂ ਭੁੱਲਣਾ ਚਾਹੀਦਾ ਕਿ ਮਰਨ ਵਾਲਿਆਂ 'ਚ ਮੁਸਲਮਾਨ ਵੀ ਸ਼ਾਮਲ ਸਨ। ਅੰਦਰ ਵੜ ਕੇ ਮਾਰਨ ਦਾ ਜੋ ਪ੍ਰਚਾਰ ਗੋਦੀ ਮੀਡੀਆ ਰਾਹੀਂ ਦਿਨ-ਰਾਤ ਬਿਨਾਂ ਬ੍ਰੇਕ ਕੀਤਾ ਜਾ ਰਿਹਾ ਹੈ, ਉਹ ਦੋਹਾਂ ਦੇਸ਼ਾਂ ਦੇ ਹਿੱਤ ਵਿੱਚ ਨਹੀਂ ਹੈ, ਸਾਨੂੰ ਜੰਗ ਤੋਂ ਬਗ਼ੈਰ ਬਾਕੀ ਵਿਕਲਪਾਂ 'ਤੇ ਵੀ ਗੰਭੀਰ ਸੋਚ-ਵਿਚਾਰ ਕਰਨੀ ਚਾਹੀਦੀ ਹੈ, ਅਸੀਂ ਅਮਰੀਕਾ ਵਾਂਗ ਲਾਦੇਨ ਦੀ ਤਰ੍ਹਾਂ ਕੁਝ ਕਰਨ ਦੇ ਸਮਰੱਥ ਨਹੀਂ ਹਾਂ, ਸਾਨੂੰ ਜਾਤ-ਪਾਤ, ਧਰਮ ਤੇ ਧਰਮਾਂ ਦਾ ਰੌਲਾ ਪਤਾ ਨਹੀਂ ਅਖੀਰ ਕਿੱਥੇ ਲੈ ਜਾਵੇਗਾ, ਅਜਿਹੀ ਲੱਗੀ ਅੱਗ ਸਹਿਜੇ ਬੁਝਣ ਵਾਲੀ ਨਹੀਂ ਹੋਵੇਗੀ, ਕਾਰਨ ਦੋਹਾਂ ਦੇਸ਼ ਦਾ ਡੀ ਐੱਨ ਏ ਲੱਗਭੱਗ ਇਕੋ ਜਿਹਾ ਹੈ, ਧਰਮ ਦੇ ਅਧਾਰ 'ਤੇ ਦੋ ਦੇਸ਼ ਬਣਨ ਤੋਂ ਪਹਿਲਾਂ ਅਸੀਂ ਇੱਕ ਹੀ ਸਾਂ, ਦੇਸ਼ਾਂ ਦੀ ਤਬਾਹੀ ਕੋਈ ਚੰਗੇ ਨਤੀਜੇ ਨਹੀਂ ਕੱਢੇਗੀ, ਅਖੀਰ ਭਾਰਤ ਦੀ ਮੌਜੂਦਾ ਸਰਕਾਰ ਨੂੰ ਅਸੀਂ ਅਪੀਲ ਕਰਾਂਗੇ ਕਿ ਸੰਸਾਰ ਪ੍ਰਸਿੱਧ ਕਈ ਦੇਸ਼ਾਂ ਦੇ ਲੀਡਰ ਤੁਹਾਡੇ ਨਾਲ ਹਨ, ਸਿੱਧੀ ਜੰਗ ਤੋਂ ਬਗ਼ੈਰ ਹੋਰ ਵਿਕਲਪ 'ਤੇ ਵਿਚਾਰ ਕਰਕੇ ਦੇਖਣਾ ਚਾਹੀਦਾ ਹੈ। ਅਖੀਰ 'ਚ ਅਸੀਂ ਗੋਦੀ ਮੀਡੀਆ ਨੂੰ ਵੀ ਅਪੀਲ ਕਰਾਂਗੇ ਕਿ ਉਹ ਭੜਕਾਊ ਭਾਸ਼ਣਾਂ ਨੂੰ ਬੇਲੋੜੀ ਹਵਾ ਦੇਣ ਤੋਂ ਸੰਕੋਚ ਕਰੇ।

# ਸੰਪਰਕ : 98721-65741

# ਪਾਕਿ ਨੇ ਗੇਂਦ ਭਾਰਤੀ ਵਿਹੜੇ 'ਚ ਸੁੱਟੀ !

ਜਦੋਂ ਵੀ ਕੋਈ ਨਰਸੰਘਾਰ ਹੁੰਦਾ ਹੈ ਤਾਂ ਦੋਸ਼ਾਂ ਅਤੇ ਪ੍ਰਤੀ ਦੋਸ਼ਾਂ ਦਾ ਸਿਲਸਿਲਾ ਸ਼ੁਰੂ ਹੋ ਜਾਂਦਾ ਹੈ ਪਹਿਲਗਾਮ ਦੀ ਘਟਨਾ ਕੋਈ ਨਵੀਂ ਘਟਨਾ ਨਹੀ, ਇਸ ਤੋਂ ਪਹਿਲਾਂ ਵੀ ਅਜਿਹੀਆਂ ਘਟਨਾਵਾਂ ਵਾਪਰਦੀਆਂ ਰਹੀਆਂ ਹਨ ਅਤੇ ਭਵਿੱਖ ਵਿੱਚ ਵੀ ਵਾਪਰਦੀਆਂ ਰਹਿਣਗੀਆਂ । ਭਾਰਤ ਦੀ ਵੰਡ ਹੋਣ ਤੋਂ ਲੈ ਕੇ ਹੁਣ ਤੱਕ ਇਹ ਵਰਤਾਰਾ ਚੱਲ ਰਿਹਾ ਹੈ ।ਫਰਕ ਸਿਰਫ਼ ਏਨਾ ਹੈ ਕਿ ਪਹਿਲਾਂ ਭਾਜਪਾ ਸਮੇਤ ਕਾਂਗਰਸ ਵਿਰੋਧੀ ਧਿਰਾਂ ਇਸ ਦਾ ਜਵਾਬ ਮੰਗਦੀਆਂ ਸਨ ਅਤੇ ਹੁਣ ਕਾਂਗਰਸ ਸਮੇਤ ਭਾਜਪਾ ਵਿਰੋਧੀ ਧਿਰਾਂ ਜਵਾਬ ਮੰਗ ਰਹੀਆਂ ਹਨ । ਕੇਂਦਰ ਵਿੱਚ ਰਾਜ ਕਰ ਰਹੀਆਂ ਜਾ ਕਰ ਚੁੱਕੀਆਂ ਪਾਰਟੀਆਂ ਇਹ ਦਾਅਵਾ ਨਹੀ ਕਰ ਸਕਦੀਆਂ ਕਿ ਉਹਨਾਂ ਦੇ ਕਾਰਜ ਕਾਲ ਦੌਰਾਨ ਅਜਿਹੀਆਂ ਵਾਰਦਾਤਾਂ ਨਹੀ ਹੋਈਆਂ ਸਨ । ਇਸ ਵਿਚ ਸਾਂਝਾ ਫੈਕਟਰ ਇਹ ਹੈ ਕਿ ਜਿਸ ਧਿਰ ਨੂੰ ਅਜਿਹੀਆਂ ਵਾਰਦਾਤਾਂ ਨਾਲ ਫਾਇਦਾ ਪਹੁੰਚਦਾ ਹੈ, ਉਸ ਧਿਰ ਵੱਲ ਵੱਧ ਉਂਗਲਾ ਉੱਠਣ ਲੱਗ ਪੈਂਦੀਆਂ ਹਨ । ਪਹਿਲਾਂ ਇਹ ਇਲਜ਼ਾਮ ਸੁਸਤ ਰਫ਼ਤਾਰ ਨਾਲ ਲਾਏ ਜਾਂਦੇ ਸਨ, ਪਰ ਹੁਣ ਕੋਈ ਲਿਹਾਜ਼ ਨਹੀ ਕੀਤਾ ਜਾਂਦਾ ।

ਸੋਸ਼ਲ ਮੀਡੀਆ ਦੀ ਆਮਦ ਨਾਲ ਦੋਸ਼ਾਂ ਅਤੇ ਪ੍ਰਤੀਦੋਸ਼ਾਂ ਦਾ ਸਿਲਸਿਲਾ ਹੋਰ ਵੀ ਪ੍ਰਚੰਡ ਰੂਪ ਧਾਰਨ ਕਰ ਗਿਆ ਹੈ । ਅਜਿਹੀਆਂ ਹਿੰਸਕ ਘਟਨਾਵਾਂ ਨੂੰ ਰਾਜਨੀਤਕ ਸਮੀਕਰਨਾਂ ਨਾਲ ਜੋੜ ਕੇ ਦੇਖਿਆ ਜਾਣ ਲੱਗ ਪਿਆ ਹੈ । ਮੌਜੂਦਾ ਸਮੇਂ ਵਿੱਚ ਮਾਨਵੀ ਪੱਖ ਪੂਰੀ ਤਰ੍ਹਾਂ ਗਾਇਬ ਹੋ ਗਿਆ ਹੈ । ਮਾੜੀ ਤੋਂ ਮਾੜੀ ਘਟਨਾ ਵਿਚੋਂ ਵੀ ਰਾਜਸੀ ਲਾਹਾ ਲੈਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ । 2014 ਤੋਂ ਬਾਅਦ ਤਾਂ ਵੱਖ-ਵੱਖ ਫਿਰਕਿਆਂ ਦੀ ਗੋਲਬੰਦੀ ਦੇ ਚੱਕਰ ਵਿੱਚ ਹਰ ਮੁਸਲਮਾਨ ਨੂੰ ਪਾਕਿਸਤਾਨ ਦੇ ਪ੍ਰਤੀਨਿਧ ਅਤੇ ਹਰ ਹਿੰਦੂ ਨੂੰ ਭਾਰਤ ਦੇ ਪ੍ਰਤੀਨਿਧ ਵਜੋਂ ਪੇਸ਼ ਕੀਤਾ ਜਾਣ ਲੱਗ ਪਿਆ ਹੈ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ । ਸਰਕਾਰ ਨਾਲ ਅਸਹਿਮਤੀ ਰੱਖਣ ਵਾਲੇ ਹਿੰਦੂ-ਮੁਸਲਮਾਨ ਚੀਕ-ਚੀਕ ਕੇ ਭਾਰਤ ਪ੍ਰਤੀ ਵਫ਼ਾਦਾਰੀ ਦੀ ਦੁਹਾਈ ਦੇ ਰਹੇ ਹਨ, ਲੇਕਿਨ ਉਹਨਾਂ ਦੀ ਕੋਈ ਨਹੀ ਸੁਣ ਰਿਹਾ । ਮੇਨ ਸਟਰੀਮ ਮੀਡੀਆ ਅਤੇ ਬਹੁ-ਗਿਣਤੀ ਹੱਥਾਂ ਹੇਠਲਾ ਸੋਸ਼ਲ ਮੀਡੀਆ ਇੱਕੋ ਰਾਗ ਅਲਾਪ ਰਿਹਾ ਹੈ ਕਿ ਜੇ ਤੁਸੀਂ ਭਾਜਪਾ ਸਰਕਾਰ ਦੀ ਹਾਂ ਵਿੱਚ ਹਾਂ ਨਹੀਂ ਮਿਲਾਉਂਦੇ ਤਾਂ ਤੁਸੀਂ ਦੇਸ਼ ਵਿਰੋਧੀ ਹੋ ।


ਹਰਜਿੰਦਰ ਸਿੰਘ ਗੁਲਪੁਰ

ਹਾਲ ਹੀ ਵਿੱਚ ਵਾਪਰੀ ਘਟਨਾ ਨੇ ਦਹਾਕਿਆਂ ਤੋਂ ਸੰਤਾਪ ਹੰਢਾ ਰਹੇ ਕਸ਼ਮੀਰੀ ਅਵਾਮ ਦੇ ਜ਼ਖ਼ਮਾਂ 'ਤੇ ਲੂਣ ਛਿੜਕਣ ਦਾ ਕੰਮ ਕੀਤਾ ਹੈ । ਭਾਜਪਾ ਦੀ ਨੀਤੀ ਅਨੁਸਾਰ ਉਸ ਦੇ ਸਮਰਥਕਾਂ ਵੱਲੋਂ ਇਸ ਵਾਰਦਾਤ ਨੂੰ ਧਰਮ ਨਾਲ ਜੋੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਭਾਜਪਾ ਨੇ ਸੋਸ਼ਲ ਮੀਡੀਆ 'ਤੇ ਪਾਈ ਪੋਸਟ ਵਿੱਚ ਇਹ ਕਿਹਾ ਹੈ ਕਿ 'ਕਾਤਲਾਂ ਨੇ ਗੋਲੀ ਮਾਰਨ ਸਮੇਂ ਧਰਮ ਪੁੱਛਿਆ ਜਾਤੀ ਨਹੀ ਪੁੱਛੀ।' ਇਸ ਬਿਆਨ ਖਿਲਾਫ ਧਰਮ ਨਿਰਪੱਖ ਲੋਕਾਂ ਨੇ ਅਤੇ ਘੱਟ ਗਿਣਤੀਆਂ ਨੇ ਜ਼ਬਰਦਸਤ ਪ੍ਰਤੀਕਿਰਿਆ ਪਰਗਟ ਕੀਤੀ ਹੈ ।ਜਿਸ ਤਰ੍ਹਾਂ ਭਾਰਤ ਨੇ ਪਾਕਿਸਤਾਨ ਖਿਲਾਫ ਕੁਝ ਫ਼ੈਸਲੇ ਕੀਤੇ ਹਨ, ਉਸ ਤੋਂ ਪਤਾ ਲਗਦਾ ਹੈ ਕਿ ਸਮੱਸਿਆ ਨੇ ਗੰਭੀਰ ਰੂਪ ਧਾਰਨ ਕਰ ਲਿਆ ਹੈ । ਖੋਜੀ ਪੱਤਰਕਾਰ ਪ੍ਰਸੂਨ ਵਾਜਪਾਈ ਅਨੁਸਾਰ ਇਸ ਹਮਲੇ ਦਾ ਸੰਬੰਧ ਅੰਤਰਰਾਸ਼ਟਰੀ ਟਰੇਡ ਵਾਰ ਨਾਲ ਹੈ । ਉਸ ਅਨੁਸਾਰ ਟਰੇਡ ਵਾਰ ਦੇ ਇਸ ਦੌਰ ਵਿਚ ਭਾਰਤ ਦਾ ਸਾਰੇ ਦੇਸ਼ਾਂ ਲਈ ਬਹੁਤ ਵੱਡਾ ਮਹੱਤਵ ਹੈ । ਵੱਡੇ ਤੋਂ ਵੱਡਾ ਦੇਸ਼ ਭਾਰਤੀ ਉਪਭੋਗਤਾਵਾਂ ਦੀ ਵਿਸ਼ਾਲ ਮੰਡੀ ਨਾਲ ਸੰਬੰਧ ਵਿਗਾੜਨੇ ਨਹੀ ਚਾਹੁੰਦਾ । ਇਸੇ ਲਈ ਭਾਰਤ ਇਸ ਵਪਾਰਕ ਯੁੱਧ ਵਿੱਚ ਚੁੱਪ ਕਰਕੇ ਬੈਠਾ ਹੈ ਤਾਂ ਕਿ ਦੇਸ਼ ਦੀ ਆਰਥਿਕ ਸਥਿਤੀ ਨੂੰ ਪੈਰਾਂ ਸਿਰ ਕੀਤਾ ਜਾ ਸਕੇ ।ਪਾਕਿਸਤਾਨ ਅਤੇ ਕੁਝ ਹੋਰ ਦੇਸ਼ਾਂ ਨੂੰ ਭਾਰਤ ਦੀ ਇਹ ਰਣਨੀਤੀ ਰਾਸ ਨਹੀ ਆ ਰਹੀ ਕਿ ਭਾਰਤ ਦੀ ਮੰਡੀ ਦੁਨੀਆ ਭਰ ਦੇ ਦੇਸ਼ਾਂ ਦਾ ਕੇਂਦਰ ਬਣੇ । ਬਕੌਲ ਉਪਰੋਕਤ ਪੱਤਰਕਾਰ ਇਹ ਹਮਲਾ ਭਾਰਤ ਨੂੰ ਆਰਥਿਕ ਲੀਹ ਤੋਂ ਲਾਹ ਕੇ ਸਿੱਧੀ ਜੰਗ ਵਿੱਚ ਫਸਾਉਣ ਲਈ ਕੀਤਾ ਗਿਆ ਹੋ ਸਕਦਾ ਹੈ । ਇਸ ਦੀ ਪੁਸ਼ਟੀ ਕਰਨ ਲਈ ਇਸ ਪੱਤਰਕਾਰ ਨੇ ਹਮਲੇ ਤੋਂ ਪੰਜ ਦਿਨ ਪਹਿਲਾਂ ਪਾਕਿਸਤਾਨੀ ਫੌਜ ਦੇ ਮੁਖੀ ਵੱਲੋਂ ਪ੍ਰਧਾਨ ਮੰਤਰੀ ਸਾਹਮਣੇ ਆਖੇ ਲਫ਼ਜ਼ਾਂ ਦਾ ਜ਼ਿਕਰ ਕੀਤਾ ਹੈ । ਪਾਕਿਸਤਾਨ ਆਰਮੀ ਚੀਫ ਅਸੀਮ ਮੁਨੀਰ ਨੇ ਸਰੇਆਮ ਕਿਹਾ ਕਿ ਜੋ ਭਾਰਤ 'ਤੇ ਹਮਲਾ ਕਰੇਗਾ ਸਾਨੂੰ ਉਸ ਦੀ ਮਦਦ ਕਰਨੀ ਚਾਹੀਦੀ ਹੈ ।ਸੈਲਾਨੀਆਂ ਉੱਤੇ ਹਮਲਾ ਕਿਸ ਨੇ ਕੀਤਾ, ਕਿਸ ਨੇ ਕਰਵਾਇਆ ਜਾਂ ਇਸ ਹਮਲੇ ਦਾ ਮਕਸਦ ਕੀ ਹੋ ਸਕਦਾ ਹੈ, ਕਿਸੇ ਨੂੰ ਕੁਝ ਨਹੀ ਪਤਾ । ਬਸ ਕਿਆਫ਼ੇ ਲਗਾਏ ਜਾ ਰਹੇ ਹਨ । ਅਫ਼ਸੋਸ ਇਸ ਗੱਲ ਦਾ ਹੈ ਕਿ ਇਸ ਹਮਲੇ ਦੀ ਆੜ ਹੇਠ ਕੁਝ ਲੋਕਾਂ ਵੱਲੋਂ ਨਫ਼ਰਤ ਦਾ ਬਜ਼ਾਰ ਗਰਮ ਕੀਤਾ ਜਾ ਰਿਹਾ ਹੈ । ਇਸ ਦੇ ਬਾਵਜੂਦ ਜਿਸ ਤਰ੍ਹਾਂ ਕਸ਼ਮੀਰੀ ਅਵਾਮ ਨੇ ਪੀੜਤਾਂ ਨਾਲ ਹਮਦਰਦੀ ਦਾ ਪ੍ਰਗਟਾਵਾ ਕੀਤਾ ਹੈ, ਉਸ ਦੀ ਸ਼ਲਾਘਾ ਕਰਨੀ ਬਣਦੀ ਹੈ । ਕਸ਼ਮੀਰੀ ਵਾਹਨ ਚਾਲਕਾਂ ਵੱਲੋਂ ਸੈਲਾਨੀਆਂ ਨੂੰ ਮੁਫ਼ਤ ਸੇਵਾਵਾਂ ਪ੍ਰਦਾਨ ਕੀਤੀਆਂ ।ਕੁਝ ਰਾਜਸੀ ਵਿਸ਼ਲੇਸ਼ਣ ਇਸ ਵਾਰਦਾਤ ਨੂੰ ਪੁਲਵਾਮਾ ਦੀ ਘਟਨਾ ਨਾਲ ਜੋੜ ਕੇ ਦੇਖ ਰਹੇ ਹਨ । ਉਹਨਾਂ ਦਾ ਮੰਨਣਾ ਹੈ ਕਿ ਜਿਸ ਤਰ੍ਹਾਂ ਦਾ ਰਾਜਸੀ ਲਾਭ ਉਸ ਸਮੇ ਭਾਜਪਾ ਨੂੰ ਹੋਇਆ ਸੀ, ਉਸੇ ਤਰਾਂ ਦਾ ਲਾਭ ਭਾਜਪਾ ਨੂੰ ਇਸ ਘਟਨਾ ਨਾਲ ਮਿਲ ਸਕਦਾ ਹੈ । ਬਿਹਾਰ ਦੀਆਂ ਚੋਣਾਂ ਦਾ ਜ਼ਿਕਰ ਵੀ ਇਸ ਘਟਨਾ ਦੀ ਰੌਸ਼ਨੀ ਵਿੱਚ ਕੀਤਾ ਜਾ ਰਿਹਾ ਹੈ, ਜਿੱਥੇ ਇੱਕ ਘੱਟ ਗਿਣਤੀ ਫਿਰਕੇ ਕੋਲ ਰਾਜਨੀਤਕ ਸਮੀਕਰਨ ਬਦਲਣ ਦੀ ਸਮਰਥਾ ਹੈ ।ਭਾਵੇਂ ਚੋਣਾਂ ਦਾ ਐਲਾਨ ਨਹੀ ਹੋਇਆ, ਪਰ ਬਿਹਾਰ ਵਿੱਚ ਚੋਣ ਪਰਚਾਰ ਆਰੰਭ ਹੋ ਚੁੱਕਾ ਹੈ ।

ਬਕੌਲ 'ਸਤਿਆ ਹਿੰਦੀ ਚੈਨਲ' ਮੋਦੀ ਨੇ ਬਿਹਾਰ ਵਿਖੇ ਹੋਈ ਇੱਕ ਚੋਣ ਰੈਲੀ ਵਿੱਚ ਅੱਤਵਾਦੀਆਂ ਨੂੰ ਲਲਕਾਰਿਆ ਹੈ, ਪਰ ਪਾਕਿਸਤਾਨ ਦਾ ਨਾਂਅ ਲੈਣ ਤੋਂ ਗੁਰੇਜ਼ ਕੀਤਾ ਹੈ । ਸੋਸ਼ਲ ਮੀਡੀਆ ਤੇ ਭਾਜਪਾ ਸਮਰਥਕਾਂ ਵੱਲੋਂ ਬਕਾਇਦਾ ਹੈਸ਼ ਟੈਗ ਚਲਾਏ ਜਾ ਰਹੇ ਹਨ । ਭਾਰਤ ਅਤੇ ਪਾਕਿਸਤਾਨ ਵੱਲੋਂ ਜੰਗ ਲਈ ਤਿਆਰ ਰਹਿਣ ਦੇ ਦਮਗਜ਼ੇ ਮਾਰੇ ਜਾ ਰਹੇ ਹਨ । ਇਕ ਵਾਰ ਫੇਰ ਹਾਲਾਤ ਜੰਗ ਲੱਗਣ ਵਰਗੇ ਬਣਦੇ ਜਾ ਰਹੇ ਹਨ, ਹਾਲਾਂ ਕਿ ਸਭ ਜਾਣਦੇ ਹਨ ਕਿ ਜੰਗ ਲੱਗਣ ਦੀ ਹਾਲਤ ਵਿੱਚ ਦੋਹਾਂ ਦੇਸਾਂ ਦੇ ਬਚਦੇ-ਖੁਚਦੇ ਭਾਂਡੇ ਵੀ ਵਿਕ ਜਾਣਗੇ ।ਭਾਰਤ ਨੇ ਪਾਕਿਸਤਾਨ ਖ਼ਿਲਾਫ਼ ਜਿਹੜੇ ਕੂਟਨੀਤਕ ਫੈਸਲੇ ਲਏ ਹਨ, ਉਹਨਾਂ ਦੇ ਜਵਾਬ ਵਿਚ ਪਾਕਿਸਤਾਨ ਨੇ ਵੀ ਮੋੜਵੇਂ ਫ਼ੈਸਲੇ ਲਏ ਹਨ । ਇਸ ਤਰਾਂ ਕਰਕੇ ਉਸ ਨੇ ਗੇਂਦ ਭਾਰਤ ਦੇ ਵਿਹੜੇ ਵਿੱਚ ਸੁੱਟ ਦਿੱਤੀ ਹੈ । ਹੁਣ ਜੋ ਵੀ ਕਰਨਾ ਹੈ ਭਾਰਤ ਨੇ ਕਰਨਾ ਹੈ । ਇਸ ਸਮੇਂ ਭਾਰਤ ਸਰਕਾਰ ਦੀ ਹਾਲਤ ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ ਵਾਲੀ ਬਣੀ ਹੋਈ ਹੈ, ਕਿਉਂਕਿ ਉਸ ਨੂੰ ਦੋ ਸਵਾਲਾਂ ਦੇ ਜਵਾਬ ਦੇਣੇ ਪੈ ਰਹੇ ਹਨ । ਪਹਿਲਾ ਸਵਾਲ ਦੇਸ਼ ਦੇ ਲੋਕ ਇਹ ਕਰ ਰਹੇ ਹਨ ਕਿ ਜਦੋਂ ਪਤਾ ਹੈ ਕਿ ਅੱਤਵਾਦੀ ਹਮਲਾ ਕਰਨ ਸਮੇਂ ਨਰਮ ਨਿਸ਼ਾਨਾ ਚੁਣਦੇ ਹਨ ਤਾਂ ਸਰਕਾਰ ਨੇ ਸੈਲਾਨੀਆਂ ਨੂੰ ਬਘਿਆੜਾਂ ਦੇ ਮੂੰਹ ਵਿੱਚ ਇਕੱਲਿਆਂ ਕਿਉ ਛੱਡ ਦਿੱਤਾ ਅਤੇ ਦੇਸ਼ ਦੀਆਂ ਖੁਫੀਆ ਏਜੰਸੀਆਂ ਕੀ ਕਰ ਰਹੀਆਂ ਸਨ? ਦੂਜਾ ਸਵਾਲ ਮੀਡੀਆ ਉੱਤੇ ਚੱਲ ਰਹੀਆਂ ਚਰਚਾਵਾਂ ਵਿੱਚ ਇਹ ਉਠਾਇਆ ਜਾ ਰਿਹਾ ਹੈ ਕਿ ਪੁਲਵਾਮਾ ਵਕਤ ਕੀਤੀ ਗਈ ਸਰਜੀਕਲ ਸਟਰਾਈਕ ਦੀ ਤਰਜ਼ 'ਤੇ ਹਮਲਾ ਕਰਕੇ ਮਕਬੂਜ਼ਾ ਕਸ਼ਮੀਰ ਉੱਤੇ ਕਬਜ਼ਾ ਕਰ ਲੈਣਾ ਚਾਹੀਦਾ ਹੈ ।

ਉਹਨਾਂ ਦੋਹਾਂ ਸਵਾਲਾਂ ਦਾ ਜਵਾਬ ਅਜੇ ਤੱਕ ਭਾਰਤ ਸਰਕਾਰ ਵੱਲੋਂ ਨਹੀ ਦਿੱਤਾ ਗਿਆ ।ਭਾਰਤ ਸਰਕਾਰ ਇਸ ਸਮੇਂ ਗੰਭੀਰ ਸਥਿਤੀ ਵਿਚ ਫਸੀ ਹੋਈ ਨਜ਼ਰ ਆ ਰਹੀ ਹੈ । ਮਕਬੂਜਾ ਕਸ਼ਮੀਰ ਉੱਤੇ ਹਮਲੇ ਦਾ ਅਰਥ ਹੈ ਚੀਨ ਨਾਲ ਜੰਗ ਵਿਚ ਉਲਝ ਜਾਣਾ, ਕਿਉਂਕਿ ਪਾਕਿਸਤਾਨ ਨੇ ਇਸ ਦਾ ਵੱਡਾ ਹਿੱਸਾ ਚੀਨ ਦੇ ਸਪੁਰਦ ਕੀਤਾ ਹੋਇਆ ਹੈ ।ਉਸ ਹਿੱਸੇ ਵਿੱਚ ਚੀਨ ਨੇ ਆਪਣਾ ਮਜ਼ਬੂਤ ਆਧਾਰ ਕਾਇਮ ਕਰ ਲਿਆ ਹੈ । ਇਸ ਸਬੰਧ ਵਿੱਚ ਸਭ ਤੋਂ ਮਹਤੱਵਪੂਰਨ ਗੱਲ ਇਹ ਹੈ ਕਿ ਭਾਜਪਾ ਸਰਕਾਰ ਵੱਡਾ ਕਦਮ ਚੁੱਕਣ ਦਾ ਜੋਖਮ ਉਦੋਂ ਹੀ ਉਠਾਉਂਦੀ ਹੈ, ਜਦੋਂ ਲੋਕ ਸਭਾਈ ਚੋਣਾਂ ਸਿਰ 'ਤੇ ਹੋਣ । ਇਸ ਸਮੇਂ ਇਹ ਚੋਣਾਂ ਹੋਣ ਵਿੱਚ ਤਕਰੀਬਨ ਸਾਢੇ ਚਾਰ ਸਾਲਾਂ ਦਾ ਸਮਾਂ ਰਹਿੰਦਾ ਹੈ । ਚਾਣਕਿਆ ਨੀਤੀ ਅਨੁਸਾਰ ਚੱਲਣ ਵਾਲ਼ੀ ਭਾਜਪਾ ਸਰਕਾਰ ਅਜਿਹਾ ਕਦਮ ਨਹੀਂ ਉਠਾਏਗੀ, ਜਿਸ ਵਿਚੋਂ ਉਸ ਨੂੰ ਰਾਜਸੀ ਲਾਭ ਹਾਸਲ ਨਾ ਹੋਵੇ ।

# ਮੈਲਬੌਰਨ (ਆਸਟਰੇਲੀਆ ) +61482069176

30-APR-PAGE-5.qxd 4/29/2025 10:39 PM Page 1



# ਸਾਬਕਾ ਵਿਧਾਇਕ ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਦੀ ਯਾਦ 'ਚ ਸਮਾਗਮ

## ■ ਭਾਰਤੀ ਕਮਿਊਨਿਸਟ ਪਾਰਟੀ ਕਿਰਤ ਦੀ ਧਿਰ ਦੇ ਲੋਕਾਂ ਦੀ ਪਾਰਟੀ : ਕੁਲਦੀਪ ਭੋਲਾ
## ■ ਜਗਰੂਪ ਵੱਲੋਂ ਪਾਰਟੀ ਕਾਂਗਰਸ ਲਈ ਵੱਧ ਤੋਂ ਵੱਧ ਮਾਲੀ ਯੋਗਦਾਨ ਦੀ ਅਪੀਲ



**ਨਿਹਾਲ ਸਿੰਘ ਵਾਲਾ (ਲਵਲੀ ਮਾਛੀਕੇ)**
ਭਾਰਤੀ ਕਮਿਊਨਿਸਟ ਪਾਰਟੀ ਦੇ ਉੱਘੇ ਲੀਡਰ ਤੇ ਸਾਬਕਾ ਐੱਮ ਐੱਲ ਏ ਕਾਮਰੇਡ ਗੁਰਬਖਸ਼ ਸਿੰਘ ਧੂੜਕੋਟ ਦਾ 20ਵਾਂ ਯਾਦਗਾਰੀ ਸਮਾਗਮ ਕਾਮਰੇਡ ਸੰਪੂਰਨ ਸਿੰਘ ਰੌਂਤਾ ਹਾਲ ਵਿੱਚ ਕੀਤਾ ਗਿਆ।ਝੰਡਾ ਚੜ੍ਹਾਉਣ ਦੀ ਰਸਮ ਪਾਰਟੀ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਭੋਲਾ ਨੇ ਕੀਤੀ।ਸਮਾਗਮ ਦੀ ਪ੍ਰਧਾਨਗੀ ਮਾਸਟਰ ਗੁਰਦੇਵ ਸਿੰਘ ਕਿਰਤੀ ਨੇ ਕੀਤੀ।ਸ਼ੁਰੂਆਤ ਵਿੱਚ ਪਾਰਟੀ ਦੇ ਆਗੂ ਸੂਬੇਦਾਰ ਜੋਗਿੰਦਰ ਸਿੰਘ ਤਖਤੂਪੁਰਾ ਨੇ ਆਏ ਹੋਏ ਆਗੂਆਂ ਤੇ ਵਰਕਰਾਂ ਦਾ ਸੁਆਗਤ ਕੀਤਾ।ਪਾਰਟੀ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਕੁਲਦੀਪ ਭੋਲਾ ਨੇ ਸੰਬੋਧਨ ਕਰਦਿਆਂ ਕਿਹਾ ਕਿ ਭਾਰਤੀ ਕਮਿਊਨਿਸਟ ਪਾਰਟੀ ਕਿਰਤ ਦੀ ਧਿਰ ਦੇ ਲੋਕਾਂ ਦੀ ਪਾਰਟੀ ਹੈ।ਨਿਹਾਲ ਸਿੰਘ ਵਾਲਾ ਹਲਕਾ ਦੇ ਲੋਕਾਂ ਨੇ ਕਾਮਰੇਡ ਗੁਰਬਖਸ਼ ਸਿੰਘ ਹੁਰਾਂ ਨੂੰ ਵਿਧਾਨ ਸਭਾ ਭੇਜਿਆ, ਜਿੱਥੇ ਉਨ੍ਹਾਂ ਨੇ ਸਿੱਖਿਆ-ਸਿਹਤ ਦੇ ਖੇਤਰ ਵਿੱਚ ਆਪਣਾ ਰੋਲ ਅਦਾ ਕੀਤਾ, ਉੱਥੇ ਕਿਸਾਨੀ ਤੇ ਜਵਾਨੀ ਦੀ ਵੀ ਆਵਾਜ਼ ਬੁਲੰਦ ਕੀਤੀ। ਅਨੇਕਾਂ ਨੌਜਵਾਨਾਂ ਨੂੰ ਰੁਜ਼ਗਾਰ ਦੇ ਰਾਹ ਵੀ ਪਾਇਆ।ਇਸ ਹਲਕੇ ਦੇ ਲੋਕਾਂ ਨੇ ਲਗਾਤਾਰ 9 ਵਾਰ ਲਾਲ ਝੰਡੇ ਦੇ ਕਾਰਕੁਨਾਂ ਹੱਥ ਸ਼ਕਤੀ ਦਿੱਤੀ ਤੇ ਉਨ੍ਹਾਂ ਦੇ ਕੀਤੇ ਕੰਮ ਅੱਜ ਵੀ ਉਨ੍ਹਾਂ ਦੀ ਇਮਾਨਦਾਰੀ ਦੀ ਗਵਾਹੀ ਦੀਆਂ ਬਾਤਾਂ ਪਾਉਂਦੇ ਹਨ।ਉਨ੍ਹਾਂ ਕਿਹਾ ਕਿ ਪਾਰਟੀ ਦੀ ਸੂਝ ਤੇ ਆਗੂਆਂ ਦੇ ਦੱਸੇ ਰਾਹ ਉੱਪਰ ਤੁਰ ਕੇ ਅੱਜ ਵੀ ਅਸੀਂ ਸਾਰੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਵਿੱਚ ਲੱਗੇ ਹੋਏ ਆਂ।ਉਨ੍ਹਾਂ ਕਿਹਾ ਕਿ ਅੱਜ ਦੇ ਦਿਨ 'ਤੇ ਜਿੱਥੇ ਅਸੀਂ ਆਪਣੇ ਆਗੂ ਦੇ ਕੀਤੇ ਕੰਮਾਂ ਨੂੰ ਫ਼ਖਰ ਨਲ ਯਾਦ ਕਰਦੇ ਹਾਂ, ਉਥੇ ਹੀ ਸਾਨੂੰ ਉਨ੍ਹਾਂ ਦੇ ਅਧੂਰੇ ਕੰਮਾਂ ਨੂੰ ਪੂਰਾ ਕਰਨ ਲਈ ਪਦਾਰਥਵਾਦੀ ਸੂਝ ਨਾਲ ਮੈਦਾਨ ਵਿੱਚ ਕੁਦਣਾ ਚਾਹੀਦਾ ਹੈ।

ਭਾਰਤੀ ਕਮਿਊਨਿਸਟ ਪਾਰਟੀ ਦੇ ਕੌਮੀ ਕੌਂਸਲ ਦੇ ਮੈਂਬਰ ਕਾਮਰੇਡ ਜਗਰੂਪ ਨੇ ਕਿਹਾ ਕਿ ਇਹ ਉਨ੍ਹਾਂ ਦੀ ਖੁਸ਼ਕਿਸਮਤੀ ਹੈ ਕਿ ਉਨ੍ਹਾਂ ਨੂੰ ਵੀ ਇਸ ਉੱਘੇ ਆਗੂ ਦੀ ਅਗਵਾਈ ਵਿੱਚ ਕੰਮ ਕਰਨ ਦਾ ਮੌਕਾ ਮਿਲਿਆ। ਉਨ੍ਹਾਂ ਕਿਹਾ ਕਿ ਕਾਮਰੇਡ ਧੂੜਕੋਟ ਨੇ ਪਾਰਟੀ ਦਾ ਕੰਮ ਕਰਦਿਆਂ-ਪੜ੍ਹਦਿਆਂ ਆਪਣੀ ਸੂਝ ਨੂੰ ਏਨਾ ਉੱਚਾ ਕੀਤਾ ਕਿ ਭਵਿੱਖ ਵਿੱਚ ਦੇਖਣ ਦਾ ਕਾਬਲ ਬਣੇ।ਉਨ੍ਹਾਂ ਨੇ ਅਨੇਕਾਂ ਆਗੂ ਆਪਣੇ ਹੱਥੀਂ ਤਿਆਰ ਕੀਤੇ ਤੇ ਮੈਂ ਵੀ ਉਨ੍ਹਾਂ ਵਿੱਚੋਂ ਇੱਕ ਹਾਂ ਤੇ ਅੱਜ ਦੇ ਦਿਨ ਤੇ ਉਨ੍ਹਾਂ ਦੇ ਦਿੱਤੇ ਬੋਲਾਂ ਰਾਹੀਂ ਉਨ੍ਹਾਂ ਨੂੰ ਯਾਦ ਕਰਨ ਦਾ ਮਾਣ ਮਹਿਸੂਸ ਹੋ ਰਿਹਾ ਹੈ।ਉਨ੍ਹਾਂ ਕਿਹਾ ਕਿ ਦੇਸ਼ ਦੇ ਹਾਲਾਤ ਦਿਨੋਂ ਦਿਨ ਮਾੜੇ ਹੁੰਦੇ ਜਾ ਰਹੇ ਹਨ।ਗਰੀਬੀ ਅਮੀਰੀ ਦਾ ਪਾੜਾ ਲਗਾਤਾਰ ਵਧ ਰਿਹਾ ਹੈ।ਕੁੱਝ ਵੱਡੇ ਘਰਾਣੇ ਹੇਠਲੇ ਵਰਗ ਨੂੰ ਆਰਥਿਕ ਪੱਖੋਂ ਖਤਮ ਕਰਨ ਵੱਲ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਇਸ ਸਮੇਂ ਅਰਬਪਤੀਆਂ ਦੀ ਗਿਣਤੀ 284 ਹੈ, ਜਿਸ ਵਿੱਚੋਂ 175 ਉੱਪਰ ਵੱਲ ਨੂੰ ਜਾ ਰਹੇ ਹਨ ਜੋ 109 ਦਾ ਹਿੱਸਾ ਹੜੱਪ ਰਹੇ ਹਨ ਤਾਂ ਸੋਚਿਆ ਜਾ ਸਕਦਾ ਹੈ ਕਿ ਬਾਕੀ ਦੇਸ਼ ਦੀ ਆਮ ਲੁਕਾਈ ਦਾ ਕੀ ਹਾਲ ਹੋਵੇਗਾ? ਕਾਮਰੇਡ ਜਗਰੂਪ ਨੇ ਕਿਹਾ ਕਿ ਜਿੱਥੇ ਗਰੀਬੀ ਅਮੀਰੀ ਦਾ ਇਹ ਪਾੜਾ ਹੈ, ਉੱਥੇ ਸਾਡੇ ਲੋਕਾਂ ਕੋਲ ਰੁਜ਼ਗਾਰ ਨਾ-ਮਾਤਰ ਹੀ ਹੈ।ਏਥੇ ਕੰਮ ਨਾ ਮਿਲਣ ਦੇ ਬਾਅਦ ਰੁਜ਼ਗਾਰ ਦੀ ਭਾਲ ਵਿੱਚ ਵਿਦੇਸ਼ਾਂ 'ਚ ਗਈ ਜਵਾਨੀ ਦਾ ਹਾਲ ਵੀ ਕਿਸੇ ਕੋਲੋਂ ਲੁਕਿਆ ਨਹੀਂ।ਅੱਜ ਸਾਨੂੰ ਰੁਜ਼ਗਾਰ ਦੀ ਭਾਲ ਵਿੱਚ ਆਪਣੀ ਤੇ ਵਿਦੇਸ਼ਾਂ ਦੀ ਧਰਤੀ 'ਤੇ ਵੀ ਧਰਨੇ ਮੁਜ਼ਾਹਰੇ ਕਰਨੇ ਪੈ ਰਹੇ ਹਨ ਅਤੇ ਦੂਜੇ ਪਾਸੇ ਦੇਸ਼ ਦੀ ਸਰਕਾਰ ਕਾਰਪੋਰੇਟ ਘਰਾਣਿਆਂ ਨੂੰ 2 ਲੱਖ ਏਕੜ ਜ਼ਮੀਨ ਖ਼ੈਰਾਤ ਵਿੱਚ ਦੇ ਰਹੀ ਹੈ, ਜਿਸ ਦਾ ਦੋਤਰਫ਼ਾ ਨੁਕਸਾਨ ਝੱਲਣਾ ਪੈ ਸਕਦਾ ਹੈ।ਉਨ੍ਹਾਂ ਵੱਲੋਂ ਲਾਏ ਗਏ ਆਪਣੇ ਵੱਡੇ ਕਾਰੋਬਾਰ ਛੋਟੇ ਦੁਕਾਨਦਾਰ/ਵਪਾਰੀ ਨੂੰ ਖਤਮ ਕਰ ਰਹੇ ਹਨ, ਦੂਜਾ ਇੰਨੀ ਵੱਡੀ ਪੈਸੇ ਦੀ ਰਕਮ ਸਰਕਲ 'ਚੋਂ ਨਿਕਲਣ ਨਾਲ ਹਰ ਵਰਗ ਦੀ ਜ਼ਿੰਦਗੀ ਪ੍ਰਭਾਵਤ ਹੋਵੇਗੀ।ਉਨ੍ਹਾਂ ਕਿਹਾ ਕਿ ਜਿੱਥੇ ਅੱਜ ਕਾਮਰੇਡ ਗੁਰਬਖਸ਼ ਸਿੰਘ ਦੇ ਕੀਤੇ ਕੰਮਾਂ ਨੂੰ ਯਾਦ ਕਰ ਰਹੇ ਹਾਂ, ਉੱਥੇ ਹੀ ਇਸ ਵਰ੍ਹੇ ਭਾਰਤੀ ਕਮਿਊਨਿਸਟ ਪਾਰਟੀ ਦਾ 100 ਸਾਲਾ ਸਥਾਪਨਾ ਦਿਵਸ ਵੀ ਹੈ। ਇਸ ਸਬੰਧ 'ਚ ਪਾਰਟੀ ਕਾਂਗਰਸ (ਮਹਾਂ ਸੰਮੇਲਨ) ਚੰਡੀਗੜ੍ਹ ਵਿੱਚ ਕੀਤੀ ਜਾ ਰਹੀ ਹੈ, ਜਿੱਥੇ ਅੱਜ ਪਾਰਟੀ ਸੰਮੇਲਨ ਤੇ ਪਹਿਲਾਂ ਹੋਣ ਵਾਲੀ ਰੈਲੀ ਵਿੱਚ ਸ਼ਾਮਲ ਹੋਣ ਦਾ ਸੱਦਾ ਦਿੰਦੀ ਹੈ, ਉੱਥੇ ਹੀ ਮੈਂ ਪਾਰਟੀ ਕਾਰਕੁਨ ਹੋਣ ਦੇ ਨਾਤੇ ਸਭ ਸ਼ੁਭਚਿੰਤਕਾਂ ਨੂੰ ਅਪੀਲ ਕਰਦਾ ਹਾਂ ਕਿ ਇਸ ਸੰਮੇਲਨ, ਜਿਸ ਵਿੱਚ ਪੂਰੇ ਦੇਸ਼ ਦੇ ਡੈਲੀਗੇਟ ਸ਼ਾਮਲ ਹੋਣੇ ਹਨ ਤੇ ਇਸ 'ਤੇ ਵੱਡਾ ਖਰਚ ਹੋਣਾ ਹੈ, ਲਈ ਆਪਣੀ ਕਿਰਤ ਕਮਾਈ ਵਿੱਚੋਂ ਬਣਦਾ ਦਸਵੰਧ ਜ਼ਰੂਰ ਭੇਟ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਕੁੱਝ ਹਿਤੈਸ਼ੀਆਂ ਨੂੰ ਖਾਸ ਅਪੀਲ ਹੈ ਕਿ ਉਹ ਵੱਧ ਤੋਂ ਵੱਧ ਆਪਣਾ ਯੋਗਦਾਨ ਇਸ ਸਮਾਗਮ ਲਈ ਦੇਣ।ਇਸ ਮੌਕੇ ਸਟੇਜ ਸੰਚਾਲਨ ਦੀ ਡਿਊਟੀ ਕਾਮਰੇਡ ਜਗਜੀਤ ਸਿੰਘ ਨੇ ਨਿਭਾਈ। ਇਸ ਮੌਕੇ ਕਾਮਰੇਡ ਸੁਖਦੇਵ ਧੂੜਕੋਟ, ਕਾਮਰੇਡ ਬਲਦੇਵ ਧੂੜਕੋਟ, ਕਾਮਰੇਡ ਸੁਖਦੇਵ ਭੋਲਾ, ਕਾਮਰੇਡ ਸ਼ੇਰ ਸਿੰਘ ਦੌਲਤਪੁਰਾ, ਗੁਰਦਿੱਤ ਦੀਨਾ, ਕਾਮਰੇਡ ਮੰਗਤ ਰਾਏ, ਡਾ. ਇੰਦਰਵੀਰ ਗਿੱਲ, ਇੰਦਰਜੀਤ ਜੌਲੀ ਨਿਹਾਲ ਸਿੰਘ ਵਾਲਾ, ਕਾਮਰੇਡ ਸਿਕੰਦਰ ਮਧੇਕੇ, ਮਾ. ਦਲੀਪ ਸਿੰਘ ਆਦਿ ਆਗੂਆਂ ਨੇ ਸੰਬੋਧਨ ਕੀਤਾ।

# ਲੋਕ ਸਾਹਿਤ ਅਕਾਦਮੀ ਦਾ ਸਮਾਗਮ ਯਾਦਗਾਰੀ ਹੋ ਨਿੱਬੜਿਆ

## ■ ਮੱਖਣਜੀਤ ਕੌਰ ਦੀ ਪਲੇਠੀ ਪੁਸਤਕ 'ਇੱਕ ਸੁਪਨਾ' ਲੋਕ ਅਰਪਣ



**ਮੋਗਾ (ਇਕਬਾਲ ਸਿੰਘ ਖਹਿਰਾ)**-ਸੁਤੰਤਰਤਾ ਸੰਗਰਾਮੀ ਭਵਨ ਵਿਖੇ ਲੋਕ ਸਾਹਿਤ ਅਕਾਦਮੀ ਵੱਲੋਂ ਕੈਨੇਡਾ ਨਿਵਾਸੀ ਮੱਖਣਜੀਤ ਕੌਰ ਸੰਧੂ ਦੀ ਪਲੇਠੀ ਪੁਸਤਕ 'ਇੱਕ ਸੁਪਨਾ' ਕਾਵਿ-ਸੰਗ੍ਰਹਿ ਲੋਕ ਅਰਪਣ ਕਰਨ ਲਈ ਸਾਹਿਤਕ ਪ੍ਰੋਗਰਾਮ ਕਰਵਾਇਆ ਗਿਆ। ਸਮਾਗਮ ਦੇ ਪ੍ਰਧਾਨਗੀ ਮੰਡਲ ਵਿੱਚ ਬਤੌਰ ਮੁੱਖ ਮਹਿਮਾਨ ਗੁਰਦਰਸ਼ਨ ਸਿੰਘ ਸੰਧੂ, ਗੁਰਮੇਲ ਬੌਡੇ, ਮੱਖਣਜੀਤ ਕੌਰ ਸੰਧੂ ਤੇ ਜਗੀਰ ਖੋਖਰ ਉਪ-ਪ੍ਰਧਾਨ ਲੋਕ ਸਾਹਿਤ ਅਕਾਦਮੀ ਸ਼ਾਮਲ ਸਨ। ਮੰਚ ਸੰਚਾਲਨ ਦੀ ਭੂਮਿਕਾ ਨੌਜਵਾਨ ਸ਼ਾਇਰ ਚਰਨਜੀਤ ਸਮਾਲਸਰ ਨੇ ਬਾਖ਼ੂਬੀ ਨਿਭਾਈ। ਉਘੇ ਆਲੋਚਕ ਡਾ. ਸੁਰਜੀਤ ਬਰਾੜ ਨੇ ਪਿੰਡ ਘੋਲੀਆ ਦੇ ਲੇਖਕਾਂ ਵੱਲੋਂ ਸਾਹਿਤਕ ਖੇਤਰ ਪਾਏ ਯੋਗਦਾਨ ਬਾਰੇ ਵਿਸਥਾਰ ਨਾਲ ਦੱਸਦਿਆਂ ਸਾਰੇ ਲੇਖਕਾਂ ਨੂੰ ਯਾਦ ਕੀਤਾ ਤੇ ਮੱਖਣਜੀਤ ਕੌਰ ਸੰਧੂ ਘੋਲੀਆ ਦੇ ਕਾਵਿ-ਸੰਗ੍ਰਹਿ ਬਾਰੇ ਬੋਲਦਿਆਂ ਕਿਹਾ ਕਿ ਇਹ ਜ਼ਿੰਦਗੀ ਦੇ ਤਜਰਬੇ ਵਿੱਚੋਂ ਨਿਕਲੀਆਂ ਕਵਿਤਾਵਾਂ ਹਨ। ਉਨ੍ਹਾਂ ਜ਼ਿੰਦਗੀ ਦੇ ਹਰ ਖੇਤਰ ਵਿੱਚ ਪਿਆਰ ਦੇ ਵੱਡਮੁੱਲੇ ਯੋਗਦਾਨ ਦੀ ਵਿਸਥਾਰ ਪੂਰਵਕ ਵਿਆਖਿਆ ਕਰਦਿਆਂ ਇਨਸਾਨ ਦੇ ਸਰਬਪੱਖੀ ਵਿਕਾਸ ਤੇ ਸਮਾਜਿਕ ਭੂਮਿਕਾ ਦਾ ਵਰਨਣ ਕੀਤਾ। ਡਾ. ਸੁਰਜੀਤ ਦੌਧਰ ਨੇ ਕਾਵਿ ਸੰਗ੍ਰਹਿ 'ਤੇ ਵਿਚਾਰ ਚਰਚਾ ਕਰਦਿਆਂ ਸ੍ਰੀਮਤੀ ਸੰਧੂ ਨੂੰ ਭਵਿੱਖ ਵਿੱਚ ਹੋਰ ਸਿਰਜਣਾ ਕਰਨ ਦੇ ਨਾਲ ਨਾਲ ਪਹਿਲਾਂ ਉਘੇ ਲੇਖਕਾਂ ਨੂੰ ਪੜ੍ਹਨ ਲਈ ਸੁਝਾਅ ਦਿੱਤਾ। ਲੇਖਿਕਾ ਬਲਜਿੰਦਰ ਕੌਰ ਕਲਸੀ ਨੇ ਕਿਹਾ ਕਿ ਮੱਖਣਜੀਤ ਕੌਰ ਸੰਧੂ ਬਹੁਤ ਹੀ ਮੁਹੱਬਤ ਕਰਨ ਵਾਲੀ ਰੂਹ ਹੈ। ਇੱਕ ਸੁਪਨਾ ਕਿਤਾਬ ਵਿੱਚ ਲਿਖੇ ਹਰ ਸ਼ਬਦ ਵਿੱਚੋਂ ਇਹਨਾਂ ਦੀ ਸ਼ਖਸ਼ੀਅਤ ਝਲਕਦੀ ਹੈ। ਸੰਧੂ ਨੂੰ ਪਲੇਠੀ ਕਿਤਾਬ ਪਾਠਕਾਂ ਦੀ ਝੋਲੀ ਪਾਉਣ 'ਤੇ ਮੁਬਾਰਕਬਾਦ ਦਿੱਤੀ। ਮੱਖਣਜੀਤ ਕੌਰ ਸੰਧੂ ਘੋਲੀਆ ਨੇ ਆਪਣੀ ਪਲੇਠੀ ਪੁਸਤਕ 'ਇੱਕ ਸੁਪਨਾ' ਬਾਰੇ ਬੋਲਦਿਆਂ ਕਿਹਾ ਕਿ ਉਨ੍ਹਾਂ ਦੇ ਪਰਿਵਾਰ ਨੇ ਹਰ ਮੋੜ 'ਤੇ ਪ੍ਰੇਰਨਾ ਤੇ ਸਾਥ ਦਿੱਤਾ ਤਾਂ ਹੀ ਜੀਵਨ ਦੇ ਤਜਰਬੇ 'ਤੇ ਅਧਾਰਤ ਸਿਰਜਣਾ ਕਰਨ ਦੇ ਯੋਗ ਹੋ ਸਕੀ ਹਾਂ। ਉਨ੍ਹਾਂ ਆਪਣੀਆਂ ਕੁਝ ਰਚਨਾਵਾਂ ਵੀ ਸਾਹਿਤਕਾਰਾਂ ਨਾਲ ਸਾਂਝੀਆਂ ਕੀਤੀਆਂ। ਉਨ੍ਹਾਂ ਕਾਵਿ ਸੰਗ੍ਰਹਿ ਲੋਕ ਅਰਪਣ ਕਰਨ ਲਈ ਲੋਕ ਸਾਹਿਤ ਅਕਾਦਮੀ ਦਾ ਧੰਨਵਾਦ ਕੀਤਾ। ਗੁਰਮੇਲ ਬੌਡੇ ਨੇ ਸੰਬੋਧਨ ਕਰਦਿਆਂ ਮੱਖਣਜੀਤ ਕੌਰ ਸੰਧੂ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਪਾਏ ਯੋਗਦਾਨ ਲਈ ਸ਼ਲਾਘਾ ਕੀਤੀ ਤੇ ਕਿਤਾਬ ਲਿਖਣ ਲਈ ਵਧਾਈ ਦਿੱਤੀ। ਇਸ ਮੌਕੇ ਹਾਜ਼ਰ ਸਾਹਿਤਕਾਰਾਂ ਵੱਲੋਂ ਲੋਕਮਨੀ ਦਾ ਅਪ੍ਰੈਲ-ਜੂਨ ਦਾ 69ਵਾਂ ਅੰਕ ਵੀ ਲੋਕ ਅਰਪਣ ਕੀਤਾ ਗਿਆ। ਕੈਨੇਡਾ ਨਿਵਾਸੀ ਗੁਰਦਰਸ਼ਨ ਸਿੰਘ ਸੰਧੂ ਨੇ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਪਰਿਵਾਰਕ ਮੈਂਬਰਾਂ ਦੀ ਰੁਚੀ ਦੀ ਕਦਰ ਤੇ ਉਨ੍ਹਾਂ ਨੂੰ ਜ਼ਿੰਦਗੀ ਵਿੱਚ ਅੱਗੇ ਵਧਣ ਲਈ ਮਦਦ ਕਰਨੀ ਚਾਹੀਦੀ ਹੈ। ਪ੍ਰਸਿੱਧ ਨਾਵਲਕਾਰ ਬਲਦੇਵ ਸਿੰਘ ਸੜਕਨਾਮਾ ਨੇ ਕਵਿੱਤਰੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਵਿਤਾਵਾਂ ਦੇ ਰੂਪ ਵਿੱਚ ਜ਼ਿੰਦਗੀ ਦੇ ਸੰਘਰਸ਼ ਨੂੰ ਬਿਆਨ ਕਰਨਾ ਰੌਚਕਿਤਾ ਹੈ। ਉਨ੍ਹਾਂ ਕਿਹਾ ਕਿ ਮੱਖਣਜੀਤ ਕੌਰ ਸੰਧੂ ਨਵੇਂ ਕਾਵਿ-ਸੰਗ੍ਰਹਿ ਰਾਹੀਂ ਆਧੁਨਿਕ ਸਾਹਿਤਕ ਦੌਰ ਵਿੱਚ ਸ਼ਾਮਲ ਹੋ ਗਈ ਹੈ। ਜਗੀਰ ਸਿੰਘ ਖੋਖਰ ਨੇ ਕਿਹਾ ਕਿ ਮੱਖਣਜੀਤ ਕੌਰ ਸੰਧੂ ਨੇ ਇੱਕ ਸੁਪਨਾ ਕਿਤਾਬ ਲਿਖ ਕੇ ਨਿਵੇਕਲੀ ਥਾਂ ਬਣਾਈ ਹੈ। ਲੋਕ ਸਾਹਿਤ ਅਕਾਦਮੀ ਵੱਲੋਂ ਗੁਰਦਰਸ਼ਨ ਸਿੰਘ ਸੰਧੂ ਤੇ ਮੱਖਣਜੀਤ ਕੌਰ ਸੰਧੂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਕਵੀ ਦਰਬਾਰ ਵਿੱਚ ਗੁਰਦੇਵ ਸਿੰਘ ਦਰਦੀ, ਪ੍ਰੀਤ ਜੱਗੀ, ਸੁਖਦੇਵ ਸਿੰਘ ਹੀਰਾ, ਬਲਵੀਰ ਸਿੰਘ ਪਰਦੇਸੀ, ਅਵਤਾਰ ਸਮਾਲਸਰ, ਕੁਲਵਿੰਦਰ ਸਿੰਘ ਦਿਲਗੀਰ, ਕਰਮਜੀਤ ਕੌਰ ਲੰਢੇਕੇ, ਰੀਤ ਕੌਰ ਕਲਸੀ, ਵਿਜੇ ਵਿਵੇਕ ਕੋਟ ਈਸੇ ਖਾਂ, ਸੋਨੀ ਮੋਗਾ, ਹਰਵਿੰਦਰ ਧਾਲੀਵਾਲ, ਸੁਖਮੰਦਰ ਕੌਰ ਮੋਗਾ, ਪ੍ਰਸ਼ੋਤਮ ਪੱਤੋ, ਧਾਮ ਕਲਿਆਣ, ਰਾਜਪਾਲ ਪੱਤੋ, ਮੰਗਲਮੀਤ ਪੱਤੋ, ਨਿਰਮਲ ਪੱਤੋ, ਗੁਰਮੀਤ ਰੱਖੜਾ ਕੜਿਆਲ, ਯਾਦਵਿੰਦਰ, ਜਸਵਿੰਦਰ ਧਰਮਕੋਟ, ਸਤੀਸ਼ ਧਵਨ ਭਲੂਰ ਆਦਿ ਸ਼ਾਇਰਾਂ ਨੇ ਆਪਣੀਆਂ ਵਿਅੰਗ ਭਰਪੂਰ ਕਵਿਤਾਵਾਂ ਤੇ ਗੀਤਾਂ ਰਾਹੀਂ ਸਮਾਂ ਬੰਨ੍ਹੀ ਰੱਖਿਆ। ਇਸ ਸਮਾਗਮ ਵਿੱਚ ਗਿਆਨ ਸਿੰਘ ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਫ਼ਸਰ, ਗੁਰਪ੍ਰੀਤ ਸਿੰਘ, ਸੋਨੀ ਘੋਲੀਆ ਤੇ ਸੋਨੀ ਸਮਾਲਸਰ ਆਦਿ ਸ਼ਾਮਲ ਹੋਏ।

## ਕਾਤਰਾਂ

### ਰੇਤਾ ਦੀ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ 'ਚ ਨਾਮਜ਼ਦ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਮੱਲਾਂਵਾਲਾ ਅਧੀਨ ਆਉਂਦੇ ਪਿੰਡ ਅਲੀਪੁਰ ਲੋਹਕਾ ਖੁਰਦ ਵਿਖੇ ਰੇਤਾ ਦੀ ਨਾਜਾਇਜ਼ ਮਾਈਨਿੰਗ ਕਰਨ ਦੇ ਦੋਸ਼ ਵਿੱਚ ਥਾਣਾ ਮੱਲਾਂਵਾਲਾ ਦੀ ਪੁਲਸ ਨੇ ਇਕ ਵਿਅਕਤੀ ਖਿਲਾਫ ਮਾਈਨਿੰਗ ਐਕਟ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਸਤਪਾਲ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਅਲੀਪੁਰ ਲੋਹਕਾ ਖੁਰਦ ਜਦੋਂ ਗਸ਼ਤ ਕਰ ਰਹੇ ਸੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਅਵਤਾਰ ਸਿੰਘ ਪੁੱਤਰ ਨਸੀਬ ਸਿੰਘ ਵਾਸੀ ਲੋਹਕਾ ਖੁਰਦ ਰੇਤਾ ਦੀ ਨਾਜਾਇਜ਼ ਮਾਈਨਿੰਗ ਕਰਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਮੁਲਜ਼ਮ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਹੈਰੋਇਨ ਦਾ ਸੇਵਨ ਕਰਦੇ ਦੋ ਗ੍ਰਿਫਤਾਰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਮੱਲਾਂਵਾਲਾ ਤੇ ਥਾਣਾ ਜ਼ੀਰਾ ਸਿਟੀ ਪੁਲਸ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਹੈਰੋਇਨ ਦਾ ਸੇਵਨ ਕਰ ਰਹੇ ਦੋ ਵਿਅਕਤੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 2 ਲਾਈਟਰ, ਦੋ ਪੰਨੀ ਤੇ ਦੋ 10 ਰੁਪਏ ਦੇ ਨੋਟ ਬਰਾਮਦ ਕੀਤੇ ਹਨ। ਜਾਣਕਾਰੀ ਦਿੰਦੇ ਹੋਏ ਥਾਣਾ ਮੱਲਾਂਵਾਲਾ ਪੁਲਸ ਦੇ ਸਹਾਇਕ ਥਾਣੇਦਾਰ ਗੁਰਕਵਲਜੀਤ ਸਿੰਘ ਨੇ ਦੱਸਿਆ ਕਿ ਉਹ ਸਮੇਤ ਕਰਮਚਾਰੀਆਂ ਦੇ ਮੱਲਾਂਵਾਲਾ ਤੋਂ ਕਾਲੂ ਵਾਲਾ ਗਸ਼ਤ 'ਤੇ ਸੀ ਕਿ ਜਦ ਪਿੰਡ ਆਸਫ ਵਾਲਾ ਪੁੱਜੇ ਤਾਂ ਬੰਦ ਪਏ ਸ਼ੈਲਰ ਦੇ ਅੰਦਰ ਇੱਕ ਮੋਨਾ ਨੌਜਵਾਨ ਰਮੇਸ਼ ਪੁੱਤਰ ਸਾਧੂ ਵਾਸੀ ਮੱਲਾਂਵਾਲਾ ਵਾਰਡ ਨੰਬਰ 8 ਕੋਈ ਨਸ਼ੀਲੀ ਚੀਜ਼ ਸੁੰਘ ਰਿਹਾ ਸੀ ਤੇ ਧੂੰਆਂ ਨਿਕਲ ਰਿਹਾ ਸੀ, ਪੁਲਸ ਪਾਰਟੀ ਨੂੰ ਵੇਖ ਕੇ ਖਿਸਕਣ ਲੱਗਾ ਤਾਂ ਉਸ ਨੂੰ ਕਾਬੂ ਕਰਕੇ ਉਸ ਕੋਲੋਂ 1 ਲਾਈਟਰ, 1 ਪੰਨੀ ਤੇ 10 ਰੁਪਏ ਦਾ ਨੋਟ ਬਰਾਮਦ ਕੀਤਾ। ਦੂਜੇ ਮਾਮਲੇ ਵਿੱਚ ਥਾਣਾ ਸਿਟੀ ਜ਼ੀਰਾ ਪੁਲਸ ਦੇ ਸਹਾਇਕ ਥਾਣੇਦਾਰ ਜਸਵੰਤ ਸਿੰਘ ਨੇ ਦੱਸਿਆ ਕਿ ਮੱਲੋਕੇ ਰੋਡ ਜ਼ੀਰਾ ਨੇੜੇ ਆਬਾਦ ਜਗ੍ਹਾ ਵਿੱਚ ਇਕ ਨੌਜਵਾਨ ਜਗਰੂਪ ਸਿੰਘ ਪੁੱਤਰ ਬੱਗਾ ਸਿੰਘ ਵਾਸੀ ਬਸਤੀ ਮਾਛੀਆ ਜ਼ੀਰਾ ਨੂੰ ਹੈਰੋਇਨ ਪੀਂਦੇ ਨੂੰ ਕਾਬੂ ਕੀਤਾ, ਜਿਸ ਦੀ ਤਲਾਸ਼ੀ ਲੈਣ 'ਤੇ ਉਸ ਕੋਲੋਂ 1 ਹੈਰੋਇਨ ਨਾਲ ਲਿਬੜੀ ਪੰਨੀ, 1 ਲਾਈਟਰ ਤੇ 10 ਰੁਪਏ ਦਾ ਨੋਟ ਬਰਾਮਦ ਕੀਤਾ। ਪੁਲਸ ਨੇ ਦੱਸਿਆ ਕਿ ਉਕਤ ਦੋਸ਼ੀਆਨ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

### ਜੂਏ ਦੀ ਰਾਸ਼ੀ ਸਮੇਤ ਪੁਲਸ ਅੜਿੱਕੇ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਥਾਣਾ ਕੁੱਲਗੜ੍ਹੀ ਪੁਲਸ ਨੇ ਗਸ਼ਤ ਤੇ ਚੈਕਿੰਗ ਦੌਰਾਨ ਇਕ ਵਿਅਕਤੀ ਨੂੰ 980 ਰੁਪਏ ਜੂਆ ਰਾਸ਼ੀ ਸਮੇਤ ਗ੍ਰਿਫਤਾਰ ਕਰਕੇ ਉਸ ਖਿਲਾਫ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਸਹਾਇਕ ਥਾਣੇਦਾਰ ਬਲਦੇਵ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਪੁਲਸ ਪਾਰਟੀ ਬੀਤੇ ਦਿਨ ਗਸ਼ਤ ਵਾ ਚੈਕਿੰਗ ਸੰਬੰਧੀ ਰੇਲਵੇ ਬਰਿਜ ਫਰੀਦਕੋਟ ਰੋਡ ਪੁੱਜੀ ਤਾਂ ਇਸ ਦੌਰਾਨ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਦੀਪਕ ਕੁਮਾਰ ਉਰਫ ਦੀਪੂ ਪੁੱਤਰ ਕਿਸ਼ੋਰ ਚੰਦ ਵਾਸੀ ਚੁੰਗੀ ਨੰਬਰ 8 ਦੇ ਨੇੜੇ ਤਾਸ਼ ਦੇ ਪੱਤਿਆਂ ਨਾਲ ਪੈਸੇ ਲਗਾ ਕੇ ਜੂਆ ਖੇਡ ਰਿਹਾ ਹੈ। ਜੇਕਰ ਚੁੰਗੀ ਨੰਬਰੀ 8 ਦੇ ਨੇੜੇ ਹੁਣੇ ਛਾਪੇਮਾਰੀ ਕੀਤੀ ਜਾਵੇ ਤਾਂ ਉਕਤ ਦੋਸ਼ੀ ਜੂਆ ਖੇਡਦਿਆਂ ਕਾਬੂ ਕੀਤਾ ਜਾ ਸਕਦਾ ਹੈ। ਪੁਲਸ ਨੇ ਦੱਸਿਆ ਕਿ ਉਕਤ ਜਗ੍ਹਾ 'ਤੇ ਛਾਪੇਮਾਰੀ ਕਰਕੇ ਉਕਤ ਦੀਪਕ ਕੁਮਾਰ ਨੂੰ ਗ੍ਰਿਫਤਾਰ ਕਰਕੇ ਉਸ ਦੇ ਕਬਜ਼ੇ ਵਿੱਚੋਂ 980 ਰੁਪਏ ਜੂਆ ਰਾਸ਼ੀ ਬਰਾਮਦ ਕੀਤੀ ਗਈ। ਪੁਲਸ ਨੇ ਉਕਤ ਦੋਸ਼ੀ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

# ਟੁੱਟੀ ਹੋਈ ਪੁਲੀ ਕਿਸੇ ਵੱਡੇ ਹਾਦਸੇ ਦੀ ਉਡੀਕ 'ਚ !



ਥਾਣਾ ਰੋਡ 'ਤੇ ਹਾਦਸੇ ਦੀ ਉਡੀਕ ਕਰ ਰਹੀ ਟੁੱਟੀ ਪੁਲੀ।

**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਥਾਣਾ ਰੋਡ 'ਤੇ ਰਾਮਲੀਲ੍ਹਾ ਗਰਾਊਂਡ ਵਾਲੀ ਸੜਕ ਦੇ ਮੋੜ 'ਤੇ ਬਣੀ ਹੋਈ ਪੁਲੀ ਇੱਕ ਸਾਇਡ ਤੋਂ ਬਿਲਕੁਲ ਟੁੱਟ ਚੁੱਕੀ ਹੈ, ਜੋ ਕਿਸੇ ਵੱਡੇ ਹਾਦਸੇ ਦੀ ਉਡੀਕ ਕਰ ਰਹੀ ਹੈ।ਆਲੇ-ਦੁਆਲੇ ਦੇ ਵਸਨੀਕ ਤੇ ਦੁਕਾਨਦਾਰਾਂ ਨੇ ਦੱਸਿਆ ਕਿ ਇਸ ਟੁੱਟ ਚੁੱਕੀ ਪੁਲੀ ਕਾਰਨ ਨਿੱਤ ਦਿਨ ਦੋ-ਪਹੀਆ ਤੇ ਚਾਰ-ਵਹੀਆ ਵਾਹਨ ਇਸ ਵਿੱਚ ਫਸ ਜਾਂਦੇ ਹਨ ਅਤੇ ਉਨ੍ਹਾਂ ਦਾ ਨੁਕਸਾਨ ਹੁੰਦਾ ਹੈ।ਉਨ੍ਹਾਂ ਦੱਸਿਆ ਕਿ ਇਥੇ ਨਜ਼ਦੀਕ ਹੀ ਮਿਉਂਸਪਲ ਪਾਰਕ ਵੀ ਬਣਿਆ ਹੋਇਆ ਹੈ, ਜਿੱਥੇ ਸੈਂਕੜੇ ਦੀ ਗਿਣਤੀ ਵਿੱਚ ਬਜ਼ੁਰਗ, ਬੱਚੇ ਤੇ ਸ਼ਹਿਰਵਾਸੀ ਸਵੇਰੇ-ਸ਼ਾਮ ਸੈਰ ਕਰਨ ਆਉਂਦੇ ਹਨ ਅਤੇ ਸ਼ਹਿਰ ਦੇ ਬਿਲਕੁਲ ਵਿਚਕਾਰ ਹੋਣ ਕਾਰਨ ਇਸ ਸੜਕ 'ਤੇ ਲੋਕਾਂ ਤੇ ਵਾਹਨਾਂ ਦੀ ਆਵਾਜਾਈ ਬਹੁਤ ਜ਼ਿਆਦਾ ਹੈ।ਪੁਲੀ ਦੇ ਵਿਚਕਾਰ ਟੋਆ ਇੰਨਾ ਵੱਡਾ ਹੈ ਕਿ ਬੱਚਿਆਂ ਦਾ ਵੀ ਨਾਲੇ ਵਿੱਚ ਡਿੱਗਣ ਦਾ ਡਰ ਬਣਿਆ ਰਹਿੰਦਾ ਹੈ।ਡਾ. ਸੁਲਤਾਨ ਸ਼ਾਹ, ਅਮ੍ਰਿਤਪਾਲ ਮਿੱਤਲ, ਹੈਪੀ ਮਿੱਤਲ, ਅਮਨਦੀਪ ਸ਼ਾਰਦਾ, ਡਾ. ਗੁਰਤੇਜ ਸਿੰਘ, ਇੰਦਰਜੀਤ ਸਿੰਘ, ਬਲਦੇਵ ਸਿੰਘ, ਸੁਰੇਸ਼ ਸਿੰਗਲਾ ਨੇ ਨਗਰ ਪੰਚਾਇਤ ਤੋਂ ਮੰਗ ਕਰਦਿਆਂ ਕਿਹਾ ਕਿ ਇਸ ਟੁੱਟੀ ਹੋਈ ਪੁਲੀ ਕਾਰਨ ਕਿਸੇ ਸਮੇਂ ਵੀ ਹਾਦਸਾ ਵਾਪਰ ਸਕਦਾ ਹੈ।ਦੋਪਹੀਆ ਵਾਹਨ ਤੇ ਸਾਇਕਲ ਚਾਲਕਾਂ ਲਈ ਇਹ ਵੱਡੀ ਸਿਰਦਰਦੀ ਹੈ, ਇਸ ਪੁਲੀ ਨੂੰ ਜਲਦੀ ਨਵਾਂ ਬਣਾਇਆ ਜਾਵੇ।

# ਸੁਤੰਤਰਤਾ ਸੰਗਰਾਮੀ ਡਾ. ਸ਼ਾਮ ਲਾਲ ਥਾਪਰ ਦੀ 50ਵੀਂ ਬਰਸੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ

**ਮੋਗਾ (ਇਕਬਾਲ ਸਿੰਘ ਖਹਿਰਾ)**-ਸੁਤੰਤਰਤਾ ਸੰਗਰਾਮੀ ਡਾ. ਸ਼ਾਮ ਲਾਲ ਥਾਪਰ ਦੀ 50ਵੀਂ ਬਰਸੀ ਮੋਗਾ ਵਿਖੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ। ਇਸ ਸਮਾਗਮ ਦੌਰਾਨ ਪੰਜਾਬ ਹਰਿਆਣਾ ਦਿੱਲੀ ਤੋਂ ਵੱਡੀ ਗਿਣਤੀ ਵਿੱਚ ਸੁਤੰਤਰਤਾ ਸੰਗਰਾਮੀਆਂ ਦੇ ਉੱਤਰਾ ਅਧਿਕਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ। ਇਸ ਸਮਾਗਮ ਦਾ ਆਰੰਭ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਤਿਰੰਗਾ ਝੰਡਾ ਲਹਿਰਾ ਕੇ ਕੀਤਾ ਤੇ ਸੁਤੰਤਰਤਾ ਸੰਗਰਾਮੀ ਡਾ. ਸ਼ਾਮ ਲਾਲ ਥਾਪਰ ਦੀ ਤਸਵੀਰ 'ਤੇ ਫੁੱਲਮਾਲਾਵਾਂ ਅਰਪਣ ਕਰਕੇ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਉਨ੍ਹਾਂ ਨਾਲ ਸਾਬਕਾ ਮੰਤਰੀ ਡਾ. ਮਾਲਤੀ ਥਾਪਰ, ਡਾ. ਪਵਨ ਥਾਪਰ, ਸੁਤੰਤਰਤਾ ਸੰਗਰਾਮੀਆਂ ਦੇ ਉੱਤਰਾ ਅਧਿਕਾਰੀ ਮੌਜੂਦ ਸਨ। ਇਸ ਸਮਾਗਮ ਦੌਰਾਨ ਪਹਿਲਗਾਮ 'ਚ ਬੇਰਹਿਮੀ ਨਾਲ ਕਤਲ ਕੀਤੇ 26 ਦੇਸ਼ ਵਾਸੀਆਂ ਨੂੰ ਦੋ ਮਿੰਟ ਦਾ ਮੌਨ ਧਾਰਨ ਕਰਕੇ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਸਮਾਗਮ ਦੌਰਾਨ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ, ਪਦਮਸ਼੍ਰੀ ਵਿਜੈ ਚੋਪੜਾ, ਅਭੈ ਚੌਟਾਲਾ, ਉਪਿੰਦਰ ਸ਼ਰਮਾ ਫਰੀਦਕੋਟ, ਮੋਗਾ ਦੀ ਵਿਧਾਇਕਾ ਡਾ. ਅਮਨਦੀਪ ਕੌਰ ਅਰੋੜਾ, ਨਿਹਾਲ ਸਿੰਘ ਵਾਲਾ ਦੇ ਵਿਧਾਇਕ ਮਨਜੀਤ ਸਿੰਘ ਬਿਲਾਸਪੁਰ, ਕਾਂਗਰਸ ਦੀ ਹਲਕਾ ਇੰਚਾਰਜ ਮਾਲਵਿਕਾ ਸੂਦ, ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਇੰਚਾਰਜ ਸੰਜੀਤ ਸਿੰਘ ਸੰਨੀ ਗਿੱਲ, ਗੁਰਚਰਨ ਸਿੰਘ ਸੰਘਾ, ਡਾ. ਇੰਦਰਬੀਰ ਗਿੱਲ ਸ਼ਾਮਲ ਸਨ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰ. ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਪੰਜਾਬ ਸਰਕਾਰ ਆਜ਼ਾਦੀ ਘੁਲਾਟੀਆ, ਸੁਤੰਤਰਤਾ ਸੰਗਰਾਮੀਆ ਸਮੇਤ ਉਨ੍ਹਾਂ ਦੇ ਪਰਵਾਰਾਂ ਨੂੰ ਬਣਦਾ ਮਾਨ ਸਨਮਾਨ ਦੇਣ ਲਈ ਦ੍ਰਿੜ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਸਾਡੇ ਮਹਾਨ ਸ਼ਹੀਦ ਭਗਤ ਸਿੰਘ ਦੇ ਸਾਥੀ ਸ਼ਹੀਦ ਸੁਖਦੇਵ ਦੇ ਭਤੀਜੇ ਡਾ. ਸ਼ਾਮ ਲਾਲ ਥਾਪਰ ਇੱਕ ਪ੍ਰਸਿੱਧ ਗਾਂਧੀਵਾਦੀ, ਤਾਮਰ ਪੱਤਰ ਧਾਰਕ, ਆਜ਼ਾਦੀ ਘੁਲਾਟੀਏ ਹੋਏ ਹਨ, ਜਿਨ੍ਹਾਂ ਭਾਰਤ ਦੀ ਆਜ਼ਾਦੀ ਤੇ ਸਮਾਜ ਦੇ ਕਮਜ਼ੋਰ ਵਰਗਾਂ ਦੇ ਉਥਾਨ ਲਈ ਆਪਣਾ ਜੀਵਨ ਸਮਰਪਤ ਕਰ ਦਿੱਤਾ। ਉਹ ਸ਼ਹੀਦ ਸੁਖਦੇਵ ਥਾਪਰ ਦੇ ਪਹਿਲੇ ਚਚੇਰੇ ਭਰਾ ਤੇ ਬੇਹਨ ਸਤਿਆਵਤੀ ਦੇ ਭਤੀਜੇ ਸਨ। ਉਨ੍ਹਾਂ ਭਾਰਤ ਦੀ ਆਜ਼ਾਦੀ ਤੇ ਸਮਾਜਿਕ ਨਿਆਂ ਪ੍ਰਤੀ ਡੂੰਘੀ ਵਚਨਬੱਧਤਾ ਸਾਂਝੀ ਕੀਤੀ। ਉਨ੍ਹਾਂ ਕਿਹਾ ਕਿ ਅਸੀਂ ਸੁਤੰਤਰਤਾ ਸੰਗ੍ਰਾਮੀਆਂ ਦੀਆਂ ਕੁਰਬਾਨੀਆਂ ਦਾ ਮੁੱਲ ਨਹੀਂ ਚੁੱਕਾ ਸਕਦੇ। ਉਨ੍ਹਾਂ ਕਿਹਾ ਕਿ ਪਹਿਲਗਾਮ ਵਿੱਚ ਅੱਤਵਾਦੀ ਹਮਲਾ ਅਤਿਅੰਤ ਮੰਦਭਾਗੀ ਘਟਨਾ ਹੈ। ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਸੁਰੱਖਿਆ ਪ੍ਰਬੰਧ ਪਹਿਲਾਂ ਤੋਂ ਮਜ਼ਬੂਤ ਰੱਖਣੇ ਚਾਹੀਦੇ ਸਨ ਤੇ ਹੁਣ ਕੇਂਦਰ ਨੂੰ ਚਾਹੀਦਾ ਹੈ ਕਿ ਉਹ ਇਸ ਹਮਲੇ ਵਿੱਚ ਮਾਰੇ ਗਏ ਬੇਕਸੂਰ ਸੈਲਾਨੀਆਂ ਤੇ ਆਮ ਲੋਕਾਂ ਦੇ ਪਰਵਾਰਾਂ ਲਈ ਕੁਝ ਕਰਨ ਤੇ ਦੋਸ਼ੀਆਂ ਨੂੰ ਫੜ ਕੇ ਸਖ਼ਤ ਤੋਂ ਸਖਤ ਸਜ਼ਾ ਦਿਵਾਉਣ।

ਇਸ ਮੌਕੇ ਸੰਬੋਧਨ ਕਰਦਿਆਂ ਸਾਬਕਾ ਮੁੱਖ ਮੰਤਰੀ ਰਜਿੰਦਰ ਕੌਰ ਭੱਠਲ ਨੇ ਕਿਹਾ ਕਿ ਡਾ. ਪਵਨ ਥਾਪਰ ਤੇ ਡਾ. ਮਾਲਤੀ ਥਾਪਰ ਉਹ ਦੇਸ਼ ਭਗਤਾਂ ਦੇ ਵਾਰਸ ਹਨ, ਜਿਨ੍ਹਾਂ ਨੇ ਅੱਜ ਪੰਜਾਬ ਹੀ ਨਹੀਂ ਹਰਿਆਣਾ ਦਿੱਲੀ ਤੱਕ ਦੇ ਸੁਤੰਤਰਤਾ ਸੰਗਰਾਮੀਆਂ ਦੇ ਉੱਤਰਾ ਅਧਿਕਾਰੀਆਂ ਨੂੰ ਬੁਲਾ ਕੇ ਜਿੱਥੇ ਉਨ੍ਹਾਂ ਨੂੰ ਯਾਦ ਕੀਤਾ ਹੈ, ਉਥੇ ਹੀ ਉਨ੍ਹਾਂ ਸਾਰਿਆਂ ਦਾ ਸਨਮਾਨ ਵੀ ਕੀਤਾ ਹੈ, ਜੋ ਮੇਰੇ ਲਈ ਬਹੁਤ ਖੁਸ਼ੀ ਦੀ ਗੱਲ ਹੈ। ਬੀਬੀ ਭੱਠਲ ਨੇ ਕਿਹਾ ਕਿ ਮੈਂ ਉਨ੍ਹਾਂ ਦੇਸ਼ ਭਗਤਾਂ ਨੂੰ ਸਿਰ ਝੁਕਾਉਂਦੀ ਹਾਂ, ਜਿਨ੍ਹਾਂ ਦੀ ਬਦੌਲਤ ਅੱਜ ਸਰਕਾਰਾਂ ਨੇ, ਜਿਨ੍ਹਾਂ ਦੀ ਬਦੌਲਤ ਅੱਜ ਕਾਰੋਬਾਰ ਨੇ, ਜਿਨ੍ਹਾਂ ਦੀ ਬਦੌਲਤ ਅਸੀਂ ਆਜ਼ਾਦ ਫਿਜ਼ਾ ਵਿੱਚ ਆਜ਼ਾਦੀ ਨਾਲ ਗੱਲ ਕਰ ਰਹੇ ਹਾਂ। ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਜਿਨ੍ਹਾਂ ਨੇ ਸਾਨੂੰ ਆਜ਼ਾਦੀ ਦਵਾਈ, ਉਨ੍ਹਾਂ ਦੇ ਉੱਤਰਾ ਅਧਿਕਾਰੀਆਂ ਦਾ ਹਸ਼ਰ ਅੱਜ ਕੀ ਹੈ? ਸਰਕਾਰਾਂ ਉਨ੍ਹਾਂ ਤੋਂ ਬੇਮੁੱਖ ਹੋਈਆਂ ਹਨ, ਜੋ ਅਤਿਅੰਤ ਮੰਦਭਾਗਾ ਹੈ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਦੀ ਸਾਰ ਲੈਣ, ਮੈਂ ਡਾ. ਸ਼ਾਮ ਲਾਲ ਥਾਪਰ ਨੂੰ ਸ਼ਰਧਾਂਜਲੀ ਭੇਟ ਕਰਦੀ ਹੋਈ ਸਮੁੱਚੇ ਉੱਤਰਾ ਅਧਿਕਾਰੀਆਂ ਨੂੰ ਭਰੋਸਾ ਦਿੰਦੀ ਹਾਂ ਕਿ ਉਨ੍ਹਾਂ ਦੇ ਹੱਕਾਂ ਦੀ ਲੜਾਈ ਲਈ ਹਮੇਸ਼ਾ ਤਤਪਰ ਰਹਾਂਗੀ। ਇਸ ਮੌਕੇ ਸੰਜੀਵ ਕੁਮਾਰ ਵਰਮਾ ਅਬੋਹਰ, ਕ੍ਰਾਂਤੀ ਕੁਮਾਰ ਕਟਿਆਰ, ਨਿਸ਼ਾਨ ਮਿਸ਼ਰਾ, ਅਨੁਜ ਥਾਪਰ, ਹਸਨ ਸੋਨਭੱਦਰੀ, ਇਸ਼ਹਾਕ ਖਾਨ, ਕ੍ਰਾਂਤੀ ਕੇ, ਮਿਸਟਰ ਸ਼ਮੀਮਾ, ਰਾਹੁਲ ਕ੍ਰਾਂਤੀ, ਅਮਨ ਕੁਮਾਰ, ਧਰਮਪਾਲ ਪਾਲੀਵਾਲ, ਮੰਗੇ ਰਾਮ, ਭਰਤ ਸਿੰਘ ਰਾਵਤ ਉੱਤਰਾਖੰਡ, ਅਮਰਪਾਲ ਅਲੀਗੜ੍ਹ, ਪਰਵੇਸ਼ ਕੁਮਾਰ ਸੰਤਾ ਅਗਰਵਾਲ, ਐਸ.ਸੰਗੀਤਾ ਅਗਰਵਾਲ, ਐਸ. ਥਾਪਰ ਲੁਧਿਆਣਾ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੁਤੰਤਰਤਾ ਸੰਗਰਾਮੀਆਂ ਦੇ ਉੱਤਰਾ ਅਧਿਕਾਰੀਆਂ ਵੱਲੋਂ ਸ਼ਮੂਲੀਅਤ ਕੀਤੀ ਗਈ।



# ਕਮਿਸ਼ਨਰ ਦਫ਼ਤਰ ਦੀਆਂ ਵਧੀਕੀਆਂ ਵਿਰੁੱਧ ਇੱਕਜੁਟ ਹੋਏ ਡੀ. ਸੀ. ਕਾਮੇ

## ■ 2 ਨੂੰ ਫਿਰੋਜ਼ਪੁਰ ਵਿਖੇ ਡਵੀਜ਼ਨ ਪੱਧਰੀ ਧਰਨੇ 'ਚ ਹੋਣਗੇ ਸ਼ਾਮਲ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਭਾਵੇਂ ਕਿ ਪੰਜਾਬ ਸਰਕਾਰ ਵੱਲੋਂ ਕਰਮਚਾਰੀਆਂ ਦੀਆਂ ਤਰੱਕੀਆਂ ਤੇ ਤਾਇਨਾਤੀਆਂ ਨੂੰ ਸਹੀ ਤੇ ਸਮਾਂਬੱਧ ਕਰਨ ਲਈ ਸਮੂਹ ਵਿਭਾਗਾਂ ਦੇ ਪ੍ਰਬੰਧਕੀ ਸਕੱਤਰਾਂ, ਡਵੀਜ਼ਨ ਕਮਿਸ਼ਨਰਾਂ ਤੇ ਵਿਭਾਗਾਂ ਦੇ ਮੁਖੀਆਂ ਨੂੰ ਸਖ਼ਤ ਹਦਾਇਤਾਂ ਕੀਤੀਆਂ ਹੋਈਆਂ ਹਨ, ਪ੍ਰੰਤੂ ਮੰਡਲ ਕਮਿਸ਼ਨਰ ਦਫ਼ਤਰ ਫਿਰੋਜ਼ਪੁਰ ਵੱਲੋਂ ਇਨ੍ਹਾਂ ਹਦਾਇਤਾਂ ਨੂੰ ਟਿੱਚ ਜਾਣਦਿਆਂ ਡੀ. ਸੀ. ਦਫ਼ਤਰਾਂ ਦੇ ਕਰਮਚਾਰੀਆਂ ਨੂੰ ਖੱਜਲ ਖੁਆਰ ਕਰਨ ਦੇ ਮਨਸ਼ੇ ਨਾਲ ਨਾ ਹੀ ਤਰੱਕੀਆਂ ਸਮੇਂ ਸਿਰ ਕੀਤੀਆਂ ਜਾਂਦੀਆਂ ਹਨ ਤੇ ਨਾ ਹੀ ਤਰੱਕੀਆਂ ਨਿਯਮਾਂ ਅਨੁਸਾਰ ਕੀਤੀਆਂ ਜਾਂਦੀਆਂ ਹਨ, ਜਿਸ ਦੇ ਚਲਦਿਆਂ ਡੀ. ਸੀ. ਦਫ਼ਤਰਾਂ ਦੇ ਕਰਮਚਾਰੀ ਆਰਥਿਕ ਤੇ ਮਾਨਸਿਕ ਤਣਾਅ ਝੱਲਣ ਲਈ ਮਜਬੂਰ ਹਨ।ਇਹ ਜਾਣਕਾਰੀ ਡੀ. ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਹਰਜਿੰਦਰ ਸਿੰਘ ਸਿੱਧੂ ਤੇ ਜਨਰਲ ਸਕੱਤਰ ਪੁਸ਼ਪਿੰਦਰ ਸਿੰਘ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦਿੱਤੀ।ਉਨ੍ਹਾਂ ਦੱਸਿਆ ਕਿ ਫਿਰੋਜ਼ਪੁਰ ਮੰਡਲ ਵਿੱਚ ਤਾਇਨਾਤ ਸੁਪਰਡੈਂਟ ਗਰੇਡ 2 ਦੀਆਂ ਤਾਇਨਾਤੀਆਂ ਰੂਲਾਂ ਵਿਰੁੱਧ ਆਪਣੇ ਅਧਿਕਾਰ ਖੇਤਰ ਤੋਂ ਬਾਹਰ ਜਾ ਕੇ ਕੀਤੀਆਂ ਗਈਆਂ, ਮੰਡਲ ਵਿੱਚ ਪੈਂਦੇ ਜ਼ਿਲ੍ਹਿਆਂ ਦੇ ਸੁਪਰਡੈਂਟ ਗ੍ਰੇਡ 1 ਦੀਆਂ ਪ੍ਰਮੋਸ਼ਨਾਂ ਕਰਨ ਲਈ ਕਿੰਨਾ-ਕਿੰਨਾ ਸਮਾਂ ਸਰਕਾਰ ਨੂੰ ਪੈਨਲ ਨਾ ਭੇਜਣ ਕਰਕੇ ਕਰਮਚਾਰੀਆਂ ਨੂੰ ਮਾਨਯੋਗ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚ ਕੇਸ ਦਾਇਰ ਕਰਕੇ ਸੇਵਾ ਮੁਕਤੀ ਦੇ ਬਹੁਤ ਨੇੜੇ ਜਾ ਕੇ ਦੇਰੀ ਨਾਲ ਪ੍ਰਮੋਸ਼ਨ ਲੈਣੀਆਂ ਪੈਂਦੀਆਂ ਹਨ। ਸੁਪਰਡੈਂਟ ਗਰੇਡ 2 ਦੀਆਂ ਪ੍ਰਮੋਸ਼ਨਾਂ ਵੀ ਸਮੇਂ ਸਿਰ ਨਹੀਂ ਕੀਤੀਆਂ ਜਾਂਦੀਆਂ, ਅਜਿਹਾ ਹੋਣ ਨਾਲ ਕਰਮਚਾਰੀਆਂ ਨੂੰ ਵੱਡਾ ਵਿੱਤੀ ਨੁਕਸਾਨ ਝੱਲਣਾ ਪੈਂਦਾ ਹੈ। ਕਰਮਚਾਰੀਆਂ ਦੀਆਂ ਛੁੱਟੀਆਂ ਤੇ ਹੋਰ ਦਰਖਾਸਤਾਂ ਵਿੱਚ ਸਮੇਂ ਸਿਰ ਢੁੱਕਵੀਂ ਕਾਰਵਾਈ ਨਾ ਕਰਕੇ ਖੱਜਲ ਖੁਆਰ ਤੇ ਪ੍ਰੇਸ਼ਾਨ ਕਰਨ ਦੀ ਪੂਰੀ ਨੀਤੀ ਅਪਣਾਈ ਜਾਂਦੀ ਹੈ।ਆਗੂਆਂ ਨੇ ਦੱਸਿਆ ਕਿ ਮੰਡਲ ਕਮਿਸ਼ਨ ਦਫ਼ਤਰ ਫਿਰੋਜ਼ਪੁਰ ਦੀ ਧੱਕੇਸ਼ਾਹੀ ਵਿਰੁੱਧ ਡੀ. ਸੀ. ਦਫ਼ਤਰ ਕਰਮਚਾਰੀ ਯੂਨੀਅਨ ਦੀ ਸੂਬਾ ਬਾਡੀ ਵੱਲੋਂ ਤਿੱਖਾ ਸੰਘਰਸ਼ ਵਿੱਢਣ ਦਾ ਫੈਸਲਾ ਲਿਆ ਗਿਆ ਹੈ, ਜਿਸ ਦੇ ਚਲਦਿਆਂ 2 ਮਈ ਨੂੰ ਫਿਰੋਜ਼ਪੁਰ ਵਿਖੇ ਮੰਡਲ ਕਮਿਸ਼ਨਰ ਦਫ਼ਤਰ ਦੇ ਬਾਹਰ ਡਵੀਜ਼ਨ ਪੱਧਰੀ ਧਰਨਾ ਦਿੱਤਾ ਜਾਵੇਗਾ, ਜਿਸ ਵਿੱਚ ਫਿਰੋਜ਼ਪੁਰ ਡਵੀਜ਼ਨ ਵਿੱਚ ਪੈਂਦੇ ਸਮੂਹ ਜ਼ਿਲ੍ਹਿਆਂ ਜਿਵੇਂ ਸ਼੍ਰੀ ਮੁਕਤਸਰ ਸਾਹਿਬ, ਫਾਜ਼ਿਲਕਾ, ਮੋਗਾ ਤੇ ਫਿਰੋਜ਼ਪੁਰ ਡੀ. ਸੀ. ਦਫ਼ਤਰਾਂ ਦੇ ਕਰਮਚਾਰੀ ਸਮੂਹਕ ਛੁੱਟੀ ਲੈ ਕੇ ਵੱਡੀ ਗਿਣਤੀ ਵਿੱਚ ਸ਼ਾਮਲ ਹੋਣਗੇ।ਆਗੂਆਂ ਨੇ ਕਿਹਾ ਕਿ ਇਸ ਧਰਨੇ ਦੌਰਾਨ ਡਵੀਜ਼ਨ 'ਤੇ ਪ੍ਰਭਾਵਿਤ ਹੋਣ ਵਾਲੇ ਕੰਮ ਸਬੰਧੀ ਦਫ਼ਤਰ ਕਮਿਸ਼ਨਰ ਮੰਡਲ ਫਿਰੋਜ਼ਪੁਰ ਜ਼ਿੰਮੇਵਾਰ ਹੋਵੇਗਾ।

# ਸੀ ਪੀ ਆਈ ਐੱਮ ਐੱਲ ਵੱਲੋਂ ਪਹਿਲਗਾਮ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀਆਂ




**ਜਗਰਾਉਂ (ਸੰਜੀਵ ਅਰੋੜਾ)**
ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੇ ਸੂਬਾਈ ਸੱਦੇ 'ਤੇ ਪਾਰਟੀ ਵੱਲੋਂ ਬੱਸ ਸਟੈਂਡ ਤੋਂ ਰੋਸ ਪ੍ਰਦਰਸ਼ਨ ਕਰਕੇ ਏਡੀਸੀ ਜਗਰਾਉਂ ਰਾਹੀਂ ਰਾਸ਼ਟਰਪਤੀ ਭਾਰਤ ਸਰਕਾਰ ਨੂੰ ਪਹਿਲਗਾਮ ਅੱਤਵਾਦੀ ਘਟਨਾ ਖਿਲਾਫ਼ ਮੰਗ ਪੱਤਰ ਭੇਜਿਆ ਗਿਆ ਤੇ ਕਸ਼ਮੀਰ ਦੇ ਪਹਿਲਗਾਮ ਕਤਲੇਆਮ 'ਚ ਅੱਤਵਾਦੀ ਹਮਲੇ 'ਚ ਜਾਨਾਂ ਗਵਾਉਣ ਵਾਲੇ ਨਿਰਦੋਸ਼ ਲੋਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਇਸ ਮੌਕੇ ਇਕੱਤਰਤਾ ਨੇ ਜ਼ੋਰਦਾਰ ਮੰਗ ਕੀਤੀ ਕਿ ਪਹਿਲਗਾਮ ਮਾਮਲੇ ਦੀ ਉੱਚ ਪੱਧਰੀ ਨਿਰਪੱਖ ਜਾਂਚ ਕਰਵਾ ਕੇ ਇਸ ਪਿੱਛੇ ਦੀ ਸਾਜ਼ਿਸ਼ ਤੇ ਕਾਰਨਾਂ ਦਾ ਪਤਾ ਲਗਾ ਕੇ ਸੱਚ ਲੋਕਾਂ ਸਾਹਮਣੇ ਲਿਆਂਦਾ ਜਾਵੇ। ਇਕੱਤੱਰਤਾ ਨੂੰ ਸੰਬੋਧਨ ਕਰਦਿਆਂ ਅਵਤਾਰ ਸਿੰਘ ਤੇ ਸਾਧੂ ਸਿੰਘ ਅੱਚਰਵਾਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਵੱਲੋਂ ਇਸ ਵੇਲੇ ਦੇਸ਼ ਦੀ ਫੌਜ ਦਾ ਸਭ ਤੋਂ ਵੱਡਾ ਹਿੱਸਾ ਜੰਮੂ ਕਸ਼ਮੀਰ ਲਾਇਆ ਹੋਇਆ, ਚੱਪੇ ਚੱਪੇ 'ਤੇ ਫੌਜ ਤਾਇਨਾਤ ਹੈ, ਫਿਰ ਵੀ ਇੰਨਾ ਵੱਡਾ ਅੱਤਵਾਦੀ ਹਮਲਾ ਹੋ ਜਾਵੇ, ਉਹ ਵੀ ਉਸ ਜਗ੍ਹਾ 'ਤੇ ਜਿੱਥੇ ਦੇਸ਼ ਤੇ ਦੁਨੀਆ ਭਰ ਦੇ ਯਾਤਰੀ ਘੁੰਮਣ ਲਈ ਆਉਂਦੇ ਹੋਣ ਤਾਂ ਇਹ ਹਮਲਾ ਹੋ ਜਾਣਾ ਸੁਰੱਖਿਆ ਦੇ ਮਾਮਲੇ 'ਚ ਬਹੁਤ ਵੱਡੀਆਂ ਊਣਤਾਈਆਂ ਹੋਣ ਦਾ ਸਵਾਲ ਖੜ੍ਹਾ ਕਰਦਾ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਗੋਦੀ ਮੀਡੀਆ ਲਗਾਤਾਰ ਹਿੰਦੂ-ਮੁਸਲਮਾਨ ਦਾ ਮਾਮਲਾ ਬਣਾਉਣ ਲਈ ਅੱਗ ਉਗਲ ਰਿਹਾ ਹੈ, ਜਿਸ ਦੀ ਜ਼ੋਰਦਾਰ ਨਿਖੇਧੀ ਕਰਨੀ ਬਣਦੀ ਹੈ, ਕਿਉਂਕਿ ਅਜਿਹੀ ਨਫਰਤ ਭਰੀਆਂ ਤਕਰੀਰਾਂ ਕਾਰਨ ਦੇਸ਼ ਅੰਦਰ ਕਸ਼ਮੀਰੀ ਵਿਦਿਆਰਥੀਆਂ ਤੇ ਮੁਸਲਮਾਨ ਲੋਕਾਂ 'ਤੇ ਹਮਲੇ ਵਧ ਰਹੇ ਹਨ। ਇਨ੍ਹਾਂ ਹਮਲਿਆਂ ਨੂੰ ਰੋਕਣ ਲਈ ਠੋਸ ਕਦਮ ਉਠਾਉਣੇ ਚਾਹੀਦੇ ਹਨ, ਜਦੋਂਕਿ ਸਮੁੱਚਾ ਕਸ਼ਮੀਰ ਵਿਸ਼ੇਸ਼ ਕਰਕੇ ਕਸ਼ਮੀਰੀ ਮੁਸਲਿਮ ਭਾਈਚਾਰੇ ਦੇ ਲੋਕ ਜਿੱਥੇ ਪਹਿਲਗਾਮ ਕਤਲੇਆਮ ਤੋਂ ਪੀੜਤ ਸੈਲਾਨੀਆਂ ਦੇ ਦੁੱਖ ਵਿੱਚ ਸ਼ਰੀਕ ਹਨ, ਉੱਥੇ ਉਨ੍ਹਾਂ ਨਿਰਦੋਸ਼ ਸੈਲਾਨੀਆਂ ਨੂੰ ਬਚਾਉਣ ਲਈ ਆਪਣੀ ਜਾਨ ਪ੍ਰਵਾਹ ਕੀਤੇ ਬਿਨਾਂ ਸ਼ਹਾਦਤਾਂ ਦਿੱਤੀਆਂ। ਉਨ੍ਹਾਂ ਮੰਗ ਕੀਤੀ ਕਿ ਭਾਰਤ ਪਾਕਿਸਤਾਨ ਦਰਮਿਆਨ ਬਣਾਇਆ ਜਾ ਰਿਹਾ ਜੰਗੀ ਮਾਹੌਲ ਖਤਮ ਕੀਤਾ ਜਾਵੇ ਤੇ ਆਪਸੀ ਗੱਲਬਾਤ ਸ਼ੁਰੂ ਕੀਤੀ ਜਾਵੇ, ਜੰਮੂ ਕਸ਼ਮੀਰ ਦੇ ਮਸਲੇ ਦਾ ਫੌਜੀ ਹੱਲ ਕਰਨ ਦੀ ਥਾਂ ਸਿਆਸੀ ਹੱਲ ਕੀਤਾ ਜਾਵੇ, ਪਹਿਲਗਾਮ ਵਿੱਚ ਵਾਪਰੀ ਘਟਨਾ ਦੀ ਉੱਚ ਪੱਧਰੀ ਨਿਰਪੱਖ ਜਾਂਚ ਕੀਤੀ ਜਾਵੇ, ਭਾਰਤ ਤੇ ਪਾਕਿਸਤਾਨ ਵੱਲੋਂ ਇੱਕ ਦੂਸਰੇ 'ਤੇ ਲਗਾਈਆਂ ਗਈਆਂ ਪਾਬੰਦੀਆਂ ਤੁਰੰਤ ਹਟਾਈਆਂ ਜਾਣ ਤੇ ਆਪਸੀ ਵਪਾਰ ਖੋਲ੍ਹਿਆ ਜਾਵੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਸੁਖਦੇਵ ਸਿੰਘ ਮਾਣੂੰਕੇ, ਜਗਰੂਪ ਸਿੰਘ ਗਿੱਲ, ਗੁਰਬਿੰਦਰ ਸ਼ਰਮਾ, ਬਲਵਿੰਦਰ ਸਿੰਘ ਕੋਠੇਪੋਨਾ, ਰਮਨ ਝੋਰੜਾਂ, ਚਰਨਜੀਤ ਸਿੰਘ ਭੰਮੀਪੁਰਾ, ਸੁਖਦੇਵ ਸਿੰਘ ਚੱਕਰ, ਹਰਜਿੰਦਰ ਸਿੰਘ ਤੇ ਜਲੌਰ ਸਿੰਘ ਆਦਿ ਹਾਜ਼ਰ ਸਨ।

# ਮਾਤਾ ਜਸਵੰਤ ਕੌਰ ਸਰਵੋਤਮ ਮੌਲਿਕ ਬਾਲ ਪੁਸਤਕ ਪੁਰਸਕਾਰ ਲਈ ਪੁਸਤਕਾਂ ਦੀ ਮੰਗ

**ਲੁਧਿਆਣਾ (ਭਾਟੀਆ, ਸਿੰਗਲਾ, ਕਥੂਰੀਆ)**-ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਵੱਲੋਂ ਮਾਤਾ ਜਸਵੰਤ ਕੌਰ ਸਰਬੋਤਮ ਮੌਲਿਕ ਬਾਲ ਪੁਸਤਕ ਪੁਰਸਕਾਰ ਲਈ ਲੇਖਕਾਂ ਦੀਆਂ 2023 ਵਿੱਚ ਛਪੀਆਂ ਬਾਲ ਪੁਸਤਕਾਂ ਦੀਆਂ ਛੇ-ਛੇ ਕਾਪੀਆਂ ਦੀ ਮੰਗ ਕੀਤੀ ਗਈ ਹੈ।ਉਪਰੋਕਤ ਜਾਣਕਾਰੀ ਦਿੰਦਿਆਂ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਡਾ. ਸਰਬਜੀਤ ਸਿੰਘ, ਸੀਨੀ. ਮੀਤ ਪ੍ਰਧਾਨ ਡਾ. ਪਾਲ ਕੌਰ ਤੇ ਜਨਰਲ ਸਕੱਤਰ ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਉਪਰੋਕਤ ਪੁਰਸਕਾਰ ਸਵ. ਪ੍ਰੋ. ਪ੍ਰੀਤਮ ਸਿੰਘ ਪਟਿਆਲਾ ਨੇ ਆਪਣੇ ਮਾਤਾ ਜੀ ਦੀ ਯਾਦ ਵਿੱਚ ਅਕਾਦਮੀ ਰਾਹੀਂ ਦੇਣਾ ਸ਼ੁਰੂ ਕੀਤਾ ਸੀ, ਕਿਉਂਕਿ ਇਹ ਪੁਰਸਕਾਰ 2024 ਦੇ ਹਨ, ਇਸ ਲਈ ਪੁਸਤਕਾਂ 2023 ਵਿੱਚ ਹੀ ਛਪੀਆਂ ਹੋਣ ਅਤੇ ਛੇ ਕਾਪੀਆਂ ਭੇਜੀਆਂ ਜਾਣ ਤਾਂ ਹੀ ਪੁਸਤਕ ਨੂੰ ਪੁਰਸਕਾਰ ਲਈ ਕਮੇਟੀ ਵੱਲੋਂ ਵਿਚਾਰਿਆ ਜਾਵੇਗਾ।

ਡਾ. ਗੁਲਜ਼ਾਰ ਸਿੰਘ ਪੰਧੇਰ ਨੇ ਦੱਸਿਆ ਕਿ ਅਕਾਦਮੀ ਵੱਲੋਂ ਦਿੱਤੇ ਜਾਂਦੇ ਪੁਰਸਕਾਰਾਂ ਦੀ ਚੋਣ ਲਈ ਕਮੇਟੀ ਬਣਾਈ ਗਈ ਹੈ, ਜਿਸ ਵਿੱਚ ਵਿਚਾਰ ਉਪਰੰਤ ਹੀ ਨਿਰਪੱਖਤਾ ਨਾਲ ਲੇਖਕਾਂ ਦੀ ਚੋਣ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਜਿਹੜੇ ਵੀ ਲੇਖਕ ਆਪਣੀ ਪੁਸਤਕਾਂ ਉਪਰੋਕਤ ਪੁਰਸਕਾਰ ਲਈ ਭੇਜਣਾ ਚਾਹੁੰਦੇ ਹਨ, ਉਹ ਨਿਯਮਾਂ ਅਨੁਸਾਰ ਛੇ-ਛੇ ਕਾਪੀਆਂ ਜਨਰਲ ਸਕੱਤਰ, ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਨਾਮ 'ਤੇ ਡਾਕ ਰਾਹੀਂ/ਕੋਰੀਅਰ ਰਾਹੀਂ ਵੀ ਭੇਜ ਸਕਦੇ ਹਨ।ਇਹ ਪੁਸਤਕਾਂ 15 ਮਈ 2025 ਤੱਕ ਅਕਾਦਮੀ ਕੋਲ ਪਹੁੰਚ ਜਾਣੀਆਂ ਚਾਹੀਦੀਆਂ ਹਨ।

# ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਧਾਰਮਿਕ ਸਥਾਨਾਂ ਦਾ ਟੂਰ

## ਬੱਚਿਆਂ ਨੂੰ ਇਤਿਹਾਸ ਬਾਰੇ ਜਾਣਕਾਰੀ ਦੇਣੀ ਜ਼ਰੂਰੀ : ਡਾ. ਜਿੰਦਲ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ, ਕੁਲਭੂਸ਼ਨ ਚਾਵਲਾ)**-ਦੇਸ਼ ਭਗਤ ਗਲੋਬਲ ਸਕੂਲ ਸ੍ਰੀ ਮੁਕਤਸਰ ਸਾਹਿਬ ਵੱਲੋਂ ਦੇਸ਼ ਭਗਤ ਗਰੁੱਪ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਦੀ ਯੋਗ ਅਗਵਾਈ ਹੇਠ ਸਕੂਲ ਵੱਲੋਂ ਇੱਕ ਰੋਜ਼ਾ ਫੀਲਡ ਟ੍ਰਿਪ ਆਯੋਜਿਤ ਕੀਤਾ ਗਿਆ, ਜਿਸ ਵਿੱਚ ਤੀਸਰੀ ਤੋਂ ਪੰਜਵੀਂ ਜਮਾਤ ਤੱਕ ਦੇ ਬੱਚਿਆਂ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਇਤਿਹਾਸਕ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ, ਗੁਰਦੁਆਰਾ ਸ੍ਰੀ ਦਾਤਨਸਰ ਸਾਹਿਬ, ਗੁਰਦੁਆਰਾ ਸ੍ਰੀ ਖੂਹ ਸਾਹਿਬ ਤੇ ਗੁਰਦੁਆਰਾ ਸ੍ਰੀ ਰਕਾਬਗੰਜ ਸਾਹਿਬ ਦੇ ਦਰਸ਼ਨ ਕਰਵਾਏ।ਮੌਕੇ 'ਤੇ ਮੌਜੂਦ ਅਧਿਆਪਕਾਂ ਨੇ ਬੱਚਿਆਂ ਨੂੰ ਗੁਰਦੁਆਰਾ ਸ੍ਰੀ ਟਿੱਬੀ ਸਾਹਿਬ ਤੇ ਬਾਕੀ ਗੁਰਦੁਆਰਿਆਂ ਦਾ ਇਤਿਹਾਸ ਦੱਸਿਆ। ਇਸ ਮੌਕੇ ਪ੍ਰਿੰਸੀਪਲ ਡਾਕਟਰ ਜਿੰਦਲ ਨੇ ਕਿਹਾ ਕਿ ਬੱਚਿਆਂ ਨੂੰ ਸਾਡੇ ਇਤਿਹਾਸ ਬਾਰੇ ਜਾਣਕਾਰੀ ਦੇਣਾ ਸਾਡਾ ਪਹਿਲਾ ਕਰਤੱਵ ਹੈ।ਅਸੀਂ ਬੱਚਿਆਂ ਨੂੰ ਆਪਣੇ ਸ਼ਹਿਰ ਦੇ ਇਸ ਧਾਰਮਿਕ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਇਹੋ ਜਿਹੇ ਪ੍ਰੋਗਰਾਮ ਕਰਦੇ ਰਹਿੰਦੇ ਹਾਂ।

ਉਨ੍ਹਾਂ ਕਿਹਾ ਕਿ ਇਹੋ ਜਿਹੇ ਟ੍ਰਿਪ 'ਤੇ ਲੈ ਕੇ ਜਾਣ ਦਾ ਮਤਲਬ ਬੱਚਿਆਂ ਨੂੰ ਸਾਡੇ ਸਿੱਖ ਇਤਿਹਾਸ ਨਾਲ ਜੋੜਨਾ ਤੇ ਉਸ ਬਾਰੇ ਜਾਣਕਾਰੀ ਦੇਣਾ ਹੈ।ਬੱਚਿਆਂ ਦੀ ਪੜ੍ਹਾਈ ਦੇ ਨਾਲ ਨਾਲ ਉਨ੍ਹਾਂ ਦੇ ਮਾਨਸਿਕ, ਸਰੀਰਕ ਤੇ ਧਾਰਮਿਕ ਵਿਕਾਸ ਕਰਦਿਆਂ ਉਨ੍ਹਾਂ ਨੂੰ ਸਮੇਂ ਦੀ ਲੋੜ ਦਾ ਹਾਣੀ ਬਣਾਉਣਾ ਹਰ ਅਧਿਆਪਕ ਦਾ ਫਰਜ਼ ਹੈ।ਡਾ. ਪਰਮਪ੍ਰੀਤ ਕੌਰ ਨੇ ਕਿਹਾ ਕਿ ਸਾਨੂੰ ਬੱਚਿਆਂ ਨੂੰ ਅਜਿਹੇ ਸਥਾਨਾਂ 'ਤੇ ਲਿਜਾ ਕੇ ਸਮੇਂ ਸਮੇਂ ਸਿਰ ਆਪਣੇ ਇਤਿਹਾਸ 'ਤੇ ਚਾਨਣ ਪਾਉਂਦੇ ਰਹਿਣਾ ਚਾਹੀਦਾ ਹੈ।

# ਪੰਜਾਬ ਦੇ ਚਾਰ ਵਾਈਸ ਚਾਂਸਲਰਾਂ ਵੱਲੋਂ ਵਰਲਡ 'ਵਰਸਿਟੀ ਦਾ ਦੌਰਾ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਪੰਜਾਬ ਦੀਆਂ ਪ੍ਰਮੁੱਖ ਯੂਨੀਵਰਸਿਟੀਆਂ ਦੇ ਚਾਰ ਵਾਈਸ ਚਾਂਸਲਰਾਂ ਦੀ ਇੱਕ ਟੀਮ ਨੇ ਪੰਜਾਬ ਦੇ ਮਾਣਯੋਗ ਰਾਜਪਾਲ ਦੁਆਰਾ ਸਿਫ਼ਾਰਸ਼ ਕੀਤੀ ਗਈ ਪਹਿਲਕਦਮੀ ਦੇ ਹਿੱਸੇ ਵਜੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦਾ ਦੌਰਾ ਕੀਤਾ।ਇਹ ਪ੍ਰੋਗਰਾਮ ਰਾਜ ਭਰ ਦੀਆਂ ਯੂਨੀਵਰਸਿਟੀਆਂ ਨੂੰ ਉੱਚ ਸਿੱਖਿਆ ਦੇ ਖੇਤਰ ਵਿੱਚ ਸਭ ਤੋਂ ਵਧੀਆ ਅਭਿਆਸਾਂ ਨੂੰ ਮਾਨਤਾ ਦੇਣ ਤੇ ਅਪਣਾਉਣ ਲਈ ਉਤਸ਼ਾਹਤ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਹੈ।ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ. (ਡਾ.) ਪ੍ਰਿਤਪਾਲ ਸਿੰਘ ਨੇ ਚੰਡੀਗੜ੍ਹ ਯੂਨੀਵਰਸਿਟੀ ਮੋਹਾਲੀ ਦੇ ਵਾਈਸ ਚਾਂਸਲਰ ਡਾ. ਮਨਪ੍ਰੀਤ ਸਿੰਘ ਮੰਨਾ, ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ ਜਲੰਧਰ ਦੇ ਵਾਈਸ ਚਾਂਸਲਰ ਡਾ. ਧਰਮਜੀਤ ਸਿੰਘ ਪਰਮਾਰ, ਜੀ ਐੱਨ ਏ ਯੂਨੀਵਰਸਿਟੀ ਫਗਵਾੜਾ ਦੇ ਵਾਈਸ ਚਾਂਸਲਰ ਡਾ. ਹੇਮੰਤ ਸ਼ਰਮਾ ਤੇ ਸੀਟੀ ਯੂਨੀਵਰਸਿਟੀ ਲੁਧਿਆਣਾ ਦੇ ਵਾਈਸ ਚਾਂਸਲਰ ਡਾ. ਅਭਿਸ਼ੇਕ ਤ੍ਰਿਪਾਠੀ ਦਾ ਨਿੱਘਾ ਸਵਾਗਤ ਕੀਤਾ।ਉਨ੍ਹਾਂ ਯੂਨੀਵਰਸਿਟੀ ਦੇ ਉਨ੍ਹਾਂ ਦੇ ਦੌਰੇ 'ਤੇ ਖੁਸ਼ੀ ਪ੍ਰਗਟ ਕੀਤੀ, ਜਿਸ ਨੇ ਯੂਨੀਵਰਸਿਟੀ ਨੂੰ ਉੱਚ ਸਿੱਖਿਆ ਵਿੱਚ ਗੁਣਵੱਤਾ ਤੇ ਉੱਤਮਤਾ ਦੇ ਮਿਆਰਾਂ ਨੂੰ ਬਣਾਈ ਰੱਖਣ ਅਤੇ ਉੱਚਾ ਚੁੱਕਣ 'ਤੇ ਵਿਚਾਰਾਂ ਦੇ ਆਦਾਨ-ਪ੍ਰਦਾਨ ਦਾ ਮੌਕਾ ਦਿੱਤਾ। ਇਹ ਦੌਰਾ ਯੂਨੀਵਰਸਿਟੀ ਦੇ ਰਜਿਸਟਰਾਰ ਪ੍ਰੋ. (ਡਾ.) ਤੇਜਬੀਰ ਸਿੰਘ ਦੀ ਨਿਗਰਾਨੀ ਹੇਠ ਯੋਜਨਾਬੱਧ ਕੀਤਾ ਗਿਆ ਸੀ।ਯੂਨੀਵਰਸਿਟੀ ਦੇ ਡੀਨ ਅਕਾਦਮਿਕ ਮਾਮਲੇ ਪ੍ਰੋ. ਸੁਖਵਿੰਦਰ ਸਿੰਘ ਬਿਲਿੰਗ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਦੱਸਿਆ ਕਿ ਵਾਈਸ ਚਾਂਸਲਰਾਂ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੇ ਦ੍ਰਿਸ਼ਟੀਕੋਣ ਤੇ ਮਿਸ਼ਨ ਦੀ ਸ਼ਲਾਘਾ ਕੀਤੀ।ਉਨ੍ਹਾਂ ਕਿਹਾ ਕਿ ਟੀਮ ਨੇ ਯੂਨੀਵਰਸਿਟੀ ਦੀਆਂ ਸਕਾਲਰਸ਼ਿਪ ਸਕੀਮਾਂ ਦੀ ਵਿਸ਼ਾਲ ਸ਼੍ਰੇਣੀ ਤੇ ਭਾਈਚਾਰਕ ਭਲਾਈ ਪ੍ਰੋਗਰਾਮਾਂ ਦੀ ਵੀ ਸ਼ਲਾਘਾ ਕੀਤੀ। ਯੂਨੀਵਰਸਿਟੀ ਦੇ ਇੰਟਰਨਲ ਕੁਆਲਿਟੀ ਇੰਸ਼ੋਰੈਂਸ ਸੈੱਲ ਦੇ ਕੋਆਰਡੀਨੇਟਰ ਡਾ. ਅੰਕਦੀਪ ਕੌਰ ਅਟਵਾਲ ਨੇ ਟੀਮ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀਆਂ ਵਿਸ਼ੇਸ਼ਤਾਵਾਂ ਬਾਰੇ ਪ੍ਰਜ਼ੈਂਟੇਸ਼ਨ ਦਿੱਤੀ।

ਉਨ੍ਹਾਂ ਵਚਨਬੱਧ ਫੈਕਲਟੀ ਤੇ ਮਜ਼ਬੂਤ ਬੁਨਿਆਦੀ ਢਾਂਚੇ ਦੁਆਰਾ ਸਮਰਥਤ ਅਕਾਦਮਿਕ ਉੱਤਮਤਾ, ਸਮਾਵੇਸ਼ੀ ਸਿੱਖਿਆ ਤੇ ਸੰਪੂਰਨ ਵਿਕਾਸ ਪ੍ਰਤੀ ਯੂਨੀਵਰਸਿਟੀ ਦੇ ਦ੍ਰਿੜ੍ਹ ਸਮਰਪਣ ਨੂੰ ਉਜਾਗਰ ਕੀਤਾ।ਟੀਮ ਨੇ ਵਰਲਡ ਯੂਨੀਵਰਸਿਟੀ ਦੀ ਲਿੰਗ ਬਰਾਬਰਤਾ ਪ੍ਰਤੀ ਵਚਨਬੱਧਤਾ ਦੀ ਵੀ ਸ਼ਲਾਘਾ ਕੀਤੀ। ਟੀਮ ਨੇ ਯੂਨੀਵਰਸਿਟੀ ਦੇ ਵੱਖ-ਵੱਖ ਵਿਭਾਗਾਂ ਤੇ ਸਹੂਲਤਾਂ ਦਾ ਦੌਰਾ ਕੀਤਾ।ਉਨ੍ਹਾਂ ਫਿਜੀਓਥੈਰੇਪੀ ਵਿਭਾਗ ਵਿੱਚ ਸਹੂਲਤਾਂ, ਸਿੱਖਿਆ ਵਿਭਾਗ ਦੁਆਰਾ ਪ੍ਰਦਾਨ ਕੀਤੇ ਗਏ ਅਧਿਆਪਨ ਹੁਨਰ ਤੇ ਸਹਾਇਤਾ ਅਤੇ ਖੇਤੀਬਾੜੀ ਵਿਭਾਗ ਦੁਆਰਾ ਟਿਕਾਊ ਖੇਤੀਬਾੜੀ ਲਈ ਕਿਸਾਨਾਂ ਨੂੰ ਪ੍ਰਦਾਨ ਕੀਤੀਆਂ ਗਈਆਂ ਸੇਵਾਵਾਂ ਦੀ ਸ਼ਲਾਘਾ ਕੀਤੀ।ਇਸ ਇਤਿਹਾਸਕ ਮੁਲਾਕਾਤ ਵਿੱਚ ਡਾ. ਪੰਕਜਪ੍ਰੀਤ ਸਿੰਘ ਮੁਖੀ ਫਿਜੀਓਥੈਰੇਪੀ ਵਿਭਾਗ, ਡਾ. ਨਿਤਿਨ ਪ੍ਰਿਥੀ ਤੇ ਡਾ. ਸੁਪ੍ਰੀਤ ਬਿੰਦਰਾ ਦੁਆਰਾ ਲਿਖੀ ਗਈ ਇੱਕ ਕਿਤਾਬ 'ਰੰਗੀਨ ਕਸਰਤ ਚਾਰਟ' ਯੂਨੀਵਰਸਿਟੀ ਦੇ ਯੋਗ ਵਾਈਸ ਚਾਂਸਲਰਾਂ ਤੇ ਪਤਵੰਤਿਆਂ ਦੁਆਰਾ ਜਾਰੀ ਕੀਤੀ ਗਈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਤੋਂ ਡਾ. ਨਵਦੀਪ ਕੌਰ, ਡੀਨ ਰਿਸਰਚ ਤੇ ਡਾ. ਰਮੇਸ਼ ਅਰੋੜਾ, ਡਾਇਰੈਕਟਰ, ਆਈਕਿਊਏਸੀ ਤੇ ਚੰਡੀਗੜ੍ਹ ਯੂਨੀਵਰਸਿਟੀ ਤੋਂ ਡਾ. ਮਨੀਸ਼ਾ ਮਲਹੋਤਰਾ, ਡਾਇਰੈਕਟਰ ਯੂਨੀਵਰਸਿਟੀ ਇੰਸਟੀਚਿਊਟ ਆਫ ਕੰਪਿਊਟਿੰਗ ਮੌਜੂਦ ਸਨ।

# ਥਰਮਲ ਮੁਲਾਜ਼ਮਾਂ ਨੇ ਪਾਵਰਕਾਮ ਮੈਨੇਜਮੈਂਟ ਤੇ ਸਰਕਾਰ ਦੀ ਅਰਥੀ ਫੂਕੀ



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਪੀ ਐੱਸ ਈ ਬੀ ਜੁਆਇੰਟ ਫੋਰਮ, ਬਿਜਲੀ ਮੁਲਾਜ਼ਮ ਏਕਤਾ ਮੰਚ ਤੇ ਕੌਂਸਲ ਆਫ ਜੂਨੀਅਰ ਇੰਜੀਨੀਅਰ ਪੰਜਾਬ ਦੇ ਸੱਦੇ 'ਤੇ ਟੈਕਨੀਕਲ ਸਰਵਿਸ ਯੂਨੀਅਨ (ਰਜਿ.49) ਗੁਰੂ ਹਰਗੋਬਿੰਦ ਸਾਹਿਬ ਥਰਮਲ ਪਲਾਂਟ ਲਹਿਰ ਮੁਹੱਬਤ, ਗਰਿਡ ਸਬ-ਸਟੇਸ਼ਨ ਇੰਪਲਾਈਜ਼ ਯੂਨੀਅਨ ਤੇ ਥਰਮਲ ਪਲਾਂਟ ਇੰਪਲਾਈਜ਼ ਯੂਨੀਅਨ ਨੇ ਸਾਂਝੇ ਤੌਰ 'ਤੇ ਥਰਮਲ ਪਲਾਂਟ ਦੇ ਮੇਨ ਗੇਟ 'ਤੇ ਪਾਵਰਕਾਮ ਮੈਨੇਜਮੈਂਟ ਤੇ ਪੰਜਾਬ ਸਰਕਾਰ ਦੀ ਅਰਥੀ ਫੂਕੀ ਅਤੇ ਨਾਅਰੇਬਾਜ਼ੀ ਕੀਤੀ। ਰੈਲੀ ਨੂੰ ਸੰਬੋਧਨ ਕਰਦਿਆ ਟੀ. ਐੱਸ. ਯੂ. ਦੇ ਪ੍ਰਧਾਨ ਅਮਰਜੀਤ ਸਿੰਘ ਮੰਗਲੀ ਨੇ ਕਿਹਾ ਕਿ ਪਾਵਰਕਾਮ ਦੀ ਮੈਨੇਜਮੈਂਟ, ਕੇਂਦਰ ਸਰਕਾਰ ਤੇ ਪੰਜਾਬ ਸਰਕਾਰ ਦੀ ਸ਼ਹਿ 'ਤੇ ਬਿਜਲੀ ਨਿਗਮ ਨੂੰ ਨਿੱਜੀਕਰਨ ਦੇ ਰਾਹ 'ਤੇ ਤੋਰਿਆ ਜਾ ਰਿਹਾ ਹੈ। ਪੰਜਾਬ ਸਰਕਾਰ ਨੇ ਪਾਵਰਕਾਮ ਦੀਆਂ ਦੋ ਡਵੀਜ਼ਨਾਂ ਲਾਲੜੂ ਤੇ ਖਰੜ ਨੂੰ ਪ੍ਰਾਈਵੇਟ ਕਰਨ ਦੀ ਤਿਆਰੀ ਕਰ ਲਈ ਹੈ। ਇਸ ਮੌਕੇ ਮੁਲਾਜ਼ਮ ਆਗੂ ਅੰਗਰੇਜ਼ ਸਿੰਘ ਧੂਰਕੋਟ ਸਰਕਲ ਸਕੱਤਰ ਬਠਿੰਡਾ, ਕਿਰਨਦੀਪ ਸਿੰਘ ਜਨਰਲ ਸਕੱਤਰ, ਗਰਿਡ ਸਬ ਸਟੇਸ਼ਨ ਜ਼ੋਨ ਦੇ ਪ੍ਰਧਾਨ ਰਣਜੀਤ ਸਿੰਘ, ਮਨਿਸਟਿਰੀਅਲ ਸਰਵਿਸ ਯੂਨੀਅਨ ਰਾਮਪੁਰਾ ਡਵੀਜ਼ਨ ਦੇ ਪ੍ਰਧਾਨ ਗੁਰਜੰਟ ਸਿੰਘ, ਟੀ. ਐੱਸ. ਯੂ. ਦੇ ਸਲਾਹਕਾਰ ਰਵਿੰਦਰ ਕੁਮਾਰ ਲਾਈਨਮੈਨ, ਮੀਤ ਪ੍ਰਧਾਨ ਜਗਦੀਪ ਸਿੰਘ, ਜਨਰਲ ਸਕੱਤਰ ਅੰਤਰ ਸਿੰਘ ਜੇ ਈ, ਪ੍ਰਚਾਰ ਸਕੱਤਰ ਪਿਆਰਾ ਸਿੰਘ, ਵਰਿੰਦਰ ਸਿੰਘ ਕੈਸ਼ੀਅਰ, ਪ੍ਰਧਾਨ ਬਲਵਿੰਦਰ ਸਿੰਘ ਖਾਲਸਾ, ਹਰਪ੍ਰੀਤ ਸਿੰਘ ਏ. ਐੱਲ. ਐੱਮ., ਪਰਮਜੋਤ ਸਿੰਘ, ਸੁਰਜੀਤ ਸਿੰਘ ਸਿੱਧੂ ਜੇ ਈ ਤੇ ਠੇਕਾ ਮੁਲਾਜ਼ਮ ਆਗੂ ਜਗਰੂਪ ਸਿੰਘ ਲਹਿਰਾ ਆਦਿ ਸ਼ਾਮਲ ਸਨ।

ਬੁਲਾਰਿਆਂ ਨੇ ਨਿਖੇਧੀ ਕਰਦਿਆਂ ਕਿਹਾ ਕਿ ਬਿਜਲੀ ਨਿਗਮ ਅੰਦਰ ਹਜ਼ਾਰਾਂ ਦੀ ਗਿਣਤੀ ਵਿੱਚ ਅਸਾਮੀਆਂ ਖਾਲੀ ਪਈਆਂ ਹਨ, ਉਨ੍ਹਾਂ ਨੂੰ ਰੈਗੂਲਰ ਭਰਤੀ ਰਾਹੀਂ ਭਰਨ ਦੀ ਥਾਂ ਮੈਨੇਜਮੈਂਟ ਆਉਟਸੋਰਸਿੰਗ ਰਾਹੀਂ ਨਿੱਜੀਕਰਨ ਦਾ ਰਾਹ ਖੋਲ੍ਹ ਰਹੀ ਹੈ, ਜਿਸ ਨੂੰ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੌਰਾਨ ਪਹਿਲਗਾਮ 'ਚ ਹੋਏ ਅੱਤਵਾਦੀ ਹਮਲੇ ਦੀ ਵੀ ਪੁਰਜ਼ੋਰ ਨਿਖੇਧੀ ਕੀਤੀ ਗਈ।

# ਖਾਰਾ 'ਚ ਜ਼ਮੀਨੀ ਵਿਵਾਦ ਨੂੰ ਲੈ ਕੇ ਮਹਿਲਾ ਦਾ ਕਤਲ

## ➤ ਪੁਲਸ ਵੱਲੋਂ ਮੁੱਖ ਦੋਸ਼ੀ ਕੁਝ ਹੀ ਘੰਟਿਆਂ 'ਚ ਕਾਬੂ




**ਫਰੀਦਕੋਟ (ਐਲਿਗਜ਼ੈਂਡਰ ਡਿਸੂਜਾ)**-ਪਿੰਡ ਖਾਰਾ ਵਿੱਚ ਜ਼ਮੀਨ ਦੇ ਵਿਵਾਦ ਨੂੰ ਲੈ ਕੇ ਇੱਕ ਮਹਿਲਾ ਦੇ ਹੋਏ ਕਤਲ ਮਾਮਲੇ ਵਿੱਚ ਫਰਾਰ ਹੋਏ ਮੁੱਖ ਦੋਸ਼ੀ ਨੂੰ ਥਾਣੇਦਾਰ ਚਮਕੌਰ ਸਿੰਘ ਮੁੱਖ ਅਫਸਰ ਥਾਣਾ ਸਦਰ ਕੋਟਕਪੂਰਾ ਵੱਲੋਂ ਮਹਿਜ ਕੁਝ ਹੀ ਘੰਟਿਆਂ ਅੰਦਰ ਗ੍ਰਿਫਤਾਰ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ। ਬੀਤੀ 28 ਅਪ੍ਰੈਲ 2025 ਨੂੰ ਬਲਤੇਜ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਕੋਠੇ ਬਾਹਮਣ ਵਾਲਾ ਨੇ ਆਪਣਾ ਬਿਆਨ ਦਰਜ ਕਰਵਾਇਆ ਕਿ ਉਸ ਦੀ ਭੈਣ ਗਗਨਦੀਪ ਕੌਰ, ਜਿਸ ਦੀ ਸ਼ਾਦੀ ਜਸਪ੍ਰੀਤ ਸਿੰਘ ਉਰਫ ਸ਼ਕਤੀਮਾਨ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਖਾਰਾ ਨਾਲ ਹੋਈ ਸੀ, ਜਿਸ ਵੱਲੋਂ ਉਸ ਦੀ ਭੈਣ ਨਾਲ ਲੜਾਈ-ਝਗੜਾ ਵੀ ਕੀਤਾ ਜਾਂਦਾ ਸੀ, ਉਸ ਦੀ ਭੈਣ ਗਗਨਦੀਪ ਕੌਰ ਨੇ ਉਸ ਨੂੰ ਫੋਨ ਕਰਕੇ ਦੱਸਿਆ ਕਿ ਉਸ ਨੂੰ ਪਤਾ ਲੱਗਾ ਕਿ ਉਸ ਦਾ ਪਤੀ ਜਸਪ੍ਰੀਤ ਸਿੰਘ ਉਰਫ ਸ਼ਕਤੀਮਾਨ, ਉਸ ਦਾ ਜੇਠ ਸੁਖਵੰਤ ਸਿੰਘ, ਸਹੁਰਾ ਮਹਿੰਦਰ ਸਿੰਘ, ਸੱਸ ਚਰਨਜੀਤ ਕੌਰ ਨਾਲ ਰਲ ਕੇ ਖੇਤ ਵਿੱਚੋਂ ਮਿੱਟੀ ਚੁਕਵਾਉਣ ਦੀ ਤਿਆਰੀ ਵਿੱਚ ਹਨ।ਇਸ ਉਪਰੰਤ ਉਸ ਨੂੰ ਸੂਚਨਾ ਮਿਲੀ ਕਿ ਉਸ ਦੀ ਭੈਣ ਗਗਨਦੀਪ ਕੌਰ ਦਾ ਉਸ ਦੇ ਪਤੀ ਜਸਪ੍ਰੀਤ ਸਿੰਘ ਉਰਫ ਸ਼ਕਤੀਮਾਨ ਵੱਲੋਂ ਖੇਤ ਵਿੱਚ ਕਤਲ ਕਰ ਦਿੱਤਾ ਗਿਆ ਹੈ।ਜਦ ਮੁਦੱਈ ਬਲਤੇਜ ਸਿੰਘ ਆਪਣੀ ਭੈਣ ਦੇ ਖੇਤ ਮੇਲਕਾ ਵਾਲਾ ਰਾਹ ਬਾਹੱਦ ਖਾਰਾ ਪੁੱਜਾ, ਜਿੱਥੇ ਖੇਤ ਵਿੱਚ ਉਸ ਦੀ ਭੈਣ ਗਗਨਦੀਪ ਕੌਰ ਦੀ ਲਾਸ਼ ਪਈ ਸੀ।ਇਤਲਾਹ ਮਿਲਣ 'ਤੇ ਥਾਣਾ ਸਦਰ ਕੋਟਕਪੂਰਾ ਵਿੱਚ ਜਸਪ੍ਰੀਤ ਸਿੰਘ ਉਰਫ ਸ਼ਕਤੀਮਾਨ, ਮਹਿੰਦਰ ਸਿੰਘ, ਚਰਨਜੀਤ ਕੌਰ ਤੇ ਸੁਖਵੰਤ ਸਿੰਘ ਖਿਲਾਫ ਕੇਸ ਦਰਜ ਕੀਤਾ ਗਿਆ। ਕਤਲ ਕਰਨ ਉਪਰੰਤ ਉਪਰੋਕਤ ਤਿੰਨੇ ਮੁਲਜ਼ਮ ਫਰਾਰ ਹੋ ਗਏ ਸਨ। ਇਸ ਉਪਰੰਤ ਫਰੀਦਕੋਟ ਪੁਲਸ ਵੱਲੋਂ ਅਲੱਗ-ਅਲੱਗ ਟੀਮਾਂ ਬਣਾ ਕੇ ਛਾਪੇਮਾਰੀ ਸ਼ੁਰੂ ਕੀਤੀ ਗਈ, ਜਿਸ ਉਪਰੰਤ ਸਫਲਤਾ ਹਾਸਲ ਕਰਦੇ ਹੋਏ ਮੁਕੱਦਮਾ ਦੇ ਮੁੱਖ ਦੋਸ਼ੀ ਜਸਪ੍ਰੀਤ ਸਿੰਘ ਉਰਫ ਸ਼ਕਤੀਮਾਨ ਪੁੱਤਰ ਮਹਿੰਦਰ ਸਿੰਘ ਵਾਸੀ ਪਿੰਡ ਖਾਰਾ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਾ ਹੈ।ਇਸ ਤੋਂ ਇਲਾਵਾ ਉਕਤ ਮੁਕੱਦਮਾ ਵਿੱਚ ਸ਼ਾਮਲ ਬਾਕੀ ਮੁਲਜ਼ਮਾਂ ਨੂੰ ਜਲਦ ਹੀ ਗ੍ਰਿਫਤਾਰ ਕਰ ਲਿਆ ਜਾਵੇਗਾ।



## PUBLIC NOTICE

I, PiarjitKaur wife of ShriHarbhajan Singh Aulakh, Resident of ChawindaKalan, Tehsil and District Amritsar declare that Original Sale Deed dated 22.03.2022 bearing document no. 2021-22/93/1/15661 registered on 22.03.2022 of my Property i.e. Two plots bearing private no. 8, 9, having length 60 feet and width 45 feet, area measuring 300 Sq. yds., surrounded from East: Plot No. 11, West: Gali 25 feet, North: Plot No. 10, South: Plot No. 4, forming part of Khasra No. 18//19 min, situated at Rakba Village Kala Ghanupur Sub Urban, AbadiNaviAbadi, Tehsil and District Amritsar executed by ShriRanjit Singh son of ShriDavinder Singh in favour of me has been lost on 18.04.2025 and report in this regard has been lodged vide General Diary No. 029 dated 23.04.2025 in Police Station Lopoke, Amritsar Rural. Now, I want to Mortgage the above said Property with Canara Bank, MSME Sulabh, Amritsar. If any person has any objection or interest with regard to equitable mortgage of above said Property or is having any Claim/Knowledge of above said Document allege to have been lost, he may approach and file objection within 7 days before undersigned. There after bank will allow Loan against equitable mortgage of said Property considering the above said previous Registry to be lost and not deposited with any bank, private agency or person as security and thereafter, later on bank will not entertain any Claim/Objection in this regard. Anybody dealing in any manner regarding the property mentioned in lost Old Registry shall be responsible of his own. If anybody/borrower find/get the lost Old Registry, the same will have to deposit to the Canara Bank, MSME Sulabh, Amritsar.

## Before Sh. Arvind Agnihotri, Advocate, Arbitrator, District Courts, Hoshiarpur.

M/s. Balraj Hire Purchase Private Limited, 63 R, Model Town, Hoshiarpur through Capt Lakhwinder Singh Gill, its Managing Director. Petitioner.

Versus

1. Kashmir Kaur W/o Kailash Kumar, V.P.O. Rajpur Bhaian, Distt. Hoshiarpur, 2. Kailash Kumar S/o Tarsem Lal, V.P.O. Rajpur Bhaian, Distt. Hoshiarpur, 3. Santokh Singh S/o Joginder Singh, V.P.O. Rajpur Bhaian, Distt. Hoshiarpur.

Respondents

Sub: Notice for appearance of respondents in Arbitration proceedings.

1. Whereas the Petitioner have instituted Arbitration proceedings against you (Respondents) and appointed the undersigned as Sole Arbitrator in terms of clause 21 of the loan agreement and clause 20 of the guarantee deed dated 11/04/2022 entered into between them and the respondents and whereas it is been shown to the satisfaction of the undersigned that it is not possible to serve you (Respondents) in the ordinary way. Therefore this notice is given by advertisement in the press directing you (Respondents) to make appearance on 14/5/25 at 11 A.M. before the undersigned in office of District Courts, Hoshiarpur.

2. Also take notice that in case you (Respondents) do not appear before the undersigned as directed. The arbitration proceedings will be heard and determined ex-parte in your (Respondents) absence.

Sd- (Arvind Agnihotri) Advocate, Arbitrator, District Courts, Hoshiarpur.
Dated 29/4/25

## COURT NOTICE

(U/o 5 Rule 20 CPC)
(Succession Case)
In The Court of Ms. Sumit Sabharwal
Additional Civil Judge (Senior Division) Sangrur

Next Date, Purpose of case, Orders and Judgments as well as other case information is available on http://ecourts.gov.in

CNR No. PBSG02-001372-2024
Next Date:- 22-05-2025

Inderpal Kaur
Vs.
General Public

Notice To : General Public

Whereas the petitioner Inderpal Kaur has filed the above petition before this Court for the grant of Succession Certificate regarding the assets left by the deceased Jatinder Kumar, who died on 27-10-2020.

Notice is issued in the name of respondent(s) that in case anybody has any objection for the grant of succession certificate, he/she can file objections to the same on or before 22-05-2025 failing which the petition shall be decided in accordance with law.

Given under my hand and the seal of the Court, this 28-04-2025.

Additional Civil Judge (Senior Division) Sangrur

## COURT NOTICE

(U/o 5 Rule 20 CPC)
In The Court of
Garima Gupta
Civil Judge (Junior Division), Amritsar

CNR No. PBAS02-004841-2024
Next Date:- 17-05-2025
CS/5097/2024 DECL

Rani Wd/o Harbans Lal R/o Gali No. 1, Mustafabad, Batala Road, Amritsar at Present H.No. 27, Gali No. 2, Sant Avenue Nagar, Dhup Sari, Verka, Amritsar.

Vs.

General Public

Publication Issued To:
General Public

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 17-05-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 28-04-2025

## COURT NOTICE

(U/o 5 Rule 20 CPC)
In The Court of
Mandeep Kaur
Civil Judge (Junior Division), Amritsar

CNR No. PBAS02-001957-2023
Next Date:- 26-05-2025

Bank Of Baroda
Vs.
Parambir Singh

Publication Issued To:
1. Parambir Singh S/O Raghbir Singh, 2. Ramanbir Singh S/O Raghbir Singh, both R/o 55/250, Shastri Nagar, Batala Road, Amritsar.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-05-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 24-04-2025

## COURT NOTICE

(U/o 5 Rule 20 CPC)
In The Court of Garima Gupta
Civil Judge (Junior Division), Amritsar

CNR No. PBAS02-001539-2022
Next Date:- 11-07-2025
CS/1039/2022

Punjab and Sind Bank Branch Office Court Road, Amritsar, Being The Principal Officers of The Bank Who are duly authorized to file the present suit and they are also Power of Attorney Holders of the Bank.

Vs.

Amandeep Sharma

Publication Issued To:
Amandeep Sharma
Father: Hira Lal Sharma
D6/676, Main Chowk, Kot Khalsa, Amritsar

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 11-07-2025 at 10:00 a.m.

For details logon to https://highcourtchd.gov.in/?trs=district_notice&district=Amritsar

Civil Judge (Junior Division) Amritsar
Dated, this day of 28-04-2025

## COURT NOTICE

(U/o 5 Rule 20 CPC)
In The Court of
Sh. Amrinder Pal Singh
Principal Judge Family Court, Malerkotla

CNR No. PBSGF4-000150-2024
Next Date:- 27-05-2025

Petition U/S 13 HMA

Navkiranpreet Kaur
Vs.
Manjinder Singh

Publication Issued To:
Manjinder Singh Son of Tarsem Singh Resident of Village Moga Duneke, Dashmesh Atta Chaki Moga.

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 27-05-2025 at 10:00 a.m.

For details logon to https://highcourtchd.gov.in/?mod=district_notice&district=Sangrur

Principal Judge Family Court Malerkotla
Dated, this day of 21-04-2025

## COURT NOTICE

(U/o 5 Rule 20 CPC)
In The Court of
Ms. Aesha Duvedi
Civil Judge Junior Division -15, Patiala

CNR No. PBPT02-003914-2024
Next Date:- 28-05-2025

Tejvinder Singh
Vs.
Kuldeep Kaur

Publication Issued To:
1. Kuldeep Kaur W/o Tejvinder Singh D/o Late Sh. Hazara Singh, 2. Paramjit Kaur W/o Late Sh. Hazara Singh, 3. Sukhbeer Singh S/o Late Sh. Hazara Singh. All R/o Dhakansu Road, Near Monu Medical, Guru Teg Bahadur Colony Bank Colony Alampur Wali, Dhakansu Rajpura Distt. Patiala

In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 28-05-2025 at 10:00 a.m.

For details logon to https://highcourtchd.gov.in/?mod=district_notice&district=patiala

Civil Judge Junior Division-15, Patiala
Dated, this day of 28-04-2025

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸਹਾਇਕ ਕੁਲੈਕਟਰ ਦਰਜਾ ਅੱਵਲ (ਤਹਿਸੀਲਦਾਰ) ਬੁਢਲਾਡਾ

ਕਿਸਮ ਕੇਸ ਤਕਸੀਮ (117-07) ਵਾਕਾ ਰਕਬਾ ਬੋਹਾ-1

ਕੇਸ ਅਨੁਵਾਨ: 1. ਮਨੋਹਰ ਸਿੰਘ ਪੁੱਤਰ ਸਾਧਾ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਬੋਹਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ। ਸਾਇਲ

ਬਨਾਮ

1. ਗੁਰਦੀਪ ਸਿੰਘ ਪੁੱਤਰ ਸਾਧਾ ਸਿੰਘ ਪੁੱਤਰ ਜੰਗੀਰ ਸਿੰਘ 2. ਸੁਰਜੀਤ ਕੌਰ ਵਿਧਵਾ ਨਿਰਮਲ ਸਿੰਘ ਪੁੱਤਰ ਸਾਧਾ ਸਿੰਘ 3. ਰਣਜੀਤ ਸਿੰਘ ਪੁੱਤਰ ਨਿਰਮਲ ਸਿੰਘ ਪੁੱਤਰ ਸਾਧਾ ਸਿੰਘ 4. ਕਰਮਜੀਤ ਸਿੰਘ ਪੁੱਤਰ ਨਿਰਮਲ ਸਿੰਘ ਪੁੱਤਰ ਸਾਧਾ ਸਿੰਘ 5. ਸੰਦੀਪ ਸਿੰਘ ਪੁੱਤਰ ਨਿਰਮਲ ਸਿੰਘ ਪੁੱਤਰ ਸਾਧਾ ਸਿੰਘ 6. ਕਿਰਪਾਲ ਕੌਰ ਵਿਧਵਾ ਪੂਰਨ ਸਿੰਘ ਪੁੱਤਰ ਜੰਗੀਰ ਸਿੰਘ 7. ਰਾਜਵੰਤ ਕੌਰ ਪੁੱਤਰੀ ਪੂਰਨ ਸਿੰਘ ਪੁੱਤਰ ਜੰਗੀਰ ਸਿੰਘ, ਕਿਰਪਾਲ ਕੌਰ ਮਾਤਾ ਜਗਪਾਲ ਸਿੰਘ ਪੁੱਤਰ ਪੂਰਨ ਸਿੰਘ 9. ਮਨਜੀਤ ਕੌਰ ਵਿਧਵਾ ਜਗਪਾਲ ਸਿੰਘ ਪੁੱਤਰ ਪੂਰਨ ਸਿੰਘ 10. ਜਸ਼ਨਦੀਪ ਸਿੰਘ ਪੁੱਤਰ ਜਗਪਾਲ ਸਿੰਘ ਪੁੱਤਰ ਪੂਰਨ ਸਿੰਘ 11. ਮੇਹਰਪ੍ਰੀਤ ਸਿੰਘ ਪੁੱਤਰ ਜਗਪਾਲ ਸਿੰਘ ਪੁੱਤਰ ਪੂਰਨ ਸਿੰਘ 12. ਪਿਆਰ ਕੌਰ ਵਿਧਵਾ ਹਜ਼ੂਰਾ ਸਿੰਘ ਪੁੱਤਰ ਜੰਗੀਰ ਸਿੰਘ 13. ਫਕੀਰ ਸਿੰਘ ਪੁੱਤਰ ਹਜ਼ੂਰਾ ਸਿੰਘ ਪੁੱਤਰ ਜੰਗੀਰ ਸਿੰਘ 14. ਸੇਵਾ ਸਿੰਘ ਪੁੱਤਰ ਜੰਗੀਰ ਸਿੰਘ ਪੁੱਤਰ ਦੀਵਾਨ ਸਿੰਘ 15. ਹਰਭਜਨ ਕੌਰ ਮੁਤਵਫੀ ਪਤਨੀ ਨਰਿੰਦਰ ਸਿੰਘ ਰਾਹੀਂ ਐੱਲ.ਆਰ ਨਰਿੰਦਰ ਸਿੰਘ ਪੁੱਤਰ ਉਧਮ ਸਿੰਘ 16. ਜੀਤ ਕੌਰ ਪਤਨੀ ਹਰਦਿਆਲ ਸਿੰਘ ਪੁੱਤਰ ਵਜ਼ੀਰ ਸਿੰਘ ਪੁੱਤਰ ਨਰੈਣ ਸਿੰਘ 17. ਨਿਰਮਲ ਸਿੰਘ ਪੁੱਤਰ ਹਰਦਿਆਲ ਸਿੰਘ ਪੁੱਤਰ ਵਜੀਰ ਸਿੰਘ 18. ਸੁਖਵੰਤ ਕੌਰ ਵਿਧਵਾ ਅਮਰਦੀਪ ਸਿੰਘ 19. ਦਵਿੰਦਰ ਸਿੰਘ ਪੁੱਤਰ ਲੱਖਾ ਸਿੰਘ ਪੁੱਤਰ ਟੇਕ ਸਿੰਘ 20. ਜਗਸੀਰ ਸਿੰਘ ਪੁੱਤਰ ਨਛੱਤਰ ਸਿੰਘ ਪੁੱਤਰ ਟੇਕ ਸਿੰਘ 21. ਸੁਖਜੀਤ ਕੌਰ ਪਤਨੀ ਜਸਵੀਰ ਸਿੰਘ ਪੁੱਤਰ ਮਹਿੰਦਰ ਸਿੰਘ ਵਾਸੀਆਨ ਬੋਹਾ ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ। 22. ਪੀ.ਏ.ਡੀ.ਬੀ. ਬੁਢਲਾਡਾ, ਤਹਿਸੀਲ ਬੁਢਲਾਡਾ ਜ਼ਿਲ੍ਹਾ ਮਾਨਸਾ ਰਾਹੀਂ ਬਰਾਂਚ ਮੈਨੇਜਰ ਬੈਂਕ ਮਜਕੂਰ, 23. ਪੰਜਾਬ ਐਂਡ ਸਿੰਧ ਬੈਂਕ ਬਰਾਂਚ ਬੋਹਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਰਾਹੀਂ ਬਰਾਂਚ ਮੈਨੇਜਰ ਬੈਂਕ ਮਜਕੂਰ 24. ਪੰਜਾਬ ਨੈਸ਼ਨਲ ਬੈਂਕ ਬਰਾਂਚ ਬੋਹਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਰਾਹੀਂ ਬਰਾਂਚ ਮੈਨੇਜਰ ਬੈਂਕ ਮਜਕੂਰ 25. ਯੈੱਸ ਬੈਂਕ ਬਰਾਂਚ ਬੁਢਲਾਡਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ ਬਰਾਂਚ ਮੈਨੇਜਰ ਬੈਂਕ ਮਜਕੂਰ। ਮਸੂਲਇਲਮ

ਸੰਮਨ:-

ਸਰਵ ਸ੍ਰੀ/ਸ੍ਰੀਮਤੀ: ਮਸੂਲਇਲਮ ਨੰ: 7. ਰਾਜਵੰਤ ਕੌਰ ਪੁੱਤਰੀ ਪੂਰਨ ਸਿੰਘ ਪੁੱਤਰ ਜੰਗੀਰ ਸਿੰਘ ਵਾਸੀ ਬੋਹਾ ਹਾਲ ਪਤਨੀ ਗੁਰਦੇਵ ਸਿੰਘ ਉਰਫ ਦੇਵਾ ਪੁੱਤਰ ਗੁਰਦੀਪ ਸਿੰਘ ਪਿੰਡ ਗਾਮੇਵਾਲਾ ਭਾਵਰਾ, ਤਹਿਸੀਲ ਖਾਈ ਜ਼ਿਲ੍ਹਾ ਫਿਰੋਜ਼ਪੁਰ 10. ਜਸ਼ਨਪ੍ਰੀਤ ਸਿੰਘ ਪੁੱਤਰ ਜਗਪਾਲ ਸਿੰਘ ਪੁੱਤਰ ਪੂਰਨ ਸਿੰਘ ਵਾਸੀ ਵਾਰਡ ਨੰਬਰ 3 (ਪੰਜ ਗਰਾਈਂ) ਬੋਹਾ, ਤਹਿਸੀਲ ਬੁਢਲਾਡਾ, ਜ਼ਿਲ੍ਹਾ ਮਾਨਸਾ।

ਹਰ ਗਵਾਹ/ਫਰੀਕ ਨੇ ਆਪ ਦੇ ਨਾਂਅ ਮੁਕੱਦਮਾ ਬਾਬਤ ਤਕਸੀਮ ਦਾਇਰ ਕੀਤਾ ਹੈ। ਇਸ ਤਕਸੀਮ ਕੇਸ ਵਿੱਚ ਅਗਲੀ ਪੇਸ਼ੀ ਮਿਤੀ 02.05.2025 ਨਿਰਧਾਰਤ ਕੀਤੀ ਗਈ ਹੈ। ਇਸ ਅਦਾਲਤ ਨੂੰ ਯਕੀਨ ਹੋ ਚੁੱਕਾ ਹੈ ਕਿ ਉਕਤਾਨ ਮਸੂਲਇਲਮ ਦੀ ਤਲਬੀ ਸਧਾਰਨ ਤਰੀਕੇ ਨਾਲ ਨਹੀਂ ਹੋ ਸਕਦੀ। ਸੋ, ਇਸ ਅਦਾਲਤੀ ਇਸ਼ਤਿਹਾਰ ਰਾਹੀਂ ਉਕਤਾਨ ਮਸੂਲਇਲਮ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਇਸ਼ਤਿਹਾਰ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ ਇੱਕ ਮਹੀਨੇ ਦੇ ਅੰਦਰ-ਅੰਦਰ ਤੁਸੀਂ ਅਸਾਲਤਨ/ਵਕਾਲਤਨ ਹਾਜ਼ਰ ਅਦਾਲਤ ਆ ਕਰ ਜਵਾਬ ਦਰਖਾਸਤ ਪੇਸ਼ ਕਰੋ ਜਾਂ ਜੋ ਵੀ ਦਸਤਾਵੇਜ਼ ਪੇਸ਼ ਕਰਨਾ ਚਾਹੁੰਦੇ ਹੋ, ਪੇਸ਼ ਕਰੋ। ਜੇਕਰ ਇਸ਼ਤਿਹਾਰ ਜਾਰੀ ਹੋਣ ਤੋਂ ਲੈ ਕੇ ਇੱਕ ਮਹੀਨੇ ਦਾ ਸਮਾਂ ਬੀਤ ਜਾਣ ਉਪਰੰਤ ਵੀ ਤੁਸੀਂ ਹਾਜ਼ਰ ਨਾ ਹੋਵੋਗੇ ਤਾਂ ਤੁਹਾਡੇ ਖਿਲਾਫ ਇੱਕਤਰਫਾ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਨੰ: 279/ਰੀ-1, ਮਿਤੀ : 22/04/2025 ਸਹੀ/- ਸਹਾਇਕ ਕੁਲੈਕਟਰ ਦਰਜਾ ਪਹਿਲਾ ਬੁਢਲਾਡਾ

## ਅਦਾਲਤੀ ਇਸ਼ਤਿਹਾਰ

ਬਾ-ਅਦਾਲਤ ਸ੍ਰੀ ਨਵਦੀਪ ਸਿੰਘ ਭੋਗਲ ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅਵਲ ਫਾਸਟ ਟਰੈਕ ਕੋਰਟ ਫਾਰ ਐੱਨ.ਆਰ.ਆਈਜ਼, ਜਲੰਧਰ।

ਕੇਸ ਨੰ: 524/ਐੱਫ. ਟੀ. ਸੀ./ਐੱਨ.ਆਰ. ਆਈਜ਼
ਕੇਸ ਅਨੁਵਾਨ : ਵੀਰ ਸਿੰਘ ਬਨਾਮ ਓਂਕਾਰ ਸਿੰਘ ਅਤੇ ਹੋਰ।
ਖੇਵਟ - 227, 346, 347, 348, 349, 350 ਵਾਕਿਆ ਪਿੰਡ - ਬੱਲ

ਇਸ ਨੋਟਿਸ ਰਾਹੀਂ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ Veer Singh S/o Rajvir Singh R/o STUIVERSTRAAT 8400 OOSTENDE, Belgium & Others. ...Petitioner

ਨੋਟਿਸ ਬਨਾਮ

1. Mohinder Singh S/o Piara Singh, 2. Gurbakhsh Singh S/o Beant Singh S/o Udho. 3. Resham Singh S/o Beant Singh So Udho, 4. Avtar Singh S/o Beant Singh S/o Udho, 5. Gurmail Singh S/o Resham Kaur D/o Beant Singh, 6. Surinder Kaur D/o Baksho @ Harbans Kaur D/o Beant Singh, 7. Gurdev kaur Wd/o Kuldip Singh S/o Piara Singh, 8. Inderpal Singh S/o Gurdev Singh S/o Gurdas Singh, 9. Major Tajinder Singh S/o Gurdev Singh S/o Gurdas Singh, 10. Gurpal Singh S/o Bawa Singh S/o Mehar Singh, 11. Avtar Singh S/o Bawa Singh S/o Mehar Singh, 12. Davinder Singh S/o Amarjit Singh S/o Sarwan Singh, 13. Harbinder Singh S/o Sarawan Singh S/o Milkha Singh, 14. Harjit Singh S/o Sarwan Singh S/o Milkha Singh, 15. Nasib Kaur wd/o Sarwan Singh S/o Milkha Singh, 16. Dayal Singh S/o Bawa Singh S/o Mehar Singh, 17. Lakhwinder Singh S/o Amarjit Singh S/o Sarwan Singh, 18. Ajit Singh S/o Rattan Singh S/o Inder Singh, 19. Kamal Pal S/o Joginder Pal, 20. Harbhajan Singh S/o Rattan Singh S/o Inder Singh, 21. Sukhbir Singh S/o Harbans Singh S/o Satnam Singh, 22. Onkar Singh S/o Sarwan Singh S/o Dhanna Singh, 23. 108 Sant Naranjan Dass Ji Chela 108 Sant Sarwan Dass of Signatory/representatives. 24. Sukhdev Kaur W/o Surinder Singh S/o Piara Singh, 25. Balbir Kaur S/o Swaran Singh S/o Fateh Singh, 26. Satwant Kaur D/o Darshan Singh, 27. Inderpal S/o Piara Singh, 28. Ranjit Kaur D/o Piara Singh, 29. Balwant Kaur w/o Piara Singh, 30. Kartar Kaur D/o Bakshish Singh, 31. Gurmit Kaur D/o Bakshish Singh, 32. Chanan Singh S/o Bakshish Singh, 33. Surjit Kaur D/o Malook Singh, 34. Harjit Kaur wd/o karnail Singh, 35. Baljinder Kaur, 36. Amandeep Kaur, 37. Rajandeep Kaur, 38. Rajbir Kaur, all daughters of Karnail Singh S/o Darshan Singh, 39. Sandeep Singh, 40. Ramdeep Singh, both sons of Karnail Singh S/o Darshan Singh, 41. Chanan Singh S/o Mehar Singh, 42. Bakshish Singh S/o Mehar Singh, 43. Amar Singh S/o Mehar Singh, 44. Atma Singh S/o Joginder Singh, 45. Kashmira Singh S/o Joginder Singh, 46. Daljit Singh S/o Ajit Singh.

All residents of Village Bal, Sub Tehsil Kartarpur, Tehsil and District Jalandhar, 47. Punjab Gramin Bank, Branch Kishangarh Distt. Jalandhar. (Respondents)

ਉਕਤ ਮੁਕੱਦਮੇ ਵਿਚ ਅਦਾਲਤ ਨੂੰ ਇਹ ਪੂਰਾ ਯਕੀਨ ਹੋ ਚੁੱਕਾ ਹੈ ਕਿ ਦੂਜੀ ਧਿਰ ਦੀ ਮਾਮੂਲੀ ਤਰੀਕੇ ਨਾਲ ਸੰਮਨ 'ਤੇ ਤਾਮੀਲ ਹੋਣੀ ਮੁਸ਼ਕਿਲ ਹੈ, ਇਸ ਲਈ ਮਿਤੀ 7.05.2025 ਨੂੰ ਦੁਪਹਿਰ 02.00 ਵਜੇ ਦੀ ਤਰੀਕ ਪੇਸ਼ੀ ਨਿਯਤ ਕਰਕੇ ਇਸ ਇਸ਼ਤਿਹਾਰ ਰਾਹੀਂ ਦੂਜੀ ਧਿਰ ਨੂੰ ਵਿਦਿਤ ਕੀਤਾ ਜਾਂਦਾ ਹੈ ਕਿ ਉਕਤ ਤਰੀਕ 'ਤੇ ਆਪ ਜਾਂ ਕਿਸੇ ਵਕੀਲ ਰਾਹੀਂ ਅਦਾਲਤ ਵਿਚ ਪੇਸ਼ ਹੋਵੇ, ਨਹੀਂ ਤਾਂ ਕਾਰਵਾਈ ਇਕਤਰਫਾ ਅਮਲ ਵਿਚ ਲਿਆਂਦੀ ਜਾਵੇਗੀ।

ਅੱਜ ਮਿਤੀ 23.04.2025 ਨੂੰ ਮੇਰੇ ਦਸਤਖਤਾਂ ਅਤੇ ਅਦਾਲਤੀ ਮੋਹਰ ਨਾਲ ਇਹ ਨੋਟਿਸ ਜਾਰੀ ਕੀਤਾ ਗਿਆ।

ਜ਼ਿਲ੍ਹਾ ਮਾਲ ਅਫਸਰ-ਕਮ-ਸਹਾਇਕ ਕੁਲੈਕਟਰ ਦਰਜਾ ਅੱਵਲ ਫਾਸਟ ਟਰੈਕ ਕੋਰਟ ਫਾਰ ਐੱਨ. ਆਰ. ਆਈਜ਼. ਜਲੰਧਰ।

ਨੰ: 743/ਰੀਡਰ/ਡੀ. ਆਰ. ਓ. ਮਿਤੀ : 23.04.25



# ਪੰਡੋਰੀ ਵੱਲੋਂ ਵੱਖ-ਵੱਖ ਸਰਕਾਰੀ ਸਕੂਲਾਂ 'ਚ ਵਿਕਾਸ ਕਾਰਜਾਂ ਦੇ ਉਦਘਾਟਨ



ਮਹਿਲ ਕਲਾਂ, (**ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ**)-ਹਲਕਾ ਮਹਿਲ ਕਲਾਂ ਦੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਵਲੋਂ ਅੱਜ ਪਿੰਡ ਗੁਰਮ, ਮਾਂਗੇਵਾਲ, ਠੁੱਲੀਵਾਲ ਦੇ ਸਕੂਲਾਂ ਦੇ ਲੱਖਾਂ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ ਗਏ। ਇਸ ਮੌਕੇ ਵਿਧਾਇਕ ਪੰਡੋਰੀ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਰਕਾਰੀ ਸਕੂਲਾਂ ਦੀ ਕਾਇਆ ਕਲਪ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਇਸ ਵਾਰ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ 9000 ਦੇ ਕਰੀਬ ਸੁਰੱਖਿਆ ਗਾਰਡਾਂ ਅਤੇ ਸਫਾਈ ਸੇਵਕਾਂ ਦੀ ਭਰਤੀ ਕੀਤੀ ਗਈ ਹੈ। ਇਹ ਪਹਿਲੀ ਵਾਰ ਹੋਇਆ ਹੈ ਕਿ ਸਕੂਲਾਂ ਵਿਚ ਕੈਂਪਸ ਮੈਨੇਜਰ ਵੀ ਰੱਖੇ ਗਏ ਹਨ। ਉਨ੍ਹਾਂ ਕਿਹਾ ਕਿ ਹਲਕੇ ਦੇ ਸਕੂਲਾਂ ਵਿਚ ਕੋਈ ਘਾਟ ਨਹੀਂ ਰਹਿਣ ਦਿੱਤੀ ਜਾਵੇਗੀ। ਹਰ ਪਿੰਡ ਵਿਚ ਖੇਡ ਮੈਦਾਨ ਬਣੇਗਾ। ਅੱਜ ਉਨ੍ਹਾਂ ਸਰਕਾਰੀ ਹਾਈ ਸਕੂਲ ਮਾਂਗੇਵਾਲ ਵਿਚ 24.60 ਲੱਖ ਦੀ ਲਾਗਤ ਵਾਲੇ, ਪ੍ਰਾਇਮਰੀ ਸਕੂਲ ਮਾਂਗੇਵਾਲ ਵਿਚ 36 ਹਜ਼ਾਰ, ਸਰਕਾਰੀ ਹਾਈ ਸਕੂਲ ਗੁਰਮ ਦੇ 16.53 ਲੱਖ ਦੀ ਲਾਗਤ ਵਾਲੇ, ਸੀਨੀਅਰ ਸੈਕੰਡਰੀ ਸਕੂਲ ਠੁੱਲੀਵਾਲ ਦੇ 5.30 ਲੱਖ, ਪ੍ਰਾਇਮਰੀ ਸਕੂਲ ਠੁੱਲੀਵਾਲ ਦੇ 9.71 ਲੱਖ ਦੀ ਲਾਗਤ ਵਾਲੇ ਵਿਕਾਸ ਕਾਰਜਾਂ ਦੇ ਉਦਘਾਟਨ ਕੀਤੇ। ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਇੰਦੂ ਸਿਮਕ, ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਬਰਜਿੰਦਰਪਾਲ ਸਿੰਘ, ਇੰਚਾਰਜ ਜੋਗਿੰਦਰ ਸਿੰਘ ਠੁੱਲੀਵਾਲ, ਜਸਵਿੰਦਰ ਸਿੰਘ, ਹੈੱਡਮਾਸਟਰ ਬਲਜੀਤ ਸਿੰਘ, ਭੁਪਿੰਦਰ ਸਿੰਘ ਮਾਂਗੇਵਾਲ, ਸਿੱਖਿਆ ਕੋ-ਆਰਡੀਨੇਟਰ ਚਰਨਜੀਤ ਸਿੰਘ, ਬੀ ਐਨ ਓ ਜਸਵਿੰਦਰ ਸਿੰਘ, ਹੈੱਡਮਾਸਟਰ ਕੁਲਦੀਪ ਸਿੰਘ ਕਮਲ, ਸੀ ਐਚ ਟੀ ਰਿੰਪੀ ਰਾਣੀ, ਚੇਅਰਮੈਨ ਸੁਖਵਿੰਦਰ ਦਾਸ, ਗੁਰੀ ਔਲਖ ਆੜ੍ਹਤੀਆ, ਪੀ ਏ ਹਰਮਨਜੀਤ ਸਿੰਘ ਰਾਏ, ਬਿੰਦਰ ਸਿੰਘ, ਗੁਰਤੇਜ ਸਿੰਘ ਸਿੱਧੂ ਤੇ ਹੋਰ ਪਤਵੰਤੇ ਹਾਜ਼ਰ ਸਨ।

# ਟਰਾਈਡੈਂਟ ਵੱਲੋਂ ਕੈਂਸਰ ਜਾਂਚ ਤੇ ਜਾਗਰੂਕਤਾ ਕੈਂਪ



**ਬਰਨਾਲਾ (ਰਾਜਿੰਦਰ ਬਰਾੜ)**-ਕੈਂਸਰ ਵਰਗੀ ਨਾਮੁਰਾਦ ਅਤੇ ਭਿਆਨਕ ਬਿਮਾਰੀ ਤੋਂ ਜ਼ਿਲ੍ਹਾ ਬਰਨਾਲਾ, ਸੰਗਰੂਰ ਅਤੇ ਮਾਨਸਾ ਜ਼ਿਲ੍ਹਿਆਂ ਦੇ ਲੋਕਾਂ ਨੂੰ ਬਚਾਉਣ ਲਈ ਟਰਾਈਡੈਂਟ ਗਰੁੱਪ ਦੇ ਟਰਾਈਡੈਂਟ ਹਿਊਮੈਨਿਟੀ ਫਾਊਂਡੇਸ਼ਨ ਵਲੋਂ ਵਰਲਡ ਕੈਂਸਰ ਕੇਅਰ ਸੁਸਾਇਟੀ ਦੇ ਸਹਿਯੋਗ ਨਾਲ ਲਗਾਏ ਗਏ 10 ਦਿਨਾ ਕੈਂਸਰ ਜਾਂਚ ਅਤੇ ਜਾਗਰੂਕਤਾ ਕੈਂਪ ਦੇ 9ਵੇਂ ਦਿਨ ਇਲਾਕੇ ਦੇ ਲੋਕਾਂ ਵਿਚ ਚੈਕਅੱਪ ਕਰਵਾਉਣ ਲਈ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ। ਟਰਾਈਡੈਂਟ ਗਰੁੱਪ ਦੇ ਸੰਸਥਾਪਕ ਪਦਮ ਸ੍ਰੀ ਰਾਜਿੰਦਰ ਗੁਪਤਾ ਵਲੋਂ ਕੀਤੇ ਜਾ ਰਹੇ ਸਮਾਜ ਸੇਵੀ ਕਾਰਜਾਂ ਦੀ ਲੜੀ ਤਹਿਤ ਲਗਾਏ ਗਏ ਇਸ ਕੈਂਪ ਦਾ ਰੋਜ਼ਾਨਾ ਹਜ਼ਾਰਾਂ ਲੋਕ ਲਾਹਾ ਲੈ ਰਹੇ ਹਨ। ਕੈਂਪ ਵਿਚ ਜਿੱਥੇ ਮਾਹਿਰ ਡਾਕਟਰਾਂ ਵਲੋਂ ਮਰੀਜ਼ਾਂ ਦਾ ਚੈਕਅੱਪ ਕੀਤਾ ਜਾ ਰਿਹਾ ਹੈ ਉਥੇ ਆਧੁਨਿਕ ਮੋਬਾਇਲ ਵੈਨਾਂ ਵਿਚ ਕੈਂਸਰ ਦੇ ਵੱਖ-ਵੱਖ ਟੈਸਟ ਕੀਤੇ ਜਾ ਰਹੇ ਹਨ।ਮਾਹਰ ਡਾਕਟਰਾਂ ਵਿਚ ਡਾ. ਧਰਮਿੰਦਰ ਢਿੱਲੋਂ, ਡਾ. ਜਸਪ੍ਰੀਤ ਸਿੰਘ, ਡਾ. ਅਭਿਸ਼ੇਕ ਕੁਮਾਰ, ਡਾ. ਅਮਨ, ਡਾ. ਸ਼ਰੂਤੀ, ਡਾ. ਪ੍ਰਭਜੋਤ, ਡਾ. ਸੁਖਦੇਵ ਅਤੇ ਡਾ. ਅਸਕਾਂਦ ਸ਼ਾਮਲ ਹਨ। ਇਨ੍ਹਾਂ ਤੋਂ ਇਲਾਵਾ ਡਾਕਟਰੀ ਟੀਮ ਵਿਚ 70 ਦੇ ਕਰੀਬ ਸਟਾਫ਼ ਅਤੇ ਟਰਾਈਡੈਂਟ ਗਰੁੱਪ ਦੇ ਅਧਿਕਾਰੀਆਂ ਤੇ ਵਲੰਟੀਅਰਾਂ ਵਲੋਂ ਵੀ ਨਿਰਸਵਾਰਥ ਸੇਵਾ ਨਿਭਾਈ ਜਾ ਰਹੀ ਹੈ। ਵਰਲਡ ਕੈਂਸਰ ਕੇਅਰ ਸੁਸਾਇਟੀ ਦੀਆਂ 8 ਆਧੁਨਿਕ ਵੈਨਾਂ ਵਿਚ ਮੈਮੋਗ੍ਰਾਫੀ, ਮੂੰਹ ਦਾ ਕੈਂਸਰ, ਹੱਡੀਆਂ ਦੇ ਕੈਂਸਰ, ਵੱਖ-ਵੱਖ ਬਿਮਾਰੀਆਂ ਦੇ ਲੈਬਾਰਟਰੀ ਟੈਸਟ ਅਤੇ ਅੱਖਾਂ ਦੀ ਜਾਂਚ ਕਰ ਕੇ ਮੁਫ਼ਤ ਐਨਕਾਂ ਦਿੱਤੀਆਂ ਜਾ ਰਹੀਆਂ ਹਨ। ਟਰਾਈਡੈਂਟ ਗਰੁੱਪ ਦੇ ਅਧਿਕਾਰੀ ਰੁਪਿੰਦਰ ਗੁਪਤਾ ਅਤੇ ਦੀਪਕ ਗਰਗ ਨੇ ਦੱਸਿਆ ਕਿ ਅੱਜ 9ਵੇਂ ਦਿਨ ਤੱਕ 5 ਹਜ਼ਾਰ ਤੋਂ ਵੱਧ ਲੋਕਾਂ ਵਲੋਂ ਜਾਂਚ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਕੈਂਪ 'ਚ ਡਾਕਟਰੀ ਟੀਮਾਂ ਵਲੋਂ ਮਰੀਜ਼ਾਂ ਦੀ ਜਾਂਚ ਅਤੇ ਟੈਸਟਾਂ ਤੋਂ ਬਿਨਾਂ ਕੈਂਸਰ ਸਬੰਧੀ ਲੈਕਚਰਾਂ ਤੇ ਭਾਸ਼ਨਾਂ ਰਾਹੀਂ ਵੀ ਜਾਗਰੂਕ ਕੀਤਾ ਜਾ ਰਿਹਾ ਹੈ ਤਾਂ ਜੋ ਉਹ ਆਪਣੇ ਖਾਣ-ਪੀਣ ਦਾ ਪ੍ਰਹੇਜ਼ ਰੱਖਣ ਤੋਂ ਇਲਾਵਾ ਤੰਦਰੁਸਤ ਜੀਵਨ ਬਤੀਤ ਕਰ ਸਕਣ। ਇਸ ਤੋਂ ਇਲਾਵਾ ਕੈਂਪ ਵਿਚ ਇਲਾਵਾ ਬਲੱਡ ਪ੍ਰੈਸ਼ਰ, ਬਲੱਡ ਸ਼ੂਗਰ, ਹੱਡੀਆਂ ਦੀ ਘਣਤਾ ਦਾ ਟੈਸਟ ਕਰ ਕੇ ਜਨਰਲ ਦਵਾਈਆਂ ਮੁਫ਼ਤ ਵਿਚ ਦਿੱਤੀਆਂ ਜਾ ਰਹੀਆਂ ਹਨ। ਉਨ੍ਹਾਂ ਇਲਾਕੇ ਦੇ ਲੋਕਾਂ ਨੂੰ ਅਪੀਲ ਕੀਤੀ ਕਿ 30 ਅਪ੍ਰੈਲ ਇਸ ਕੈਂਪ ਦਾ ਆਖਰੀ ਦਿਨ ਹੈ, ਇਸ ਲਈ ਕੈਂਸਰ ਵਰਗੀ ਬਿਮਾਰੀ ਤੋਂ ਨਿਜਾਤ ਪਾਉਣ ਲਈ ਇੱਕ ਵਾਰ ਜ਼ਰੂਰ ਇਸ ਕੈਂਪ ਵਿਚ ਆ ਕੇ ਆਪਣਾ ਚੈਕਅੱਪ ਕਰਵਾਉਣ।

# ਸਖ਼ਤ ਮਿਹਨਤ ਤੋਂ ਬਿਨਾਂ ਸਫ਼ਲਤਾ ਦੀ ਪ੍ਰਾਪਤੀ ਦਾ ਕੋਈ ਹੋਰ ਤਰੀਕਾ ਨਹੀਂ : ਬਿੰਦਰ ਖੁੱਡੀ ਕਲਾਂ



ਮਹਿਲ ਕਲਾਂ, (**ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ**)-ਡਿਪਟੀ ਕਮਿਸ਼ਨਰ ਬਰਨਾਲਾ ਟੀ.ਬੈਨਿਥ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹਾ ਭਾਸ਼ਾ ਦਫ਼ਤਰ ਬਰਨਾਲਾ ਦੇ ਜ਼ਿਲ੍ਹਾ ਖੋਜ ਅਫ਼ਸਰ ਬਿੰਦਰ ਸਿੰਘ ਖੁੱਡੀ ਕਲਾਂ ਵੱਲੋਂ ਪੀ.ਐਮ.ਸ੍ਰੀ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਪਾ ਦੇ ਵਿਦਿਆਰਥੀਆਂ ਦੇ ਰੂਬਰੂ ਹੋ ਕੇ ਆਪਣੇ ਜੀਵਨ ਤਜਰਬੇ ਸਾਂਝੇ ਕਰਨ ਦੇ ਨਾਲ ਨਾਲ ਸਫ਼ਲਤਾ ਦੀ ਪ੍ਰਾਪਤੀ ਲਈ ਵਿਦਿਆਰਥੀਆਂ ਨੂੰ ਸਖਤ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਸਫ਼ਲਤਾ ਦੇ ਜਿੰਦਰੇ ਨੂੰ ਖੋਲ੍ਹਣ ਲਈ ਮਿਹਨਤ ਹੀ ਇਕਮਾਤਰ ਚਾਬੀ ਹੈ। ਉਨ੍ਹਾਂ ਕਿਹਾ ਕਿ ਸਫ਼ਲਤਾ ਦੀ ਪ੍ਰਾਪਤੀ ਲਈ ਮਿਹਨਤ ਤੋਂ ਇਲਾਵਾ ਹੋਰ ਕੋਈ ਦੂਜਾ ਬਦਲ ਨਹੀਂ ਅਤੇ ਨਾ ਹੀ ਕੋਈ ਸ਼ਾਰਟ ਕੱਟ ਤਰੀਕਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਟੀਚਾ ਮਿਥ ਕੇ ਉਸ ਅਨੁਸਾਰ ਮਿਹਨਤ ਕਰਨ ਲਈ ਪ੍ਰੇਰਿਤ ਕੀਤਾ।ਲਾਇਬ੍ਰੇਰੀ ਭਾਸ਼ਾ ਨੇ ਵਿਦਿਆਰਥੀਆਂ ਨੂੰ ਕਾਨੂੰਨੀ ਸਹੂਲਤਾਂ ਬਾਰੇ ਜਾਣਕਾਰੀ ਦੇਣ ਦੇ ਨਾਲ ਨਾਲ ਬੀਮਾ ਅਤੇ ਕਿਸੇ ਵਿਅਕਤੀ ਨੂੰ ਮੌਤ ਉਪਰੰਤ ਬੀਮਾ ਅਤੇ ਏ.ਟੀ.ਐਮ ਧਾਰਕਾਂ ਦੇ ਪਰਵਾਰ ਨੂੰ ਮਿਲਣ ਵਾਲੀ ਆਰਥਿਕ ਸਹਾਇਤਾ ਬਾਰੇ ਵੀ ਜਾਣਕਾਰੀ ਸਾਂਝੀ ਕੀਤੀ। ਕਲਰਕ ਸੰਦੀਪ ਕੌਰ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ। ਇਸ ਮੌਕੇ ਸਕੂਲ ਮੁਖੀ ਚੰਦਨਦੀਪ ਸਿੰਘ, ਲੈਕਚਰਾਰ ਸੁਖਵਿੰਦਰ ਸਿੰਘ ਗੁਰਮ, ਅਧਿਆਪਕ ਲਖਬੀਰ ਸਿੰਘ, ਰਣਜੀਤ ਸਿੰਘ, ਸਰਬਜੀਤ ਕੌਰ, ਸੁਮਨਦੀਪ ਕੌਰ, ਰਮਨਦੀਪ ਕੌਰ, ਬੀਰਬਲ ਸਿੰਘ ਅਤੇ ਹਰਮੇਲ ਸਿੰਘ ਆਦਿ ਹਾਜ਼ਰ ਸਨ।

# ਟਰੇਡ ਯੂਨੀਅਨ ਕੌਂਸਲ ਵੱਲੋਂ ਪਹਿਲੀ ਨੂੰ ਮਨਾਇਆ ਜਾਵੇਗਾ ਕਿਰਤ ਦਿਹਾੜਾ



ਮੋਗਾ (**ਇਕਬਾਲ ਸਿੰਘ ਖਹਿਰਾ**)-ਟਰੇਡ ਯੂਨੀਅਨ ਕੌਂਸਲ ਮੋਗਾ (ਏਟਕ) ਵੱਲੋਂ 1 ਮਈ ਨੂੰ ਕਿਰਤ ਦਿਹਾੜਾ ਸ਼ਹੀਦ ਕਾਮਰੇਡ ਨਛੱਤਰ ਸਿੰਘ ਧਾਲੀਵਾਲ ਭਵਨ ਮੋਗਾ ਵਿਖੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾ ਰਿਹਾ ਹੈ।ਇਸ ਸਬੰਧੀ ਪ੍ਰੈੱਸ ਦੇ ਨਾਂ ਬਿਆਨ ਜਾਰੀ ਕਰਦਿਆਂ ਜਗਦੀਸ਼ ਸਿੰਘ ਚਾਹਲ ਤੇ ਜਨਰਲ ਸਕੱਤਰ ਜਗਸੀਰ ਸਿੰਘ ਖੋਸਾ ਨੇ ਦੱਸਿਆ ਕਿ ਟਰੇਡ ਯੂਨੀਅਨ ਵਿੱਚ ਸ਼ਾਮਲ ਵੱਖ ਵੱਖ ਜਥੇਬੰਦੀਆਂ ਵੱਲੋਂ ਇਸ ਸਮਾਗਮ ਵਿੱਚ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ।ਉਨ੍ਹਾਂ ਦੱਸਿਆ ਕਿ 1 ਮਈ ਨੂੰ ਸੰਸਾਰ ਪੱਧਰ 'ਤੇ ਕਿਰਤੀ ਲੋਕ 'ਕਿਰਤ ਦਿਹਾੜੇ' ਵਜੋਂ ਮਨਾਉਂਦੇ ਹਨ।ਅੱਜ ਕਿਰਤੀ ਲੋਕਾਂ ਦੀ ਸਭ ਤੋਂ ਵੱਡੀ ਸਮੱਸਿਆ ਬੇਰੁਜ਼ਗਾਰੀ ਹੈ ਤੇ ਸਮੇਂ ਦੀ ਮੁੱਖ ਲੋੜ ਹੈ ਕਿ ਕੰਮ ਤੋਂ ਵਿਹਲੇ ਹੱਥਾਂ ਨੂੰ ਕੰਮ ਦਿੱਤਾ ਜਾਵੇ ਤੇ ਮਜ਼ਦੂਰ ਵਰਗ ਲਈ ਕਾਨੂੰਨੀ ਤੌਰ 'ਤੇ ਕੰਮ ਦੇ ਘੰਟੇ 8 ਤੋਂ ਘਟਾ ਕੇ 6 ਘੰਟੇ ਕੀਤੇ ਜਾਣ, ਜਦੋਂ ਕਿ ਸਰਮਾਏਦਾਰੀ ਪ੍ਰਬੰਧ ਇਨ੍ਹਾਂ ਨੂੰ 12 ਘੰਟੇ ਕਰਕੇ ਹੋਰ ਬੇਰੁਜ਼ਗਾਰੀ ਵਧਾਉਣ ਦੇ ਰਾਹ ਪਈ ਹੈ।

# ਸ਼ਾਨਦਾਰ ਸੇਵਾਵਾਂ ਬਦਲੇ ਥਾਣਾ ਚੀਮਾ ਦੇ ਮੁੱਖ ਅਫ਼ਸਰ ਨੂੰ ਤਰੱਕੀ



ਚੀਮਾ, (**ਰਵਿੰਦਰ ਚੀਮਾ**)-ਪੁਲਸ ਵਿਭਾਗ ਵਿੱਚ ਲੰਬੇ ਸਮੇਂ ਤੋਂ ਇਮਾਨਦਾਰੀ ਨਾਲ ਆਪਣੀਆਂ ਸੇਵਾਵਾਂ ਦੇ ਰਹੇ ਸਥਾਨਕ ਕਸਬੇ ਚੀਮਾ ਦੇ ਮੁੱਖ ਅਫ਼ਸਰ ਮ. ਮਨਜੀਤ ਸਿੰਘ ਪ੍ਰਮੋਟ ਹੋ ਕੇ ਇੰਸਪੈਕਟਰ ਬਣ ਗਏ ਹਨ।ਸੰਗਰੂਰ ਜ਼ਿਲ੍ਹੇ ਦੇ ਮਾਨਯੋਗ ਐੱਸ ਐੱਸ ਪੀ ਸ. ਸਰਤਾਜ ਸਿੰਘ ਚਾਹਲ ਨੇ ਮਨਜੀਤ ਸਿੰਘ ਦੇ ਮੋਢੇ 'ਤੇ ਇੱਕ ਹੋਰ ਸਟਾਰ ਲਗਾ ਕੇ ਮਨਜੀਤ ਸਿੰਘ ਨੂੰ ਬਤੌਰ ਇੰਸਪੈਕਟਰ ਤਰੱਕੀ ਦਿੰਦਿਆਂ ਇੰਸਪੈਕਟਰ ਬਣਨ 'ਤੇ ਵਧਾਈ ਦਿੱਤੀ।ਜ਼ਿਕਰਯੋਗ ਹੈ ਕਿ ਮਨਜੀਤ ਸਿੰਘ ਪਿਛਲੇ ਲੰਬੇ ਸਮੇਂ ਤੋਂ ਥਾਣਾ ਚੀਮਾ ਵਿਖੇ ਬਤੌਰ ਮੁੱਖ ਅਫ਼ਸਰ ਆਪਣੀਆਂ ਸੇਵਾਵਾਂ ਦੇ ਰਹੇ ਹਨ ਤੇ ਮਨਜੀਤ ਸਿੰਘ ਨੇ ਇਲਾਕੇ 'ਚ ਮਾੜੇ ਅਨਸਰਾਂ ਤੇ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਨੂੰਨੀ ਕਾਰਵਾਈ ਕਰਕੇ ਇਲਾਕੇ 'ਚ ਨਸ਼ਿਆਂ ਨੂੰ ਠੱਲ੍ਹ ਪਾਉਣ ਵਿੱਚ ਆਪਣਾ ਫ਼ਰਜ਼ ਇਮਾਨਦਾਰੀ ਤੇ ਤਨਦੇਹੀ ਨਾਲ ਨਿਭਾਇਆ ਹੈ।ਮਨਜੀਤ ਸਿੰਘ ਨੂੰ ਇੰਸਪੈਕਟਰ ਵਜੋਂ ਤਰੱਕੀ ਮਿਲਣ 'ਤੇ ਪੁਲਸ ਵਿਭਾਗ ਦੇ ਅਫ਼ਸਰ, ਮੁਲਾਜ਼ਮ, ਸਰਪੰਚ-ਪੰਚ, ਪੱਤਰਕਾਰ ਅਤੇ ਧਾਰਮਿਕ, ਸਮਾਜਿਕ ਤੇ ਰਾਜਨੀਤਕ ਆਗੂਆਂ ਨੇ ਵਧਾਈ ਦਿੱਤੀ ਤੇ ਚੀਮਾ ਥਾਣਾ ਦੇ ਸਮੁੱਚੇ ਸਟਾਫ ਨੇ ਲੱਡੂ ਵੰਡ ਕੇ ਖੁਸ਼ੀ ਮਨਾਈ।

# ਮਾਤਾ ਤਰਸੇਮ ਰਾਣੀ ਦਾ ਮਰਨ ਉਪਰੰਤ ਸਰੀਰ ਦਾਨ



ਸ਼ੇਰਪੁਰ (**ਰਵੀ ਟਿੱਕਾ**)-ਬਲਾਕ ਸ਼ੇਰਪੁਰ ਦੇ ਪਿੰਡ ਹੇੜੀਕੇ ਦੇ ਇੱਕ ਮਾਤਾ ਤਰਸੇਮ ਰਾਣੀ ਇੰਸਾਂ ਦੇ ਦਿਹਾਂਤ ਉਪਰੰਤ ਉਸ ਦੇ ਪਰਵਾਰਕ ਮੈਂਬਰਾਂ ਵੱਲੋਂ ਮ੍ਰਿਤਕ ਸਰੀਰ ਨੂੰ ਮੈਡੀਕਲ ਖੋਜਾਂ ਲਈ ਦਾਨ ਕੀਤਾ ਗਿਆ। ਪਿੰਡ ਹੇੜੀਕੇ ਦੇ ਜਗਦੇਵ ਕੁਮਾਰ (ਬਿੱਟੂ) ਤੇ ਹਰਦੇਵ ਕੁਮਾਰ ਦੇ ਮਾਤਾ ਤਰਸੇਮ ਰਾਣੀ ਅੱਜ ਸਵੇਰੇ ਆਪਣੀ ਸਵਾਸਾਂ ਰੂਪੀ ਪੂੰਜੀ ਨੂੰ ਪੂਰਾ ਕਰਦੇ ਹੋਏ ਕੁੱਲ ਮਾਲਕ ਦੇ ਚਰਨਾਂ 'ਚ ਬਿਰਾਜ ਗਏ। ਉਨ੍ਹਾਂ ਦੀ ਦਿਲੀ ਇੱਛਾ ਅਨੁਸਾਰ ਉਨ੍ਹਾਂ ਦੇ ਸਮੂਹ ਪਰਵਾਰ ਵੱਲੋਂ ਆਪਣੀ ਮਾਤਾ ਤਰਸੇਮ ਰਾਣੀ ਇੰਸਾਂ ਦੀ ਮ੍ਰਿਤਕ ਦੇਹ ਮੈਡੀਕਲ ਖੋਜਾਂ ਲਈ ਦਾਨ ਕੀਤੀ ਗਈ।ਇਹ ਮ੍ਰਿਤਕ ਸਰੀਰ ਪਿਮਜ਼ ਹਸਪਤਾਲ ਜਲੰਧਰ ਨੂੰ ਦਾਨ ਕਰ ਦਿੱਤਾ ਗਿਆ। ਇਸ ਮੌਕੇ ਰਿਸ਼ਤੇਦਾਰਾਂ, ਪਰਿਵਾਰਕ ਮੈਂਬਰਾਂ, ਸ਼ਾਹ ਸਤਿਨਾਮ ਜੀ ਗ੍ਰੀਨ ਐਸ ਵੈਲਫੇਅਰ ਕਮੇਟੀ ਦੇ ਸੇਵਾਦਾਰ, ਬਲਾਕ ਸ਼ੇਰਪੁਰ ਦੀ ਸਮੂਹ ਸਾਧ ਸੰਗਤ ਤੇ ਪਿੰਡ ਨਿਵਾਸੀਆਂ ਨੇ ਮ੍ਰਿਤਕ ਦੇਹ ਨੂੰ ਫੁੱਲਾਂ ਨਾਲ ਸ਼ਿੰਗਾਰੀ ਹੋਈ ਐਂਬੂਲੈਂਸ ਰਾਹੀਂ ਪਿੰਡ ਵਿੱਚ ਕਾਫਲੇ ਦੇ ਰੂਪ ਵਿੱਚ ਲਿਜਾਇਆ ਗਿਆ। ਮ੍ਰਿਤਕ ਦੇਹ ਹੇੜੀਕੇ ਦੀ ਸਰਪੰਚ ਬੀਬੀ ਹਰਦੀਪ ਕੌਰ, ਅਵਤਾਰ ਸਿੰਘ ਤਾਰਾ ਹਰੀ ਝੰਡੀ ਦੇ ਕੇ ਗੱਡੀ ਨੂੰ ਰਵਾਨਾ ਕੀਤਾ ਗਿਆ। ਇਸ ਮੌਕੇ ਜਗਸੀਰ ਸਿੰਘ, ਬਲਜਿੰਦਰ ਸਿੰਘ, ਗੁਰਜੀਤ ਕਾਰਤ, ਬਲਦੇਵ ਖੋਜੀ, ਗੁਲਜ਼ਾਰ ਗੁਰਬਖਸ਼ਪੁਰਾ, ਰਾਮਦਾਸ ਬਿੱਟੂ ਇੰਸਾਂ ਵੱਡੀ ਗਿਣਤੀ ਸਾਧ ਸੰਗਤ ਹਾਜ਼ਰ ਸੀ।

# ਪੁਲਸ ਵੱਲੋਂ ਸਾਢੇ ਤਿੰਨ ਘੰਟੇ 'ਚ ਚੋਰੀ ਕਾਰ ਬਰਾਮਦ, ਮੁਲਜ਼ਮ ਗ੍ਰਿਫ਼ਤਾਰ



ਨਿਹਾਲ ਸਿੰਘ ਵਾਲਾ (**ਲਵਲੀ ਮਾਛੀਕੇ**)-ਨਿਹਾਲ ਸਿੰਘ ਵਾਲਾ ਪੁਲਸ ਨੇ ਟ੍ਰਾਈ ਲੈਣ ਦੇ ਬਹਾਨੇ ਕਾਰ ਚੋਰੀ ਕਰਨ ਵਾਲੇ ਵਿਅਕਤੀ ਨੂੰ ਸਮੇਤ ਚੋਰੀ ਕਾਰ ਦੇ ਸਾਢੇ ਤਿੰਨ ਘੰਟੇ ਵਿੱਚ ਕਾਬੂ ਕੀਤਾ ਹੈ।ਪੁਲਸ ਥਾਣਾ ਧਾਲੀਵਾਲ ਮੁੱਖ ਅਫਸਰ ਥਾਣਾ ਨਿਹਾਲ ਸਿੰਘ ਵਾਲਾ ਨੇ ਦੱਸਿਆ ਕਿ ਰੋਹਿਤ ਬਾਂਸਲ ਵਾਸੀ ਨਿਹਾਲ ਸਿੰਘ ਵਾਲਾ ਦੀ ਵਰਨਾ ਕਾਰ ਪੀ ਬੀ-13-ਏ ਬੀ-6364 ਰੰਗ ਚਿੱਟਾ ਮਾਡਲ 2012 ਨੂੰ ਪ੍ਰੀਤਮ ਬਹਾਨੇ ਕਥਿਤ ਦੋਸ਼ੀ ਗੁਰਮੁੱਖ ਸਿੰਘ ਪੁੱਤਰ ਨਿਰਮਲ ਸਿੰਘ ਵਾਸੀ ਹਾਂਸ ਕਲਾਂ ਜ਼ਿਲ੍ਹਾ ਲੁਧਿਆਣਾ ਨੇ ਨਿਹਾਲ ਸਿੰਘ ਵਾਲਾ ਟੂਡੇ ਮਿਲਕ ਕੋਲ ਆਪ ਟ੍ਰਾਈ ਲੈਣ ਲਈ ਆਖ ਕੇ ਰੋਹਿਤ ਕੁਮਾਰ ਨੂੰ ਕਾਰ 'ਚ ਬੈਠਣ ਲੱਗੇ ਨੂੰ ਧੱਕਾ ਦੇ ਕੇ ਚੋਰੀ ਕਰਕੇ ਕਾਰ ਭਜਾ ਕੇ ਲੈ ਗਿਆ।ਪੁਲਸ ਨੂੰ ਸੂਚਨਾ ਮਿਲਣ 'ਤੇ ਸਬ ਇੰਸਪੈਕਟਰ ਗੁਰਜੀਤ ਸਿੰਘ ਸਮੇਤ ਪੁਲਸ ਪਾਰਟੀ ਦੇ ਸਾਢੇ ਤਿੰਨ ਘੰਟੇ ਵਿੱਚ ਹੀ ਦੋਸ਼ੀ ਨੂੰ ਕਾਬੂ ਕਰਕੇ ਚੋਰੀ ਕਾਰ ਬਰਾਮਦ ਕਰ ਲਈ।ਐੱਸ ਐੱਚ ਓ ਪੂਰਨ ਸਿੰਘ ਨੇ ਦੱਸਿਆ ਕਿ ਪੁਲਸ ਨੇ ਦੋਸ਼ੀ ਗੁਰਮੁੱਖ ਸਿੰਘ ਉਪਰ ਮੁਕਦਮਾ ਦਰਜ ਕਰਕੇ ਹੋਰ ਪੁੱਛਗਿੱਛ ਕੀਤੀ ਜਾ ਰਹੀ ਹੈ।



# ਕਲਾਸੀਫਾਈਡ ਇਸ਼ਤਿਹਾਰ

## Change of Name

I, Amarjit Singh S/o Hardip Singh R/o Village Chaheru (Kapurthala) have changed my name from Amarjit Singh to Amarjit Singh Bhangu. Please note.

I, Veero Kanyathi w/o Joginder Singh R/o H. No. 60 B.S.F. Colony Jalandhar have changed my name from Veero Kanyathi to Veero. Please note.

I, Joginder Singh Kanyathi S/o Sadhu Singh R/o H. No. 60 B.S.F. Colony Jalandhar have changed my name from Joginder Singh Kanyathi to Joginder Singh. Please note.

I, MANJIT W/o PARAMJIT SINGH R/o F-7/284, Kashmir Avenue, Batala Road, Amritsar Punjab have changed my name from MANJIT TO MANJIT KAUR. Please Concerned Note.

I, PARAMJIT SINGH ARORA S/o HARBHAJAN SINGH R/o 11A, F-7/284, Kashmir Avenue, Batala Road, Amritsar Punjab have changed my name from PARAMJIT SINGH ARORA to Paramjit Singh. Please Concerned Note.

I Trishbal Kaur wife of Karamjit Singh resident of HIG 690 Phase 9, SAS Nagar Mohali, hereby declare that some documents carry my name as Trishbal Kaur Josan. Both my aforesaid names represent one and the same person.

I Shangara Singh bajwa s/o Chanan Singh vpo Bajwa kalan Tehsil Shahkot Distt Jalandhar. Have changed my name Shangara Singh Bajwa to Shangara Singh. Please all not.

I, Gurdip Singh S/o Swaran Singh R/o Village Hamza, Tehsil Majitha, District Amritsar, Punjab 143601 have changed my name from Gurdip Singh S/o Sawarn Singh to Gurdeep Singh S/o Swaran Singh

I, Vijay Thapa S/O Sh. Om Parkash Resident of H.No. 37 Kailash Enclave, Batala Road, Gurdaspur - 143521 have changed my name from Vijay Thapa to Vijay Kumar. Concerned note.

I Bindia Gupta W/O Pulak Bansal R/O H.No. 60 New Harbans Nagar Jalandhar Punjab 144002 Have changed my name from Bindia Gupta to Bindia Bansal.

I, Dev Raj Salaria S/o Kirpa Ram R/o 116 B, Gali No. 3, Hussainpura (West), Amritsar, Punjab have changed my name from Dev Raj Salaria to Dev Raj.

I, Ashok Mahajan S/o Doulat Ram R/o 1FF Mig Flats Dhinfgra Housing Complex District Amritsar have changed my name from Ashok Mahajan to Ashok Kumar Gupta

I, Neetu W/o Mani Mehra R/o 239, Gali Papran Wali, Near D.A.V School Hathi Gate Amritsar have changed my name from Neetu to Neetu Mehr

I, Arti Sharma W/o Ashok Kumar R/o H.No. 310, Lane No 1, Moon Avenue, Majitha Road, Amritsar 143001 Punjab have changed my name from Aarti Sharma to Aarti Sharma.

I, Marmit Kaur W/o Baljinder Singh R/o Dera Road, Little Flower School, Harnam Nagar, Batala, District Gurdaspur, Punjab have changed my name from Marmit Kaur to Harmeet Kaur. Concerned Note.

I, Sandeep Kumar S/o Pardeep Kumar R/o H.No. 3450/3, Bhargo Nagar, Jalandhar, Punjab have changed my minor son's name from Lehram to Lehram Kumar. Lehram as a Given Name Kumar as a Surname. All concerned please note.

I, Kuldip Singh Alias Kuldeep Singh s/o Harjit Singh R/o H.no. 52, Raj Nagar , Basti Bawa Khel, Kapurthala Road, Jalandhar -144021, Punjab, have changed my name from Kuldip Singh Alias Kuldeep Singh to Kuldip Singh. All concerned please note.

I, Parmjit Kaur Alias Paramjit Kaur w/o Kuldip Singh R/o H.no. 52, Raj Nagar , Basti Bawa Khel, Kapurthala Road, Jalandhar -144021, Punjab, have changed my name from Parmjit Kaur Alias Paramjit Kaur to Paramjit Kaur. All concerned please note.

I, Himanshu Pahuja S/O Yashpal Pahuja, R/o Plot No 8/7, Sector 7, Opp Harish Bakri, Gurgaon, Haryana-122001, I have changed the name of my minor daughter Eha Pahuja aged about 2 Years and She shall hereafter be known as Nitara Pahuja.

I, Gourav S/O Nawal Kishor, R/o Village Buroli (76), Rewari, Haryana-123411, have changed my name and shall hereafter be Known as Gourav Dhankhar.

I, Kamal Kumar S/O Bachna Ram, R/o House No-1832, Indra Puri Street No-1, Near Gorment School, Ward No-09, Tajpur Road, Ludhiana Punjab-141008, have changed my name and shall hereafter be Known as Kamaljit Singh.

## Change of Name

I, Gurinderjit Kaur C/O Manpreet Singh R/O Sidhwan Dona, Kapurthala - 144625, Punjab have changed my name from Gurinderjit Kaur to Gurinderjit As Given Name and Kaur as Surname. All note.

I, Balwinder S/O Jagtu VPO Adhi, Tehsil. Nakodar, Distt. Jalandhar, Punjab have changed my name from Balwinder to Balwinder Singh. All note.

I, Chander Ramesh S/O Mela Ram R/O H.No. 78, Hoshiarpur Road, Gulmohar City, Jalandhar, Punjab have changed my name from Chander Ramesh to Handa Ramesh .(Handa As Surname). All note.

I, Debo Rani W/O Roop Lal R/O Navi Abadi, Narangshahpur, Tehsil Phagwara, Distt. Kapurthala, Punjab have changed my name from Debo Rani to Devo Rani. All note.

I, Kiran Rani W/o Subhash Kumar Gupta R/o H.No.15, ward No.5, Khalsapur Road, Tarn Taran, Distt.Tarn Taran, Punjab have changed my name from Kiran Gupta to Kiran Rani. All please note.

I Rajinder Kumar S/o Tirath Ram R/o H.No.162 Mohalla Ashok Nagar Maqsudan,Jalandhar 144008 Punjab, India have changed my name from Rajinder Kumar To Kumar Rajinder . Rajinder is a given name and Kumar is a surname.

I, Gursehajpreet Singh s/o Sukhjit Singh r/o VPO. Kangraur, Tehsil Banga, SBS Nagar have changed my name to Singh Gursehajpreet (Surname as Singh) All Please Note.

I, Harjeet Kaur w/o Jagveer Singh r/o Gali No.1, Hardeep Nagar, Old Hoshiarpur Road, Jalandhar have changed my name to Kaur Harjeet (Surname as Kaur) All Please Note.

I, Hanvi Kaur d/o Jagveer Singh r/o Gali No.1, Hardeep Nagar, Old Hoshiarpur Road, Jalandhar have changed my name to Kaur Hanvi (Surname as Kaur) All Please Note.

I, Parvesh Dhalla s/o Mulakh Raj r/o H.No.19A, Sat Nagar, Jalandhar-144001, Punjab have changed my name to Parvesh Kumar Dhalla. All Please Note.

I, Ashok Kumar Kashyap s/o Joginder Pal r/o H.No. NJ-478, Sitla Mandir, Jalandhar, Punjab have changed my name from Ashok Kumar Kashyap to Ashok Kashyap. All Please Note.

I, Kiranpreet Kaur W/o Lakhwinder Singh R/o VPO. Garhi Kanungoan, SBS Nagar have changed my name from Kiranpreet Kaur to Kaur Kiranpreet (Surname as Kaur) All Please Note.

I, Manisha W/o Amandeep Singh R/o Chaguwala, Tehsil Gurdaspur, Punjab-143521, India. Have changed my name from, Manisha to Manmeet Kaur.

## ਬੇਦਖਲੀ ਨੋਟਿਸ

ਮੈਂ, ਸੁਖਦੇਵ ਸਿੰਘ ਪੁੱਤਰ ਜੋਧ ਸਿੰਘ ਵਾਸੀ ਮਕਾਨ ਨੰ. 446, ਗਲੀ ਨੰ. 6, ਸ਼ਹੀਦ ਬਾਬੂ ਲਾਭ ਸਿੰਘ ਨਗਰ, ਡਾਕਖਾਨਾ ਨਾਗਰਾ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਜਨ, ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਵੀ ਲੈਣ ਦੇਣ ਨਹੀਂ ਹੈ। ਜੋ ਕੋਈ ਵੀ ਇਸ ਨਾਲ ਲੈਣ ਦੇਣ ਕਰੇਗਾ, ਉਹ ਆਪਣੇ ਨਫ਼ੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

ਅਸੀਂ, ਸ੍ਰੀਮਤੀ ਕਾਂਤਾ ਪਤਨੀ ਸੇਵਾ ਸਿੰਘ ਅਤੇ ਸੇਵਾ ਸਿੰਘ ਪੁੱਤਰ ਹਜਾਰਾ ਸਿੰਘ ਵਾਸੀਆਨ ਮਕਾਨ ਨੰਬਰ 61-62, ਗਲੀ ਨੰ: 05, ਕੋਟ ਆਤਮਾ ਰਾਮ, ਸੁਲਤਾਨਵਿੰਡ ਰੋਡ, ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਗੁਰਜੀਤ ਸਿੰਘ ਅਤੇ ਉਸ ਦੀ ਪਤਨੀ ਸਿਮਰਨਜੀਤ ਕੌਰ ਅਤੇ ਇਨ੍ਹਾਂ ਦੇ ਬੱਚੇ ਹਰਪ੍ਰੀਤ ਸਿੰਘ, ਕਰਨਪ੍ਰੀਤ ਸਿੰਘ, ਰਾਜਪ੍ਰੀਤ ਸਿੰਘ, ਜਸਪ੍ਰੀਤ ਸਿੰਘ, ਮਨਜੋਤ ਸਿੰਘ ਅਤੇ ਸੁਸ਼ਮਿਤਾ ਕੌਰ ਸਾਡੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਕਰਦੇ ਹਨ। ਅਸੀਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਅਮਰਜੀਤ ਕੌਰ ਪਤਨੀ ਰਾਮ ਸਿੰਘ ਵਾਸੀ ਪੱਤੀ ਫੱਤੂ ਕੀ, ਪਿੰਡ ਤੇ ਡਾਕ. ਪੰਡੋਰੀ ਗੋਲਾ, ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਕਰਨਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਮੰਗਾ ਰਾਮ ਪੁੱਤਰ ਬਾਬੂ ਰਾਮ, ਵਾਸੀ ਪਿੰਡ ਆਹਲੂਵਾਲ, ਡਾਕਖਾਨਾ ਦੋਦਵਾਂ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਸ਼ਿਵ ਦਿਆਲ ਅਤੇ ਮੇਰੀ ਨੂੰਹ ਪੂਜਾ, ਜੋ ਮੇਰੇ ਅਤੇ ਮੇਰੇ ਪਰਵਾਰ ਦੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਜੋ ਇਨ੍ਹਾਂ ਨਾਲ ਲੈਣ-ਦੇਣ ਕਰੇਗਾ, ਖੁਦ ਜ਼ਿੰਮੇਵਾਰ ਹੋਵੇਗਾ।

ਮੈਂ, ਲਾਲ ਸਿੰਘ ਪੁੱਤਰ ਈਸ਼ਰ ਸਿੰਘ, ਪਿੰਡ ਰਾਜੋਮਾਜਰਾ (ਸੰਗਰੂਰ) ਆਪਣੀ ਨੂੰਹ ਮਨਪ੍ਰੀਤ ਕੌਰ ਪਤਨੀ ਹਰਦੀਪ ਸਿੰਘ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਆਪਣੀ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਸ ਨਾਲ ਲੈਣਦੇਣ ਕਰਨ ਅਤੇ ਸੰਬੰਧ ਰੱਖਣ ਵਾਲੇ ਖ਼ੁਦ ਜ਼ਿੰਮੇਵਾਰ ਹੋਣਗੇ।

## ਨਾਂਅ ਦੀ ਬਦਲੀ

ਮੈਂ, ਗੁਰਪ੍ਰੀਤ ਪੁੱਤਰ ਮੱਖਣ ਲਾਲ ਵਾਸੀ ਪਿੰਡ ਤੇ ਡਾਕ: ਮੇਹਟਾਂ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ, ਪੰਜਾਬ ਸੂਚਿਤ ਕਰਦਾ ਹਾਂ ਕਿ ਮੈਂ ਆਪਣਾ ਨਾਂਅ ਗੁਰਪ੍ਰੀਤ ਤੋਂ ਬਦਲ ਕੇ ਗੁਰਪ੍ਰੀਤ ਗਾਟ ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਬੇਦਖਲੀ ਨੋਟਿਸ

ਮੈਂ, ਦਿਆਲ ਸਿੰਘ ਪੁੱਤਰ ਰਾਮ ਸਿੰਘ ਵਾਸੀ ਪਿੰਡ ਕੋਹਾੜ ਕਲਾਂ, ਲਸੂੜੀ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਜੱਜਪਾਲ ਸਿੰਘ ਅਤੇ ਉਸ ਦੀ ਪਤਨੀ ਗੁਰਵਿੰਦਰ ਕੌਰ ਦੋਨੋਂ ਪੰਜਾਬ ਪੁਲਸ ਮੁਲਾਜ਼ਮ ਹਨ, ਜੋ ਮੇਰੇ ਕਹਿਣੇ ਤੋਂ ਬਾਹਰ ਹਨ, ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਅਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜਗਤਾਰ ਸਿੰਘ ਪੁੱਤਰ ਕੇਹਰ ਸਿੰਘ ਵਾਸੀ ਭਿੱਖੀਵਿੰਡ, ਤਹਿਸੀਲ ਪੱਟੀ, ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਲਜਿੰਦਰ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਜਿਹੜਾ ਵੀ ਇਸ ਨਾਲ ਰਿਸ਼ਤਾ ਰੱਖੇਗਾ, ਉਹ ਆਪ ਜ਼ਿੰਮੇਵਾਰ ਹੋਣਗੇ ਅਤੇ ਉਸ ਵਿਚ ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਗੁਰਮੀਤ ਸਿੰਘ ਪੁੱਤਰ ਦੂੰਨੀ ਚੰਦ ਪੁੱਤਰ ਹਰਨਾਮ ਦਾਸ ਵਾਸੀ ਪਿੰਡ ਛੱਤਿਆਣਾ ਤਹਿਸੀਲ ਗਿੱਦੜਬਾਹਾ ਜਿਲਾ ਸ੍ਰੀ ਮੁਕਤਸਰ ਸਾਹਿਬ ਦਾ ਰਹਿਣ ਵਾਲਾ ਹਾਂ। ਮੈ ਬਿਆਨ ਕਰਦਾ ਹਾਂ ਕਿ ਮੇਰੀ ਪਤਨੀ ਪਰਵੀਨ ਕੌਰ ਮਾੜੀ ਸੰਗਤ ਵਿੱਚ ਪੈ ਗਈ ਹੈ ਤੇ ਮੇਰੇ ਕਹਿਣੇ ਸੁਨਣੇ ਤੋ ਬਾਹਰ ਹੈ ਤੇ ਆਪਣੀ ਮਨ ਮਰਜੀ ਕਰਦੀ ਹੈ ਅਤੇ ਮੇਰਾ ਕੀਮਤੀ ਸਮਾਨ ਤੇ ਪੈਸੇ ਖੁਰਦ ਬੁਰਦ ਕਰਨ ਲੱਗੀ ਹੈ। ਇਸ ਕਰਕੇ ਮੈ ਆਪਣੀ ਪਤਨੀ ਪਰਵੀਨ ਕੌਰ ਨੂੰ ਆਪਣੀ ਚੱਲ ਅਚੱਲ ਜਾਇਦਾਦ ਤੋ ਬੇ ਦਖਲ ਕਰਦਾ ਹਾਂ। ਭਵਿੱਖ ਵਿੱਚ ਕੋਈ ਘਟਨਾ ਕਰਮ ਕਰਦੀ ਹੈ ਜਾਂ ਇਸ ਨਾਲ ਲੈਣ ਦੇਣ ਕਰਦਾ ਹੈ ਤਾਂ ਉਹ ਖੁਦ ਜੁਮੇਵਾਰ ਹੋਵੇਗਾ। ਮੇਰਾ ਤੇ ਮੇਰੇ ਪਰਵਾਰ ਦਾ ਇਸ ਨਾਲ ਕੋਈ ਵਾ ਵਾਸਤਾ ਨਹੀ ਹੋਵੇਗਾ ਹੈ।

ਮੈਂ ਖਿਆਲੀ ਰਾਮ ਪੁੱਤਰ ਸ਼੍ਰੀ ਨਾਥੂ ਰਾਮ ਵਾਸੀ ਮਕਾਨ ਨੰ.21-ਐਫ/408, ਖੂਹ ਕੁੰਡਿਆ ਵਾਲਾ, ਸੰਧੂ ਕਲੋਨੀ, ਬਟਾਲਾ ਰੋਡ, ਜਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਕਪਿਲ ਦੇਵ ਅਤੇ ਉਸਦੀ ਪਤਨੀ ਸੁਨੀਤਾ ਦੇਵੀ ਦੋਵੇਂ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਮੇਰੀ ਕੋਈ ਸੇਵਾ ਸੰਭਾਲ ਨਹੀਂ ਕਰਦੇ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਉਨ੍ਹਾਂ ਦੀਆਂ ਦੋ ਲੜਕੀਆਂ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਮੈਂ ਸ਼ਸ਼ੀ ਸ਼ਰਮਾ ਪਤਨੀ ਲੇਟ ਸ਼੍ਰੀ ਸੂਰਜ ਪ੍ਰਕਾਸ਼ ਸ਼ਰਮਾ ਵਾਸੀ ਮਕਾਨ ਨੰ.56, ਸ਼ਿੰਗਾਰ ਐਵੀਨਿਊ, ਛੇਹਰਟਾ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਾਹਿਲ ਸ਼ਰਮਾ ਅਤੇ ਉਸਦੀ ਪਤਨੀ ਵਿਨੀਤਾ ਸ਼ਰਮਾ ਦੋਵੇਂ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹਨ, ਮੇਰੀ ਕੋਈ ਸੇਵਾ ਸੰਭਾਲ ਨਹੀਂ ਕਰਦੇ ਅਤੇ ਬਹੁਤ ਤੰਗ ਪਰੇਸ਼ਾਨ ਕਰਦੇ ਹਨ। ਮੈਂ ਉਨ੍ਹਾਂ ਦੋਵਾਂ ਨੂੰ ਅਤੇ ਇਨ੍ਹਾਂ ਦੇ ਬੱਚਿਆਂ ਸ਼ਿਵਾਂਸ਼ ਸ਼ਰਮਾ ਅਤੇ ਸਾਇਆ ਸ਼ਰਮਾ ਸਭ ਨੂੰ ਆਪਣੀ ਤਮਾਮ ਚੱਲ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਉਨ੍ਹਾਂ ਦੇ ਕਿਸੇ ਵੀ ਤਰ੍ਹਾਂ ਦੇ ਲੈਣ ਦੇਣ ਅਤੇ ਚੰਗੇ ਮਾੜੇ ਕੰਮਾਂ ਦੇ ਮੈਂ ਤੇ ਮੇਰਾ ਪਰਿਵਾਰ ਜਿੰਮੇਵਾਰ ਨਹੀਂ ਹੋਵਾਂਗੇ ਉਹ ਖੁਦ ਜਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਉਨ੍ਹਾਂ ਨਾਲ ਕੋਈ ਤਲਕਵਾਸਤਾ ਨਹੀਂ।

ਅਸੀਂ ਰਘਬੀਰ ਸਿੰਘ ਪੁੱਤਰ ਗੁਰਦੀਪ ਸਿੰਘ ਅਤੇ ਸੰਤੋਸ਼ ਕੁਮਾਰੀ ਪਤਨੀ ਰਘਬੀਰ ਸਿੰਘ ਵਾਸੀਆਨ ਪਿੰਡ ਸੁਨਈਆ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦੇ ਹਾਂ ਕਿ ਸਾਡੀ ਲੜਕੀ ਨਵਜੋਤ ਕੌਰ ਸਾਡੇ ਕਹਿਣੇ ਤੋਂ ਬਾਹਰ ਹੈ। ਇਸ ਲਈ ਅਸੀਂ ਇਸ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡਾ ਵਾ ਸਾਡੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

ਮੈਂ, ਸਵਿੰਦਰ ਸਿੰਘ ਪੁੱਤਰ ਸੂਰਤਾ ਸਿੰਘ ਵਾਸੀ ਡੇਰਾ ਰੋਡ ਹਰਨਾਮ ਨਗਰ, ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਸੂਚਿਤ ਕਰਦਾ ਹਾਂ ਕਿ ਮੇਰੀ ਪਤਨੀ ਨਰਿੰਦਰ ਕੌਰ ਅਤੇ ਮੇਰੀ ਨੂੰਹ ਰਾਵਿੰਦਰ ਕੌਰ ਪਤਨੀ ਜਸਬੀਰ ਸਿੰਘ ਅਤੇ ਲੜਕਿਆਂ ਜਸਬੀਰ ਸਿੰਘ ਤੇ ਲਖਬੀਰ ਸਿੰਘ ਪੁੱਤਰਾਨ ਸਵਿੰਦਰ ਸਿੰਘ ਇਹ ਸਾਰੇ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਵਾ ਮੇਰੇ ਪਰਿਵਾਰ ਦਾ ਇਨ੍ਹਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ। ਸੰਬੰਧਿਤ ਨੋਟ ਕਰਨ।

## PUBLIC NOTICE

It is for General Information that I Rahat Sharma S/o Shri Vipan Kumar R/o 18A, New Kailash Nagar, Jalandhar-1, Industrial Town, Jalandhar, Punjab-144004, declare that name of my father has been wrongly written as Vipan Sharma in my 10th & 12th Class educational documents. The actual name of my father is Vipan Kumar respectively which may be amended accordingly.

It is for General Information that I Ridham Sharma S/o Shri Vipan Kumar R/o 18A, New Kailash Nagar, Jalandhar-1, Industrial Town, Jalandhar, Punjab-144004, declare that name of my father has been wrongly written as Vipan Sharma in my 10th & 12th Class educational documents. The actual name of my father is Vipan Kumar respectively which may be amended accordingly.

I, Gurmandeep Singh S/o Kashmir Singh R/o Village Jiwanwal, PO. Babri, Gurdaspur, Gurdaspur, 143520, Punjab, India. Declare that my given name as Gurmandeep and my surname as Singh.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖ਼ਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

## ਪੰਜਾਬੀ 'ਵਰਸਿਟੀ ਦੇ ਵਿਦਿਆਰਥੀਆਂ ਸਾਈਕੋਫ਼ੈਸਟ 'ਚ ਜਿੱਤੇ ਇਨਾਮ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਪੰਜਾਬੀ ਯੂਨੀਵਰਸਿਟੀ ਦੇ ਮਨੋਵਿਗਿਆਨ ਵਿਭਾਗ ਤੋਂ ਤਿੰਨ ਵਿਦਿਆਰਥੀਆਂ ਨੇ ਲੁਧਿਆਣਾ ਦੀ ਸੀ. ਟੀ. ਯੂਨੀਵਰਸਿਟੀ ਵਿੱਚ ਹੋਏ 'ਸਾਈਕੋਫ਼ੈਸਟ-2025' ਦੌਰਾਨ ਦੇ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਵਿਭਾਗ ਮੁਖੀ ਪ੍ਰੋ. ਦਮਨਜੀਤ ਸੰਧੂ ਨੇ ਇਸ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਵਿਭਾਗ ਦੀਆਂ ਦੋ ਵਿਦਿਆਰਥਣ ਲੜਕੀਆਂ ਵੰਸ਼ਿਕਾ ਮਾਗੋ ਤੇ ਕੁਸ਼ਮ ਦੁਗਾਲ ਕੁਇਜ਼ ਤੇ ਡਿਬੇਟ ਮੁਕਾਬਲਿਆਂ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ ਹੈ।ਇਸੇ ਤਰ੍ਹਾਂ ਸੰਸਨਾ ਭਾਰਦਵਾਜ ਨੇ ਆਪਣੀ ਸ਼ਾਨਦਾਰ ਅਦਾਕਾਰੀ ਨਾਲ ਦਰਸ਼ਕਾਂ ਨੂੰ ਮੰਤਰਮੁਗਧ ਕਰਦਿਆਂ ਡਾਂਸ ਮੁਕਾਬਲੇ ਵਿੱਚ ਦੂਜਾ ਸਥਾਨ ਪ੍ਰਾਪਤ ਕੀਤਾ।ਉਨ੍ਹਾਂ ਦੱਸਿਆ ਕਿ ਸਾਈਕੋਫ਼ੈਸਟ 2025, ਜੋ ਕਿ ਮਨੋਵਿਗਿਆਨ ਤੇ ਸਿਰਜਣਾਤਮਕਤਾ ਦੇ ਖੇਤਰ ਵਿੱਚ ਇੱਕ ਜੀਵੰਤ ਜਸ਼ਨ ਵਜੋਂ ਵੇਖਿਆ ਜਾਂਦਾ ਹੈ, ਵਿੱਚ ਪੂਰੇ ਉੱਤਰੀ ਭਾਰਤ ਤੋਂ ਵਿਦਿਆਰਥੀਆਂ ਨੇ ਸ਼ਿਰਕਤ ਕੀਤੀ।ਡਿਬੇਟ, ਕੁਇਜ਼, ਡਾਂਸ, ਮੀਮ-ਮੇਕਿੰਗ ਤੇ ਪੋਸਟਰ ਡਿਜ਼ਾਈਨ ਸਮੇਤ ਕਈ ਦਿਲਚਸਪ ਮੁਕਾਬਲਿਆਂ ਦੌਰਾਨ ਪੰਜਾਬੀ ਯੂਨੀਵਰਸਿਟੀ ਦੇ ਹੋਰ ਵਿਦਿਆਰਥੀਆਂ ਨੇ ਵੀ ਭਾਗ ਲਿਆ।ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀਆਂ ਇਹ ਪ੍ਰਾਪਤੀਆਂ ਵਿਭਾਗ ਲਈ ਮਾਣ ਵਾਲੀ ਗੱਲ ਹੈ।

## ਸਾਰੀਆਂ ਅਲਾਮਤਾਂ ਤੇ ਕੁਰੀਤੀਆਂ ਦਾ ਹੱਲ ਸਿੱਖਿਆ : ਬੁੱਧ ਰਾਮ

### ਸੰਘਰੇੜੀ ਤੇ ਜਲਵੇੜਾ ਦੇ ਸਕੂਲਾਂ 'ਚ ਵਿਕਾਸ ਕਾਰਜਾਂ ਦਾ ਉਦਘਾਟਨ



**ਬੁਢਲਾਡਾ (ਅਸ਼ੋਕ ਲਾਕੜਾ)**-ਸਾਰੀਆਂ ਸਮਾਜਿਕ ਅਲਾਮਤਾਂ ਤੇ ਕੁਰੀਤੀਆਂ ਦਾ ਹੱਲ ਸਿੱਖਿਆ ਹੀ ਹੈ।ਸਿੱਖਿਆ ਦਾ ਵਿਸਥਾਰ ਕਰਨਾ ਹੀ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਦੀ ਮੁੱਢਲੀ ਤਰਜੀਹ ਹੈ।ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਵਿਧਾਇਕ ਬੁਢਲਾਡਾ ਪ੍ਰਿੰਸੀਪਲ ਸ੍ਰ. ਬੁੱਧ ਰਾਮ ਨੇ ਹਲਕੇ ਦੇ ਪਿੰਡ ਸੰਘਰੇੜੀ ਤੇ ਜਲਵੇੜਾ ਦੇ ਸਰਕਾਰੀ ਸਕੂਲਾਂ 'ਚ ਕਰੀਬ 30 ਲੱਖ ਤੋਂ ਵਧੇਰੇ ਦੇ ਵੱਖ ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕਰਦਿਆਂ ਕੀਤਾ।ਵਿਧਾਇਕ ਬੁੱਧ ਰਾਮ ਨੇ ਕਿਹਾ ਸੂਬਾ ਸਰਕਾਰੀ ਦੀ ਸਿੱਖਿਆ ਨੀਤੀ ਤਹਿਤ ਹੀ ਅਧਿਆਪਕਾਂ ਨੂੰ ਦੇਸ ਵਿਦੇਸ਼ਾਂ 'ਚ ਸਿਖਲਾਈ ਲਈ ਭੇਜਿਆ ਗਿਆ।ਸਕੂਲਾਂ 'ਚ ਆਧੁਨਿਕ ਸਿੱਖਿਆ ਪ੍ਰਣਾਲੀ ਮੁਹੱਈਆ ਕਰਵਾਉਣ ਲਈ ਨਿਰੰਤਰ ਉਪਰਾਲੇ ਕੀਤੇ ਜਾ ਰਹੇ ਹਨ।ਉਨ੍ਹਾਂ ਕਿਹਾ ਕਿ ਸਿੱਖਿਆ ਹੀ ਇਕ ਦੇਸ਼ ਅੰਦਰ ਚੰਗੇ ਨਾਗਰਿਕ ਪੈਦਾ ਕਰਦੀ ਹੈ, ਇਸੇ ਮੰਤਵ ਨੂੰ ਲੈ ਕੇ ਪੰਜਾਬ ਸਰਕਾਰ ਵੱਲੋਂ 'ਸਿੱਖਿਆ ਕਰਾਂਤੀ ਮੁਹਿੰਮ' ਸ਼ੁਰੂ ਕੀਤੀ ਗਈ ਹੈ ਤਾਂ ਜੋ ਸਰਕਾਰੀ ਸਕੂਲਾਂ ਦਾ ਵਿਕਾਸ ਹੋ ਸਕੇ ਤੇ ਮਾਪਿਆਂ ਦਾ ਸਰਕਾਰੀ ਸਕੂਲਾਂ ਵਿੱਚ ਵਿਸ਼ਵਾਸ ਪੈਦਾ ਹੋ ਸਕੇ। ਇਸ ਮੌਕੇ ਹਲਕਾ ਸਿੱਖਿਆ ਕੋਆਰਡੀਨੇਟਰ ਸੁਭਾਸ਼ ਨਾਗਪਾਲ, ਸਕੂਲ ਮੁਖੀ ਸ.ਪ.ਸ. ਸੰਘਰੇੜੀ ਸੁਰੇਸ਼ ਕੁਮਾਰ, ਚੇਅਰਮੈਨ ਐੱਸ. ਐੱਮ. ਸੀ. ਗੁਰਪ੍ਰੀਤ ਸਿੰਘ, ਸਕੂਲ ਮੁਖੀ ਸ.ਪ.ਸ. ਜਲਵੇੜਾ ਬੂਟਾ ਸਿੰਘ, ਚੇਅਰਮੈਨ ਐੱਸ.ਐੱਮ.ਸੀ. ਮਨਜੀਤ ਕੌਰ, ਸਕੂਲ ਮੁਖੀ ਸ.ਮ.ਸ. ਚਰਨਜੀਤ ਸਿੰਘ, ਚੇਅਰਮੈਨ ਐੱਸ.ਐੱਮ.ਸੀ. ਅਮਨਦੀਪ ਕੌਰ, ਸਰਪੰਚ ਮਨਪ੍ਰੀਤ ਕੌਰ, ਸਰਪੰਚ ਮਲਕੀਤ ਕੌਰ, ਗੁਰਪ੍ਰੀਤ ਸਿੰਘ, ਕਰਮਜੀਤ ਸਿੰਘ, ਲਾਡੀ, ਗੁਰਵਿੰਦਰ ਸਿੰਘ, ਬਲਵਾਨ ਸਿੰਘ, ਕਰਾਂਤੀ ਸਿੰਘ, ਮਨਦੀਪ ਸਿੰਘ, ਗੁਰਜੀਤ ਸਿੰਘ, ਜਸਪਾਲ ਸਿੰਘ, ਰਘਵੀਰ ਸਿੰਘ, ਗੁਰਨਾਇਬ ਸਿੰਘ ਸਾਬਕਾ ਸਰਪੰਚ, ਬੂਟਾ ਸਿੰਘ, ਪਿਆਰਾ ਸਿੰਘ ਗੁਰਨੇ ਸ੍ਰੀ ਗੁਰੂ ਰਵਿਦਾਸ ਕਮੇਟੀ ਜਲਵੇੜਾ ਤੇ ਸਮੂਹ ਗਰਾਮ ਪੰਚਾਇਤ ਮੈਂਬਰ ਜਲਵੇੜਾ ਮੌਜੂਦ ਸਨ।

## ਕੈਬਨਿਟ ਮੰਤਰੀ ਨੇ ਹਲਕੇ ਦੇ 43.92 ਲੱਖ ਦੇ ਪ੍ਰੋਜੈਕਟਾਂ ਦਾ ਕੀਤਾ ਉਦਘਾਟਨ



**ਮਲੋਟ (ਗੁਰਮੀਤ ਸਿੰਘ ਮੱਕੜ, ਓਮ ਪ੍ਰਕਾਸ਼ ਸ਼ੇਖੂ)**-ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਦੇ ਦਿਸ਼ਾਂ ਨਿਰਦੇਸ਼ਾਂ ਤਹਿਤ ਮਲੋਟ ਵਿਧਾਨ ਸਭਾ ਹਲਕੇ ਦੇ ਵੱਖ-ਵੱਖ ਸਕੂਲਾਂ ਵਿੱਚ ਉਦਘਾਟਨੀ ਸਮਾਰੋਹ ਕੀਤਾ ਗਿਆ। ਡਾ. ਬਲਜੀਤ ਕੌਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਮੰਤਰੀ ਪੰਜਾਬ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਚੱਕ ਫ਼ਕਰਸਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫ਼ਕਰਸਰ, ਸਰਕਾਰੀ ਪ੍ਰਾਇਮਰੀ ਸਕੂਲ ਝੋਰੜ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੋਰੜ ਵਿਖੇ 43 ਲੱਖ 92 ਹਜ਼ਾਰ ਰੁਪਏ ਦੇ ਪ੍ਰੋਜੈਕਟਾਂ ਦਾ ਉਦਘਾਟਨ ਕਰਕੇ ਲੋਕਾਂ ਨੂੰ ਸਮਰਪਤ ਕੀਤੇ ਗਏ। ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਫ਼ਕਰਸਰ ਵਿਖੇ ਕੁੱਲ 7.51 ਲੱਖ ਰੁਪਏ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫ਼ਕਰਸਰ ਵਿਖੇ ਕੁੱਲ 7.51 ਲੱਖ ਰੁਪਏ ਦੇ, ਸਰਕਾਰੀ ਪ੍ਰਾਇਮਰੀ ਸਕੂਲ ਝੋਰੜ ਵਿਖੇ ਕੁੱਲ 13 ਲੱਖ 20 ਹਜ਼ਾਰ ਰੁਪਏ ਦੇ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਝੋਰੜ ਵਿਖੇ ਕੁੱਲ 15.70 ਲੱਖ ਰੁਪਏ ਦੀ ਲਾਗਤ ਨਾਲ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਇਸ ਮੌਕੇ ਜਗਦੇਵ ਸਿੰਘ ਬਾਮ ਚੇਅਰਮੈਨ ਮਾਰਕੀਟ ਕਮੇਟੀ ਤੇ ਜਸ਼ਨ ਸਿੰਘ ਬਰਾੜ ਚੇਅਰਮੈਨ ਕੋਆਪ੍ਰੇਟਿਵ ਬੈਂਕ, ਅਰਸ਼ੀਪ ਸਿੰਘ ਨਿੱਜੀ ਸਕੱਤਰ, ਪੰਜਾਬ ਤੇ ਸਿੱਖਿਆ ਕੋਆਰਡੀਨੇਟਰ ਰਮੇਸ਼ ਅਰਨੀਵਾਲਾ, ਅਸ਼ਵਨੀ ਬਾਂਸਲ ਪ੍ਰਿੰਸੀਪਲ, ਹਰਵਿੰਦਰ ਸਿੰਘ ਖਲਾਰਾ ਸਿੱਖਿਆ ਕੋਆਰਡੀਨੇਟਰ ਅਤੇ ਸਕੂਲਾਂ ਦਾ ਸਮੂਹ ਸਟਾਫ ਤੇ ਪਿੰਡ ਦੇ ਪਤਵੰਤੇ ਸੱਜਣ ਹਾਜ਼ਰ ਸਨ।

## ਐੱਨ ਸੀ ਸੀ ਕੈਡਿਟਾਂ ਦੀ ਚੋਣ ਲਈ ਵਿਸ਼ੇਸ਼ ਪ੍ਰੋਗਰਾਮ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਨਵੇਂ ਸੈਸ਼ਨ 2025-26 ਲਈ ਐਨ.ਸੀ.ਸੀ. ਕੈਡਿਟਾਂ ਦੀ ਚੋਣ ਲਈ ਲਾਲਾ ਕਸਤੂਰੀ ਲਾਲ ਸਰਵਹਿਤਕਾਰੀ ਸੀਨੀਅਰ ਸੈਕੰਡਰੀ ਵਿਦਿਆ ਮੰਦਰ ਵਿਖੇ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਪੀ.ਆਈ. ਸਟਾਫ ਮਨਦੀਪ ਸਿੰਘ ਅਤੇ ਵਿਨੈ ਕੁਮਾਰ ਦੀ ਅਗਵਾਈ ਹੇਠ ਵਿਦਿਆਰਥੀਆਂ ਲਈ ਸਰੀਰਕ ਟੈਸਟ ਅਤੇ ਆਮ ਗਿਆਨ ਟੈਸਟ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੇ ਹਿੱਸਾ ਲਿਆ।ਇਸ ਮੌਕੇ ਊਰਜਾ ਸੰਭਾਲ ਵਿਸ਼ੇ 'ਤੇ ਇੱਕ ਭਾਸ਼ਣ ਅਤੇ ਪੋਸਟਰ ਮੇਕਿੰਗ ਮੁਕਾਬਲਾ ਵੀ ਆਯੋਜਿਤ ਕੀਤਾ ਗਿਆ, ਵਿਦਿਆਰਥੀਆਂ ਨੇ ਊਰਜਾ ਸੰਭਾਲ ਦੀ ਮਹੱਤਤਾ ਨੂੰ ਉਜਾਗਰ ਕਰਦੇ ਪ੍ਰਭਾਵਸ਼ਾਲੀ ਭਾਸ਼ਣ ਅਤੇ ਆਕਰਸ਼ਕ ਪੋਸਟਰ ਪੇਸ਼ ਕੀਤੇ।ਪ੍ਰੋਗਰਾਮ ਤਹਿਤ ਸੀਨੀਅਰ ਕੈਡਿਟਾਂ ਨਾਲ ਇੱਕ ਵਿਸ਼ੇਸ਼ ਚਰਚਾ ਵੀ ਕੀਤੀ ਗਈ, ਜਿਸ ਵਿੱਚ ਨਵੇਂ ਦਿਲਚਸਪੀ ਰੱਖਣ ਵਾਲੇ ਕੈਡਿਟਾਂ ਨੂੰ ਐਨ.ਸੀ.ਸੀ. ਦੇ ਅਨੁਭਵ, ਅਨੁਸ਼ਾਸਨ ਅਤੇ ਯੋਗਦਾਨ ਬਾਰੇ ਜਾਣਕਾਰੀ ਦਿੱਤੀ ਗਈ।ਸਕੂਲ ਪ੍ਰਿੰਸੀਪਲ ਰਪਿੰਦਰ ਪਟਿਆਲ ਨੇ ਇਸ ਸਮਾਗਮ 'ਤੇ ਸਾਰੇ ਭਾਗੀਦਾਰਾਂ ਨੂੰ ਵਧਾਈ ਦਿੱਤੀ।ਇਸ ਮੌਕੇ ਐਨ.ਸੀ.ਸੀ. ਇੰਚਾਰਜ ਮੋਹਦੀਪ ਸਿਖਲਾਈ ਦੌਰਾਨ ਵਿਦਿਆਰਥੀਆਂ ਨਾਲ ਮੌਜੂਦ ਰਹੇ।

## ਗੁਰਦੁਆਰਾ ਗੁਰਸਾਗਰ ਸਾਹਿਬ ਧਨੇਰ ਵਿਖੇ ਵਿਸ਼ਾਲ ਧਾਰਮਿਕ ਸਮਾਗਮ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਧਨੇਰ ਵਿਖੇ ਨਵੇਂ ਉਸਾਰੇ ਗੁਰਦੁਆਰਾ ਗੁਰਸਾਗਰ ਸਾਹਿਬ ਦੀ ਕਾਰ ਸੇਵਾ ਮੁਕੰਮਲ ਹੋਣ ਉਪਰੰਤ ਨਵੇਂ ਸੱਚਖੰਡ ਦਰਬਾਰ ਸਾਹਿਬ ਵਿਖੇ ਸਮੂਹ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਵਿਸ਼ਾਲ ਧਾਰਮਿਕ ਸਮਾਗਮ ਕਰਵਾਇਆ ਗਿਆ।ਇਸ ਮੌਕੇ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦਰਬਾਰ ਸਜਾਇਆ ਗਿਆ।ਇਸ ਮੌਕੇ ਸੰਗਤਾਂ ਵਲੋਂ ਨਵੇਂ ਸ੍ਰੀ ਨਿਸ਼ਾਨ ਸਾਹਿਬ, ਖੰਡਾ ਸਾਹਿਬ ਸੁਸ਼ੋਭਿਤ ਕੀਤੇ ਗਏ।ਪ੍ਰਬੰਧਕਾਂ ਵੱਲੋਂ ਭਾਕਿਯੂ ਡਕੌਂਦਾ ਦੇ ਸੂਬਾ ਪ੍ਰਧਾਨ ਮਨਜੀਤ ਸਿੰਘ ਧਨੇਰ, ਜ਼ਿਲ੍ਹਾ ਪ੍ਰਧਾਨ ਜਗਰਾਜ ਸਿੰਘ ਹਰਦਾਸਪੁਰਾ ਆਦਿ ਆਗੂਆਂ, ਦਾਨੀ ਸੱਜਣਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਗੁਰਦੁਆਰਾ ਕਮੇਟੀ ਦੇ ਪ੍ਰਧਾਨ ਗੁਰਜੀਤ ਸਿੰਘ ਨੇ ਸਮੂਹ ਸੰਗਤਾਂ ਨੂੰ ਜੀ ਆਇਆਂ ਆਖਦਿਆਂ ਅਹਿਮ ਯੋਗਦਾਨ ਪਾਉਣ ਵਾਲੇ ਦਾਨੀ ਸੱਜਣਾਂ ਦਾ ਧੰਨਵਾਦ ਕੀਤਾ।ਪਰਮਜੀਤ ਸਿੰਘ ਢਿੱਲੋਂ, ਚੰਦਨਦੀਪ ਸਿੰਘ, ਸ਼ਿੰਗਾਰਾ ਸਿੰਘ, ਸੁਖਵਿੰਦਰ ਸਿੰਘ ਸੈਕਟਰੀ, ਸੁਖਮੰਦਰ ਸਿੰਘ ਹਾਸ, ਰੂੜਾ ਰਾਮ, ਸਰਬਜੀਤ ਸਿੰਘ, ਰਾਜਵਿੰਦਰ ਸਿੰਘ ਢਿੱਲੋਂ, ਮੱਖਣ ਸਿੰਘ, ਰਵਿੰਦਰ ਸਿੰਘ, ਸਤਨਾਮ ਸਿੰਘ, ਸਤਪਾਲ ਸਿੰਘ, ਸੁਰਿੰਦਰ ਸਿੰਘ ਢੀਂਡਸਾ, ਕੁਲਵਿੰਦਰ ਸਿੰਘ ਢੀਂਡਸਾ, ਲਖਵੀਰ ਸਿੰਘ ਸੰਧੂ, ਮਨਪ੍ਰੀਤ ਸਿੰਘ, ਹਰਦੇਵ ਸਿੰਘ ਢਿੱਲੋਂ, ਸੁਰਜੀਤ ਸਿੰਘ, ਗੁਰਪ੍ਰੀਤ ਸਿੰਘ ਢੀਂਡਸਾ, ਜਗਰੂਪ ਸਿੰਘ, ਬਲਦੇਵ ਸਿੰਘ ਗਿੱਲ, ਬਲਜੀਤ ਸਿੰਘ ਹਾਂਸ, ਜੱਗਾ ਸਿੰਘ, ਅਮਰਿੰਦਰ ਸਿੰਘ ਢੀਂਡਸਾ, ਕਰਨੈਲ ਸਿੰਘ ਸੂਮਲ, ਕਰਨੈਲ ਸਿੰਘ ਢੀਂਡਸਾ ਆਦਿ ਹਾਜ਼ਰ ਸਨ।

## ਸਕੂਲਾਂ ਦੇ ਆਲੇ-ਦੁਆਲੇ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪਾਬੰਦੀ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਗੁਰਪ੍ਰੀਤ ਸਿੰਘ ਥਿੰਦ ਵਧੀਕ ਜ਼ਿਲ੍ਹਾ ਮੈਜਿਸਟਰੇਟ ਸ੍ਰੀ ਮੁਕਤਸਰ ਸਾਹਿਬ ਨੇ ਭਾਰਤੀ ਨਾਗਰਿਕ ਸੁਰੱਖਿਆ ਸਹਿੰਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਹਦੂਦ ਅੰਦਰ ਪੇਂਡੂ ਖੇਤਰਾਂ 'ਚ 100 ਮੀਟਰ ਤੇ ਸ਼ਹਿਰੀ ਖੇਤਰਾਂ 'ਚ 50 ਮੀਟਰ ਦੇ ਘੇਰੇ ਵਿੱਚ ਸਕੂਲਾਂ ਦੇ ਆਲੇ ਦੁਆਲੇ ਦੀਆਂ ਕੰਟੀਨਾਂ, ਟੱਕ ਸ਼ਾਪ, ਦੁਕਾਨਾਂ ਜਾਂ ਅਦਾਰਿਆਂ ਵਿੱਚ ਐਨਰਜੀ ਡਰਿੰਕਸ ਦੀ ਵਿਕਰੀ 'ਤੇ ਪਾਬੰਦੀ ਲਗਾ ਦਿੱਤੀ ਹੈ।ਹੁਕਮਾਂ ਅਨੁਸਾਰ ਐਨਰਜੀ ਡਰਿੰਕਸ ਵਿੱਚ ਕੈਫੀਨ ਦੀ ਮਾਤਰਾ ਜ਼ਿਆਦਾ ਹੋਣ ਕਰਕੇ ਇਸ ਨਾਲ ਬੱਚਿਆਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਬੱਚਿਆਂ ਨੂੰ ਇਸ ਦੀ ਆਦਤ ਪੈ ਜਾਂਦੀ ਹੈ, ਇਸ ਲਈ ਬੱਚਿਆਂ ਨੂੰ ਐਨਰਜੀ ਡਰਿੰਕਸ ਦੀ ਵਿਕਰੀ ਲਈ ਮਨਾਹੀ ਦੇ ਹੁਕਮ ਜਾਰੀ ਕੀਤੇ ਗਏ ਹਨ। ਇਹ ਹੁਕਮ 25 ਜੂਨ 2025 ਤੱਕ ਲਾਗੂ ਰਹਿਣਗੇ ਤੇ ਹੁਕਮਾਂ ਦੀ ਉਲੰਘਣਾ ਕਰਨ 'ਤੇ ਸਖ਼ਤ ਕਾਰਵਾਈ ਅਮਲ 'ਚ ਲਿਆਂਦੀ ਜਾਵੇਗੀ।

# ਮਨਜੀਤ ਗਾਮੀਵਾਲਾ ਕਤਲ ਕਾਂਡ : ਇਨਸਾਫ਼ ਲਈ ਥਾਣੇ ਦਾ ਘਿਰਾਓ 2 ਨੂੰ : ਚੌਹਾਨ/ਉੱਡਤ

### ਘਿਰਾਓ ਦੌਰਾਨ ਐੱਸ ਕੇ ਐੱਮ, ਰਾਜਸੀ ਧਿਰਾਂ ਤੇ ਮਜ਼ਦੂਰ ਸੰਗਠਨਾਂ ਨੂੰ ਵੀ ਸ਼ਾਮਲ ਹੋਣ ਦੀ ਅਪੀਲ



**ਮਾਨਸਾ (ਆਤਮਾ ਸਿੰਘ ਪਮਾਰ)** ਕੌਮਾਂਤਰੀ ਇਸਤਰੀ ਦਿਵਸ ਮੌਕੇ 8 ਮਾਰਚ ਨੂੰ ਦਿਨ ਦਿਹਾੜੇ, ਭਰੇ ਬਜ਼ਾਰ ਕਸਬਾ ਬੋਹਾ ਵਿੱਚ ਸੀ ਪੀ ਆਈ ਦੇ ਸੂਬਾ ਕੌਂਸਲ ਮੈਂਬਰ ਤੇ ਜ਼ਿਲ੍ਹਾ ਪ੍ਰਧਾਨ ਪੰਜਾਬ ਇਸਤਰੀ ਸਭਾ ਮਨਜੀਤ ਕੌਰ ਗਾਮੀਵਾਲਾ ਦਾ ਇੱਕ ਡੂੰਘੀ ਸਾਜ਼ਿਸ਼ ਤਹਿਤ ਕਤਲ ਕੀਤਾ ਗਿਆ, ਪ੍ਰੰਤੂ ਥਾਣਾ ਬੋਹਾ ਪੁਲਸ ਪਰਿਵਾਰ ਨੂੰ ਇਨਸਾਫ਼ ਦਿਵਾਉਣ ਦੀ ਬਜਾਏ, ਦੋਸ਼ੀਆਂ ਦੀ ਸਰਪ੍ਰਸਤੀ ਕਰ ਰਹੀ ਹੈ।ਉਕਤ ਮਾਮਲੇ ਵਿੱਚ ਹੋ ਰਹੀ ਬੇਇਨਸਾਫ਼ੀ ਵਿਰੁੱਧ 2 ਮਈ ਨੂੰ ਸੀ ਪੀ ਆਈ ਵੱਲੋਂ ਮਜਬੂਰੀ ਵੱਸ ਥਾਣਾ ਬੋਹਾ ਦਾ ਘਿਰਾਓ ਕੀਤਾ ਜਾਵੇਗਾ।ਇਹ ਜਾਣਕਾਰੀ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਉੱਡਤ ਨੇ ਪ੍ਰੈੱਸ ਬਿਆਨ ਜਾਰੀ ਕਰਦਿਆਂ ਸਾਂਝੀ ਕੀਤੀ।

ਆਗੂਆਂ ਨੇ ਕਿਹਾ ਕਿ ਇਸ ਕਤਲ ਕੇਸ ਵਿੱਚ ਐੱਸ ਐੱਚ ਓ ਬੋਹਾ ਦੀ ਸ਼ੱਕੀ ਨਜ਼ਰ ਕਰਕੇ ਮੁੱਖ ਦੋਸ਼ੀ ਬਾਹਰ ਘੁੰਮ ਫਿਰ ਰਹੇ ਹਨ।ਐੱਸ ਐੱਚ ਓ ਦੀ ਭੂਮਿਕਾ ਲਗਾਤਾਰ ਨਾ-ਪੱਖੀ ਰਹੀ ਹੈ ਅਤੇ ਸ਼ੁਰੂ ਤੋਂ ਹੀ ਕੇਸ ਨੂੰ ਕਮਜ਼ੋਰ ਕਰਨ ਦਾ ਯਤਨ ਕਰਦਾ ਆ ਰਿਹਾ ਹੈ, ਥਾਣਾ ਮੁਖੀ ਕਾਰਨ ਹੀ ਦੋ ਦੋਸ਼ੀਆਂ ਨੂੰ ਕੇਸ ਵਿੱਚੋਂ ਬਾਹਰ ਕੱਢਿਆ ਗਿਆ, ਰਹਿੰਦੇ ਦੋਸ਼ੀਆਂ ਨੂੰ ਇਸ ਕੇਸ ਵਿੱਚੋਂ ਬਾਹਰ ਕਰਕੇ ਕੇਸ ਨੂੰ ਰਫਾ-ਦਫਾ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ।ਕਾਫੀ ਸਮਾਂ ਬੀਤਣ ਉਪਰੰਤ ਵੀ ਰਹਿੰਦੇ ਇੱਕ ਦੋਸ਼ੀ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਗਿਆ।ਇਹੀ ਕਾਰਨ ਹੈ ਕਿ ਪਾਰਟੀ ਨੂੰ ਮਜਬੂਰਨ ਮਨਜੀਤ ਗਾਮੀਵਾਲਾ ਨੂੰ ਇਨਸਾਫ਼ ਦਿਵਾਉਣ ਲਈ 2 ਮਈ ਸਵੇਰੇ 10 ਵਜੇ ਥਾਣਾ ਬੋਹਾ ਦਾ ਘਿਰਾਓ ਕਰਨਾ ਪੈ ਰਿਹਾ ਹੈ।ਉਨ੍ਹਾਂ ਮੰਗ ਕੀਤੀ ਕਿ ਮੁੱਖ ਦੋਸ਼ੀ ਸਾਜ਼ਿਸ਼ ਕਰਤਾ ਨੂੰ ਬਚਾਉਣ ਵਾਲੇ ਐੱਸ ਐੱਚ ਓ ਨੂੰ ਤੁਰੰਤ ਮੁਅੱਤਲ ਕੀਤਾ ਜਾਵੇ।ਕੇਸ ਵਿੱਚ ਰਹਿ ਗਏ ਦੋਸ਼ੀਆਂ ਨੂੰ ਗ੍ਰਿਫ਼ਤਾਰ ਕਰਕੇ ਅਦਾਲਤ 'ਚ ਪੇਸ਼ ਕੀਤੇ ਜਾਣ, ਮੁੱਖ ਸਾਜ਼ਿਸ਼ ਕਰਤਾ ਦੀ ਡੂੰਘਾਈ ਨਾਲ ਜਾਂਚ ਕਰਕੇ ਉਸ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇ।ਰਹਿੰਦੇ ਦੋਸ਼ੀਆਂ ਨੂੰ ਬਿਨਾਂ ਦੇਰੀ ਗ੍ਰਿਫ਼ਤਾਰ ਕੀਤਾ ਜਾਵੇ।ਆਗੂਆਂ ਨੇ ਮਾਨਸਾ ਜ਼ਿਲ੍ਹੇ ਦੀਆਂ ਤਮਾਮ ਸਿਆਸੀ ਧਿਰਾਂ ਤੇ ਕਿਸਾਨ ਜਥੇਬੰਦੀਆਂ ਨੂੰ ਇਸ ਘਿਰਾਓ ਵਿੱਚ ਸ਼ਾਮਲ ਹੋਣ ਦੀ ਪੁਰਜ਼ੋਰ ਅਪੀਲ ਕੀਤੀ।

# ਪ੍ਰਾਪਰਟੀ ਡੀਲਰ ਸਮੇਤ 4 'ਤੇ ਧੋਖਾਧੜੀ ਦਾ ਪਰਚਾ ਦਰਜ

### ਸ਼ਾਮਲਾਤ ਦੀ ਜ਼ਮੀਨ ਆਪਣੀ ਮਾਲਕੀ ਦੱਸ ਕੇ ਵੇਚੀ

**ਮਾਛੀਵਾੜਾ ਸਾਹਿਬ (ਡ਼ੈਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਪੁਲਸ ਵੱਲੋਂ ਪਿੰਡ ਉਧੋਵਾਲ ਖ਼ੁਰਦ ਦੀ ਸ਼ਾਮਲਾਤ ਦੇਹ ਜ਼ਮੀਨ ਮਾਲਕੀ ਦੱਸ ਕੇ ਵੇਚਣ ਦੇ ਕਥਿਤ ਦੋਸ਼ ਹੇਠ ਜਸਵਿੰਦਰ ਸਿੰਘ ਵਾਸੀ ਪਿੰਡ ਮਾਂਗਟ ਦੇ ਬਿਆਨਾਂ ਦੇ ਅਧਾਰ 'ਤੇ ਪ੍ਰਾਪਰਟੀ ਡੀਲਰ ਸਮੇਤ 4 ਵਿਅਕਤੀਆਂ 'ਤੇ ਮਾਮਲਾ ਦਰਜ ਕੀਤਾ ਹੈ। ਮੁਲਜ਼ਮਾਂ ਦੀ ਪਹਿਚਾਣ ਜਗਵਿੰਦਰ ਸਿੰਘ, ਲਵਪ੍ਰੀਤ ਸਿੰਘ, ਜਸਪ੍ਰੀਤ ਸਿੰਘ ਵਾਸੀ ਲਾਡਪੁਰ, ਜ਼ਿਲ੍ਹਾ ਫਤਹਿਗੜ੍ਹ ਸਾਹਿਬ ਤੇ ਪ੍ਰਾਪਰਟੀ ਡੀਲਰ ਅਵਤਾਰ ਸਿੰਘ ਵਜੋਂ ਹੋਈ ਹੈ। ਜਸਵੀਰ ਸਿੰਘ ਨੇ ਪੁਲਸ ਦੇ ਉੱਚ ਅਧਿਕਾਰੀਆਂ ਕੋਲ ਸ਼ਿਕਾਇਤ ਦਰਜ ਕਰਵਾਈ ਕਿ ਉਹ ਜ਼ਮੀਨ ਖ਼ਰੀਦਣ ਦਾ ਇੱਛੁਕ ਸੀ ਤੇ ਪ੍ਰਾਪਰਟੀ ਡੀਲਰ ਅਵਤਾਰ ਸਿੰਘ ਨੇ ਉਸ ਨੂੰ ਉਧੋਵਾਲ ਖ਼ੁਰਦ ਵਿਖੇ 59 ਕਨਾਲ 9 ਮਰਲੇ ਜ਼ਮੀਨ ਦਿਖਾਈ। ਇਸ ਜ਼ਮੀਨ ਦਾ ਸੌਦਾ 33 ਲੱਖ ਰੁਪਏ ਪ੍ਰਤੀ ਏਕੜ ਦੇ ਹਿਸਾਬ ਨਾਲ ਹੋਇਆ ਤੇ ਉਸ ਨੇ ਜ਼ਮੀਨ ਮਾਲਕਾਂ ਨੂੰ 40 ਲੱਖ ਰੁਪਏ ਬਿਆਨੇ ਵਜੋਂ ਦੇ ਦਿੱਤੇ। ਸ਼ਿਕਾਇਤਕਰਤਾ ਅਨੁਸਾਰ ਜ਼ਮੀਨ ਮਾਲਕਾਂ ਤੇ ਪ੍ਰਾਪਰਟੀ ਡੀਲਰ ਨੇ ਜ਼ਮੀਨ ਦੀ ਜਮਾਂਬੰਦੀ ਪੇਸ਼ ਕਰਨ ਮੌਕੇ ਪਹਿਲਾਂ ਹੀ ਬਦਨੀਤੀ ਸੀ ਅਤੇ ਉਨ੍ਹਾਂ ਨੇ ਇਸ 'ਚੋਂ 3 ਤੋਂ 4 ਨੰਬਰ ਪੇਜ ਉਤਾਰ ਕੇ ਇਹ ਦਿਖਾਇਆ ਕਿ ਸਾਰੀ ਜ਼ਮੀਨ ਦੇ ਮਾਲਕ ਉਹ ਹਨ, ਜਿਨ੍ਹਾਂ ਉਸ ਨੂੰ ਬਾਅਦ ਵਿਚ ਪਤਾ ਲੱਗਾ ਕਿ ਇਸ ਜ਼ਮੀਨ 'ਚੋਂ ਕਾਫ਼ੀ ਭਾਗ ਸ਼ਾਮਲਾਤ ਦੇਹ ਹੈ। ਦਰਖਾਸਤਕਰਤਾ ਅਨੁਸਾਰ ਇਸ ਜ਼ਮੀਨ ਵਿੱਚ ਕੇਵਲ 6 ਕਨਾਲ 13 ਮਰਲੇ ਦੀ ਮਾਲਕੀ ਸਹੀ ਹੈ, ਜਦਕਿ ਬਾਕੀ ਜ਼ਮੀਨ ਦੇ ਉਹ ਮਾਲਕ ਨਹੀਂ ਹਨ। ਸ਼ਿਕਾਇਤਕਰਤਾ ਅਨੁਸਾਰ ਜ਼ਮੀਨ ਵੇਚਣ ਸਮੇਂ ਜ਼ਮੀਨ ਮਾਲਕਾਂ ਤੇ ਪ੍ਰਾਪਰਟੀ ਡੀਲਰ ਨੂੰ ਪੂਰੀ ਜਾਣਕਾਰੀ ਸੀ ਕਿ ਉਹ ਜ਼ਮੀਨ ਦੇ ਮਾਲਕ ਨਹੀਂ ਹਨ ਅਤੇ ਇਨ੍ਹਾਂ ਨੇ ਆਪਸ ਵਿੱਚ ਮਿਲੀਭੁਗਤ ਕਰਕੇ 40 ਲੱਖ ਰੁਪਏ ਦਾ ਬਿਆਨਾ ਲੈ ਕੇ ਠੱਗੀ ਮਾਰੀ ਹੈ। ਸ਼ਿਕਾਇਤਕਰਤਾ ਨੇ ਕਿਹਾ ਕਿ ਜੇਕਰ ਜ਼ਮੀਨ ਮਾਲਕ ਅੱਜ ਵੀ ਜ਼ਮੀਨ ਦੀ ਜਮਾਂਬੰਦੀ ਵਿੱਚ ਮਾਲਕੀ ਖਾਨੇ ਵਿੱਚ ਆਪਣੇ ਦਰੁਸਤੀ ਕਰਵਾ ਲੈਣ ਤਾਂ ਉਹ ਰਜਿਸਟਰੀ ਕਰਵਾਉਣ ਨੂੰ ਤਿਆਰ ਹੈ। ਜਸਵੀਰ ਸਿੰਘ ਅਨੁਸਾਰ ਉਸ ਨੇ ਜ਼ਮੀਨ ਦੇ ਬਿਆਨੇ ਵਜੋਂ ਦਿੱਤੇ ਆਪਣੇ 40 ਲੱਖ ਰੁਪਏ ਵਾਪਸ ਮੰਗੇ ਤਾਂ ਉਹ ਵੀ ਦੇਣ ਤੋਂ ਇਨਕਾਰ ਕਰ ਦਿੱਤਾ ਗਿਆ। ਮਾਮਲੇ ਦੀ ਜਾਂਚ ਕਰ ਰਹੇ ਪੁਲਸ ਅਧਿਕਾਰੀ ਵੱਲੋਂ ਵੀ ਜਦੋਂ ਮਾਲ ਵਿਭਾਗ ਤੋਂ ਜ਼ਮੀਨ ਸੰਬੰਧੀ ਰਿਕਾਰਡ ਮੰਗਵਾਇਆ ਗਿਆ ਤਾਂ ਉਸ 'ਚੋਂ ਵੀ ਜੋ 59 ਕਨਾਲ 9 ਮਰਲੇ ਵੇਚੇ ਗਏ ਹਨ, ਉਸ 'ਚੋਂ 6 ਕਨਾਲ 13 ਮਰਲੇ ਦੀ ਮਾਲਕੀ ਸਹੀ ਹੈ, ਜਦਕਿ ਉਹ ਬਾਕੀ ਜ਼ਮੀਨ ਦੇ ਮਾਲਕ ਨਹੀਂ ਹਨ। ਉੱਚ ਅਧਿਕਾਰੀ ਦੀ ਰਿਪੋਰਟ ਦੇ ਅਧਾਰ 'ਤੇ ਮਾਛੀਵਾੜਾ ਪੁਲਸ ਵੱਲੋਂ ਜਗਵਿੰਦਰ ਸਿੰਘ, ਲਵਪ੍ਰੀਤ ਸਿੰਘ, ਜਸਪ੍ਰੀਤ ਸਿੰਘ ਤੇ ਪ੍ਰਾਪਰਟੀ ਡੀਲਰ ਅਵਤਾਰ ਸਿੰਘ ਖਿਲਾਫ਼ ਮਾਮਲਾ ਦਰਜ ਕਰ ਲਿਆ ਹੈ, ਪਰ ਅਜੇ ਇਸ ਸਬੰਧੀ ਕੋਈ ਗ੍ਰਿਫ਼ਤਾਰੀ ਨਹੀਂ ਹੋਈ।

## 'ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੂੰ ਡੀ ਏ ਦੀਆਂ 13 ਫੀਸਦੀ ਚਾਰ ਕਿਸ਼ਤਾਂ ਤੁਰੰਤ ਦਿੱਤੀਆਂ ਜਾਣ'

**ਕੋਟਕਪੂਰਾ (ਰਛਪਾਲ ਭੁੱਲਰ)**

ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ 1680 ਸੈਕਟਰ 22ਬੀ, ਚੰਡੀਗੜ੍ਹ ਦੇ ਸੂਬਾ ਪ੍ਰਧਾਨ ਰਣਜੀਤ ਸਿੰਘ ਰਾਣਵਾਂ, ਜਨਰਲ ਸਕੱਤਰ ਸੁਰਿੰਦਰ ਕੁਮਾਰ ਪੁਆਰੀ ਅਤੇ ਐਡੀਸ਼ਨਲ ਜਨਰਲ ਸਕੱਤਰ ਪ੍ਰੇਮ ਚਾਵਲਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਦੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੇ ਨਾਂ ਇੱਕ ਪੱਤਰ ਲਿਖ ਕੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦਾ ਹੈ ਕਿ ਪੰਜਾਬ ਸਰਕਾਰ ਆਪਣੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਕੇਂਦਰੀ ਪੈਟਰਨ ਅਨੁਸਾਰ 15 ਦਸੰਬਰ 1967 ਤੋਂ ਵਧੀ ਹੋਈ ਮਹਿੰਗਾਈ ਅਨੁਸਾਰ ਬਣਦਾ ਮਹਿੰਗਾਈ ਭੱਤਾ (ਡੀ. ਏ.) ਦੇਣ ਲਈ ਵਚਨਬੱਧ ਹੈ ।ਇਹ ਡੀ. ਏ. ਕੇਂਦਰੀ ਪੈਟਰਨ ਅਨੁਸਾਰ ਪੰਜਾਬ ਦੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ ਹੁਣ ਤੱਕ ਮਿਲਦਾ ਵੀ ਆ ਰਿਹਾ ਹੈ। ਪਰ ਹੁਣ ਪੰਜਾਬ ਦੇ ਸਮੂਹ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਿਵੇਂ 1 ਜੁਲਾਈ 2023 ਤੋਂ 42 ਫੀਸਦੀ ਤੋਂ 46 ਫੀਸਦੀ, 1 ਜਨਵਰੀ 2024 ਤੋਂ 46 ਫੀਸਦੀ ਤੋਂ 50 ਫੀਸਦੀ, 1 ਜੁਲਾਈ 2024 ਤੋਂ 50 ਫੀਸਦੀ ਤੋਂ 53 ਫੀਸਦੀ ਅਤੇ 1 ਜਨਵਰੀ 2025 ਤੋਂ 53 ਫੀਸਦੀ ਤੋਂ 55 ਫੀਸਦੀ ( ਡੀ ਏ ਦੀਆਂ ਕੁੱਲ ਚਾਰ ਕਿਸ਼ਤਾਂ ਜੋ ਕਿ 13 ਫੀਸਦੀ ਬਣਦੀਆਂ ਹਨ ) ਪੰਜਾਬ ਸਰਕਾਰ ਵੱਲ ਬੜੇ ਲੰਬੇ ਸਮੇਂ ਤੋਂ ਬਕਾਇਆ ਖੜ੍ਹੀਆਂ ਹਨ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ 17 ਫੀਸਦੀ ਤੋਂ 42 ਫੀਸਦੀ ਤੱਕ ਵੱਖ ਵੱਖ ਸਮੇਂ ਤੇ ਪਹਿਲਾਂ ਦਿੱਤੀਆਂ ਗਈਆਂ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਦਾ ਕਈ ਕਈ ਮਹੀਨਿਆਂ ਦਾ ਬਣਦਾ ਬਕਾਇਆ ਵੀ ਪੰਜਾਬ ਸਰਕਾਰ ਵੱਲ ਡਿਊ ਪਿਆ ਹੈ। ਇਹ ਕਿਸ਼ਤਾਂ ਜਾਰੀ ਕਰਨ ਸਮੇਂ ਇਨ੍ਹਾਂ ਪੱਤਰਾਂ ਵਿੱਚ ਪਿਛਲਾ ਬਕਾਇਆ ਬਾਅਦ ਵਿੱਚ ਦੇਣ ਬਾਰੇ ਲਿਖਿਆ ਗਿਆ ਸੀ।ਆਗੂਆਂ ਨੇ ਅੱਗੇ ਕਿਹਾ ਕਿ ਇੱਕ ਪਾਸੇ ਪੰਜਾਬ ਸਰਕਾਰ ਵੱਲੋਂ ਖਜ਼ਾਨਾ ਭਰਿਆ ਹੋਣ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ ਅਤੇ ਦੂਜੇ ਪਾਸੇ ਪੰਜਾਬ ਸਰਕਾਰ ਨੇ ਆਪਣੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਲਈ ਅਜਿਹੇ ਹਾਲਾਤ ਪੈਦਾ ਕੀਤੇ ਹੋਏ ਹਨ ਜਿਸ ਕਾਰਨ ਪੰਜਾਬ ਦੇ ਲੱਖਾਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਪੰਜਾਬ ਸਰਕਾਰ ਦੇ ਖਿਲਾਫ ਭਾਰੀ ਰੋਸ ਤੇ ਗੁੱਸਾ ਪਾਇਆ ਜਾ ਰਿਹਾ ਹੈ। ਆਗੂਆਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿੱਤ ਮੰਤਰੀ ਪੰਜਾਬ ਹਰਪਾਲ ਸਿੰਘ ਚੀਮਾ ਤੋਂ ਮੰਗ ਕੀਤੀ ਹੈ ਕਿ ਪੰਜਾਬ ਦੇ ਸਮੂਹ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੂੰ 42 ਫੀਸਦੀ ਤੋਂ 55 ਫੀਸਦੀ ਡੀ ਏ ਦੀਆਂ ਬਕਾਇਆ ਪਈਆਂ 13 ਫੀਸਦੀ ਦੀ ਦਰ ਨਾਲ ਚਾਰ ਕਿਸ਼ਤਾਂ ਤੁਰੰਤ ਜਾਰੀ ਕੀਤੀਆਂ ਜਾਣ ਅਤੇ ਡੀ ਏ ਦੀਆਂ ਸਾਰੀਆਂ ਕਿਸ਼ਤਾਂ ਦਾ ਪਿਛਲਾ ਰਹਿੰਦਾ ਬਕਾਇਆ ਤੁਰੰਤ ਜਾਰੀ ਕੀਤਾ ਜਾਵੇ ।

## ਬਿਜਲੀ ਮੁਲਾਜ਼ਮਾਂ ਨੇ ਕੀਤੀ ਗੇਟ ਰੈਲੀ



**ਗੁਰੂ ਹਰ ਸਹਾਇ (ਫਕੀਰ ਚੰਦ ਸਿਕਰੀ)**-ਪਾਵਰਕਮ ਤੇ ਟ੍ਰਾਂਸਕੋ ਦੇ ਕਰਮਚਾਰੀਆਂ ਵੱਲੋਂ 132 ਕੇਵੀ ਬਿਜਲੀ ਘਰ ਵਿੱਚ ਗੇਟ ਰੈਲੀ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਦੇ ਮੰਡਲ ਪ੍ਰਧਾਨ ਰੋਹਿਤ ਬਾਗਲਾ ਦੀ ਅਗਵਾਈ ਹੇਠ ਕੀਤੀ ਗਈ। ਇਸ ਮੀਟਿੰਗ ਦਾ ਸਟੇਜ ਸੰਚਾਲਨ ਸਾਥੀ ਮਹੇਸ਼ ਕੁਮਾਰ ਸਬ ਸਟੇਸ਼ਨ ਜਥੇਬੰਦੀ ਵੱਲੋਂ ਕੀਤਾ ਗਿਆ ਇਹ ਰੋਸ ਰੈਲੀ ਪੀ ਐਸ ਪੀ ਸੀ ਐੱਲ ਵੱਲੋਂ ਸਬ ਡਵੀਜ਼ਨ ਨੂੰ ਪ੍ਰਾਈਵੇਟ ਹੱਥਾਂ ਵਿੱਚ ਦੇਣ ਕਾਰਨ ਪੰਜਾਬ ਦੀ ਸਮੁੱਚੀ ਲੀਡਰਸ਼ਿਪ ਪੀ ਐੱਸ ਪੀ ਸੀ ਐੱਲ ਦੀ ਜਾਇੰਟ ਫੋਰਮ ਤੇ ਏਕਤਾ ਮੰਚ ਪੰਜਾਬ ਵੱਲੋਂ ਨਿੱਜੀਕਰਨ ਵਿਰੁੱਧ ਦਿੱਤੇ ਗਏ ਫੈਸਲੇ ਅਨੁਸਾਰ ਗੇਟ 'ਤੇ ਰੋਸ ਰੈਲੀ ਕੀਤੀ ਗਈ।

ਰੈਲੀ ਵਿੱਚ ਮੁਲਾਜ਼ਮ ਯੂਨਾਈਟਡ ਔਰਗੇਨਾਈਜ਼ੇਸ਼ਨ ਪੀ ਐੱਸ ਈ ਬੀ ਇੰਪਲਾਈਜ਼ ਫੈਡਰੇਸ਼ਨ ਤੇ ਐੱਮ ਐੱਸ ਯੂ ਦੇ ਸਾਥੀਆਂ ਨੇ ਵਿਸ਼ੇਸ਼ ਰੂਪ ਵਿੱਚ ਸ਼ਮੂਲੀਅਤ ਕੀਤੀ। ਇਸ ਰੈਲੀ ਵਿੱਚ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਨੂੰ ਚੇਤਾਵਨੀ ਦਿੱਤੀ ਕਿ ਇਹ ਨਿੱਜੀਕਰਨ ਬੰਦ ਕੀਤਾ ਜਾਵੇ, ਨਹੀਂ ਤਾਂ ਇਹ ਸੰਘਰਸ਼ ਹੋਰ ਵੀ ਤਿੱਖਾ ਕੀਤਾ ਜਾਵੇਗਾ, ਜਿਸ ਦੀ ਸਾਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਤੇ ਮੈਨੇਜਮੈਂਟ ਦੀ ਹੋਵੇਗੀ। ਇਸ ਗੇਟ ਰੈਲੀ ਨੂੰ ਸਾਥੀ ਹਰਮੀਤ ਚੰਦ, ਜਸਵਿੰਦਰ ਸਿੰਘ ਹੈਪੀ ਬੇਦੀ, ਵਰਿੰਦਰ ਕੁਮਾਰ, ਚੇਤਨ ਕੁਮਾਰ, ਗਗਨਦੀਪ ਸਿੰਘ, ਬਲਤੇਜ ਸਿੰਘ, ਜੱਜ ਸਿੰਘ, ਸਤਪਾਲ ਚੰਦ, ਗਿਆਨ ਚੰਦ, ਕਰਨੈਲ ਸਿੰਘ ਮੀਤ ਪ੍ਰਧਾਨ, ਸੁਖਵਿੰਦਰ ਸਿੰਘ, ਸਾਥੀ ਸੰਦੀਪ ਕੁਮਾਰ ਸਿੱਪੂ, ਸਾਥੀ ਬਲਬੀਰ ਸਿੰਘ ਪ੍ਰਧਾਨ ਮੰਡਲ ਮੁਲਾਜ਼ਮ ਯੂਨਾਈਟਡ ਔਰਗੇਨਾਈਜ਼ੇਸ਼ਨ, ਸੰਦੀਪ ਕੁਮਾਰ ਆਦਿ ਨੇ ਸੰਬੋਧਨ ਕੀਤਾ।

# ਕੈਂਬ੍ਰਿਜ ਦੇ ਵਿਦਿਆਰਥੀ ਨੇ ਫੁੱਟਬਾਲ ਦੇ ਗੋ ਕੱਪ 'ਚ ਜਿੱਤਿਆ ਤਮਗਾ

### ਚੇਅਰਮੈਨ ਮਾਲੜਾ ਨੇ ਬੱਚੇ ਤੇ ਪਰਿਵਾਰ ਨੂੰ ਦਿੱਤੀਆਂ ਵਧਾਈਆਂ



**ਕੋਟ ਈਸੇ ਖਾਂ (ਅਰੋੜਾ)**-ਕੈਂਬ੍ਰਿਜ ਕਾਨਵੈਂਟ ਸਕੂਲ ਕੋਟ ਈਸੇ ਖਾਂ ਦੇ ਬੜੇ ਹੀ ਹੋਣਹਾਰ ਵਿਦਿਆਰਥੀ ਐਸ਼ਮੀਤ ਸਿੰਘ ਬਰਾੜ ਨੇ ਬ੍ਰਾਜ਼ੀਲ ਵਿੱਚ ਹੋਏ ਫੁੱਟਬਾਲ ਦੇ ਗੋ ਕੱਪ ਵਿੱਚ ਕਾਂਸੇ ਦਾ ਤਮਗਾ ਜਿੱਤ ਕੇ ਸਕੂਲ ਅਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ ਹੈ।ਐਸ਼ਮੀਤ ਬਰਾੜ ਨੇ ਆਪਣੇ ਵਧੀਆ ਪ੍ਰਦਰਸ਼ਨ ਸਦਕਾ ਪੰਜਾਬ ਹੀ ਨਹੀਂ, ਪੂਰੇ ਭਾਰਤ ਵਿੱਚ ਆਪਣਾ, ਮਾਪਿਆਂ ਤੇ ਸਕੂਲ ਦਾ ਨਾਮ ਰੌਸ਼ਨ ਕੀਤਾ ਹੈ।ਇਸ ਮੌਕੇ ਸਕੂਲ ਦੇ ਮੈਨੇਜਰ ਡਾਇਰੈਕਟਰ ਮਨਦੀਪ ਮਾਲੜਾ, ਪ੍ਰਿੰਸੀਪਲ ਤੇ ਸਮੂਹ ਅਧਿਆਪਕ ਸਾਹਿਬਾਨ ਵੱਲੋਂ ਐਸ਼ਮੀਤ ਸਿੰਘ ਤੇ ਉਸ ਦੇ ਮਾਪਿਆਂ ਨੂੰ ਵਧਾਈ ਦਿੱਤੀ ਗਈ।ਇਸ ਸਮੇਂ ਉਸ ਦੇ ਪਿਤਾ ਨੇ ਦੱਸਿਆ ਕਿ ਐਸ਼ਮੀਤ ਸਿੰਘ ਨੂੰ ਬਚਪਨ ਤੋਂ ਹੀ ਖੇਡਾਂ ਵਿੱਚ ਬਹੁਤ ਦਿਲਚਸਪੀ ਸੀ।ਆਪਣੀ ਅਣਥੱਕ ਮਿਹਨਤ ਸਦਕਾ ਅੱਜ ਉਹ ਇਸ ਮੁਕਾਮ 'ਤੇ ਪੁੱਜਾ ਹੈ।ਐਸ਼ਮੀਤ ਸਿੰਘ ਦੀ ਇਸ ਵਧੀਆ ਕਾਰਗੁਜ਼ਾਰੀ 'ਤੇ ਪੂਰੇ ਸਕੂਲ ਨੂੰ ਮਾਣ ਹੈ।

# ਅਸੀਂ ਥੋਪੀ ਜਾ ਰਹੀ ਜੰਗ ਰਾਹੀਂ ਲੋਕਾਂ ਨੂੰ ਮਾਰਨ ਦੀ ਇਜਾਜ਼ਤ ਨਹੀ ਦੇਵਾਂਗੇ : ਮਾਨ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਮੋਦੀ ਇਹ ਪ੍ਰਚਾਰ ਕਰ ਰਹੇ ਹਨ ਕਿ ਅਸੀਂ ਅਮਨ ਪੈਦਾ ਕਰ ਦਿੱਤਾ ਸੀ, ਜਦੋਂਕਿ ਨੀਅਤ ਅਤੇ ਨੀਤੀ ਹੀ ਸਹੀ ਨਾ ਹੋਵੇ ਤਾਂ ਉਸ ਨਾਲ ਕਤਈ ਵੀ ਅਮਨ ਚੈਨ ਤੇ ਜਮਹੂਰੀਅਤ ਕਾਇਮ ਨਹੀ ਰਹਿ ਸਕਦੇ।ਮੋਦੀ ਅਤੇ ਫਿਰਕੂ ਬੀ ਜੇ ਪੀ-ਆਰ.ਐਸ.ਐਸ ਵੱਲੋਂ ਕਸ਼ਮੀਰੀਆਂ ਨੂੰ ਲੰਮੇ ਸਮੇ ਤੋਂ ਵਿਧਾਨ ਦੀ ਧਾਰਾ 370 ਤੇ 35ਏ ਰਾਹੀਂ ਮਿਲੀ ਵਿਸ਼ੇਸ਼ ਖੁਦਮੁਖਤਿਆਰੀ ਨੂੰ ਕਸ਼ਮੀਰੀ ਭਾਵਨਾਵਾਂ ਦੇ ਉਲਟ ਜਬਰੀ ਰੱਦ ਕਰਕੇ ਕਸ਼ਮੀਰੀਆਂ ਦੇ ਮਨ-ਆਤਮਾਵਾਂ ਨੂੰ ਠੇਸ ਪਹੁੰਚਾਉਣ ਉਪਰੰਤ ਕਿਸ ਤਰ੍ਹਾਂ ਅਮਨ ਤੇ ਚੈਨ ਕਾਇਮ ਹੋ ਸਕਦਾ ਹੈ? ਫਿਰ ਇਨ੍ਹਾਂ ਨੇ ਜਬਰੀ ਕਸ਼ਮੀਰ ਵਿਚ ਕਾਲਾ ਕਾਨੂੰਨ ਅਫਸਪਾ ਲਾਗੂ ਕੀਤਾ ਹੋਇਆ ਹੈ ਜਿਸ ਅਧੀਨ ਕਿਸੇ ਵੀ ਨਿਰਦੋਸ਼ ਨਾਗਰਿਕ ਨੂੰ ਜਦੋਂ ਚਾਹੁੰਣ ਫ਼ੌਜ, ਪੁਲਸ, ਅਰਧ ਸੈਨਿਕ ਬਲ ਚੁੱਕ ਕੇ ਲਿਜਾ ਸਕਦੇ ਹਨ, ਜਬਰ-ਜਨਾਹ ਕਰ ਸਕਦੇ ਹਨ, ਲੱਤ ਬਾਂਹ ਤੋੜ ਸਕਦੇ ਹਨ, ਤਸ਼ੱਦਦ ਕਰਕੇ ਮਾਰ ਸਕਦੇ ਹਨ ।ਕਿਉਂਕਿ ਪਹਿਲਗਾਮ ਵਿਖੇ ਹੋਏ ਦੁਖਾਂਤ ਦਾ ਜਦੋਂ ਮੋਦੀ ਹਕੂਮਤ ਅਤੇ ਉਸ ਦੀਆਂ ਖੁਫੀਆ ਏਜੰਸੀਆਂ ਕੋਲ ਕੋਈ ਸਬੂਤ ਹੀ ਨਹੀਂ, ਫਿਰ ਇਹ ਹੁਕਮਰਾਨ ਪਾਕਿਸਤਾਨ ਜਾਂ ਕਸ਼ਮੀਰੀਆਂ ਨੂੰ ਨਿਸ਼ਾਨਾ ਬਣਾ ਕੇ ਨਫਰਤ ਪੈਦਾ ਕਰਨ ਦੇ ਅਮਲ ਕਿਸ ਬਿਨਾ 'ਤੇ ਕਰ ਰਹੇ ਹਨ? ਇਹ ਵਿਚਾਰ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਕਸ਼ਮੀਰ ਵਿਚ ਪਹਿਲਗਾਮ ਵਿਖੇ ਵਾਪਰੇ ਸਾਜਸ਼ੀ ਦੁਖਾਂਤ ਉਪਰੰਤ ਮੋਦੀ ਅਤੇ ਹਿੰਦੂਤਵ ਹੁਕਮਰਾਨਾਂ ਵੱਲੋਂ ਇਕ ਵਿਸ਼ੇਸ਼ ਪ੍ਰੋਗਰਾਮ ਅਧੀਨ ਪਾਕਿਸਤਾਨ ਤੇ ਮੁਸਲਿਮ ਕੌਮ ਵਿਰੁੱਧ ਕੀਤੇ ਜਾ ਰਹੇ ਗੁੰਮਰਾਹਕੁੰਨ ਪ੍ਰਚਾਰ ਵਿਰੁੱਧ ਸਖਤ ਨੋਟਿਸ ਲੈਂਦੇ ਹੋਏ ਅਤੇ ਮੋਦੀ ਵੱਲੋਂ ਕਸ਼ਮੀਰ ਵਿਚ ਅਮਨ ਚੈਨ ਕਾਇਮ ਕਰਨ ਦੇ ਦਾਅਵੇ ਨੂੰ ਖੋਖਲਾ ਸਾਬਤ ਕਰਦੇ ਹੋਏ ਪ੍ਰਗਟ ਕੀਤੇ। ਉਨ੍ਹਾਂ ਕਿਹਾ ਕਿ ਜੋ ਖੂਫੀਆ ਏਜੰਸੀਆਂ ਕੈਬਨਿਟ ਸਕੱਤਰੇਤ, ਐਨ.ਆਈ.ਏ. ਰਾਅ, ਆਈ.ਬੀ, ਮਿਲਟਰੀ ਇੰਨਟੈਲੀਜੈਂਸ, ਬੀ.ਐਸ.ਐਫ. ਸੀ.ਆਈ.ਐਸ.ਐਫ, ਆਈ.ਟੀ.ਬੀ.ਪੀ, ਸੀ.ਆਰ.ਪੀ.ਐਫ, ਸੀ.ਬੀ.ਆਈ ਪੰਜਾਬ ਅਤੇ ਜੰਮੂ ਕਸ਼ਮੀਰ ਦੀ ਸੀ.ਆਈ.ਡੀ ਇਹ ਦੁਖਾਂਤ ਵਾਪਰਨ ਤੋਂ ਪਹਿਲੇ ਕਿਉਂ ਨਾ ਸਰਕਾਰ ਨੂੰ ਸੂਚਿਤ ਕਰ ਸਕੀਆ ਅਤੇ ਇਸ ਹੋਣ ਵਾਲੇ ਦੁਖਾਂਤ ਨੂੰ ਰੋਕਣ ਵਿਚ ਆਪਣੀ ਜ਼ਿੰਮੇਵਾਰੀ ਕਿਉਂ ਨਹੀਂ ਨਿਭਾਅ ਸਕੀਆਂ ? ਅਸੀਂ ਕਿਸੇ ਵੀ ਕੀਮਤ 'ਤੇ ਚੜ੍ਹਦੇ ਤੇ ਲਹਿੰਦੇ ਪੰਜਾਬ ਜੋ ਗੁਰੂਆਂ, ਪੀਰਾਂ, ਫਕੀਰਾਂ ਦੀ ਪਵਿੱਤਰ ਧਰਤੀ ਹੈ, ਇਸ ਉਤੇ ਮਨੁੱਖਤਾ ਦਾ ਅਜਾਈਂ ਖੂਨ ਵਹਾਉਣ ਦੀ ਹੁਕਮਰਾਨਾਂ ਨੂੰ ਕਤਈ ਇਜਾਜ਼ਤ ਨਹੀ ਦੇਵਾਂਗੇ ।

# ਸੂਬਾ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਵਚਨਬੱਧ : ਕਟਾਰੂਚੱਕ



**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸੂਬੇ ਦੀਆਂ ਅਨਾਜ ਮੰਡੀਆਂ ਵਿੱਚ ਕਣਕ ਦੀ ਖਰੀਦ ਸਬੰਧੀ ਕਿਸਾਨਾਂ ਨੂੰ ਕਿਸੇ ਕਿਸਮ ਦੀ ਕੋਈ ਸਮੱਸਿਆ ਨਹੀਂ ਆਉਣ ਦਿੱਤੀ ਜਾ ਰਹੀ ਤੇ ਖਰੀਦ ਕੀਤੀ ਕਣਕ ਦੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ 24 ਘੰਟੇ ਦੇ ਅੰਦਰ-ਅੰਦਰ ਪਾਈ ਜਾ ਰਹੀ ਹੈ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਸਥਾਨਕ ਅਨਾਜ ਮੰਡੀ ਵਿਖੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਣ ਮੌਕੇ ਕੀਤਾ। ਇਸ ਮੌਕੇ ਉਨ੍ਹਾਂ ਨਾਲ ਵਿਧਾਇਕ ਬਠਿੰਡਾ (ਸ਼ਹਿਰੀ) ਜਗਰੂਪ ਸਿੰਘ ਗਿੱਲ, ਵਿਧਾਇਕ ਭੁੱਚੋ ਮਾਸਟਰ ਜਗਸੀਰ ਸਿੰਘ ਅਤੇ ਡਿਪਟੀ ਕਮਿਸ਼ਨਰ ਸ਼ੌਕਤ ਅਹਿਮਦ ਪਰੇ ਵਿਸ਼ੇਸ਼ ਤੌਰ 'ਤੇ ਮੌਜੂਦ ਰਹੇ।ਇਸ ਮੌਕੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਨੇ ਕਿਹਾ ਕਿ ਸੂਬਾ ਸਰਕਾਰ ਕਿਸਾਨਾਂ ਤੇ ਮਜ਼ਦੂਰਾਂ ਦੇ ਹੱਕਾਂ ਦੀ ਰਾਖੀ ਲਈ ਪੂਰੀ ਤਰ੍ਹਾਂ ਵਚਨਬੱਧ ਤੇ ਯਤਨਸ਼ੀਲ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਵਿਚ ਕਣਕ ਦੀ ਖ਼ਰੀਦ ਦਾ ਕੰਮ ਪੂਰੇ ਜ਼ੋਰਾਂ ਨਾਲ ਚੱਲ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੀਆਂ ਮੰਡੀਆਂ ਵਿਚ ਹੁਣ ਤੱਕ ਕਰੀਬ 107 ਲੱਖ ਮੀਟ੍ਰਿਕ ਟਨ ਕਣਕ ਦੀ ਫਸਲ ਪਹੁੰਚੀ ਹੈ। ਜਿਸ ਵਿਚੋਂ 103 ਲੱਖ ਮੀਟ੍ਰਿਕ ਟਨ ਫਸਲ ਵੱਖ-ਵੱਖ ਏਜੰਸੀਆਂ ਖਰੀਦ ਚੁੱਕੀਆਂ ਹਨ। ਮੰਤਰੀ ਨੇ ਦੱਸਿਆ ਕਿ ਕਿਸਾਨਾਂ ਤੋਂ ਜੋ ਫਸਲ ਖਰੀਦੀ ਗਈ ਹੈ, ਉਸ ਦਾ 20,500 ਕਰੋੜ ਰੁਪਏ ਦਾ ਕਿਸਾਨਾਂ ਦੇ ਖਾਤਿਆਂ ਵਿੱਚ ਭੁਗਤਾਨ ਵੀ ਕੀਤਾ ਜਾਚੁੱਕਾ ਹੈ ।ਇਸ ਤੋਂ ਪਹਿਲਾਂ ਉਨ੍ਹਾਂ ਮੰਡੀ ਵਿੱਚ ਕੰਮ ਕਰ ਰਹੇ ਮਜ਼ਦੂਰਾਂ ਨਾਲ ਗੱਲਬਾਤ ਕੀਤੀ। ਉਨ੍ਹਾਂ ਕਿਹਾ ਕਿ ਮੰਡੀ ਵਿਚ ਕੰਮ ਕਰਨ ਵਾਲੇ ਮਜ਼ਦੂਰਾਂ ਨੂੰ ਵੀ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾ ਰਹੀ ਤੇ ਮੰਡੀਆਂ ਦੇ ਵਿਚ ਹਰ ਤਰ੍ਹਾਂ ਦੇ ਪ੍ਰਬੰਧ ਪੂਰੇ ਸਹੀ ਢੰਗ ਨਾਲ ਚੱਲ ਰਹੇ ਹਨ। ਉਨ੍ਹਾਂ ਇਹ ਦੱਸਿਆ ਕਿ ਇਸ ਸਾਲ ਮਜ਼ਦੂਰਾਂ ਦੀ ਲੇਬਰ ਵਿੱਚ ਵੀ ਪਿਛਲੇ ਸਾਲ ਨਾਲੋਂ 43 ਪੈਸੇ ਦਾ ਵਾਧਾ ਕੀਤਾ ਗਿਆ ਹੈ, ਜਿਸ ਕਾਰਨ ਮਜ਼ਦੂਰਾਂ ਨੂੰ ਕਰੀਬ 10 ਕਰੋੜ ਰੁਪਏ ਦਾ ਫ਼ਾਇਦਾ ਹੋਵੇਗਾ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਕੰਚਨ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਮੈਡਮ ਪੂਨਮ ਸਿੰਘ, ਅੰਡਰ ਟ੍ਰੇਨਿੰਗ ਆਈ.ਏ.ਐਸ ਹਰਸ਼ਿਤਾ ਸ਼ਰਮਾ, ਚੇਅਰਮੈਨ ਜ਼ਿਲ੍ਹਾ ਫੂਡ ਤੇ ਸਪਲਾਈ ਕੰਟਰੋਲਰ ਡਾ. ਰਵਿੰਦਰ ਕੌਰ, ਜ਼ਿਲ੍ਹਾ ਮੰਡੀ ਅਫ਼ਸਰ ਗੌਰਵ ਗਰਗ, ਸਹਾਇਕ ਖੁਰਾਕ ਸਪਲਾਈ ਅਫਸਰ ਹਰਸ਼ਿਤ ਮਹਿਤਾ ਤੋਂ ਇਲਾਵਾ ਵੱਖ-ਵੱਖ ਖਰੀਦ ਏਜੰਸੀਆਂ ਦੇ ਅਧਿਕਾਰੀ ਹਾਜ਼ਰ ਸਨ।

# ਮਾਤਾ ਗੁਜਰੀ ਕਾਲਜ ਦੇ ਅਕਾਦਮਿਕ ਸੈਸ਼ਨ ਦਾ ਪ੍ਰਾਸਪੈਕਟਸ ਜਾਰੀ



**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਮਾਤਾ ਗੁਜਰੀ ਕਾਲਜ ਫ਼ਤਹਿਗੜ੍ਹ ਸਾਹਿਬ ਦੇ ਅਕਾਦਮਿਕ ਸੈਸ਼ਨ 2025-26 ਦਾ ਦਾਖ਼ਲਿਆਂ ਸਬੰਧੀ ਪ੍ਰਾਸਪੈਕਟਸ ਕਾਲਜ ਗਵਰਨਿੰਗ ਬਾਡੀ ਦੇ ਐਡੀਸ਼ਨਲ ਸਕੱਤਰ ਜਗਦੀਪ ਸਿੰਘ ਚੀਮਾ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅੰਤ੍ਰਿੰਗ ਕਮੇਟੀ ਮੈਂਬਰ ਦਿਲਜੀਤ ਸਿੰਘ ਭਿੰਡਰ ਅਤੇ ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਵੱਲੋਂ ਜਾਰੀ ਕੀਤਾ ਗਿਆ। ਜਗਦੀਪ ਸਿੰਘ ਚੀਮਾ ਨੇ ਪ੍ਰਾਸਪੈਕਟਸ ਜਾਰੀ ਕਰਦਿਆਂ ਕਿਹਾ ਕਿ ਮਹਾਨ ਸ਼ਖ਼ਸੀਅਤ ਬੀਬੀ ਗੁਰਬਚਨ ਕੌਰ ਮਾਨ ਦੀ ਸੇਵਾ ਭਾਵਨਾ ਦੁਆਰਾ ਸ਼ੁਰੂ ਹੋਇਆ ਵਿੱਦਿਅਕ ਅਦਾਰਾ ਮਾਤਾ ਗੁਜਰੀ ਕਾਲਜ ਪਿਛਲੇ 68 ਸਾਲਾਂ ਤੋਂ ਲਗਾਤਾਰ ਅਕਾਦਮਿਕ, ਧਾਰਮਿਕ, ਸੱਭਿਆਚਾਰਕ ਅਤੇ ਖੇਡਾਂ ਦੇ ਖੇਤਰ ਵਿੱਚ ਕੀਤੀਆਂ ਸ਼ਾਨਦਾਰ ਉਪਲਬਧੀਆਂ ਸਦਕਾ ਅੱਜ ਉੱਤਰ ਭਾਰਤ ਦੀਆਂ ਸਿਰਮੌਰ ਸਿੱਖਿਆ ਸੰਸਥਾਵਾਂ ਵਿੱਚ ਆਪਣੀ ਪਹਿਚਾਣ ਬਣਾ ਚੁੱਕਾ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਦੀ ਰਹਿਨੁਮਾਈ ਅਧੀਨ ਸਫ਼ਲਤਾਪੂਰਵਕ ਚੱਲ ਰਹੇ ਮਾਤਾ ਗੁਜਰੀ ਕਾਲਜ ਵੱਲੋਂ ਧਰਮ ਦੇ ਪ੍ਰਚਾਰ, ਸਿੱਖਿਆ ਅਤੇ ਸੱਭਿਆਚਾਰ ਦੇ ਖੇਤਰ ਵਿੱਚ ਵਡਮੁੱਲਾ ਯੋਗਦਾਨ ਪਾਇਆ ਜਾ ਰਿਹਾ ਹੈ।ਕਾਲਜ ਦੇ ਡਾਇਰੈਕਟਰ ਪ੍ਰਿੰਸੀਪਲ ਡਾ. ਕਸ਼ਮੀਰ ਸਿੰਘ ਨੇ ਦੱਸਿਆ ਕਿ ਕਾਲਜ ਦਾ ਨਵਾਂ ਪ੍ਰਾਸਪੈਕਟਸ ਨਵੀਂ ਸਿੱਖਿਆ ਨੀਤੀ ਨੂੰ ਮੱਦੇ-ਨਜ਼ਰ ਰੱਖਦਿਆਂ ਡਿਜ਼ਾਈਨ ਕੀਤਾ ਗਿਆ ਹੈ ਜਿਸ ਵਿੱਚ ਵਿਦਿਆਰਥੀਆਂ ਦੀ ਬਹੁ-ਪੱਖੀ ਸ਼ਖ਼ਸੀਅਤ ਉਸਾਰੀ ਅਤੇ ਆਧੁਨਿਕ ਉਦਯੋਗਾਂ ਦੀਆਂ ਜ਼ਰੂਰਤਾਂ ਮੁਤਾਬਿਕ ਵੱਖ-ਵੱਖ ਕੋਰਸ ਅਤੇ ਸਲੇਬਸ ਤਿਆਰ ਕੀਤੇ ਗਏ ਹਨ । ਉਨ੍ਹਾਂ ਇਹ ਵੀ ਦੱਸਿਆ ਕਿ ਕਾਲਜ ਵਿੱਚ ਅੰਡਰ ਗ੍ਰੈਜੂਏਟ ਅਤੇ ਪੋਸਟ ਗ੍ਰੈਜੂਏਟ ਕੋਰਸਾਂ ਵਿੱਚ ਦਾਖਲਿਆਂ ਲਈ ਰਜਿਸਟ੍ਰੇਸ਼ਨ ਸ਼ੁਰੂ ਹੋ ਗਈ ਹੈ ਜਿਸ ਤਹਿਤ ਕਾਲਜ ਵੱਲੋਂ ਵਿਸ਼ੇਸ਼ ਦਾਖ਼ਲਾ ਸੈੱਲ ਸਥਾਪਤ ਕੀਤਾ ਗਿਆ ਹੈ ।ਇਸ ਮੌਕੇ ਕਾਲਜ ਦੇ ਵਾਈਸ ਪ੍ਰਿੰਸੀਪਲ ਡਾ. ਹਰਵੀਨ ਕੌਰ, ਵਾਈਸ ਪ੍ਰਿੰਸੀਪਲ ਡਾ. ਬਿਕਰਮਜੀਤ ਸਿੰਘ, ਕੰਟਰੋਲਰ ਪ੍ਰੀਖਿਆਵਾਂ ਡਾ. ਹਰਜੀਤ ਸਿੰਘ, ਡੀਨ ਅਕਾਦਮਿਕ ਡਾ. ਕਮਲਪ੍ਰੀਤ ਕੌਰ, ਡਾ. ਸੁਖਜੀਤ ਕੌਰ, ਡਾ. ਕਮਲਪ੍ਰੀਤ ਕੌਰ, ਡਾ. ਗੌਰੀ ਹਾਂਡਾ, ਡਾ. ਰਤਨੇਸ਼ਪਾਲ ਸਿੰਘ, ਡਾ. ਸ਼ਵੇਤਾ, ਪ੍ਰੋ. ਮਨਪ੍ਰੀਤ ਕੌਰ ਅਤੇ ਕਾਲਜ ਦੇ ਹੋਰ ਸਟਾਫ਼ ਮੈਂਬਰ ਮੌਜੂਦ ਸਨ।


## ਉੱਤਰ ਰੇਲਵੇ

### ਈ-ਨੀਲਾਮੀ ਸੂਚਨਾ

ਭਾਰਤ ਦੇ ਰਾਸ਼ਟਰਪਤੀ ਦੇ ਵਲੋਂ ਸੀਨੀਅਰ ਮੰਡਲ ਵਾਣਿਜ ਪ੍ਰਬੰਧਕ, ਉਤਰ ਰੇਲਵੇ, ਫਿਰੋਜ਼ਪੁਰ ਦੁਆਰਾ ਹੇਠਾਂ ਦਿਤੇ ਗਏ ਕੰਮ ਦੇ ਲਈ ਯੋਗ ਅਤੇ ਰਜਿਸਟਰਡ ਬੋਲੀਦਾਤਾਵਾਂ ਤੋਂ ਫਿਰੋਜ਼ਪੁਰ ਮੰਡਲ ਵਿਚ ਈ-ਨੀਲਾਮੀ ਮੰਗ ਕੀਤੀ ਗਈ ਹੈ:

| ਨੀਲਾਮੀ ਸੂਚਨਾ ਨੰ. | ਨੀਲਾਮੀ ਸ਼ੁਰੂ ਹੋਣ ਦਾ ਸਮਾਂ ਅਤੇ ਮਿਤੀ | ਕੰਮ ਦਾ ਨਾਮ |
|---|---|---|
| EAFZR-SLR25-64 | 15.05.2025 ਨੂੰ 11:00 ਵਜੇ | ਗੱਡੀਆਂ ਵਿਚ ਪਾਰਸਲ ਸਪੇਸ ਨੂੰ ਲੀਸ ਤੇ ਦੇਣ ਦਾ ਠੇਕਾ (ਟ੍ਰੇਨ ਨੰਬਰ / ਐਸਐਲਆਰ ਕੰਪਾਰਟਮੈਂਟ): 14505/F1, 11906/R1, 14630/F1, 14682/F1, 14730/F1, 14730/F2, 15015/F1, 11906/F1, 20424/F1 & 14730/R1. |

ਵਿਸਤ੍ਰਿਤ ਜਾਣਕਾਰੀ ਅਤੇ ਪੰਜੀਕਰਨ ਦੇ ਲਈ ਕਿਰਪਾ ਰੇਲਵੇ ਦੀ ਵੈਬਸਾਈਟ www.ireps.gov.in 'ਤੇ ਜਾਓ। 1266/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

AXIS BANK — Retail Asset Centre: AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001. Corporate Office: 'Axis House', Block-B, Bombay Dyeing Mills Compound, Pandurang Budhkar Marg, Worli, Mumbai- 400025

Registered Office: : 'Trishul', 3rd Floor, opposite Samartheswar Temple, Law garden, Ellisbridge, Ahmadabad- 380006

### ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨਾਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੀਆਂ ਤਾਕਤਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।

ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਦਰਸਾਏ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੀਆਂ ਸ਼ਕਤੀਆਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ।

ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਜਨਤਾ ਨੂੰ ਆਮ ਕਰਕੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਦਰਸਾਈ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।

ਕਰਜ਼ਦਾਰ ਦਾ ਸੁਰੱਖਿਅਤ ਐੱਸਟਸ ਦੇ ਪੁਨਰਗ੍ਰਹਿਣ ਲਈ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਪ੍ਰਤੀ ਧਿਆਨ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ | ਐੱਨ ਪੀ ਏ ਦੀ ਮਿਤੀ, ਡਿਮਾਂਡ ਨੋਟਿਸ ਦੀ ਮਿਤੀ<br>ਕਬਜ਼ੇ ਦੀ ਮਿਤੀ<br>ਡਿਮਾਂਡ ਨੋਟਿਸ 'ਚ ਰਕਮ (ਰੁਪਏ) |
|---|---|---|
| 1. | 1. ਸ੍ਰੀ ਰਕੇਸ਼ ਕੁਮਾਰ ਪੁੱਤਰ ਪਿਆਰੇ ਲਾਲ (ਕਰਜ਼ਦਾਰ) ਅਤੇ 2. ਸ੍ਰੀਮਤੀ ਸ਼ਿਵਾਲੀ ਪਤਨੀ ਰਕੇਸ਼ ਕੁਮਾਰ (ਸਹਿ-ਕਰਜ਼ਦਾਰ/ ਰਹਿਣਕਾਰ) | 15 ਸਤੰਬਰ 2023, 31 ਦਸੰਬਰ 2024<br>28 ਅਪ੍ਰੈਲ 2025<br>ਰੁਪਏ 35,37,416/- (ਪੈਂਤੀ ਲੱਖ ਸੈਂਤੀ ਹਜ਼ਾਰ ਚਾਰ ਸੌ ਸੋਲਾਂ ਰੁਪਏ ਕੇਵਲ) |

ਰਹਿਣ ਕੀਤੀ ਜਾਇਦਾਦ ਦਾ ਵੇਰਵਾ : ਬੈਨਾਮਾ ਨੰ. 2019-20/187/1/8425 ਮਿਤੀ 21.01.2020 ਅਨੁਸਾਰ ਸ੍ਰੀਮਤੀ ਸ਼ਿਵਾਲੀ ਪਤਨੀ ਰਕੇਸ਼ ਕੁਮਾਰ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਨੰ. 23, ਰਕਬਾ 05 ਮਰਲੇ 165 ਵਰਗ ਫੁੱਟ, ਖੇਵਟ/ਖਤੌਨੀ ਨੰ. 486/514, 539/569, ਖਸਰਾ ਨੰ. 694, 695, ਜਮ੍ਹਾਂਬੰਦੀ ਸਾਲ 2017-18, ਹਦਬਸਤ ਨੰ., 312, ਅਬਾਦੀ ਗੁਰੂ ਰਾਮਦਾਸ ਇਨਕਲੇਵ, ਬਸਤੀ ਦਾਨਿਸ਼ਮੰਦਾਂ, ਤਹਿਸੀਲ ਅਤੇ ਜ਼ਿਲ੍ਹਾ ਜਲੰਧਰ ਨਾਲ ਸੰਬੰਧਤ ਸਭ ਕੁਝ। ਹੱਦਾਂ (ਬੈਨਾਮੇ ਅਨੁਸਾਰ) ਪੂਰਬ : ਸੜਕ, ਪੱਛਮ : ਵਿਕਰੇਤਾ, ਉੱਤਰ : ਹੋਰਨਾਂ ਦੀ ਜਾਇਦਾਦ, ਦੱਖਣ : ਸੜਕ।

ਮਿਤੀ : 30.04.2025 ਸਥਾਨ : ਜਲੰਧਰ — ਸਹੀ/- ਅਧਿਕਾਰਤ ਅਫਸਰ, ਐਕਸਿਸ ਬੈਂਕ ਲਿਮਟਿਡ

## Capital Small Finance Bank Ltd.

HO:- MIDAS Corporate Park, 3rd Floor, 37, G.T. Road, Jalandhar-144001, Punjab, India

### ਕਬਜ਼ਾ ਨੋਟਿਸ (ਅਚੱਲ ਜਾਇਦਾਦ ਲਈ)

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਦਾ ਅਧਿਕਾਰਤ ਅਫਸਰ ਹੋਣ ਨਾਤੇ ਸਕਿਉਰਟਾਈਜ਼ੇਸ਼ਨ ਅਤੇ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਅਸੈੱਟਸ ਐਂਡ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ (ਐਕਟ, 2002 (54 ਆਫ 2002) ਅਧੀਨ ਅਤੇ ਸਕਿਉਰਿਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਮਿਤੀ 01.11.2023 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ 1. ਸ੍ਰੀ ਰਾਮ ਸਿੰਘ ਪੁੱਤਰ ਸ੍ਰੀ ਬਚਨ ਸਿੰਘ, ਵਾਸੀ ਭੱਟੀਆਂ, ਲੁਧਿਆਣਾ, ਖੰਨਾ, ਪੰਜਾਬ-141401 2. ਸ੍ਰੀਮਤੀ ਹਰਜੀਤ ਕੌਰ ਪਤਨੀ ਸ੍ਰੀ ਰਾਮ ਸਿੰਘ, ਵਾਸੀ ਵਾਰਡ ਨੰ. 22, ਭੱਟੀਆਂ, ਖੰਨਾ, ਲੁਧਿਆਣਾ, ਪੰਜਾਬ-141401 3. ਸ੍ਰੀ ਕੁਲਦੀਪ ਸਿੰਘ ਪੁੱਤਰ ਸ੍ਰੀ ਰਾਮ ਸਿੰਘ ਵਾਸੀ ਵਾਰਡ ਨੰ. 22, ਭੱਟੀਆਂ, ਖੰਨਾ, ਜ਼ਿਲ੍ਹਾ ਲੁਧਿਆਣਾ, ਪੰਜਾਬ-141401 ਅਤੇ ਗਰੰਟਰ (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਅਤੇ ਗਰੰਟਰ 4. ਸ੍ਰੀ ਕਸਤੂਰੀ ਲਾਲ ਪੁੱਤਰ ਸ੍ਰੀ ਅਰਜੁਨ ਦਾਸ, ਵਾਸੀ ਮਕਾਨ ਨੰ. 1007, ਵਾਰਡ ਨੰ. 21, ਵਾਲੀਆ ਸਕੂਲ, ਮਲੇਰਕੋਟਲਾ ਰੋਡ, ਗੁਰੂ ਹਰਿਕ੍ਰਿਸ਼ਨ ਨਗਰ, ਖੰਨਾ, ਲੁਧਿਆਣਾ, ਪੰਜਾਬ-141401 (ਬਾਅਦ ਵਿੱਚ ਕਰਜ਼ਦਾਰਾਂ ਵਜੋਂ ਹਵਾਲਾ ਦਿੱਤਾ ਗਿਆ) ਨੂੰ ਡਿਮਾਂਡ ਨੋਟਿਸ 'ਚ ਦਰਸਾਏ ਅਨੁਸਾਰ ਐੱਲ ਏ ਪੀ/038602000040 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 13,14,064.60 ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਜਮ੍ਹਾਂ ਕਰਵਾਉਣ ਲਈ ਕਿਹਾ ਸੀ।

ਕਰਜ਼ਦਾਰ ਰਕਮ ਦੀ ਅਦਾਇਗੀ ਕਰਨ 'ਚ ਨਾਕਾਮ ਰਿਹਾ ਹੈ, ਇਸ ਲਈ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਨਿਯਮ 9 ਨਾਲ ਪੜ੍ਹੇ ਜਾਂਦੇ ਉਕਤ ਐਕਟ ਦੇ ਸੈਕਸ਼ਨ 13 (4) ਤਹਿਤ ਖੁਦ ਨੂੰ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦੱਸੀ ਜਾਇਦਾਦ ਦਾ ਸੰਕੇਤਕ ਕਬਜ਼ਾ ਲੈ ਲਿਆ ਹੈ।

ਉਪਲੱਬਧ ਸਮੇਂ 'ਚ ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰ ਅਤੇ ਆਮ ਜਨਤਾ ਨੂੰ ਖਬਰਦਾਰ ਕੀਤਾ ਜਾਂਦਾ ਹੈ ਕਿ ਉਹ ਜਾਇਦਾਦ ਬਾਰੇ ਕਿਸੇ ਤਰ੍ਹਾਂ ਦਾ ਲੈਣ-ਦੇਣ ਨਾ ਕਰਨ ਅਤੇ ਕਿਸੇ ਤਰ੍ਹਾਂ ਦੇ ਲੈਣ-ਦੇਣ ਦੀ ਸੂਰਤ 'ਚ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਟਿਡ ਵੱਲੋਂ ਐੱਲ ਏ ਪੀ/038602000040 ਵਿੱਚ ਬਕਾਇਆ ਨਿਕਲਦੀ ਰਾਸ਼ੀ ਰੁਪਏ 13,14,064.60 ਮਿਤੀ 01.11.2023 ਤੋਂ ਲਾਗੂ ਭਵਿੱਖੀ ਵਿਆਜ ਸਮੇਤ ਵਸੂਲੀ ਜਾਵੇਗੀ।

### ਅਚੱਲ ਜਾਇਦਾਦ ਦਾ ਵੇਰਵਾ

ਪ੍ਰਾਇਮਰੀ ਸਕਿਉਰਟੀ : ਬੈਨਾਮਾ ਨੰ. 2561 ਮਿਤੀ 22.09.2009 ਰਾਹੀਂ ਸ੍ਰੀਮਤੀ ਹਰਜੀਤ ਕੌਰ ਪਤਨੀ ਸ੍ਰੀ ਰਾਮ ਸਿੰਘ ਦੀ ਮਲਕੀਅਤ ਜਾਇਦਾਦ 0 ਕਨਾਲ-3-3/4 ਮਰਲੇ, ਭੱਟੀਆਂ, ਤਹਿਸੀਲ ਖੰਨਾ, ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁਝ।

ਮਿਤੀ : 30.04.2025 ਸਥਾਨ : ਖੰਨਾ (ਅਧਿਕਾਰਤ ਅਫ਼ਸਰ)

## ਉੱਤਰ ਰੇਲਵੇ

### ਈ-ਟੈਂਡਰ ਸੂਚਨਾ

ਸੀਨੀਅਰ ਮੰਡਲ ਇੰਜੀਨੀਅਰ - ਪਹਿਲੀ, ਫ਼ਿਰੋਜ਼ਪੁਰ ਦੁਵਾਰਾ ਭਾਰਤ ਦੇ ਰਾਸ਼ਟਰਪਤੀ ਦੀ ਤਰਫ ਤੋਂ ਹੇਠਾ ਲਿਖੀ ਈ-ਟੈਂਡਰਾ, ਆਖਰੀ ਮਿਤੀ ਆਖਰੀ ਮਿਤੀ 20.05.2025 ਵਕਤ 15.00 ਵਜੇ ਤਕ www.ireps.gov.in ਉਤੇ ਮੰਗ ਕੀਤੀ ਜਾਂਦੀ ਹੈ । ਟੈਂਡਰਕਰਤਾ ਅਪਣੇ ਮੂਲ/ਸੰਸ਼ੋਧਿਤ ਟੈਂਡਰ ਬੰਦ ਹੋਣ ਦੀ ਮਿਤੀ ਅਤੇ ਸਮੇਂ ਤਕ ਪੇਸ਼ ਕਰ ਸਕਦੇ ਹਨ । ਮੈਨੂੰਅਲ ਟੈਂਡਰ ਮਾਨਯ ਨਹੀਂ ਹੈ ਅਤੇ ਇਸਤਰ੍ਹਾਂ ਕਿਸੀ ਵੀ ਮੈਨੂੰਅਲ ਪ੍ਰਸਤਾਵ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ । ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਠੇਕੇਦਾਰ ਟੈਂਡਰ ਪ੍ਰਪੱਤਰ ਦੀ ਲਾਗਤ ਅਤੇ ਬਿਆਨਾ ਰਾਸ਼ੀ ਦਾ ਭੁਗਤਾਨ ਕੇਵਲ www.ireps.gov.in ਪੋਰਟਲ ਉਤੇ ਉਪਲਬਧ ਆਨਲਾਈਨ ਸਾਧਨਾਂ ਦੇ ਦੁਵਾਰਾ ਜਿਸਤਰ੍ਹਾਂ ਨੇਟ ਬੈਂਕਿੰਗ, ਡੇਬਿਟ ਕਾਰਡ, ਕ੍ਰੇਡਿਟ ਕਾਰਡ ਆਦਿ ਤੋਂ ਭੁਗਤਾਨ ਕਰ ਸਕਦੇ ਹਨ । ਡਿਮਾਂਡ ਡਰਾਫਟ, ਬੈਂਕਰਸ ਚੈਕ, ਐਫ.ਡੀ.ਆਰ. ਤੇ ਰਸੀਦਾਂ ਆਦਿ ਦੇ ਦੁਵਾਰਾ ਤੋਂ ਭੁਗਤਾਨ ਦੀ ਅਨੁਮਤੀ ਨਹੀਂ ਹੈ ।

| ਟੈਂਡਰ ਪ੍ਰਕਾਰ | ਟੈਂਡਰ ਅਨੁਭਾਗ | ਬੋਲੀ ਪ੍ਰਣਾਲੀ | ਟੈਂਡਰ ਅਪਲੋਡ ਕਰਨ ਦੀ ਮਿਤੀ | ਬੋਲੀ ਸ਼ੁਰੂ ਦੀ ਮਿਤੀ | ਬੋਲੀ ਪੂਰਾ ਕਰਨ ਦੀ ਮਿਤੀ ਅਤੇ ਸਮਾਂ |
|---|---|---|---|---|---|
| ਖੁਲੀ | ਕੰਮ | ਏਕਲ ਬੋਲੀ ਪ੍ਰਣਾਲੀ | 25.04.2025 | 06.05.2025 | 20.05.2025/15:00 ਵਜੇ |

| ਲ.ਨੰ: | ਟੈਂਡਰ ਨੰ: ਮਿਤੀ | ਟੈਂਡਰ ਦਾ ਵੇਰਵਾ | | | |
|---|---|---|---|---|---|
| 1 | 05-2025-26-ADEN-JRC- | ਸਹਾਇਕ ਮੰਡਲ ਇੰਜੀਨੀਅਰ-ਜਲੰਧਰ ਕੈਂਟ ਦੇ ਅਧੀਨ ਜਲੰਧਰ ਕੈਂਟ-ਹੋਸ਼ਿਯਾਰਪੁ ਸੈਕਸ਼ਨ ਉਤੇ 1.00x1.35 ਮੀਟਰ ਆਰਸੀਸੀ ਬਾਕਸ ਦੇ ਲਾਂਲ ਕਿਮੀ 6/6-7 ਉਤੇ ਮੌਜੂਦਾ 0.91 ਮੀਟਰ ਆਰਚ ਬ੍ਰਿਜ ਨੰਬਰ 35 ਦਾ ਪੁਨਰਨਿਰਮਾਣ ਦਾ ਕੰਮ । | | | |
| | | ਵਿਗਿਆਪਨ ਮੁਲ (ਰੁ:) | ਬਿਆਨਾ ਰਾਸ਼ੀ | ਆਫਰ ਦੀ ਵੈਧਤਾ | ਪੂਰਾ ਕਰਨ ਦਾ ਸਮਾਂ |
| | | 58,95,206.43/- | 1,17,900.00/- | 60 ਦਿਨ | 06 ਮਹੀਨੇ |
| | ਸਮਾਨ ਪ੍ਰਕ੍ਰਿਤੀ ਦਾ ਕੰਮ:- ਬਾਕਸ ਪੁਸ਼ਿੰਗ/ਪਾਇਪ ਪੁਸ਼ਿੰਗ ਦੇ ਨਾਲ ਪੁਲ/ਸੀਮਿਤ ਉਚਾਈ ਵਾਲੇ ਸਬਵੇ ਦਾ ਨਿਰਮਾਣ ।'' | | | | |

ਨੋਟ:- 1. ਟੈਂਡਰ ਪਾਉਣ ਤੋਂ ਪਹਿਲਾ, ਟੈਂਡਰਕਰਤਾ ਦੇ ਸਬੰਧ ਵਿਚ ਜਾਰੀ ਕੀਤੇ ਗਏ ਕਿਸੀ ਵੀ ਸ਼ੁੱਧੀਪੱਤਰ ਦੀ ਜਾਂਚ ਕਰਣਗੇ । 2. ਹਿੰਦੀ ਵਿਚ ਕਿਸੀ ਗਲਤੀ ਲਈ ਅੰਗ੍ਰੇਜ਼ੀ ਵਰਜਨ ਦਾ ਅਵਲੋਕਨ ਕਰੋ, ਅਤੇ ਅੰਗ੍ਰੇਜ਼ੀ ਵਰਜਨ ਹੀ ਮਾਨਯ ਹੋਣਗੇ ।

ਟੈਂਡਰ ਸੂਚਨਾ ਪੱਤਰ ਨੰ: 05-2025-26-ADEN-JRC Date: 28.04.2025 1258/2025

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

## ਬੈਂਕ ਆੱਫ਼ ਬੜੌਦਾ Bank of Baroda — BRANCH: Gole Diggi Bathinda.

### ਰੂਲ-8 (1) ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)

ਜਦੋਂ ਕਿ, ਨਿਮਨਹਸਤਾਖਰੀ ਨੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (2002 ਦਾ 54) ਅਧੀਨ ਬੈਂਕ ਆਫ ਬੜੌਦਾ, ਗੋਲ ਡਿੱਗੀ ਬਠਿੰਡਾ ਦੇ ਅਧਿਕਾਰਤ ਅਫਸਰ ਵਜੋਂ ਸਕਿਉਰਟੀ ਇੰਟਰੈੱਸਟ ਇਨਫੋਰਸਮੈਂਟ ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ (ਕਰਜ਼ਦਾਰਾਂ)/ਗਰੰਟਰ (ਗਰੰਟਰਾਂ) ਨੂੰ ਹੇਠਾਂ ਦਰਸਾਈਆਂ ਮਿਤੀਆਂ 'ਤੇ ਨੋਟਿਸਾਂ 'ਚ ਹੇਠਾਂ ਦਰਸਾਈਆਂ ਰਕਮਾਂ, ਨੋਟਿਸਾਂ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦੇ ਦਿੰਦੇ ਨੋਟਿਸ ਜਾਰੀ ਕੀਤੇ ਹਨ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ, ਕਰਜ਼ਦਾਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨ ਹਸਤਾਖਰੀ ਨੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ ਹੇਠਾਂ ਦਰਸਾਏ ਖਾਤੇ ਵਿਰੁੱਧ ਦਰਜ ਤਾਰੀਕਾਂ 'ਤੇ ਕਬਜ਼ਾ ਹਾਸਲ ਕਰ ਲਿਆ ਹੈ।

ਸੰਬੰਧਤ ਪਾਰਟੀਆਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ ਅਤੇ ਕੋਈ ਵੀ ਸੌਦੇਬਾਜ਼ੀ ਬੈਂਕ ਆਫ ਬੜੌਦਾ ਗੋਲ ਡਿੱਗੀ ਬਠਿੰਡਾ ਵੱਲੋਂ ਹੇਠਾਂ ਦਰਸਾਈ ਕੁਲ ਰਕਮ ਜਮ੍ਹਾਂ ਉਸ ਉਪਰ ਭਵਿੱਖੀ ਵਿਆਜ ਅਤੇ ਲਾਗਤਾਂ ਆਦਿ ਸਮੇਤ ਵਸੂਲੀ ਜਾਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀ ਜਾਇਦਾਦ/ ਜਾਇਦਾਦਾਂ ਦਾ ਵੇਰਵਾ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਕਬਜ਼ੇ ਦੀ ਕਿਸਮ<br>ਬਕਾਇਆ ਖੜੀ ਰਕਮ |
|---|---|---|---|---|
| (ਕਰਜ਼ਦਾਰ) :- 1. ਮੈਸ: ਸ੍ਰੀ ਰਾਮ ਇੰਮਪੈਕਸ, ਮਾਲਕ : ਸ੍ਰੀਮਤੀ ਸ਼ਿਖਾ ਪਤਨੀ ਸ੍ਰੀ ਨਕੁਲ ਕੁਮਾਰ, ਪਤਾ : ਕੇ-97, ਮੈਸ: ਸ੍ਰੀ ਰਾਮ ਇੰਮਪੈਕਸ, ਇੰਡਸਟ੍ਰੀਅਲ ਗ੍ਰੋਥ ਸੈਂਟਰ, ਮਾਨਸਾ ਰੋਡ, ਬਠਿੰਡਾ, ਪੰਜਾਬ-151001 2. ਮਾਲਕ ਸ੍ਰੀਮਤੀ ਸ਼ਿਖਾ ਪਤਨੀ ਸ੍ਰੀ ਨਕੁਲ ਕੁਮਾਰ, ਵਾਸੀ ਮਕਾਨ ਨੰ. 167, ਕਮਲਾ ਨਹਿਰੂ ਕਾਲੋਨੀ ਬਠਿੰਡਾ, ਪੰਜਾਬ-151001 | ਬੈਨਾਮਾ ਨੰ. 2020-21/23/1/8818 ਮਿਤੀ 25-01-2021 ਅਨੁਸਾਰ ਸ੍ਰੀਮਤੀ ਸ਼ਿਖਾ ਪਤਨੀ ਸ੍ਰੀ ਨਕੁਲ ਕੁਮਾਰ ਦੇ ਨਾਂਅ 'ਤੇ ਜਾਇਦਾਦ ਦਾ ਉਚਿਤ ਗਿਰਵੀਨਾਮਾ, ਸਕਿਉਰਟੀ ਉਪਲਬਧ: ਪਲਾਟ ਨੰ. ਕੇ-97, ਇੰਡਸਟ੍ਰੀਅਲ ਗਰੋਥ ਸੈਂਟਰ, ਰਕਬਾ 250 ਵਰਗ ਗਜ਼ ਵਪਾਰਕ ਜਾਇਦਾਦ ਦਾ ਉਚਿਤ ਗਿਰਵੀਨਾਮਾ । ਹੱਦਾਂ : ਉੱਤਰ 75'-0'' ਪਲਾਟ ਨੰ. ਕੇ-98, ਦੱਖਣ : 75'-0'' ਪਲਾਟ ਨੰ. ਕੇ-96, ਪੂਰਬ : 30'-0'' ਪਲਾਟ ਨੰ. ਕੇ-64, ਪੱਛਮ : 30'-0'' ਗਲੀ। | 23-01-2024 | 23.04.2025 | ਭੌਤਿਕ ਕਬਜ਼ਾ<br>13.12.2023 ਨੂੰ ਰੁ. 33,33,900.22 ਜਮ੍ਹਾਂ 01.12.2023 ਤੋਂ ਅਣਲਾਗੂ ਵਿਆਜ਼ ਜਮ੍ਹਾਂ ਹੋਰ ਚਾਰਜਿਜ ਸਮੇਤ ਭਵਿੱਖੀ ਵਿਆਜ ਇਕਰਾਰਨਾਮੇ ਦੀ ਦਰ 'ਤੇ ਜਮ੍ਹਾਂ ਮੁਕੰਮਲ ਅਦਾਇਗੀ ਦੀ ਮਿਤੀ ਤੱਕ ਲਾਗਤਾਂ, ਚਾਰਜਿਜ ਅਤੇ ਖਰਚੇ। |

ਮਿਤੀ : 29.04.2025 ਸਥਾਨ : ਬਠਿੰਡਾ ਅਧਿਕਾਰਤ ਅਫਸਰ

# ਯੁੱਧ ਨਸ਼ਿਆਂ ਵਿਰੁੱਧ: ਨਸ਼ਾ ਤਸਕਰ ਦਾ ਪੰਚਾਇਤੀ ਜ਼ਮੀਨ 'ਤੇ ਗੈਰ-ਕਾਨੂੰਨੀ ਕਬਜ਼ਾ ਢਹਿਢੇਰੀ



**ਮੋਹਾਲੀ, ਡੇਰਾ ਬੱਸੀ (ਕ੍ਰਿਸ਼ਨ ਗਰਗ, ਵਿਨੈ ਕੁਮਾਰ ਜੈਨ)** ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸ਼ੁਰੂ ਕੀਤੇ 'ਯੁੱਧ ਨਸ਼ਿਆਂ ਵਿਰੁੱਧ' ਤਹਿਤ ਨਸ਼ਾ ਤਸਕਰਾਂ 'ਤੇ ਆਪਣੀ ਸਖ਼ਤ ਕਾਰਵਾਈ ਜਾਰੀ ਰੱਖਦਿਆਂ, ਸਾਹਿਬਜ਼ਾਦਾ ਅਜੀਤ ਸਿੰਘ ਨਗਰ ਪੁਲਸ ਨੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਅੱਜ ਡੇਰਾਬੱਸੀ ਦੇ ਪਿੰਡ ਅਮਲਾਲਾ ਵਿੱਚ ਨਾਮੀ ਨਸ਼ਾ ਤਸਕਰ ਸਲੀਮ ਖਾਨ ਵੱਲੋਂ ਇੱਕ ਵਿੱਘੇ ਵਿੱਚ ਗੈਰ-ਕਾਨੂੰਨੀ ਤੌਰ 'ਤੇ ਕੀਤੀ ਉਸਾਰੀ ਨੂੰ ਢਹਿ ਢੇਰੀ ਕਰ ਦਿੱਤਾ ਗਿਆ।ਇਹ ਕਾਰਵਾਈ ਸੀਨੀਅਰ ਸੁਪਰਡੈਂਟ ਆਫ਼ ਪੁਲਸ (ਐਸ ਐਸ ਪੀ) ਸਾਹਿਬਜ਼ਾਦਾ ਅਜੀਤ ਸਿੰਘ ਨਗਰ ਦੀਪਕ ਪਾਰੀਕ ਦੇ ਹੁਕਮਾਂ ਤੇ ਅਮਲ ਵਿੱਚ ਲਿਆਂਦੀ ਗਈ।ਢਾਹੀ ਗਈ ਇਹ ਉਸਾਰੀ ਪੰਚਾਇਤੀ ਜ਼ਮੀਨ 'ਤੇ ਗੈਰ-ਕਾਨੂੰਨੀ ਨਾਲ ਕੀਤੀ ਹੋਈ ਸੀ।ਸਲੀਮ ਖਾਨ ਵਿਰੁੱਧ ਪੰਜਾਬ ਅਤੇ ਹਰਿਆਣਾ ਵਿੱਚ ਭਾਰਤੀ ਦੰਡ ਵਿਧਾਨ ਅਤੇ ਐਨ ਡੀ ਪੀ ਐਸ ਐਕਟ ਤਹਿਤ ਚਾਰ ਅਪਰਾਧਿਕ ਮਾਮਲੇ ਦਰਜ ਸਨ। ਐਸ ਐਸ ਪੀ ਦੀਪਕ ਪਾਰੀਕ ਅਨੁਸਾਰ ਇਸ ਤਸਕਰ ਤੇ ਆਖਰੀ ਪਰਚਾ ਮਿਤੀ 20 ਅਪ੍ਰੈਲ ਨੂੰ ਐਨ ਡੀ ਪੀ ਐਸ ਐਕਟ ਅਧੀਨ ਡੇਰਾਬਸੀ ਥਾਣੇ ਵਿੱਚ ਦਰਜ ਕੀਤਾ ਗਿਆ ਸੀ ਜਿਸ ਤਹਿਤ ਉਕਤ ਦੋਸ਼ੀ ਦੀ 7 ਕਿਲੋ ਗਾਂਜੇ ਦੀ ਤਸਕਰੀ ਵਿੱਚ ਸ਼ਮੂਲੀਅਤ ਸਾਹਮਣੇ ਆਉਣ ਬਾਅਦ ਉਸ ਨੂੰ ਗ੍ਰਿਫਤਾਰ ਕੀਤਾ ਗਿਆ ਸੀ।ਇਸ ਅਪਰੇਸ਼ਨ ਦੀ ਅਗਵਾਈ ਕਰ ਰਹੇ ਡੀ ਐਸ ਪੀ ਡੇਰਾਬਸੀ ਬਿਕਰਮਜੀਤ ਸਿੰਘ ਬਰਾੜ ਅਤੇ ਡੀ ਐਸ ਪੀ ਜ਼ੀਰਕਪੁਰ ਜਸਵਿੰਦਰ ਸਿੰਘ ਗਿੱਲ ਨੇ ਇਸ ਮੌਕੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਚਲਾਏ ਗਏ ਯੁੱਧ ਨਸ਼ਿਆਂ ਵਿਰੁੱਧ ਤਹਿਤ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਡੀ ਜੀ ਪੀ ਪੰਜਾਬ ਗੌਰਵ ਯਾਦਵ ਵੱਲੋਂ 31 ਮਈ ਤੱਕ ਸੂਬੇ ਚੋਂ ਨਸ਼ੇ ਦੇ ਤਸਕਰਾਂ ਨੂੰ ਬਾਹਰ ਕਰਨ ਦੀ ਫੈਸਲਾਕੁਨ ਲੜਾਈ ਦਾ ਇੱਕ ਹਿੱਸਾ ਹੈ।

# ਸੀ ਪੀ ਆਈ ਐੱਮ ਐੱਲ ਵੱਲੋਂ ਪਹਿਲਗਾਮ ਹੱਤਿਆਵਾਂ ਦੀ ਨਿਆਂਇਕ ਜਾਂਚ ਮੰਗੀ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊਡੈਮੋਕਰੇਸੀ ਵਲੋਂ ਪਹਲਗਾਮ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ।ਇਸ ਮੌਕੇ ਵਿਚਾਰ ਪ੍ਰਗਟ ਕਰਦਿਆਂ ਪਾਰਟੀ ਆਗੂਆਂ ਦਲਜੀਤ ਸਿੰਘ ਐਡਵੋਕੇਟ ਅਤੇ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਉਹਨਾਂ ਦੀ ਪਾਰਟੀ ਇਸ ਨਿਰਦੋਸ਼ ਹੱਤਿਆ ਦੀ ਸਖਤ ਨਿੰਦਾ ਕਰਦੀ ਹੈ ਅਤੇ ਮਾਰੇ ਗਏ ਲੋਕਾਂ ਦੇ ਪਰਵਾਰਾਂ ਪ੍ਰਤੀ ਗਹਿਰੀ ਸੰਵੇਦਨਾ ਅਤੇ ਸ਼ੋਕ ਪ੍ਰਗਟਾਉਂਦੀ ਹੈ।ਇਹ ਹੱਤਿਆਵਾਂ ਨਾ ਤਾਂ ਕਸ਼ਮੀਰੀ ਲੋਕਾਂ ਦੀ ਲੋਕਤੰਤਰਕ ਇੱਛਾਵਾਂ ਦੀ ਲੜਾਈ ਦੀ ਸੇਵਾ ਕਰਦੀਆਂ ਹਨ ਅਤੇ ਨਾ ਹੀ ਕਿਸੇ ਧਰਮ ਦੇ ਹਿੱਤ ਵਿੱਚ ਹਨ।ਇਹ ਗੱਲ ਉਚੇਚਾ ਧਿਆਨ ਮੰਗਦੀ ਹੈ ਕਿ ਕਸ਼ਮੀਰ ਵਿੱਚ, ਖ਼ਾਸ ਕਰਕੇ ਮੁਸਲਮਾਨ ਇਸ ਘਿਨੌਣੇ ਹਮਲੇ ਦੇ ਵਿਰੁੱਧ ਸੜਕਾਂ 'ਤੇ ਉੱਤਰੇ ਹਨ।ਇਹ ਹਮਲਾ ਆਰ ਐਸ ਐਸ-ਭਾਜਪਾ ਸਰਕਾਰ ਦੀ ਰਾਜਨੀਤਕ ਅਤੇ ਪ੍ਰਸ਼ਾਸਕੀ ਨਾਕਾਮੀ ਦੀ ਸਾਫ਼ ਉਦਾਹਰਨ ਹੈ, ਜੋ ਕਿ ਜੰਮੂ-ਕਸ਼ਮੀਰ ਵਿੱਚ ਤਾਇਨਾਤ ਸੁਰੱਖਿਆ ਬਲਾਂ 'ਤੇ ਪੂਰਾ ਕਾਬੂ ਰੱਖਦੀ ਹੈ ਕਿਉਂਕਿ ਜੰਮੂ-ਕਸ਼ਮੀਰ ਇੱਕ ਯੂਨੀਅਨ ਟੈਰੀਟਰੀ ਹੈ।ਆਰ ਐਸ ਐਸ-ਭਾਜਪਾ ਨੇ ਦਾਅਵਾ ਕੀਤਾ ਸੀ ਕਿ ਜੰਮੂ-ਕਸ਼ਮੀਰ ਵਿੱਚ ਉੱਤਪੰਨ ਹਿੰਸਾ ਦੀ ਜੜ੍ਹ ਧਾਰਾ 370 ਅਤੇ 35ਏ ਸੀ, ਪਰ 5 ਅਗਸਤ 2019 ਨੂੰ ਉਨ੍ਹਾਂ ਦੇ ਰੱਦ ਹੋਣ ਮਗਰੋਂ ਜੰਮੂ ਕਸ਼ਮੀਰ ਅਤੇ ਹਾਲਾਤ ਆਮ ਵਰਗੇ ਹੋਣ ਦੇ ਸਾਰੇ ਦਾਅਵੇ ਝੂਠੇ ਸਾਬਤ ਹੋਏ ਹਨ। ਲੋਕਤੰਤਰਕ ਆਵਾਜ਼ ਨੂੰ ਦਬਾਉਣ ਲਈ ਕੇਂਦਰੀ ਸਰਕਾਰ ਨੇ ਹਰ ਤਰ੍ਹਾਂ ਦੇ ਜਬਰ ਅਮਲ ਵਿੱਚ ਲਿਆਂਦੇ ਹਨ। ਘਟਨਾ ਤਦ ਹੋਈ ਸੀ ਜਦੋਂ ਅਮਰੀਕੀ ਰਾਸ਼ਟਰਪਤੀ ਬਿੱਲ ਕਲਿੰਟਨ ਭਾਰਤ ਆਏ ਸਨ ਅਤੇ ਪੁਲਵਾਮਾ ਹਮਲਾ ਵੀ ਚੋਣਾਂ ਤੋਂ ਥੋੜ੍ਹਾ ਪਹਿਲਾਂ ਹੋਇਆ ਸੀ।ਹੱਤਿਆਵਾਂ ਦੀ ਟਾਈਮਿੰਗ ਹਾਲਾਤਾਂ ਨੂੰ ਸ਼ੱਕ ਦੇ ਘੇਰੇ ਵਿਚ ਲਿਆਉਂਦੀ ਹੈ।ਇਸ ਲਈ ਜ਼ਰੂਰੀ ਹੈ ਕਿ ਪਹਲਗਾਮ ਹੱਤਿਆਵਾਂ ਅਤੇ ਨਾਗਰਿਕਾਂ ਦੀ ਰੱਖਿਆ 'ਚ ਨਾਕਾਮੀ ਬਾਰੇ ਪੂਰੀ ਜਾਂਚ ਕੀਤੀ ਜਾਵੇ।

# 2 ਮਈ ਨੂੰ ਵਿਲੇਜ਼ ਡਿਫੈਂਸ ਕਮੇਟੀਆਂ ਨੂੰ ਜਾਗਰੂਕ ਕਰਨ ਲਈ ਕਰਵਾਇਆ ਜਾਵੇਗਾ ਜ਼ਿਲ੍ਹਾ ਪੱਧਰੀ ਸਮਾਗਮ : ਆਸ਼ਿਕਾ ਜੈਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਜ਼ਿਲ੍ਹੇ ਵਿੱਚ ਨਸ਼ਿਆਂ ਖਿਲਾਫ਼ ਸ਼ੁਰੂ ਕੀਤੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਦੇ ਉਦੇਸ਼ ਨਾਲ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਪ੍ਰਧਾਨਗੀ ਹੇਠ ਇੱਕ ਮਹੱਤਵਪੂਰਨ ਮੀਟਿੰਗ ਹੋਈ। ਇਹ ਮੀਟਿੰਗ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਵਿਖੇ ਹੋਈ, ਜਿਸ ਵਿੱਚ ਐਸ.ਐਸ.ਪੀ ਸੰਦੀਪ ਕੁਮਾਰ ਮਲਿਕ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਦੱਸਿਆ ਕਿ 'ਵਿਲੇਜ਼ ਡਿਫੈਂਸ ਕਮੇਟੀ - ਪਿੰਡਾ ਦੇ ਪਹਿਰੇਦਾਰ' ਨਾਲ ਸਬੰਧਤ ਜ਼ਿਲ੍ਹਾ ਪੱਧਰੀ ਸਮਾਗਮ 2 ਮਈ ਨੂੰ ਜੈਮਸ ਕੈਂਬਰਿਜ ਇੰਟਰਨੈਸ਼ਨਲ ਸਕੂਲ ਵਿਖੇ ਕਰਵਾਇਆ ਜਾਵੇਗਾ। ਇਸ ਪ੍ਰੋਗਰਾਮ ਰਾਹੀਂ ਜ਼ਿਲ੍ਹੇ ਵਿੱਚ ਬਣਾਈਆਂ ਵਿਲੇਜ਼ ਡਿਫੈਂਸ ਕਮੇਟੀਆਂ ਨੂੰ ਉਨ੍ਹਾਂ ਦੇ ਫਰਜ਼ਾਂ ਅਤੇ ਜ਼ਿੰਮੇਵਾਰੀਆਂ ਪ੍ਰਤੀ ਜਾਗਰੂਕ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪਿੰਡਾਂ ਨੂੰ ਨਸ਼ਾ ਮੁਕਤ ਬਣਾਉਣ ਵਿੱਚ ਇਨ੍ਹਾਂ ਕਮੇਟੀਆਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ ਅਤੇ ਇਸ ਲਈ ਉਨ੍ਹਾਂ ਨੂੰ ਸਹੀ ਸਿਖਲਾਈ ਅਤੇ ਮਾਰਗਦਰਸ਼ਨ ਪ੍ਰਦਾਨ ਕਰਨਾ ਜ਼ਰੂਰੀ ਹੈ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਸਾਰੇ ਸਬੰਧਤ ਵਿਭਾਗਾਂ ਦੀਆਂ ਭੂਮਿਕਾਵਾਂ ਨੂੰ ਸਪੱਸ਼ਟ ਤੌਰ 'ਤੇ ਸਮਝਾਇਆ ਅਤੇ ਉਨ੍ਹਾਂਨੂੰ ਨਿਰਦੇਸ਼ ਦਿੱਤੇ ਕਿ ਉਹ ਪ੍ਰੋਗਰਾਮ ਦੀ ਸਫਲਤਾ ਨੂੰ ਯਕੀਨੀ ਬਣਾਉਣ ਲਈ ਆਪਸੀ ਤਾਲਮੇਲ ਨਾਲ ਕੰਮ ਕਰਨ। ਇਸ ਮੌਕੇ ਸਹਾਇਕ ਕਮਿਸ਼ਨਰ ਓਇਸ਼ੀ ਮੰਡਲ, ਐਸ.ਪੀ ਮੇਜਰ ਸਿੰਘ, ਐਸ.ਡੀ.ਐਮ ਹੁਸ਼ਿਆਰਪੁਰ ਸੰਜੀਵ ਕੁਮਾਰ, ਐਸ.ਡੀ.ਐਮ ਟਾਂਡਾ ਪਰਮਪ੍ਰੀਤ ਸਿੰਘ, ਡੀ.ਐਸ.ਪੀ ਮਨਪ੍ਰੀਤ ਸ਼ੀਮਾਰ ਤੋਂ ਇਲਾਵਾ ਹੋਰ ਅਧਿਕਾਰੀ ਵੀ ਮੌਜੂਦ ਸਨ।

# ਯੋਗਾ ਕਰਨ ਨਾਲ ਲੋਕਾਂ ਦਾ ਮਾਨਸਿਕ ਤਣਾਅ ਘੱਟ ਹੋ ਰਿਹੈ : ਪ੍ਰਤਿਮਾ ਡਾਵਰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ)** ਜ਼ਿਲ੍ਹਾ ਯੋਗਾ ਕੋਆਰਡੀਨੇਟਰ ਪ੍ਰਤਿਮਾ ਡਾਵਰ ਨੇ ਇੱਥੇ ਦੱਸਿਆ ਕਿ ਯੋਗਾ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਯੋਗਾ ਕਰਨ ਨਾਲ, ਅਸੀਂ ਨਾ ਸਿਰਫ਼ ਸਰੀਰਕ ਤੌਰ 'ਤੇ ਸਿਹਤਮੰਦ ਹੁੰਦੇ ਹਾਂ, ਸਗੋਂ ਮਾਨਸਿਕ ਤੌਰ 'ਤੇ ਵੀ ਸਿਹਤਮੰਦ ਹੁੰਦੇ ਹਾਂ, ਅਤੇ ਸਾਨੂੰ ਅੰਦਰੋਂ ਮਨ ਦੀ ਸ਼ਾਂਤੀ ਮਿਲਦੀ ਹੈ, ਕਿਉਂਕਿ ਯੋਗਾ ਸਰੀਰ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਸਿਹਤਮੰਦ ਰੱਖਣ ਵਿੱਚ ਬਹੁਤ ਮਹੱਤਵਪੂਰਨ ਭੂਮਿਕਾ ਨਿਭਾਉਂਦਾ ਹੈ। ਇਸ ਦੌਰਾਨ ਸੀ ਐਮ ਦੀਆਂ ਯੋਗਸ਼ਾਲਾਵਾਂ ਰਾਹੀਂ ਯੋਗ ਨਾਲ ਜੁੜਨ ਵਾਲੇ ਲੋਕਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਕਦੇ ਨਹੀਂ ਸੋਚਿਆ ਸੀ ਕਿ ਪੰਜਾਬ ਸਰਕਾਰ ਅਜਿਹੀ ਯੋਜਨਾ ਸ਼ੁਰੂ ਕਰੇਗੀ, ਜਿਸ ਨਾਲ ਪੂਰੇ ਪੰਜਾਬ ਦੇ ਲੋਕਾਂ ਨੂੰ ਲਾਭ ਹੋਵੇਗਾ ਅਤੇ ਉਨ੍ਹਾਂ ਦੀ ਸਿਹਤ ਵਿੱਚ ਸੁਧਾਰ ਹੋਵੇਗਾ। ਉਹ ਬਹੁਤ ਵਧੀਆ ਮਹਿਸੂਸ ਕਰਦੇ ਹਨ। ਉਹ ਮਹਿਸੂਸ ਕਰਦੇ ਹਨ ਕਿ ਉਹ ਆਪਣੇ ਲਈ ਕੁਝ ਕਰ ਰਹੇ ਹਨ। ਉਹ ਆਪਣੇ ਲਈ ਇੱਕ ਘੰਟਾ ਕੱਢ ਰਹੇ ਹਨ ਜੋ ਕਿ ਘਰ ਦੇ ਕੰਮਾਂ ਤੋਂ ਬਿਲਕੁਲ ਵੱਖਰਾ ਹੈ। ਉਹਨਾਂ ਨੇ ਕਦੇ ਨਹੀਂ ਸੋਚਿਆ ਸੀ ਕਿ ਉਨ੍ਹਾਂ ਦੀ ਜ਼ਿੰਦਗੀ ਵਿੱਚ ਵੀ ਇੰਨਾ ਵੱਡਾ ਬਦਲਾਅ ਆਵੇਗਾ, ਇਸ ਬਦਲਾਅ ਲਈ ਉਹ ਸਾਰੇ ਪੰਜਾਬ ਸਰਕਾਰ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬਹੁਤ ਧੰਨਵਾਦੀ ਹਨ ਜਿਨ੍ਹਾਂ ਨੇ ਇਸ ਮੁਹਿੰਮ ਦੀ ਸ਼ੁਰੂਆਤ ਕੀਤੀ। ਉਨ੍ਹਾਂ ਦੱਸਿਆ ਕਿ ਇਹ ਕਲਾਸਾਂ ਮੋਹਾਲੀ ਦੇ ਫੇਜ 11 ਅਤੇ ਫੇਜ 10 ਵਿੱਚ ਟ੍ਰੇਨਰ ਸੰਜੇ ਸਲੂਜਾ ਦੁਆਰਾ ਲਈਆਂ ਜਾ ਰਹੀਆਂ ਹਨ, ਸੰਜੇ ਸਲੂਜਾ ਦੁਆਰਾ 6 ਕਲਾਸਾਂ ਲਈਆਂ ਜਾ ਰਹੀਆਂ ਹਨ।

# ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ 'ਚ ਅਲੂਮਨੀ ਮੀਟ ਦਾ ਆਯੋਜਨ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਡਤ ਜਗਤ ਰਾਮ ਸਰਕਾਰੀ ਬਹੁਤਕਨੀਕੀ ਕਾਲਜ ਹੁਸ਼ਿਆਰਪੁਰ ਵਿਖੇ ਜੇ. ਆਰ. ਗੌਰਮਿੰਟ ਪੌਲੀਟੈਕਨਿਕ ਕਾਲਜ, ਐਲੂਮਨੀ ਵੈਲਫੇਅਰ ਸੁਸਾਇਟੀ ਵੱਲੋਂ ਐਲੂਮਨੀ ਮੀਟ ਕਰਵਾਈ ਦਾ ਆਯੋਜਨ ਕਰਵਾਇਆ ਗਿਆ। ਮੀਟ 'ਚ ਸਾਲ 1974 ਤੋਂ 2016 ਤੱਕ ਬੈਚ ਦੇ ਮਕੈਨੀਕਲ, ਸਿਵਲ, ਇਲੈਕਟ੍ਰਿਕਲ, ਕੰਪਿਊਟਰ, ਈ ਸੀ ਈ, ਪਲਾਸਟਿਕ ਟੈਕ ਅਤੇ ਫਾਰਮੇਸੀ ਡਿਪਲੋਮਾ ਦੇ ਪਾਸ ਹੋਏ ਵਿਦਿਆਰਥੀਆਂ ਨੇ ਹਿੱਸਾ ਲਿਆ। ਸਾਲ 1956 ਬੈਚ ਦੇ ਪਰਮਜੀਤ ਸਿੰਘ ਨੇ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋ ਕੇ ਸ਼ਿਰਕਤ ਕੀਤੀ। ਮੁੱਖ ਮਹਿਮਾਨ ਵਜੋਂ ਕਾਲਜ ਦੇ ਪ੍ਰਿੰਸੀਪਲ ਰਾਜੇਸ਼ ਕੁਮਾਰ ਧੁੰਨਾ ਸ਼ਾਮਲ ਹੋਏ।ਮੀਟ ਦੀ ਆਰੰਭਤਾ ਸ਼ਬਦ ਗਾਇਨ ਨਾਲ ਕੀਤੀ ਗਈ, ਉਪਰੰਤ ਕਾਲਜ ਵਿਦਿਆਰਥੀਆਂ ਨੇ ਰੰਗਾਰੰਗ ਸੱਭਿਆਚਾਰਕ ਪ੍ਰੋਗਰਾਮਾਂ ਦੀ ਪੇਸ਼ਕਾਰੀ ਕਰਕੇ ਹਾਜ਼ਰੀਨ ਦਾ ਰੰਗ ਬੰਨ੍ਹਿਆ। ਸਾਬਕਾ ਵਿਦਿਆਰਥੀਆਂ ਨੇ ਕਾਲਜ 'ਚ ਬਿਤਾਏ ਯਾਦਗਾਰ ਦਿਨਾਂ ਨੂੰ ਚੇਤੇ ਕੀਤਾ ਅਤੇ ਹਾਜ਼ਰੀਨ ਨਾਲ ਸਾਂਝ ਪੁਆਈ। ਉਨ੍ਹਾਂ ਆਪਣੇ ਅਧਿਆਪਕਾਂ ਨੂੰ ਯਾਦ ਕੀਤਾ, ਉੱਥੇ ਹੀ ਅਧਿਆਪਕਾਂ ਵੱਲੋਂ ਉਨ੍ਹਾਂ ਦੇ ਹੁਨਰ ਨੂੰ ਨਿਖਾਰਨ ਅਤੇ ਜੀਵੀਕਾ ਪ੍ਰਾਪਤ ਕਰਨ ਵਿਚ ਪਾਏ ਵੱਡਮੁੱਲੇ ਯੋਗਦਾਨ ਨੂੰ ਚੇਤੇ ਕੀਤਾ। ਜਿਸ ਸਦਕਾ ਕਾਲਜ ਤੋਂ ਪੜ੍ਹੇ ਵਿਦਿਆਰਥੀ ਅੱਜ ਅੰਤਰ ਰਾਸ਼ਟਰੀ ਅਤੇ ਰਾਸ਼ਟਰੀ ਪੱਧਰ 'ਤੇ ਵੱਖ-ਵੱਖ ਵਿਭਾਗਾਂ/ ਖੇਤਰਾਂ ਵਿਚ ਸੇਵਾਵਾਂ ਨਿਭਾਅ ਰਹੇ ਹਨ। ਇਸ ਮੌਕੇ ਸਾਬਕਾ ਵਿਦਿਆਰਥੀਆਂ ਦੇ ਕਾਲਜ ਵਿਚ ਪੜ੍ਹਦੇ ਸਮੇਂ ਬਿਤਾਏ ਸੁਨਹਿਰੀ ਪਲਾਂ ਨੂੰ ਤਸਵੀਰਾਂ ਰਾਹੀਂ ਸਲਾਈਡ ਸ਼ੋ ਦੁਆਰਾ ਪੇਸ਼ ਕੀਤਾ ਗਿਆ। ਮੁੱਖ ਮਹਿਮਾਨ ਅਤੇ ਕਾਲਜ ਪ੍ਰਿੰਸੀਪਲ ਰਾਜੇਸ਼ ਕੁਮਾਰ ਧੁੰਨਾ ਨੇ ਸਾਬਕਾ ਵਿਦਿਆਰਥੀਆਂ ਨੂੰ ਕਾਲਜ ਵਿੱਚ ਚੱਲ ਰਹੇ ਮੌਜੂਦਾ ਕੋਰਸਾਂ ਅਤੇ ਕਾਲਜ ਦੀਆਂ ਪ੍ਰਾਪਤੀਆਂ ਤੋਂ ਜਾਣੂ ਕਰਵਾਇਆ।ਇਸ ਮੌਕੇ ਸਾਬਕਾ ਵਿਦਿਆਰਥੀਆਂ ਨੇ ਭਵਿੱਖ ਵਿਚ ਵੀ ਕਾਲਜ ਅਤੇ ਵਿਦਿਆਰਥੀਆਂ ਦੀ ਬੇਹਤਰੀ ਲਈ ਆਪਣੀ ਸੁਸਾਇਟੀ ਰਾਹੀਂ ਬਣਦਾ ਯੋਗਦਾਨ ਪਾਉਣ ਦਾ ਪ੍ਰਣ ਲਿਆ। ਮੰਚ ਸੰਚਾਲਨ ਜਸਵੰਤ ਕੌਰ, ਸਪਨਾ ਅਤੇ ਗੁਰਪ੍ਰੀਤ ਸਿੰਘ ਦੁਆਰਾ ਕੀਤਾ ਗਿਆ।

# ਜਿੰਪਾ ਨੇ ਸਰਕਾਰੀ ਸਕੂਲ ਨਾਰਾ 'ਚ 15 ਲੱਖ ਰੁਪਏ ਦੀ ਲਾਗਤ ਨਾਲ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ




**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਪੰਜਾਬ ਸਿੱਖਿਆ ਕ੍ਰਾਂਤੀ ਮੁਹਿੰਮ ਤਹਿਤ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਅੱਜ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਨਾਰਾ ਵਿਖੇ 15 ਲੱਖ ਰੁਪਏ ਦੀ ਲਾਗਤ ਨਾਲ ਬਣੇ ਦੋ ਕਲਾਸਰੂਮਾਂ ਦਾ ਉਦਘਾਟਨ ਕੀਤਾ। ਵਿਧਾਇਕ ਜਿੰਪਾ ਨੇ ਕਿਹਾ ਕਿ ਪੰਜਾਬ ਵਿੱਚ ਪਹਿਲੀ ਵਾਰ ਸਕੂਲਾਂ ਦਾ ਐਨੇ ਵੱਡੇ ਪੱਧਰ 'ਤੇ ਨਵੀਨੀਕਰਨ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਸੂਬੇ ਦੇ 20,000 ਸਕੂਲਾਂ ਨੂੰ ਅਪਗ੍ਰੇਡ ਕੀਤਾ ਗਿਆ ਹੈ ਅਤੇ ਉੱਥੇ ਹਰ ਮੁੱਢਲੀ ਸਹੂਲਤ ਪ੍ਰਦਾਨ ਕੀਤੀ ਗਈ ਹੈ।ਉਨ੍ਹਾਂ ਕਿਹਾ ਕਿ ਸਿੱਖਿਆ ਦੇ ਖੇਤਰ ਵਿੱਚ ਇਹ ਕ੍ਰਾਂਤੀ ਨਾ ਸਿਰਫ਼ ਵਿਦਿਆਰਥੀਆਂ ਦੇ ਭਵਿੱਖ ਨੂੰ ਰੌਸ਼ਨ ਕਰੇਗੀ ਸਗੋਂ ਸਮਾਜ ਵਿਚ ਸਕਾਰਾਤਮਕ ਬਦਲਾਅ ਲਿਆਉਣ ਵਿਚ ਵੀ ਮਦਦ ਕਰੇਗੀ। ਇਸ ਦੌਰਾਨ ਉਨ੍ਹਾਂ ਵਿਦਿਆਰਥੀਆਂ ਅਤੇ ਅਧਿਆਪਕਾਂ ਨਾਲ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਭਰੋਸਾ ਦਿੱਤਾ ਕਿ ਸਕੂਲ ਦੇ ਵਿਕਾਸ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਸਰਪੰਚ ਚੱਕ ਸਾਧੂ ਅਮਰਜੀਤ ਸਿੰਘ, ਸਰਪੰਚ ਠਰੋਲੀ ਅਮਰਜੀਤ, ਪ੍ਰਿਤਪਾਲ ਸਿੰਘ, ਕੰਚਨ ਦਿਓਲ, ਸੰਤੋਸ਼ ਸੈਣੀ, ਚੰਦਰ ਪ੍ਰਕਾਸ਼ ਸੈਣੀ, ਬਾਬਾ ਰਾਮ ਮੂਰਤੀ ਤੋਂ ਇਲਾਵਾ ਸਿੱਖਿਆ ਵਿਭਾਗ ਦੇ ਅਧਿਕਾਰੀ ਵੀ ਹਾਜ਼ਰ ਸਨ।

# ਗੁਰੂ ਨਾਨਕ ਖਾਲਸਾ ਕਾਲਜ ਦੇ ਰੋਹਿਤ ਦੀ ਪੰਜਾਬ ਰਗਬੀ ਟੀਮ 'ਚ ਚੋਣ




**ਸੁਲਤਾਨਪੁਰ ਲੋਧੀ (ਹਨੀ)** ਸਥਾਨਕ ਗੁਰੂ ਨਾਨਕ ਖਾਲਸਾ ਕਾਲਜ ਦੇ ਬੀ.ਏ ਭਾਗ ਦੂਜਾ ਦੇ ਵਿਦਿਆਰਥੀ ਰੋਹਿਤ ਨੂੰ ਪੰਜਾਬ ਰਗਬੀ ਸੀਨੀਅਰ ਟੀਮ'ਚ ਚੁਣਿਆ ਗਿਆ। ਬੀਤੇ ਸਮੇਂ 'ਚ ਕਾਲਜ ਦੀ ਰਗਬੀ ਟੀਮ ਨੇ ਸਟੇਟ ਲੈਵਲ ਵਿੱਚ ਭਾਗ ਲਿਆ ਸੀ, ਜੋ ਕਿ ਕੋਟਕਪੂਰੇ ਵਿੱਚ ਕਰਵਾਇਆ ਗਿਆ ਸੀ। ਇਸ ਟੂਰਨਾਮੈਂਟ 'ਚ ਰੋਹਿਤ ਦਾ ਪ੍ਰਦਰਸ਼ਨ ਬਹੁਤ ਵਧੀਆ ਰਿਹਾ। ਜਿਸ ਕਾਰਨ ਉਸ ਦੀ ਚੋਣ ਪੰਜਾਬ ਰਗਬੀ ਸੀਨੀਅਰ ਟੀਮ ਵਿੱਚ ਕੀਤੀ ਗਈ। ਇਹ ਟੀਮ 28, 29 ਅਪ੍ਰੈਲ ਨੂੰ ਗਵਾਹਟੀ ਵਿਖੇ ਹੋ ਰਹੇ ਨੈਸ਼ਨਲ ਟੂਰਨਾਮੈਂਟ ਵਿੱਚ ਭਾਗ ਲਵੇਗੀ। ਕਾਲਜ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਇੰਜੀਨੀਅਰ ਸਵਰਨ ਸਿੰਘ, ਸਕੱਤਰ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ, ਉਪ ਪ੍ਰਧਾਨ ਇੰਜੀਨੀਅਰ ਹਰਨਿਆਮਤ ਕੌਰ ਅਤੇ ਮੈਂਬਰ ਇੰਜੀਨੀਅਰ ਨਿਮਰਤਾ ਕੌਰ ਨੇ ਹੋਣਹਾਰ ਵਿਦਿਆਰਥੀ ਰੋਹਿਤ ਨੂੰ ਇਸ ਉਪਲਬਧੀ ਲਈ ਮੁਬਾਰਕਬਾਦ ਦਿੱਤੀ। ਕਾਲਜ ਦੇ ਕਾਰਜਕਾਰੀ ਪ੍ਰਿੰਸੀਪਲ ਜਸਬੀਰ ਕੌਰ ਅਤੇ ਸਰੀਰਕ ਸਿੱਖਿਆ ਵਿਭਾਗ ਦੇ ਮੁਖੀ ਪ੍ਰੋ. ਹਰਜਾਪ ਸਿੰਘ ਨੇ ਵਿਦਿਆਰਥੀ ਨੂੰ ਵਧਾਈ ਦਿੰਦਿਆਂ ਕਿਹਾ ਕਿ ਰੋਹਿਤ ਦੀ ਸੀਨੀਅਰ ਟੀਮ ਵਿੱਚ ਚੋਣ ਕਾਲਜ ਲਈ ਮਾਣ ਵਾਲੀ ਗੱਲ ਹੈ।

# ਸੇਂਟ ਸੋਲਜਰ ਕਾਲਜ ਦੇ ਵਿਦਿਆਰਥੀਆਂ ਵੱਲੋਂ ਐੱਸ ਐੱਸ ਪੀ ਦਫ਼ਤਰ ਦਾ ਦੌਰਾ



**ਜਲੰਧਰ (ਇਕਬਾਲ ਸਿੰਘ ਉੱਭੀ)**- ਸੇਂਟ ਸੋਲਜਰ ਲਾਅ ਕਾਲਜ ਦੇ 32 ਵਿਦਿਆਰਥੀਆਂ ਨੇ ਅਪਰਾਧ ਜਾਂਚ ਵਿੱਚ ਪੁਲਸ ਦੀ ਭੂਮਿਕਾ ਬਾਰੇ ਮੁੱਲ-ਵਰਧਿਤ ਕੋਰਸ ਦੀ ਚੋਣ ਕਰਨ ਤੋਂ ਬਾਅਦ, ਇਸ ਵਿਸ਼ੇ 'ਤੇ ਚਰਚਾ ਕਰਨ ਲਈ ਐਸਐਸਪੀ ਦਫ਼ਤਰ ਦਾ ਦੌਰਾ ਕੀਤਾ। ਜਿਸ ਵਿੱਚ ਪ੍ਰੋ. ਸੰਦੀਪ ਰਾਣੀ ਅਤੇ ਪ੍ਰੋ. ਪ੍ਰਦੀਪ ਕੁਮਾਰ ਵਿਦਿਆਰਥੀਆਂ ਦੇ ਨਾਲ ਸਨ । ਇਸ ਮੌਕੇ ਐਸ.ਐਸ.ਪੀ ਹਰਵਿੰਦਰ ਸਿੰਘ ਵਿਰਕ, ਐਸ.ਪੀ ਸਰਬਜੀਤ ਰਾਏ ਅਤੇ ਡਿਪਟੀ ਜ਼ਿਲ੍ਹਾ ਅਟਾਰਨੀ (ਲੀਗਲ) ਅਰਵਿੰਦ ਸਹਾਏ ਨੇ ਵਿਦਿਆਰਥੀਆਂ ਨੂੰ ਸੰਬੋਧਨ ਕੀਤਾ। ਖੁਸ਼ਬੂ, ਕਮਲਪ੍ਰੀਤ, ਹਰਮੇਸ਼ ਅਤੇ ਦੀਪਾਂਸ਼ੂ ਸਮੇਤ ਵਿਦਿਆਰਥੀਆਂ ਨੇ ਸਵਾਲ ਪੁੱਛੇ ਜਿਨ੍ਹਾਂ ਦੇ ਮਾਹਿਰਾਂ ਦੁਆਰਾ ਤਸੱਲੀਬਖਸ਼ ਜਵਾਬ ਦਿੱਤੇ ਗਏ। ਵਿਦਿਆਰਥੀ ਖੁਸ਼ ਸਨ ਕਿ ਉਨ੍ਹਾਂ ਨੂੰ ਵਿਹਾਰਕ ਸਿੱਖਣ ਦਾ ਤਜਰਬਾ ਮਿਲਿਆ। ਉਨ੍ਹਾਂ ਨੇ ਇਸ ਸਾਰਥਕ ਪ੍ਰਦਰਸ਼ਨ ਲਈ ਕਾਲਜ ਡਾਇਰੈਕਟਰ ਡਾ. ਐਸ.ਸੀ. ਸ਼ਰਮਾ ਅਤੇ ਗਰੁੱਪ ਚੇਅਰਮੈਨ ਅਨਿਲ ਚੋਪੜਾ ਅਤੇ ਵਾਈਸ ਚੇਅਰਮੈਨ ਸ਼੍ਰੀਮਤੀ ਸੰਗੀਤਾ ਚੋਪੜਾ ਦਾ ਧੰਨਵਾਦ ਕੀਤਾ।

# ਤਪਦਿਕ ਦੀ ਸ਼ੁਰੂਆਤੀ ਪਛਾਣ ਤੇ ਇਲਾਜ ਬਹੁਤ ਅਹਿਮ : ਡਾ. ਸੰਗੀਤਾ ਜੈਨ



**ਮੋਹਾਲੀ (ਗੁਰਜੀਤ ਬਿੱਲਾ, ਕ੍ਰਿਸ਼ਨ ਗਰਗ)** ਬੱਚਿਆਂ ਅੰਦਰ ਤਪਦਿਕ ਰੋਗ ਦੇ ਖ਼ਾਤਮੇ ਸਬੰਧੀ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਜਿਲ੍ਹਾ ਪੱਧਰੀ ਮੀਟਿੰਗ ਹੋਈ ਜਿਸ ਵਿਚ ਸਿਹਤ ਅਧਿਕਾਰੀਆਂ ਤੋਂ ਇਲਾਵਾ ਗ਼ੈਰ—ਸਰਕਾਰੀ ਸੰਸਥਾ ਵਿਸ਼ਵ ਸਿਹਤ ਭਾਈਵਾਲ ਦੇ ਨੁਮਾਇੰਦੇ ਸ਼ਾਮਲ ਹੋਏ।ਮੀਟਿੰਗ ਦਾ ਉਦੇਸ਼ ਬੱਚਿਆਂ ਵਿੱਚ ਟੀਬੀ ਦੇ ਲੱਛਣਾਂ, ਨਿਦਾਨ ਅਤੇ ਇਲਾਜ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ।ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਛੋਟੇ ਬੱਚਿਆਂ ਵਿੱਚ ਟੀਬੀ ਦੀ ਜਾਂਚ ਵਿੱਚ ਚੁਣੌਤੀਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਉਹ ਅਕਸਰ ਆਪਣੇ ਲੱਛਣਾਂ ਨੂੰ ਸਪੱਸ਼ਟ ਤੌਰ 'ਤੇ ਪ੍ਰਗਟ ਕਰਨ ਵਿੱਚ ਅਸਮਰੱਥ ਹੁੰਦੇ ਹਨ ਅਤੇ ਜਾਂਚ ਲਈ ਨਮੂਨੇ ਇਕੱਠੇ ਕਰਨਾ ਮੁਸ਼ਕਲ ਹੋ ਸਕਦਾ ਹੈ।ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਸ਼ੁਰੂਆਤੀ ਪਛਾਣ ਅਤੇ ਇਲਾਜ ਹੋਰ ਵੀ ਮਹੱਤਵਪੂਰਨ ਹੈ।ਜ਼ਿਲ੍ਹਾ ਟੀਬੀ ਅਫ਼ਸਰ, ਡਾ. ਨਵਦੀਪ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਦੋ ਹਫ਼ਤਿਆਂ ਤੋਂ ਵੱਧ ਸਮੇਂ ਤੱਕ ਲਗਾਤਾਰ ਖੰਘ ਅਤੇ ਬੁਖਾਰ, ਭਾਰ ਘਟਣਾ, ਭੁੱਖ ਨਾ ਲੱਗਣਾ, ਰਾਤ ਨੂੰ ਪਸੀਨਾ ਆਉਣਾ, ਜਾਂ ਥੁੱਕ ਵਿੱਚ ਖੂਨ ਆਉਣ ਵਰਗੇ ਲੱਛਣ ਦਿਖਾਈ ਦਿੰਦੇ ਹਨ ਤਾਂ ਉਨ੍ਹਾਂ ਨੂੰ ਤੁਰੰਤ ਬੱਚਿਆਂ ਦੇ ਡਾਕਟਰ ਕੋਲ ਲਿਜਾਇਆ ਜਾਣਾ ਚਾਹੀਦਾ ਹੈ।ਡਾ. ਅਮਰਪ੍ਰੀਤ ਸਿੰਘ ਅਤੇ ਸਟੇਟ ਟੈਕਨੀਕਲ ਮੈਨੇਜਰ (ਡਬਲਯੂਐਚਪੀ) ਡਾ. ਸਤੀਸ਼ ਦੁਆਰਾ ਟੀਬੀ ਨਾਲ ਸਬੰਧਤ ਮੁੱਦਿਆਂ 'ਤੇ ਪੇਸ਼ਕਾਰੀਆਂ ਦਿੱਤੀਆਂ ਗਈਆਂ।


# ਓਮਾਨ ਤੋਂ ਪਰਤੀ ਲੜਕੀ ਨੇ ਸੁਣਾਈ ਹੱਡਬੀਤੀ

## ● ਸਹੇਲੀ ਨੇ ਆਪ ਭਾਰਤ ਵਾਪਸ ਆਉਣ ਲਈ ਉੱਥੇ ਫਸਾਇਆ : ਪੀੜਤਾ



**ਸੁਲਤਾਨਪੁਰ ਲੋਧੀ (ਬਲਵੀਰ ਸ਼ਾਲ੍ਹਪੁਰੀ)** ਅਰਬ ਦੇਸ਼ਾਂ ਵਿੱਚ ਲੜਕੀ ਤੇ ਹੋ ਰਹੇ ਤਸ਼ੱਦਦ ਦੇ ਮਾਮਲੇ ਆਏ ਦਿਨ ਖਬਰਾਂ ਦੀ ਸੁਰੱਖੀਆਂ ਵਿੱਚ ਰਹਿੰਦੇ ਹਨ।ਇਹ ਮਾਮਲੇ ਉਸ ਵੇਲੇ ਹੋਰ ਵੀ ਗੰਭੀਰ ਰੂਪ ਧਾਰ ਲੈਂਦੇ ਹਨ, ਜਦੋਂ ਇਹਨਾਂ ਲੜਕੀਆਂ ਨੂੰ ਫਸਾਉਣ ਵਿੱਚ ਉਹਨਾਂ ਦੇ ਰਿਸ਼ਤੇਦਾਰਾਂ ਦੀ ਹੀ ਵੱਡੀ ਭੂਮਿਕਾ ਹੁੰਦੀ ਹੈ। ਅਜਿਹਾ ਹੀ ਇਕ ਮਾਮਲਾ ਕਪੂਰਥਲੇ ਤੋਂ ਸਾਹਮਣੇ ਆਇਆ ਹੈ ਜਿੱਥੇ ਇੱਕ ਸਖੀ ਸਹੇਲੀ ਵੱਲੋਂ ਖੁਦ ਦੀ ਭਾਰਤ ਵਾਪਸੀ ਲਈ ਆਪਣੀ ਸਹੇਲੀ ਨੂੰ ਮਸਕਟ ਓਮਾਨ ਵਿੱਚ ਫਸਾ ਦਿੱਤਾ ਗਿਆ।ਰਾਜ ਸਭਾ ਮੈਂਬਰ ਤੇ ਵਾਤਾਵਰਣ ਪ੍ਰੇਮੀ ਸੰਤ ਬਲਬੀਰ ਸਿੰਘ ਸੀਚੇਵਾਲ ਦੇ ਯਤਨਾ ਸਦਕਾ ਵਾਪਸ ਪਰਤੀ ਉਸ ਪੀੜਤਾ ਨੇ ਹੱਡਬੀਤੀ ਸੁਣਾਈ।ਉਸਨੇ ਦੱਸਿਆ ਕਿ ਉਸਦੀ ਸਹੇਲੀ ਜਾਣਦੀ ਸੀ ਕਿ ਸਾਡੇ ਘਰ ਦੇ ਹਲਾਤ ਠੀਕ ਨਹੀਂ ਹਨ ਜਿਸਦਾ ਫਾਇਦਾ ਉਠਾ ਕਿ ਉਸਦੀ ਸਹੇਲੀ ਨੇ ਉਸਨੂੰ ਚੰਗੀ ਤਨਖਾਹ ਤੇ ਵਧੀਆ ਸੈਲੂਨ ਵਿੱਚ ਨੌਕਰੀ ਦਾ ਝਾਂਸਾ ਦੇ ਕੇ ਉਸਨੂੰ ਓਮਾਨ ਬੁਲਾ ਲਿਆ ਸੀ।ਨਿਰਮਲ ਕੁਟੀਆ ਸੁਲਤਾਨਪੁਰ ਲੋਧੀ ਪਹੁੰਚੀ ਪੜੀਤਾ ਨੇ ਵੱਡੇ ਖੁਲਾਸੇ ਕਰਦੇ ਦੱਸਿਆ ਕਿ ਉਥੇ ਦੇ ਹਲਾਤ ਲੜਕੀਆਂ ਦੇ ਰਹਿਣ ਯੋਗ ਨਹੀ ਹਨ।ਉਸਨੇ ਦੱਸਿਆ ਕਿ ਉਸਨੂੰ ਉੱਥੇ ਜਿਸ ਕੰਮ ਲਈ ਬੁਲਾਇਆ ਗਿਆ ਸੀ ਉਹ ਕੰਮ ਨਹੀਂ ਦਿੱਤਾ ਗਿਆ ਤੇ ਉਸ ਕੋਲੋਂ ਘਰ ਦਾ ਕੰਮ ਕਰਵਾਇਆ ਜਾ ਰਿਹਾ ਸੀ। ਸਾਰਾ ਦਿਨ ਕੰਮ ਕਰਵਾ ਕਿ ਉਸਨੂੰ ਖਾਣ ਲਈ ਨਹੀਂ ਸੀ ਦਿੱਤਾ ਜਾ ਰਿਹਾ ਹੈ ਤੇ ਉਸ ਨਾਲ ਉੱਥੇ ਬਹੁਤ ਹੀ ਅਣਮਨੁੱਖੀ ਵਤੀਰਾ ਕੀਤਾ ਜਾ ਰਿਹਾ ਸੀ। ਉਸਨੇ ਦੱਸਿਆ ਕਿ ਉੱਥੇ ਪਹੁੰਚਦੇ ਹੀ ਉਸਦਾ ਫੋਨ ਖੋਹ ਲਿਆ ਗਿਆ ਸੀ ਤੇ ਤਨਖਾਹ ਦੇਣ ਦੀ ਬਜਾਏ ਉਸ ਕੋਲ ਜਿਹੜੇ ਪੈਸੇ ਸੀ ਉਹ ਵੀ ਖੋਹ ਲਏ ਗਏ। ਉਸਨੇ ਦੱਸਿਆ ਕਿ ਉਸਨੂੰ ਜਿੱਥੇ ਰੱਖਿਆ ਗਿਆ ਸੀ ਉੱਥੇ ਉਸ ਨਾਲ ਹੋਰ ਵੀ ਬਹੁਤ ਲੜਕੀਆਂ ਸੀ ਜੋ ਵਾਪਸੀ ਦੀ ਉਮੀਦ ਤੱਕ ਛੱਡ ਚੁੱਕੀਆਂ ਸਨ। ਉਸਨੇ ਲੜਕੀਆਂ ਨੂੰ ਅਪੀਲ ਕੀਤੀ ਕਿ ਉਹ ਕਿਸੇ ਆਪਣੇ ਪਿੱਛੇ ਲੱਗ ਕਿ ਅਰਬ ਵਿੱਚ ਨਾ ਜਾਣ। ਪੀੜਤ ਦੇ ਨਾਲ ਪਹੁੰਚੇ ਉਸਦੇ ਪਰਿਵਾਰ ਨੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਦਾ ਧੰਨਵਾਦ ਕਰਦਿਆ ਕਿਹਾ ਕਿ ਉਹਨਾਂ ਦੇ ਯਤਨਾ ਸਦਕਾ ਹੀ ਉਹਨਾਂ ਦੀ ਲੜਕੀ ਮਹੀਨੇ ਦੇ ਅੰਦਰ ਅੰਦਰ ਵਾਪਿਸ ਪਰਤ ਆਈ ਹੈ। ਪੀੜਤਾ ਦੇ ਪਰਿਵਾਰ ਨੇ ਦੱਸਿਆ ਕਿ ਜੇਕਰ ਬਾਬਾ ਜੀ ਵੱਲੋਂ ਤੁਰੰਤ ਕਾਰਵਾਈ ਨਾ ਕੀਤੀ ਜਾਂਦੀ ਤਾਂ ਉਥੇ ਉਹਨਾਂ ਦੀ ਲੜਕੀ ਦਾ ਵੀਜ਼ਾ ਵਧਾ ਕਿ ਉਸਨੂੰ 2 ਸਾਲ ਤੱਕ ਬੰਦੀ ਬਣਾ ਲਿਆ ਜਾਣਾ ਸੀ। ਇਸ ਮੌਕੇ ਜਾਣਕਾਰੀ ਦਿੰਦਿਆ ਸੰਤ ਸੀਚੇਵਾਲ ਨੇ ਦੱਸਿਆ ਕਿ ਜਦੋਂ ਤੱਕ ਅਰਬ ਦੇਸ਼ਾਂ ਵਿੱਚ ਲੜਕੀਆਂ ਨੂੰ ਇਸ ਤਰ੍ਹਾਂ ਫਸਾ ਰਹੇ ਗਿਰੋਹ ਤੇ ਨੱਥ ਨਹੀ ਪਾਈ ਜਾਂਦੀ ਉਦੋਂ ਤੱਕ ਇਸ ਵਤੀਰੇ ਨੂੰ ਰੋਕਿਆ ਨਹੀ ਜਾ ਸਕਦਾ। ਉਹਨਾਂ ਕਿਹਾ ਕਿ ਇਹ ਅਜਿਹਾ ਜਾਲ ਜਿੱਥੇ ਆਪਣੇ ਹੀ ਆਪਣਿਆਂ ਨੂੰ ਫਸਾ ਰਹੇ ਹਨ। ਉਹਨਾਂ ਵਿਦੇਸ਼ ਮੰਤਰਾਲੇ ਤੇ ਭਾਰਤੀ ਦੂਤਾਵਾਸ ਦਾ ਧੰਨਵਾਦ ਕੀਤਾ। ਸੰਤ ਸੀਚੇਵਾਲ ਨੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਗਿਰੋਹ ਤੋਂ ਬੱਚ ਕਿ ਰਹਿਣ ਜੋ ਮਜ਼ਬੂਰੀ ਤੇ ਗਰੀਬੀ ਦਾ ਫਾਇਦਾ ਉਠਾ ਕਿ ਲੜਕੀਆਂ ਨੂੰ ਅਰਬ ਦੇਸ਼ਾਂ ਵਿੱਚ ਫਸਾ ਰਹੇ ਹਨ।

# ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਵੱਲ ਪ੍ਰੇਰਿਤ ਕਰਨ ਲਈ ਗਤੀਵਿਧੀ ਕਰਵਾਈ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਸਰਕਾਰੀ ਕਾਲਜ ਡੇਰਾ ਬੱਸੀ ਵਿਖੇ ਪ੍ਰਿੰਸੀਪਲ ਪ੍ਰੋ. ਗਿਤਾਂਜਲੀ ਕਾਲੜਾ ਦੀ ਸਰਪ੍ਰਸਤੀ ਹੇਠ ਕਾਲਜ ਲਾਇਬ੍ਰੇਰੀ ਵੱਲੋਂ ਵਿਸ਼ਵ ਪੁਸਤਕ ਦਿਵਸ ਸਮਰਪਿਤ ਦੋ ਪੁਸਤਕਾਂ, ਦੋ ਹਫਤੇ ਸਿਰਲੇਖ ਹੇਠ ਗਤੀਵਿਧੀ ਕਰਵਾਈ ਗਈ, ਜਿਸ ਅਧੀਨ ਵਿਦਿਆਰਥੀਆਂ ਨੂੰ ਦੋ ਹਫ਼ਤੇ ਵਿੱਚ ਦੋ ਕਿਤਾਬਾਂ ਪੜ੍ਹਨ ਲਈ ਦਿੱਤੀਆਂ ਗਈਆਂ ਅਤੇ ਉਹਨਾਂ ਪੁਸਤਕਾਂ ਦੇ ਰਿਵਿਊ ਲਿਖਣ ਲਈ ਕਿਹਾ ਗਿਆ।ਇਸ ਵਿੱਚ ਵਿਦਿਆਰਥੀਆਂ ਨੇ ਵੱਧ ਚੜ੍ਹ ਕੇ ਭਾਗ ਲਿਆ।ਲਾਇਬ੍ਰੇਰੀਅਨ ਸ੍ਰੀਮਤੀ ਭੁਪਿੰਦਰ ਕੌਰ ਨੇ ਦੱਸਿਆ ਕਿ ਅੱਜਕੱਲ੍ਹ ਦੇ ਸੋਸ਼ਲ ਮੀਡੀਆ ਦੇ ਦੌਰ ਵਿੱਚ ਵਿਦਿਆਰਥੀਆਂ ਨੂੰ ਪੁਸਤਕਾਂ ਪੜ੍ਹਨ ਵੱਲ ਪ੍ਰੇਰਿਤ ਕਰਨ ਲਈ ਇਹ ਗਤੀਵਿਧੀ ਕਰਵਾਈ ਗਈ।ਪ੍ਰਿੰਸੀਪਲ ਮੈਡਮ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਅਤੇ ਸਰਟੀਫਿਕੇਟ ਵੰਡੇ। ਇਸ ਕੰਪੀਟੀਸ਼ਨ ਵਿੱਚ ਮਨਪ੍ਰੀਤ ਕੌਰ ਨੇ ਪਹਿਲਾ, ਅਕਵੰਤ ਕੌਰ ਨੇ ਦੂਜਾ, ਲਵਪ੍ਰੀਤ ਸਿੰਘ ਨੇ ਤੀਜਾ ਅਤੇ ਏਕਤਾ ਨੇ ਚੌਥਾ ਸਥਾਨ ਹਾਸਿਲ ਕੀਤਾ। ਪ੍ਰਿੰਸੀਪਲ ਮੈਡਮ ਨੇ ਬਾਕੀ ਵਿਦਿਆਰਥੀਆਂ ਨੂੰ ਵੀ ਵੱਧ ਤੋਂ ਵੱਧ ਪੁਸਤਕਾਂ ਪੜ੍ਹਨ ਲਈ ਪ੍ਰੇਰਿਤ ਕੀਤਾ।

# ਭਗਵਾਨ ਵਾਲਮੀਕਿ ਯੂਥ ਕਮੇਟੀ ਵੱਲੋਂ ਜਗਜੀਤ ਜੱਗਾ ਟਾਂਡਾ ਸ਼ਹਿਰੀ ਪ੍ਰਧਾਨ ਨਿਯੁਕਤ : ਰਾਜਨ ਮਲਹੋਤਰਾ




**ਟਾਂਡਾ ਉੜਮੁੜ (ਜਸਵਿੰਦਰ ਸੰਧੂ, ਓਂਕਾਰ ਸਿੰਘ)**- ਭਗਵਾਨ ਵਾਲਮੀਕਿ ਯੂਥ ਕਮੇਟੀ ਨੂੰ ਹੋਰ ਮਜਬੂਤ ਕਰਨ ਅਤੇ ਨਵੀਂ ਰਣਨੀਤੀ ਤਿਆਰ ਕਰਨ ਸਬੰਧੀ ਵਿਚਾਰ ਵਟਾਂਦਰਾ ਕਰਨ ਲਈ ਅੱਜ ਯੂਥ ਕਮੇਟੀ ਦੇ ਸੂਬਾ ਪ੍ਰਧਾਨ ਰਾਜਨ ਮਲਹੋਤਰਾ ਦੀ ਅਗਵਾਈ ਵਿੱਚ ਇੱਕ ਮੀਟਿੰਗ ਦਾ ਆਯੋਜਨ ਕੀਤਾ ਗਿਆ ਜਿਸ ਵਿੱਚ ਵੱਖ-ਵੱਖ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਦੇ ਆਗੂਆਂ ਤੋਂ ਇਲਾਵਾ ਵਾਲਮੀਕਿ ਸੰਘਰਸ਼ ਮੋਰਚਾ ਭਾਰਤ ਦੇ ਪੰਜਾਬ ਪ੍ਰਧਾਨ ਮੋਨੂੰ ਤੇਜ਼ੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ।ਪ੍ਰਧਾਨ ਰਾਜਨ ਮਲਹੋਤਰਾ ਨੇ ਕਿਹਾ ਕਿ ਸਾਡੀ ਯੂਥ ਕਮੇਟੀ ਦਾ ਅਸਲ ਮਕਸਦ ਆਪਣੇ ਸਹੀ ਰਸਤਿਆਂ ਤੋਂ ਭਟਕੀ ਨੌਜਵਾਨ ਪੀੜੀ ਨੂੰ ਆਪਣੀ ਸੰਸਥਾ ਨਾਲ ਜੋੜ ਕੇ ਪੰਜਾਬੀ ਸੱਭਿਅਤਾ ਨਾਲ ਜੋੜਨਾ ਹੈ।ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਸਬੰਧੀ ਜਾਗ੍ਰਿਤ ਕਰਨ ਲਈ ਯੂਥ ਕਮੇਟੀ ਵੱਲੋਂ ਪੰਜਾਬ ਦੇ ਹਰ ਕਸਬਿਆਂ ਤੇ ਪਿੰਡਾਂ ਵਿੱਚ ਨੁੱਕੜ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ ਤਾਂ ਜੋ ਉਨ੍ਹਾਂ ਨੂੰ ਆਪਣੀ ਯੂਥ ਕਮੇਟੀ ਨਾਲ ਜੋੜ ਕੇ ਸੰਸਥਾ ਨੂੰ ਹੋਰ ਮਜਬੂਤ ਕੀਤਾ ਜਾ ਸਕੇ। ਉਨ੍ਹਾਂ ਕਿਹਾ ਕਿ ਭਗਵਾਨ ਵਾਲਮੀਕਿ ਯੂਥ ਕਮੇਟੀ ਪੰਜਾਬ ਦੀਆਂ ਪ੍ਰਾਪਤੀਆਂ ਅਤੇ ਕਾਰਗੁਜ਼ਾਰੀਆਂ ਨੂੰ ਵੇਖਦੇ ਹੋਏ ਕਈ ਨੌਜਵਾਨ ਸਾਡੀ ਸੰਸਥਾ ਨਾਲ ਜੁੜ ਰਹੇ ਹਨ।ਇਸ ਮੌਕੇ ਤੇ ਯੂਥ ਕਮੇਟੀ ਵੱਲੋਂ ਸਰਬ ਸੰਮਤੀ ਨਾਲ ਜਗਜੀਤ ਸਿੰਘ ਜੱਗਾ ਨੂੰ ਟਾਂਡਾ ਸ਼ਹਿਰੀ ਪ੍ਰਧਾਨ ਨਿਯੁਕਤ ਕਰਕੇ ਉਸਨੂੰ ਸਨਮਾਨਿਤ ਕੀਤਾ ਗਿਆ। ਜਗਜੀਤ ਸਿੰਘ ਜੱਗਾ ਨੇ ਸੰਸਥਾ ਦੇ ਸੰਚਾਲਕਾਂ ਨੂੰ ਭਰੋਸਾ ਦਿੱਤਾ ਕਿ ਮੈਨੂੰ ਪਾਰਟੀ ਪ੍ਰਤੀ ਜਿਹੜੀਆਂ ਜਿੰਮੇਦਾਰੀਆਂ ਸੌਂਪੀਆਂ ਗਈਆਂ ਹਨ ਮੈਂ ਉਨ੍ਹਾਂ ਜਿੰਮੇਦਾਰੀਆਂ ਨੂੰ ਪੂਰੀ ਤਨਦੇਹੀ ਨਾਲ ਨਿਭਾਵਾਂਗਾ। ਇਸ ਮੌਕੇ ਤੇ ਸਤਪਾਲ ਸਿੰਘ ਸੰਧੂ ਰੜਾ, ਪੰਜਾਬ ਸਕੱਤਰ ਵਿਜੇ ਮੱਟੂ, ਮੀਤ ਪ੍ਰਧਾਨ ਕੀਮਤੀ ਲਾਲ, ਖਜਾਨਚੀ ਮੋਹਿਤ ਧੀਰ, ਜਨਰਲ ਸਕੱਤਰ ਹਰਪ੍ਰੀਤ ਸੱਭਰਵਾਲ, ਮੁੱਖ ਬੁਲਾਰਾ ਰਾਮ ਪਾਲ, ਸੁਰਿੰਦਰ ਆਦੀਆ, ਡਾ. ਭੱਟੀ ਟਾਂਡਾ, ਲੱਕੀ ਹਰਸੀ ਪਿੰਡ ਅਤੇ ਹੋਰ ਹਾਜ਼ਰ ਸਨ।

# ਖੇਡ ਵਿਭਾਗ ਨੇ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਲਗਾਇਆ ਜਾਗਰੂਕਤਾ ਕੈਂਪ

**ਨਵਾਂਸ਼ਹਿਰ (ਮਨੋਜ ਲਾਡੀ)** ਡਿਪਟੀ ਕਮਿਸ਼ਨਰ, ਸ਼ਹੀਦ ਭਗਤ ਸਿੰਘ ਨਗਰ ਅੰਕੁਰਜੀਤ ਸਿੰਘ ਦੇ ਦਿਸ਼ਾ- ਨਿਰਦੇਸ਼ਾਂ ਅਤੇ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੌਹਾਨ ਦੀਆਂ ਹਦਾਇਤਾਂ ਅਨੁਸਾਰ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਖੇਡ ਸੈਂਟਰ ਐਸ.ਐਨ ਕਾਲਜ ਬੰਗਾ ਵਿਖੇ ਜਾਗਰੂਕਤਾ ਕੈਂਪ ਲਗਾਇਆ ਗਿਆ।ਇਸ ਜਾਗਰੂਕਤਾ ਕੈਂਪ ਤਹਿਤ ਨੌਜਵਾਨਾਂ ਨੂੰ ਗਰਾਊਂਡਾਂ ਨਾਲ ਜੋੜਨ ਅਤੇ ਨਸ਼ਿਆਂ ਤੋਂ ਦੂਰ ਰੱਖਣ ਲਈ ਮਲਕੀਤ ਸਿੰਘ ਅਥਲੈਟਿਕਸ ਕੋਚ ਦੀ ਅਗਵਾਈ ਹੇਠ ਇਕ ਅਥਲੈਟਿਕਸ ਰਿਲੇਅ ਰੇਸ ਅਤੇ ਕਬੱਡੀ ਦਾ ਸ਼ੋਅ ਮੈਚ ਕਰਵਾਇਆ ਗਿਆ, ਜਿਨ੍ਹਾਂ ਵਿਚ ਨੌਜਵਾਨਾਂ ਵੱਲੋਂ ਵੱਧ-ਚੜ੍ਹ ਕੇ ਹਿੱਸਾ ਲਿਆ ਗਿਆ।ਇਸ ਦੌਰਾਨ ਜ਼ਿਲ੍ਹਾ ਖੇਡ ਅਫ਼ਸਰ ਵੰਦਨਾ ਚੋਹਾਨ ਨੇ ਕਿਹਾ ਕਿ ਖੇਡ ਵਿਭਾਗ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰੇਗਾ ਅਤੇ ਨਸ਼ਿਆਂ ਖ਼ਿਲਾਫ਼ ਅਜਿਹੇ ਜਾਗਰੂਕਤਾ ਕੈਂਪ ਲਗਾਉਂਦਾ ਰਹੇਗਾ। ਉਨ੍ਹਾਂ ਕਿਹਾ ਕਿ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਾ ਨਸ਼ਾ ਮੁਕਤ ਹੋਵੇਗਾ ਅਤੇ ਸਾਡੇ ਸ਼ਹੀਦਾਂ ਦੇ ਸੁਪਨੇ ਸਾਕਾਰ ਹੋਣਗੇ। ਇਸ ਮੌਕੇ ਮਿਸ ਲਵਪ੍ਰੀਤ ਕੌਰ ਅਥਲੈਟਿਕਸ ਕੋਚ, ਗੁਰਜੀਤ ਕੌਰ ਕਬੱਡੀ ਕੋਚ ਅਤੇ ਹੋਰ ਪੰਤਵੰਤੇ ਹਾਜ਼ਰ ਸਨ।





# ਲੋਕਾਂ 'ਚ ਜਾਗਰੂਕਤਾ ਨਾਲ਼ ਹੀ ਮਲੇਰੀਏ ਦਾ ਕੀਤਾ ਜਾ ਸਕਦਾ ਖ਼ਾਤਮਾ



**ਨਵਾਂਸ਼ਹਿਰ (ਮਨੋਜ ਲਾਡੀ)** ਦੋਆਬਾ ਆਰੀਆ ਸੀਨੀਅਰ ਸੈਕੰਡਰੀ ਸਕੂਲ ਨਵਾਂਸ਼ਹਿਰ ਵਿਖੇ ਪ੍ਰਿੰਸੀਪਲ ਰਜਿੰਦਰ ਸਿੰਘ ਗਿੱਲ ਦੇ ਸਹਿਯੋਗ ਨਾਲ ਵਿਸ਼ਵ ਮਲੇਰੀਆ ਦਿਵਸ਼ ਮਨਾਇਆ ਗਿਆ।ਇਸ ਮੌਕੇ ਹੈਲਥ ਇੰਸਪੈਕਟਰ ਜੋਗਿੰਦਰ ਪਾਲ ਨੇ ਕਿਹਾ ਕਿ ਵਿਸ਼ਵ ਮਲੇਰੀਆ ਦਿਵਸ਼ ਦਾ ਥੀਮ 2030 ਤੱਕ ਮਲੇਰੀਆ ਨੂੰ ਖ਼ਤਮ ਕਰਨ ਲਈ ਦੇਸ਼ ਦੀ ਵਚਨਬੱਧਤਾ 'ਤੇ ਜ਼ੋਰ ਦਿੰਦਾ ਹੈ।ਉਨ੍ਹਾਂ ਕਿਹਾ ਕਿ ਭਾਰਤ ਨੇ ਮਲੇਰੀਆ ਦੇ ਮਾਮਲਿਆਂ ਅਤੇ ਮੌਤਾਂ ਨੂੰ ਘਟਾਉਣ ਵਿਚ ਮਹੱਤਵਪੂਰਨ ਤਰੱਕੀ ਕੀਤੀ ਹੈ, ਪਰ ਕੁਝ ਖੇਤਰਾਂ, ਖਾਸ ਕਰਕੇ ਕਬਾਇਲੀ, ਪਹਾੜੀ ਅਤੇ ਪਹੁੰਚ ਤੋਂ ਬਾਹਰਲੇ ਖੇਤਰਾਂ ਵਿਚ ਚੁਣੌਤੀਆਂ ਅਜੇ ਵੀ ਹਨ।ਇਸ ਮੌਕੇ ਹੈਲਥ ਇੰਸਪੈਕਟਰ ਜੋਗਿੰਦਰ ਪਾਲ ਅਤੇ ਪ੍ਰਿੰਸੀਪਲ ਰਾਜਿੰਦਰ ਸਿੰਘ ਗਿੱਲ ਨੇ ਕਿਹਾ ਕਿ ਮੌਜੂਦਾ ਪ੍ਰੋਗਰਾਮਾਂ ਨੂੰ ਮਜ਼ਬੂਤ ਕਰਨਾ ਲਈ ਭਾਰਤ ਆਪਣੇ ਰਾਸ਼ਟਰੀ ਮਲੇਰੀਆ ਖਾਤਮਾ ਪ੍ਰੋਗਰਾਮ ਨੂੰ ਏਕੀਕ੍ਰਿਤ ਵੈਕਟਰ ਪ੍ਰਬੰਧਨ ਵਰਗੀਆਂ ਰਣਨੀਤੀਆਂ ਨਾਲ ਮਜ਼ਬੂਤ ਕਰ ਰਿਹਾ ਹੈ, ਜਿਸ ਵਿਚ ਅੰਦਰੂਨੀ ਅਵਸ਼ੇਸ਼ ਛਿੜਕਾਅ ਅਤੇ ਲੰਬੇ ਸਮੇਂ ਤੱਕ ਚੱਲਣ ਵਾਲੇ ਕੀਟਨਾਸ਼ਕ ਜਾਲ ਸ਼ਾਮਲ ਹਨ। ਇਸ ਮੌਕੇ ਸਕੂਲ ਦੇ ਸਟਾਫ, ਆਸ਼ਾ ਵਰਕਰ ਚਰਨਜੀਤ ਕੌਰ, ਰਣਜੀਤ ਕੌਰ, ਸਰਬਜੀਤ ਕੌਰ, ਬਰੀਡਿੰਗ ਚੈਂਕਰ ਗੁਰਪ੍ਰੀਤ, ਰੋਮੀ ਸਿੰਘ ਅਤੇ ਸਕੂਲ ਦੇ ਵਿਦਿਆਰਥੀਆਂ ਵਲੋਂ ਪੂਰਨ ਸਹਿਯੋਗ ਦਿੱਤਾ ਗਿਆ।

# ਨਾਜਾਇਜ਼ ਕਾਲੋਨੀ ਕੱਟਣ ਖ਼ਿਲਾਫ਼ ਨਗਰ ਕੌਂਸਲ ਨੂੰ ਦਿੱਤਾ ਮੰਗ ਪੱਤਰ




**ਡੇਰਾਬੱਸੀ (ਵਿਨੈ ਕੁਮਾਰ ਜੈਨ)**- ਇਲਾਕੇ ਵਿੱਚ ਨਜਾਇਜ਼ ਕਲੋਨੀਆਂ ਦਾ ਕਾਰੋਬਾਰ ਰੁਕਣ ਦਾ ਨਾਂਅ ਨਹੀਂ ਲੈ ਰਿਹਾ। ਸ਼ਕਤੀ ਨਗਰ ਡੇਰਾਬੱਸੀ ਦੀ ਗਲੀ ਨੰਬਰ ਦੋ ਵਿੱਚ ਲਗਭਗ 1400 ਗਜ਼ ਦੀ ਜਗ੍ਹਾ ਵਿੱਚ ਕੱਚੀਆਂ ਗਲੀਆਂ ਪਾ ਕੇ ਨਾਜਾਇਜ਼ ਕਲੋਨੀ ਕੱਟੀ ਜਾ ਰਹੀ ਹੈ । ਕਲੋਨੀ ਵਾਸੀਆਂ ਨੇ ਲਿਖਤੀ ਦਰਖ਼ਾਸਤ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਦਿੱਤੀ ਹੈ। ਕਲੋਨੀ ਵਾਸੀ ਸਮਾਜ ਸੇਵੀ ਪਰਮਜੀਤ ਰੰਮੀ ਸੈਣੀ, ਤਰਸੇਮ ਲਾਲ ਸੈਣੀ, ਸੰਦੀਪ ਸੈਣੀ, ਮੋਨੂ , ਰਜੇਸ਼ , ਕੁਲਵਿੰਦਰ ਕੌਰ , ਅਭੇ ਸਿੰਘ , ਮਨੋਜ ਮਿੱਤਲ , ਰਾਮ ਵਰਮਾ , ਸੋਨੀਆ ਵਰਮਾ , ਮੀਨਾ ਬਖਸ਼ੀ , ਮੰਗਲ ਰਾਮ ਨਾਰੰਗ, ਵਿਮਲ ਚੌਧਰੀ ਆਦਿ ਨੇ ਨਗਰ ਕੌਂਸਲ ਦੇ ਕਾਰਜ ਸਾਧਕ ਅਫਸਰ ਨੂੰ ਮੰਗ ਪੱਤਰ ਦਿੰਦਿਆਂ ਦੱਸਿਆ ਕਿ ਸ਼ਕਤੀ ਨਗਰ ਗਲੀ ਨੰਬਰ ਦੋ ਵਿੱਚ ਲਗਭਗ 1400 ਗਜ਼ ਜਗ੍ਹਾ ਵਿੱਚ ਨਾਜਾਇਜ਼ ਤੌਰ 'ਤੇ ਕਲੋਨੀ ਕੱਟੀ ਜਾ ਰਹੀ ਹੈ । ਕਾਲੋਨਾਈਜ਼ਰ ਵੱਲੋਂ 20 ਫੁੱਟ ਦੀ ਕੱਚੀ ਗਲੀ ਬਣਾ ਕੇ ਪਲਾਟਾਂ ਦੀਆਂ ਨਿਸ਼ਾਨੀਆਂ ਲਗਾਈਆਂ ਗਈਆਂ ਹਨ। ਕੱਚਾ ਨਕਸ਼ਾ ਦਿਖਾ ਕੇ ਲੋਕਾਂ ਨੂੰ ਗੁਮਰਾਹ ਕਰਕੇ ਪਲਾਟ ਵੇਚਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ । ਨਗਰ ਕੌਂਸਲ ਦੇ ਕਾਰਜ ਸਧਕ ਅਫਸਰ ਵਿਜੇ ਜਿੰਦਲ ਨੇ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਨਾਜਾਇਜ਼ ਕਲੋਨੀ ਕੱਟਣ ਨਹੀਂ ਦਿੱਤੀ ਜਾਵੇਗੀ ਅਤੇ ਨਾ ਹੀ ਇਹਨਾਂ ਨਜਾਇਜ਼ ਕਲੋਨੀਆਂ ਦੇ ਨਕਸ਼ੇ ਪਾਸ ਕੀਤੇ ਜਾਣਗੇ। ਨਗਰ ਕੌਂਸਲ ਦੇ ਪ੍ਰਧਾਨ ਆਸ਼ੂ ਉਪਨੇਜਾ ਨੇ ਵੀ ਕਿਹਾ ਕਿ ਸਰਕਾਰ ਦੇ ਹੁਕਮਾਂ ਮੁਤਾਬਕ ਕਿਸੇ ਨੂੰ ਵੀ ਨਜਾਇਜ਼ ਕਲੋਨੀ ਕੱਟਣ ਨਹੀਂ ਦਿੱਤੀ ਜਾਵੇਗੀ।

# ਪਰਸ਼ੂਰਾਮ ਸੈਨਾ ਤੇ ਬ੍ਰਾਹਮਣ ਮੰਡਲ ਨੇ ਤਲਾਅ ਅਰੋੜਿਆਂ 'ਚ ਕਰਵਾਇਆ ਕੁਸ਼ਤੀ ਦੰਗਲ




**ਫਗਵਾੜਾ (ਡਾ. ਰਮਨ)** ਭਗਵਾਨ ਪਰਸ਼ੂਰਾਮ ਜਯੰਤੀ ਦੇ ਸੰਬੰਧ 'ਚ ਪਰਸ਼ੂਰਾਮ ਸੈਨਾ (ਰਜਿ.) ਫਗਵਾੜਾ ਵੱਲੋਂ ਬ੍ਰਾਹਮਣ ਮੰਡਲ ਫਗਵਾੜਾ ਦੇ ਸਹਿਯੋਗ ਨਾਲ ਸਥਾਨਕ ਤਲਾਅ ਅਰੋੜਿਆਂ ਮੇਹਲੀ ਗੇਟ ਫਗਵਾੜਾ ਵਿਖੇ ਪਹਿਲਾ ਕੁਸ਼ਤੀ ਦੰਗਲ ਕਰਵਾਇਆ ਗਿਆ। ਜਿਸਦਾ ਉਦਘਾਟਨ ਮੁੱਖ ਮਹਿਮਾਨਾਂ ਵਜੋਂ ਪਹੁੰਚੇ ਹੁਸ਼ਿਆਰਪੁਰ ਹਲਕੇ ਤੋਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਅਤੇ ਮੇਅਰ ਰਾਮਪਾਲ ਉੱਪਲ ਨੇ ਕੀਤਾ। ਉਹਨਾਂ ਨੇ ਭਗਵਾਨ ਪਰਸ਼ੂਰਾਮ ਜਯੰਤੀ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ ਅਤੇ ਪ੍ਰਬੰਧਕਾਂ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਕੁਸ਼ਤੀ ਦੇ ਅਖਾੜੇ ਪੰਜਾਬ ਦੀ ਵਿਰਾਸਤ ਦਾ ਅਨਿੱਖੜਵਾਂ ਅੰਗ ਹਨ। ਨੌਜਵਾਨ ਪੀੜ੍ਹੀ ਨੂੰ ਆਪਣੀ ਪ੍ਰਾਚੀਨ ਵਿਰਾਸਤ ਨਾਲ ਜੋੜਨ ਲਈ ਅਜਿਹੇ ਯਤਨ ਵੱਡੇ ਪੱਧਰ 'ਤੇ ਕੀਤੇ ਜਾਣੇ ਚਾਹੀਦੇ ਹਨ, ਤਾਂ ਜੋ ਪੰਜਾਬ ਦੀ ਧਰਤੀ ਤੋਂ ਇਕ ਵਾਰ ਫਿਰ ਕੋਈ ਦਾਰਾ ਸਿੰਘ ਦੇਸ਼ ਅਤੇ ਦੁਨੀਆ 'ਚ ਪੰਜਾਬ ਦਾ ਨਾਮ ਰੌਸ਼ਨ ਕਰ ਸਕੇ। ਕੁਸ਼ਤੀ ਕੋਚ ਵਿਜੇ ਪਹਿਲਵਾਨ ਦੀ ਦੇਖਰੇਖ ਹੇਠ ਇਲਾਕੇ ਦੇ ਪ੍ਰਸਿੱਧ ਪਹਿਲਵਾਨਾਂ ਨੇ ਜ਼ੋਰ ਅਜਮਾਇਸ਼ ਕੀਤੀ। ਪਟਕੇ ਦੀ ਕੁਸ਼ਤੀ ਤੀਰਥ ਪਹਿਲਵਾਨ ਮਾਹਲਾਂ ਦੇ ਨਾਮ ਰਹੀ। ਇਸ ਤੋਂ ਇਲਾਵਾ ਮੋਹਿਤ ਜਲੰਧਰ, ਪਰਮਿੰਦਰ ਫਗਵਾੜਾ, ਪ੍ਰਦੀਪ ਡੁਮੇਲੀ, ਸੈਫ ਅਲੀ ਫਗਵਾੜਾ, ਮਨਿੰਦਰ ਬੱਡੋਵਾਲ ਨੇ ਵੀ ਵਿਰੋਧੀ ਪਹਿਲਵਾਨਾਂ 'ਤੇ ਦਿਲਚਸਪ ਦਾਅ ਮਾਰਦੇ ਹੋਏ ਕੁਸ਼ਤੀ ਪ੍ਰੇਮੀਆਂ ਦਾ ਮਨੋਰੰਜਨ ਕੀਤਾ। ਪਰਸ਼ੂਰਾਮ ਸੈਨਾ ਦੇ ਰਾਸ਼ਟਰੀ ਜਨਰਲ ਸਕੱਤਰ ਹਰੀਓਮ ਸ਼ਰਮਾ ਨੇ ਮੁੱਖ ਮਹਿਮਾਨਾਂ ਅਤੇ ਪਤਵੰਤਿਆਂ ਦਾ ਪਹੁੰਚਣ ਲਈ ਤਹਿ ਦਿਲੋਂ ਧੰਨਵਾਦ ਕੀਤਾ। ਉਨ੍ਹਾਂ ਦੱਸਿਆ ਕਿ ਮੰਗਲਵਾਰ, 29 ਅਪ੍ਰੈਲ ਨੂੰ ਭਗਵਾਨ ਪਰਸ਼ੂਰਾਮ ਜਯੰਤੀ ਅਤੇ ਅਕਸ਼ੈ ਤ੍ਰਿਤੀਆ ਸਮਾਗਮ ਭਗਵਾਨ ਪਰਸ਼ੂਰਾਮ ਜੀ ਦੇ ਤੱਪ ਅਸਥਾਨ ਪਿੰਡ ਖਾਟੀ ਵਿਖੇ ਬਹੁਤ ਧੂਮਧਾਮ ਨਾਲ ਮਨਾਇਆ ਜਾਵੇਗਾ। ਉਨ੍ਹਾਂ ਸੰਸਦ ਮੈਂਬਰ ਰਾਜਕੁਮਾਰ ਚੱਬੇਵਾਲ ਤੋਂ ਖਾਟੀ ਧਾਮ ਨੂੰ ਵਿਰਾਸਤੀ ਪਿੰਡ ਐਲਾਨਣ ਦੀ ਮੰਗ ਵੀ ਕੀਤੀ। ਜੇਤੂ ਪਹਿਲਵਾਨਾਂ ਅਤੇ ਮੁੱਖ ਮਹਿਮਾਨਾਂ ਨੂੰ ਕੁਸ਼ਤੀ ਮੁਕਾਬਲੇ ਦੇ ਪ੍ਰਬੰਧਕਾਂ ਜੋਤੀ ਸ਼ਰਮਾ ਪ੍ਰਧਾਨ ਬ੍ਰਾਹਮਣ ਮੰਡਲ ਅਤੇ ਲਵਲੀ ਸ਼ਰਮਾ ਸੂਬਾ ਮੀਤ ਪ੍ਰਧਾਨ ਪਰਸ਼ੂਰਾਮ ਸੈਨਾ ਵਲੋਂ ਸਨਮਾਨਿਤ ਕੀਤਾ ਗਿਆ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ, ਕੁਸ਼ਤੀ ਮੁਕਾਬਲੇ ਹੋਰ ਵੀ ਵੱਡੇ ਪੱਧਰ 'ਤੇ ਆਯੋਜਿਤ ਕੀਤੇ ਜਾਣਗੇ। ਇਸ ਮੌਕੇ 'ਤੇ ਆਮ ਆਦਮੀ ਪਾਰਟੀ ਪੰਜਾਬ ਦੇ ਬੁਲਾਰੇ ਹਰਜੀ ਮਾਨ, ਸੀਨੀਅਰ 'ਆਪ' ਆਗੂ ਦਲਜੀਤ ਸਿੰਘ ਰਾਜੂ, ਕੌਂਸਲਰ ਪਵਨ ਸ਼ਰਮਾ ਪੱਪੀ, ਭਾਜਪਾ ਆਗੂ ਆਸ਼ੂ ਸਾਂਪਲਾ, ਭਾਰਤੀ ਸ਼ਰਮਾ, ਚੇਅਰਮੈਨ ਨਗਰ ਸੁਧਾਰ ਟਰੱਸਟ ਜਰਨੈਲ ਨੰਗਲ, ਚੇਅਰਮੈਨ ਮਾਰਕੀਟ ਕਮੇਟੀ ਫਗਵਾੜਾ ਤਵਿੰਦਰ ਰਾਮ, ਉਦਯੋਗਪਤੀ ਪੰਕਜ ਗੌਤਮ, ਡਾ: ਅਮੀਸ਼ ਭਾਰਦਵਾਜ, ਵਿਜੇ ਕਾਲੀਆ, ਲੈਕਚਰਾਰ ਹਰਜਿੰਦਰ ਗੋਗਨਾ, ਹਰਬੰਸ ਲਾਲ ਖੁਰਾਣਾ, ਲਾਇਨ ਸੁਸ਼ੀਲ ਸ਼ਰਮਾ, ਸੁਖਦੇਵ ਸਿੰਘ ਕਾਕਾ, ਅਖਿਲ ਭਾਰਤੀ ਹਿੰਦੂ ਸੁਰੱਖਿਆ ਸਮਿਤੀ ਦੇ ਪੰਜਾਬ ਪ੍ਰਧਾਨ ਦੀਪਕ ਭਾਰਦਵਾਜ, ਸ਼ਿਵ ਸੈਨਾ ਪੰਜਾਬ ਦੇ ਸੀਨੀਅਰ ਸੂਬਾ ਮੀਤ ਪ੍ਰਧਾਨ ਇੰਦਰਜੀਤ ਕਰਵਲ, ਵਿਪਨ ਸ਼ਰਮਾ, ਬੌਬੀ ਅਰੋੜਾ, ਜੀ.ਡੀ.ਆਰ. ਸਕੂਲ ਪ੍ਰਬੰਧਕ ਅਮਿਤ ਸ਼ਰਮਾ, ਸੰਦੀਪ ਸ਼ਰਮਾ, ਚੇਤਨ ਸ਼ਰਮਾ, ਕਮਲ ਕੌਸ਼ਲ, ਅਮਿਤ ਸ਼ਰਮਾ, ਰਾਜਨ ਸ਼ਰਮਾ, ਬ੍ਰਿਜ ਲਾਲ, ਰਾਜੂ ਭੁੱਲਾਰਾਈ, ਰੋਹਿਤ ਸ਼ਰਮਾ, ਹਰਮੇਸ਼ ਪਾਠਕ, ਰਾਜੇਸ਼ ਪਰਾਸ਼ਰ, ਪੰਕਜ ਸ਼ਰਮਾ, ਅਰੁਣ ਸ਼ਰਮਾ, ਯਤਿਨ ਸ਼ਰਮਾ ਆਦਿ ਹਾਜ਼ਰ ਸਨ।

# ਸਾਂਸਦ ਦੇ ਵਿਧਾਇਕ ਵੱਲੋਂ ਮੇਹਟੀਆਣਾ-ਫੁਗਲਾਣਾ ਲਿੰਕ ਸੜਕ ਦਾ ਉਦਘਾਟਨ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)** ਲੋਕ ਸਭਾ ਖੇਤਰ ਹੁਸ਼ਿਆਰਪੁਰ ਤੋਂ ਸੰਸਦ ਮੈਂਬਰ ਡਾ. ਰਾਜਕੁਮਾਰ ਚੱਬੇਵਾਲ ਅਤੇ ਚੱਬੇਵਾਲ ਵਿਧਾਨ ਸਭਾ ਖੇਤਰ ਤੋਂ ਵਿਧਾਇਕ ਡਾ. ਈਸ਼ਾਂਕ ਕੁਮਾਰ ਨੇ ਸਾਂਝੇ ਤੌਰ 'ਤੇ ਮੇਹਟਿਆਣਾ-ਫੁਗਲਾਣਾ ਲਿੰਕ ਸੜਕ ਦਾ ਉਦਘਾਟਨ ਕੀਤਾ। ਇਹ ਸੜਕ ਕੁੱਲ 1.74 ਕਿਲੋਮੀਟਰ ਲੰਬੀ ਹੈ ਅਤੇ ਇਸ ਨੂੰ 59 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਹੈ। ਉਦਘਾਟਨ ਮੌਕੇ 'ਤੇ ਵੱਡੀ ਗਿਣਤੀ ਵਿੱਚ ਪਿੰਡ ਵਾਸੀਆਂ ਅਤੇ ਮੋਤਬਾਰ ਵਿਅਕਤੀਆਂ ਨੇ ਹਾਜਰੀ ਭਰੀ। ਵਿਸ਼ੇਸ਼ ਤੌਰ 'ਤੇ ਫੁਗਲਾਣਾ ਦੇ ਸਰਪੰਚ ਵਿਪਨ ਠਾਕੁਰ, ਡਾ. ਬਾਰਤੂ ਰਾਮ, ਪਰਮਜੀਤ ਸਿੰਘ ਸੈਲੀ, ਗੁਰਮੀਤ ਸਿੰਘ ਪੰਚ, ਸੁਖਬੀਰ ਢਿੱਲੋਂ, ਮੋਨੂ ਪੰਚ, ਸਰਵਰ ਸਿੰਘ ਪੰਚ, ਪ੍ਰੇਮ ਸਿੰਘ ਸੈਣੀ, ਮਹਟਿਆਣਾ ਦੇ ਸਰਪੰਚ ਕਸਮੀਰ ਸਿੰਘ, ਪਰਮਿੰਦਰ ਸਿੰਘ ਪੱਪੂ, ਧਰਮਪਾਲ ਸ਼ਰਮਾ, ਜੱਗੀ, ਹੈਪੀ, ਵਿਨੋਦ ਕੁਮਾਰ ਆਦਿ ਮੌਜੂਦ ਰਹੇ। ਸੜਕ ਦੇ ਉਦਘਾਟਨ ਮੌਕੇ ਸੰਸਦ ਮੈਂਬਰ ਡਾ. ਚੱਬੇਵਾਲ ਨੇ ਕਿਹਾ ਕਿ ਇਹ ਲਿੰਕ ਸੜਕ ਪਿੰਡਾਂ ਨੂੰ ਜੋੜਦੇ ਹੋਏ ਆਵਾਜਾਈ ਨੂੰ ਆਸਾਨ ਬਣਾਏਗੀ ਅਤੇ ਇਲਾਕੇ ਦੇ ਲੋਕਾਂ ਦੀ ਪੁਰਾਣੀ ਮੰਗ ਨੂੰ ਪੂਰਾ ਕਰੇਗੀ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਪਿੰਡਾਂ ਦੇ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਲਈ ਵਚਨਬੱਧ ਹੈ। ਵਿਧਾਇਕ ਡਾ. ਇਸ਼ਾਂਕ ਨੇ ਵੀ ਇਸ ਪ੍ਰੋਜੈਕਟ ਨੂੰ ਪਿੰਡਾਂ ਦੀ ਤਰੱਕੀ ਦੀ ਨਿਸ਼ਾਨੀ ਦੱਸਿਆ। ਉਨ੍ਹਾਂ ਕਿਹਾ ਕਿ ਅਸੀਂ ਹਰ ਪਿੰਡ ਤੱਕ ਪੱਕੀ ਸੜਕ, ਸਾਫ ਪਾਣੀ, ਵਧੀਆ ਸਿੱਖਿਆ ਅਤੇ ਸਿਹਤ ਸੇਵਾਵਾਂ ਪਹੁੰਚਾਉਣ ਲਈ ਨਿਰੰਤਰ ਯਤਨਸ਼ੀਲ ਹਾਂ। ਦੋਹਾਂ ਨੇ ਇਹ ਵੀ ਕਿਹਾ ਕਿ ਪੰਜਾਬ ਵਿੱਚ ਵਿਕਾਸ ਦੀ ਰਾਜਨੀਤੀ ਪਹਿਲੀ ਤਰਜੀਹ ਹੈ। ਸੜਕਾਂ ਦੇ ਨਿਰਮਾਣ ਨਾਲ ਜਿੱਥੇ ਇੱਕ ਪਾਸੇ ਲੋਕਾਂ ਨੂੰ ਸੁਵਿਧਾ ਮਿਲੇਗੀ, ਉਥੇ ਹੀ ਕਿਸਾਨੀ ਅਤੇ ਵਪਾਰਕ ਸਰਗਰਮੀਆਂ ਨੂੰ ਵੀ ਰਫਤਾਰ ਮਿਲੇਗੀ। ਪਿੰਡਾਂ ਦੇ ਵਾਸੀਆਂ ਨੇ ਵੀ ਇਸ ਪ੍ਰੋਜੈਕਟ ਦੇ ਪੂਰਾ ਹੋਣ 'ਤੇ ਖੁਸ਼ੀ ਜਤਾਈ ਅਤੇ ਸੰਸਦ ਮੈਂਬਰ ਤੇ ਵਿਧਾਇਕ ਦਾ ਧੰਨਵਾਦ ਕੀਤਾ।

# ਮਲੇਰੀਏ ਦੀ ਰੋਕਥਾਮ ਲਈ ਬੱਚਿਆਂ ਨੂੰ ਸਕੂਲਾਂ 'ਚ ਕੀਤਾ ਜਾਗਰੂਕ



**ਮਾਹਿਲਪੁਰ (ਸ਼ਫ਼ਰੀ)** - ਸੀਨੀਅਰ ਮੈਡੀਕਲ ਅਫ਼ਸਰ ਪਾਲਦੀ ਦੀ ਅਗਵਾਈ ਹੇਠ ਸਕੂਲਾਂ ਵਿਚ ਡੇਂਗੂ ਅਤੇ ਮਲੇਰੀਏ ਜਹੀ ਨਾ ਮੁਰਾਦ ਬਿਮਾਰੀ ਤੋਂ ਬਚਾਅ ਲਈ ਸਿਵਲ ਹਸਪਤਾਲ ਪਾਲਦੀ ਅਧੀਨ ਪੈਂਦੇ ਸਕੂਲ ਹੱਲੂਵਾਲ , ਕਹਾਰਪੁਰ , ਨੂਰਪੁਰ, ਰਾਮਪੁਰ ਸੈਣੀਆਂ , ਖੰਨੀ ਲਲਵਾਨ ਆਦਿ ਕੈਂਪ ਲਗਾ ਕਿ ਬੱਚਿਅੰ ਨੂੰ ਮਲੇਰੀਆ ਅਤੇ ਡੇਂਗੂ ਬੁਖਾਰ ਬਾਰੇ ਜਾਣਕਾਰੀ ਦਿੱਤੀ। ਇਸ ਵਿੱਚ ਉਹਨਾਂ ਨੂੰ ਡੇਗੂ ਅਤੇ ਮਲੇਰੀਆ ਦੇ ਚਿੰਨ ਅਤੇ ਲੱਛਣ ਬਾਰੇ ਦੱਸਿਆ ।ਇਸ ਤੋਂ ਬਚਾਅ ਲਈ ਉਹਨਾਂ ਕਿਹਾ ਕਿ ਘਰਾਂ ਵਿੱਚ ਪੁਰਾਣੇ ਟਾਇਰ ,ਕੂਲਰ ਜਾਂ ਟੁੱਟੇ ਭੱਜੇ ਵਰਤਨ ਜਿਨ੍ਹਾਂ ਵਿਚ ਬਰਸਾਤੀ ਪਾਣੀ ਇਕੱਠਾ ਹੋ ਕੇ ਮੱਛਰ ਪੈਦਾ ਹੁੰਦਾ ਹੈ , ਜਿਸ ਦੇ ਕੱਟਣ ਨਾਲ ਮਲੇਰੀਆ ਅਤੇ ਡੇਂਗੂ ਬੁਖਾਰ ਹੋ ਜਾਂਦਾ ਹੈ। ਮੱਛਰ ਤੋਂ ਬਚਾਅ ਵਾਸਤੇ ਮੱਛਰਦਾਨੀ, ਗੰਦਾ ਪਾਣੀ ਇਕੱਠਾ ਨਾ ਹੋਣ ਦੇਣਾ ਅਤੇ ਸਰੀਰ ਨੂੰ ਢਕਣਾ ਆਦਿ ਦਾ ਧਿਆਨ ਰੱਖਣਾ ਚਾਹੀਦਾ ਹੈ। ਇਸ ਮੌਕੇ ਅਮਨਦੀਪ ਸੀ ਐਚ ਅਮਨਪਰੀਤ ਸਮੇਤ ਹੈਲਥ ਕਰਮਚਾਰੀ ਰਮਨ ਕੁਮਾਰ ,ਸੁਖਦੇਵ ਸਿੰਘ ਅਤੇ ਸਾਰੇ ਸਕੂਲਾਂ ਦੇ ਟੀਚਰ ਮੌਜੂਦ ਸਨ।

# ਚੰਗੇ ਸਮਾਜ ਦੀ ਸਿਰਜਣਾ ਲਈ ਬਾਬਾ ਸਾਹਿਬ ਦੀ ਸੋਚ 'ਤੇ ਪਹਿਰਾ ਦੇਣ ਦੀ ਲੋੜ : ਜਸਵੀਰ ਸਿੰਘ ਗੜ੍ਹੀ



**ਬਲਾਚੌਰ (ਜਸਵਿੰਦਰ ਬੈਂਸ)** ਚੰਗੇ ਸਮਾਜ ਦੀ ਸਿਰਜਣਾ ਲਈ ਸਾਨੂੰ ਸਭ ਨੂੰ ਇਕੱਠੇ ਹੋ ਕੇ ਸੰਵਿਧਾਨ ਦੇ ਨਿਰਮਾਤਾ ਭਾਰਤ ਰਤਨ ਡਾ. ਭੀਮ ਰਾਓ ਅੰਬੇਡਕਰ ਸਾਹਿਬ ਦੀ ਸੋਚ 'ਤੇ ਪਹਿਰਾ ਦੇਣ ਦੀ ਲੋੜ ਹੈ। ਇਹ ਪ੍ਰਗਟਾਵਾ ਚੇਅਰਮੈਨ ਪੰਜਾਬ ਰਾਜ ਅਨੁਸੂਚਿਤ ਜਾਤੀਆਂ ਕਮਿਸ਼ਨ ਜਸਵੀਰ ਸਿੰਘ ਗੜ੍ਹੀ ਨੇ ਬਲਾਚੌਰ ਦੇ ਪਿੰਡ ਮਹਿੰਦੀਪੁਰ ਵਿਖੇ ਡਾ. ਬੀ. ਆਰ ਅੰਬੇਡਕਰ ਵੈਲਫੇਅਰ ਸੁਸਾਇਟੀ (ਰਜਿ.) ਮਹਿੰਦੀਪੁਰ ਅਤੇ ਸਤਿਗੁਰੂ ਰਵਿਦਾਸ ਗੁਰਦੁਆਰਾ ਸਾਹਿਬ ਮਹਿੰਦੀਪੁਰ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ 134ਵੇਂ ਜਨਮ ਦਿਵਸ ਨੂੰ ਸਮਰਪਿਤ ਸਮਾਗਮ ਵਿਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਮੌਕੇ ਕੀਤਾ। ਇਸ ਮੌਕੇ ਵਿਧਾਇਕਾ ਬਲਾਚੌਰ ਸੰਤੋਸ਼ ਕਟਾਰੀਆ ਅਤੇ ਜ਼ਿਲ੍ਹਾ ਯੋਜਨਾ ਕਮੇਟੀ ਦੇ ਚੇਅਰਮੈਨ ਸਤਨਾਮ ਸਿੰਘ ਜਲਾਲਪੁਰ ਵੀ ਮੌਜੂਦ ਰਹੇ। ਗੜ੍ਹੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜਦੋਂ ਤੱਕ ਸਮਾਜ ਦੇ ਵਿਚੋਂ ਜਾਤ ਆਧਾਰਿਤ ਵਿਤਕਰੇ ਨੂੰ ਖਤਮ ਨਹੀਂ ਕੀਤਾ ਜਾਂਦਾ, ਓਦੋਂ ਤੱਕ ਅਸੀਂ ਚੰਗੇ ਸਮਾਜ ਦੀ ਕਲਪਨਾ ਨਹੀਂ ਕਰ ਸਕਦੇ। ਉਨ੍ਹਾਂ ਕਿਹਾ ਕਿ ਸਾਨੂੰ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਨੇ 'ਪੜ੍ਹੋ-ਜੁੜੋ-ਸੰਘਰਸ਼ ਕਰੋ' ਦਾ ਇਕ ਬਹੁਤ ਹੀ ਕ੍ਰਾਂਤੀਕਾਰੀ ਸੰਦੇਸ਼ ਦਿੱਤਾ ਹੈ, ਪਰ ਅਸੀਂ ਸਾਰੇ ਹੀ ਅੱਜ ਤੱਕ ਇਸ ਸੰਦੇਸ਼ 'ਤੇ ਅਮਲ ਨਹੀਂ ਕਰ ਸਕੇ। ਸੰਤੋਸ਼ ਕਟਾਰੀਆ ਨੇ ਕਿਹਾ ਕਿ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੀ ਬਦੌਲਤ ਹੀ ਸਾਨੂੰ ਬਰਾਬਰ ਹੀ ਦੇ ਅਧਿਕਾਰ ਮਿਲੇ ਹਨ। ਇਸ ਤੋਂ ਪਹਿਲਾਂ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਪਾਏ ਗਏ। ਇਸ ਮੌਕੇ ਨਗਰ ਕੌਂਸਲ ਬਲਾਚੌਰ ਦੇ ਪ੍ਰਧਾਨ ਸੁਨੀਲ ਕੌਸ਼ਲ, ਜਸਵਿੰਦਰ ਸਿਆਣਾ, ਵਾਈਸ ਪ੍ਰਧਾਨ ਰਣਜੀਤ ਸਿੰਘ ਕਾਕਾ, ਨਿਰਮਲਾ ਰਾਣੀ, ਪਰਮਿੰਦਰ ਕੁਮਾਰ ਪੰਮਾ, ਸੁਸਾਇਟੀ ਦੇ ਪ੍ਰਧਾਨ ਵਿਜੇ ਕੁਮਾਰ ਮਾਨ, ਕੈਸੀਅਰ ਹਨੀ, ਜਸਵੀਰ ਅੱਲੋਆਪੁਰ, ਪਰਮਿੰਦਰ ਮੇਨਕਾ, ਰੋਸ਼ਨ ਲਾਲ, ਜਸਵੰਤ ਤੂਰ, ਅਵਤਾਰ ਰਾਜੂ ਮਜਾਰਾ, ਡਾ. ਰਜਿੰਦਰ ਲੱਕੀ, ਹਰਬੰਸ ਕਲੇਰ, ਪਵਨ ਬੈਂਸ, ਡਾ. ਅਸ਼ੋਕ ਦੁੱਗਲ, ਪਰਮਵੀਰ ਤੂਰ, ਮਾਸਟਰ ਸੁਖਵਿੰਦਰ ਸਿੰਘ ਰਾਣਾ, ਰੂਪਾ ਰਾਣੀ, ਹਰਸਦੀਪ ਕੌਰ, ਖਨੀ ਡੱਬ, ਅਜੇ ਰਾਣਾ, ਕੁਸਮ ਕੌਂਸਲ, ਸਿੰਦੋ ਮਹੇਸੀ, ਰਾਧੇ ਸਾਮ, ਪਾਨੀ ਕੁਮਾਰ, ਨੀਲਮ ਰਾਣੀ, ਕਮੇਟੀ ਮੈਂਬਰ ਅਤੇ ਹੋਰ ਸ਼ਖਸੀਅਤਾਂ ਹਾਜਰ ਸਨ।

# ਪੁਰਾਣੇ ਸਰਕਾਰੀ ਹਸਪਤਾਲ 'ਚ ਲੱਗੀ ਅੱਗ

**ਰਾਹੋਂ (ਕੁਲਵਿੰਦਰ ਸਿੰਘ ਰਾਹੋਂ)** ਮੇਨ ਬਾਜ਼ਾਰ ਰਾਹੋਂ ਦੇ ਪੁਰਾਣੇ ਸਰਕਾਰੀ ਹਸਪਤਾਲ ਵਿੱਚ ਸਵੇਰੇ ਅਚਾਨਕ ਅੱਗ ਲੱਗਣ ਦੀ ਖਬਰ ਸਾਹਮਣੇ ਆਈ। ਸਥਾਨਕ ਲੋਕਾਂ ਦੇ ਦੱਸਣ ਅਨੁਸਾਰ ਕੂੜੇ ਕਚਰੇ ਤੋਂ ਲੱਗੀ ਅੱਗ ਹੌਲੀ ਹੌਲੀ ਇੰਨੀ ਤੇਜ਼ ਹੋ ਗਈ ਕਿ ਉਸਨੇ ਨਗਰ ਕੌਂਸਲ ਦੀ ਇੱਕ ਪੁਰਾਣੀ ਟਰਾਲੀ ਅਤੇ ਇੱਕ ਪੁਰਾਣੇ ਪਿਲਕਣ ਦੇ ਰੁੱਖ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਜਦੋਂ ਸ਼ਹਿਰ ਦੇ ਪ੍ਰਧਾਨ ਨੂੰ ਫੋਨ ਕਰਕੇ ਹਸਪਤਾਲ ਵਿੱਚ ਲੱਗੀ ਅੱਗ ਬਾਰੇ ਜਾਣਕਾਰੀ ਦਿੱਤੀ ਗਈ ਤਾਂ ਉਹਨਾਂ ਨੇ ਤੁਰੰਤ ਅੱਗ ਬੁਝਾਉਣ ਲਈ ਕਰਮਚਾਰੀਆਂ ਨੂੰ ਭੇਜਿਆ ਜਿੰਨਾਂ ਨੇ ਮੌਕੇ 'ਤੇ ਆ ਕੇ ਅੱਗ ਉੱਤੇ ਰੇਤਾ ਅਤੇ ਪਾਣੀ ਪਾ ਕੇ ਕਾਬੂ ਪਾ ਲਿਆ। ਅੱਗ ਦੇ ਕਾਰਨਾਂ ਦਾ ਪਤਾ ਨਹੀਂ ਲੱਗ ਸਕਿਆ। ਦੁਕਾਨਦਾਰਾਂ ਵਲੋਂ ਲੋਕਾਂ ਨੂੰ ਖ਼ਾਸ ਕਰਕੇ ਪਦਾਰਥ ਅਤੇ ਹੋਰ ਕੂੜੇ-ਕਚਰੇ ਨੂੰ ਸਹੀ ਢੰਗ ਨਾਲ ਸੁੱਟਣ ਅਤੇ ਮੌਕੇ 'ਤੇ ਉਨ੍ਹਾਂ ਨੂੰ ਸਾੜਨ ਤੋਂ ਬਚਣ ਦੀ ਵੀ ਸਲਾਹ ਦਿੱਤੀ ਗਈ ਹੈ।

# ਵੁਲਵਰਹੈਂਪਟਨ 'ਚ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ 45ਵਾਂ ਬਰਸੀ ਸਮਾਗਮ ਮਨਾਇਆ



**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)** ਸ੍ਰੀ ਗੁਰੂ ਰਵਿਦਾਸ ਮੰਦਰ ਭਗਤੀ ਭੇਂਡ ਵੁਲਵਰਹੈਂਪਟਨ ਯੂ ਕੇ ਵਿਖੇ ਆਦਿ ਧਰਮ ਮੰਡਲ ਦੇ ਬਾਨੀ ਅਤੇ ਦੇਸ਼ ਦੀ ਅਜ਼ਾਦੀ ਦੀ ਗਦਰੀ ਲਹਿਰ ਦੇ ਉੱਘੇ ਆਗੂ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ 45ਵੇਂ ਬਰਸੀ ਸਮਾਗਮ ਮੌਕੇ ਸੰਗਤਾਂ ਨੇ ਬਾਬੂ ਜੀ ਸ਼ਰਧਾਂਜਲੀਆਂ ਭੇਂਟ ਕੀਤੀਆਂ। ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਦੇ ਭੋਗ ਤੋਂ ਉਪਰੰਤ ਗੁਰੂ ਘਰ ਦੇ ਕੀਰਤਨੀ ਜੱਥੇ ਤੋਂ ਇਲਾਵਾ ਪੰਜਾਬ ਦੇ ਉੱਘੇ ਕਲਾਕਾਰ ਅਮਰੀਕ ਜੱਸਲ ਨੇ ਗੁਰੂ ਜਸ ਗਾਇਨ ਕਰਕੇ ਸੰਗਤ ਨੂੰ ਗੁਰਬਾਣੀ ਨਾਲ ਜੋੜਿਆ। ਮਿਸ਼ਨਰੀ ਕਲਾਕਾਰ ਪ੍ਰੇਮ ਚਮਕੀਲਾ ਨੇ ਆਦਿ ਧਰਮ ਲਹਿਰ ਨਾਲ ਸਬੰਧਿਤ ਗੀਤ ਪੇਸ਼ ਕੀਤੇ। ਬੁਲਾਰਿਆਂ ਵਲੋਂ ਆਦਿ ਧਰਮ ਦੀ ਲਹਿਰ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੇ ਜੀਵਨ ਅਤੇ ਸੰਘਰਸ਼ 'ਤੇ ਚਾਨਣਾ ਪਾਇਆ। ਗੁਰੂ ਘਰ ਦੇ ਚੇਅਰਮੈਨ ਨਿਰਮਲ ਸਿੰਘ ਸਾਗਰਪੁਰੀਆ ਨੇ ਵਿਸਥਾਰ ਨਾਲ ਬਾਬੂ ਜੀ ਦੀ ਜੀਵਨੀ ਤੋਂ ਜਾਣੂੰ ਕਰਵਾਇਆ। ਗਿਆਨ ਚੰਦ ਦੀਵਾਲੀ ਵਲੋਂ ਆਦਿ ਧਰਮ ਦੀ ਲਹਿਰ ਅਤੇ ਬਾਬੂ ਮੰਗੂ ਰਾਮ ਮੁਗੋਵਾਲੀਆ ਦੀ ਆਦਿ ਧਰਮੀ ਸਮਾਜ ਨੂੰ ਦੇਣ ਬਾਰੇ ਬੋਲਦਿਆਂ ਕਿਹਾ ਕਿ ਬਾਬੂ ਜੀ ਨੇ ਜਿੱਥੇ ਸਾਡੇ ਸਮਾਜ ਨੂੰ ਰਾਜਨੀਤਕ ਤੌਰ 'ਤੇ ਜਾਗਰੂਕ ਕੀਤਾ ਉੱਥੇ ਸਾਰੀਆਂ ਐਸ ਸੀ ਵਰਗ ਦੀਆਂ 36 ਜਾਤਾਂ ਨੂੰ ਇਕੱਠਾ ਕਰਕੇ ਸਮਾਜਿਕ ਏਕਤਾ ਵੀ ਕਰਵਾਈ। ਜਿਸਦੇ ਨਾਲ ਹੀ ਉਨ੍ਹਾਂ ਨੇ ਇਨ੍ਹਾਂ ਜਾਤੀਆਂ ਅੰਦਰ ਵਿੱਦਿਆ ਪ੍ਰਾਪਤੀ ਲਈ ਵੀ ਜੋਰਦਾਰ ਲਹਿਰ ਚਲਾਈ। ਸਟੇਜ ਸਕੱਤਰ ਦੀ ਜਿੰਮੇਵਾਰੀ ਹਰਬੰਸ ਸਿੰਘ ਹੀਰਾ ਨੇ ਨਿਭਾਈ। ਇਸ ਮੌਕੇ ਬਾਬੂ ਜੀ ਦੇ ਸਪੁੱਤਰ ਮੇਘ ਰਾਜ ਅਤੇ ਪੋਤਰੇ ਵਿਸ਼ੇਸ਼ ਤੌਰ ਤੇ ਸ਼ਾਮਿਲ ਹੋਏ। ਹੋਰ ਪ੍ਰਮੁਖ ਸ਼ਖਸੀਅਤਾਂ ਵਿਚ ਜੇ ਕੇ ਚੰਦ, ਮਾਸਟਰ ਪਿਆਰੇ ਲਾਲ, ਜੀਵਨ ਮਡਾਰ, ਨੀਤੂ ਰਾਮ ਚੁੰਬਰ, ਰਾਮ ਪ੍ਰਕਾਸ਼ ਹੀਰਾ, ਜੀ ਐਸ ਗੋਇਲ, ਪ੍ਰਮਜੀਤ ਬੰਗੜ ਅਤੇ ਹਰਬੰਸ ਲਾਲ ਹੀਰ ਆਦਿ ਹਾਜ਼ਰ ਸਨ।

# ਹਰੇਕ ਡਰਾਈਵਿੰਗ ਟੈਸਟ ਟਰੈਕ ਉੱਪਰ ਹੋਵੇਗੀ 2 ਵਾਧੂ ਮੁਲਾਜ਼ਮਾਂ ਦੀ ਤਾਇਨਾਤੀ : ਭੁੱਲਰ



**ਫਗਵਾੜਾ (ਇੰਦਰਜੀਤ ਸਿੰਘ ਮਠਾੜੂ)**— ਪੰਜਾਬ ਦੇ ਟਰਾਂਸਪੋਰਟ ਮੰਤਰੀ ਲਾਲਜੀਤ ਸਿੰਘ ਭੁੱਲਰ ਨੇ ਐਲਾਨ ਕੀਤਾ ਹੈ ਕਿ ਲੋਕਾਂ ਨੂੰ ਲਰਨਿੰਗ ਤੇ ਡਰਾਈਵਿੰਗ ਲਾਇਸੈਂਸ ਅਪਲਾਈ ਕਰਨ ਵਿਚ ਸਹਾਇਤਾ ਪ੍ਰਦਾਨ ਕਰਨ ਲਈ ਸੂਬੇ ਭਰ ਵਿਚ ਹਰੇਕ ਡਰਾਈਵਿੰਗ ਟੈਸਟ ਟਰੈਕ ਉੱਪਰ 2 ਵਾਧੂ ਕਰਮਚਾਰੀ ਤਾਇਨਾਤ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਸਟੇਟ ਟਰਾਂਸਪੋਰਟ ਕਮਿਸ਼ਨਰ ਨੂੰ ਇਸ ਸਬੰਧੀ ਹੁਕਮ ਜਾਰੀ ਕਰ ਦਿੱਤੇ ਗਏ ਹਨ ਅਤੇ ਜਲਦ ਹੀ ਪੰਜਾਬ ਦੇ ਸਾਰੇ 32 ਡਰਾਈਵਿੰਗ ਟੈਸਟ ਟਰੈਕਾਂ ਉੱਪਰ 64 ਹੋਰ ਕਰਮਚਾਰੀ ਤਾਇਨਾਤ ਹੋਣਗੇ ਜੋ ਕਿ ਕੇਵਲ ਸਰਕਾਰੀ ਫੀਸ ਮੁਤਾਬਿਕ ਹੀ ਲਰਨਿੰਗ ਤੇ ਡਰਾਈਵਿੰਗ ਲਾਇਸੈਂਸ ਅਪਲਾਈ ਕਰਨਗੇ। ਫਗਵਾੜਾ ਵਿਖੇ ਡਰਾਈਵਿੰਗ ਟੈਸਟ ਟਰੈਕ ਉੱਪਰ ਅਚਾਨਕ ਪੁੱਜੇ ਟਰਾਂਸਪੋਰਟ ਮੰਤਰੀ ਵਲੋਂ ਟਰੈਕ ਉੱਪਰ ਲਾਇਸੈਂਸ ਬਣਵਾਉਣ ਪੁੱਜੇ ਲੋਕਾਂ ਨਾਲ ਗੱਲਬਾਤ ਕਰਕੇ ਦਰਪੇਸ਼ ਮੁਸ਼ਕਿਲਾਂ ਨੂੰ ਸੁਣਿਆ ਤੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਲਰਨਿੰਗ ਲਾਇਸੈਂਸ ਲਈ 500 ਰੁਪਏ ਤੇ ਪੱਕੇ ਡਰਾਈਵਿੰਗ ਲਾਇਸੈਂਸ ਲਈ 1385 ਰੁਪਏ ਫੀਸ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਏਜੰਟਾਂ ਦੇ ਚੁੰਗਲ ਵਿਚ ਨਾ ਫਸਣ, ਪੰਜਾਬ ਸਰਕਾਰ ਵਲੋਂ ਲਾਇਸੈਂਸ ਬਣਵਾਉਣ ਲਈ ਆਨਲਾਇਨ ਬਿਨੈਪੱਤਰ ਦੇਣ ਦੀ ਸੁਵਿਧਾ ਦਿੱਤੀ ਜਾ ਰਹੀ ਹੈ। ਇਸ ਮੌਕੇ ਐਸ.ਡੀ.ਐਮ. ਜਸ਼ਨਜੀਤ ਸਿੰਘ, ਆਰ.ਟੀ.ਓ. ਮੇਜਰ ਇਰਵਿਨ ਕੌਰ ਤੇ ਹੋਰ ਹਾਜ਼ਰ ਸਨ।

# ਅਵਾਰਾ ਪਸ਼ੂਆਂ ਨੂੰ ਬਚਾਉਣ ਦੇ ਚੱਕਰ 'ਚ ਟਰੱਕ ਡਿਵਾਈਡਰ ਦੇ ਚੜ੍ਹਿਆ



**ਬਲਾਚੌਰ (ਜਸਵਿੰਦਰ ਬੈਂਸ)** ਸ਼ਹੀਦ ਭਗਤ ਸਿੰਘ ਨਗਰ ਦੀ ਸਬ ਡਿਵੀਜ਼ਨ ਬਲਾਚੌਰ ਦੇ ਪਿੰਡ ਬੱਛੂਆਂ ਦੇ ਨੇੜੇ ਟੋਲ ਪਲਾਜ਼ਾ ਦੇ ਨੇੜੇ ਇੱਕ ਟਰੱਕ ਡਿਵਾਈਡਰ 'ਤੇ ਜਾ ਚੜ੍ਹਿਆ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਏ ਐਸ ਆਈ ਇੰਚਾਰਜ ਕੁਲਵੀਰ ਸਿੰਘ ਦੱਸਿਆ ਕਿ ਟਰੱਕ ਜਿਸ ਦਾ ਨੰਬਰ ਪੀ ਬੀ 09 ਐਨ 42 95 ਜਿਸ ਨੂੰ ਬਲਜੀਤ ਸਿੰਘ ਵਾਸੀ ਤੋਗਾ ਵਾਲਾ ਜ਼ਿਲ੍ਹਾ ਕਪੂਥਲਾ ਚਲਾ ਰਿਹਾ ਸੀ ਇਹ ਟਰੱਕ ਚੰਡੀਗੜ੍ਹ ਤੋਂ ਜਲੰਧਰ ਨੂੰ ਜਾ ਰਿਹਾ ਸੀ ਜਦੋਂ ਇਹ ਟੋਲ ਪਲਾਜ਼ਾ ਬੱਛੂਆਂ ਦੇ ਨੇੜੇ ਪਹੁੰਚੀਆਂ ਤਾਂ ਟਰੱਕ ਦੇ ਅੱਗੇ ਅਚਾਨਕ ਅਵਾਰਾ ਪਸ਼ੂ ਜਿਸ ਨੂੰ ਬਚਾਉਣ ਲਈ ਬ੍ਰੇਕ ਮਾਰੀ ਤਾਂ ਟਰੱਕ ਦਾ ਸੰਤੁਲਨ ਵਿਗੜ ਗਿਆ ਜਿਸ ਨਾਲ ਟਰੱਕ ਬੇਕਾਬੂ ਹੋ ਕੇ ਡਿਵਾਈਡਰ ਤੇ ਜਾ ਚੜ੍ਹਿਆ ਟਰੱਕ ਨੂੰ ਹਾਈਡੇ ਦੀ ਮਦਦ ਨਾਲ ਐਸ ਐਸ ਐਫ ਟੀਮ ਨੇ ਬਾਹਰ ਕਢਵਾ ਕੇ ਸਾਈਡ 'ਤੇ ਕਰਵਾਇਆ ਅਤੇ ਰੋਡ ਨੂੰ ਆਵਾਜਾਈ ਲਈ ਸਚਾਰੂ ਢੰਗ ਨਾਲ ਚਾਲੂ ਕਰਵਾਇਆ।

# ਕਾਂਗਰਸ ਪਾਰਟੀ ਵੱਲੋਂ ਖਟਕੜ ਕਲਾਂ ਵਿਖੇ ਮੋਮਬੱਤੀ ਮਾਰਚ



**ਬੰਗਾ (ਅਵਤਾਰ ਕਲੇਰ)** ਪਹਿਲਗਾਮ 'ਚ ਅੱਤਵਾਦੀਆਂ ਹੱਥੋਂ ਮਾਰੇ ਨਾਗਰਿਕਾਂ ਦੀ ਦੁਖਦਾਈ ਯਾਦ 'ਚ ਪੰਜਾਬ ਪ੍ਰਦੇਸ਼ ਕਾਂਗਰਸ ਦੇ ਬਲਾਕ ਬੰਗਾ ਦੇ ਅਹੁਦੇਦਾਰਾਂ-ਮੈਂਬਰਾਂ ਅਤੇ ਕਾਂਗਰਸ ਦੇ ਸਮਰਥਕਾਂ ਵਲੋਂ ਵਿਧਾਨ ਸਭਾ ਹਲਕਾ ਬੰਗਾ ਦੇ ਸਾਬਕਾ ਵਿਧਾਇਕ ਤਰਲੋਚਨ ਸਿੰਘ ਸੂਢ ਅਤੇ ਬਲਾਕ ਕਾਂਗਰਸ ਪ੍ਰਧਾਨ ਕੁਲਵਰਨ ਸਿੰਘ ਗਿੱਲ ਦੀ ਅਗਵਾਈ 'ਚ ਸ਼ਹੀਦ ਦੇ ਸਮਾਰਕ ਖਟਕੜ ਕਲਾਂ ਤੋਂ ਪਹਿਲਗਾਮ ਸ਼ਹੀਦਾਂ ਦੀ ਯਾਦ 'ਚ ਮੋਮਬੱਤੀ ਮਾਰਚ ਆਰੰਭਿਆ ਗਿਆ। ਸੂੰਢ ਨੇ ਪਾਕਿਸਤਾਨ ਵਲੋਂ ਕੀਤੀ ਇਸ ਘਿਨਾਉਣੀ ਕਾਰਵਾਈ ਨੂੰ ਕਾਇਰਾਨਾ ਕਾਰਾ ਦੱਸਿਆ। ਇਸੇ ਤਰ੍ਹਾਂ ਬਲਾਕ ਪ੍ਰਧਾਨ ਕੁਲਵਰਨ ਸਿੰਘ ਗਿੱਲ ਥਾਂਦੀਆਂ ਨੇ ਕਿਹਾ ਕਿ ਪਾਕਿਸਤਾਨੀ ਸ਼ਹਿ 'ਤੇ ਅੱਤਵਾਦੀਆਂ ਵਲੋਂ ਕੀਤੇ ਇਸ ਕਾਰੇ ਨੇ ਇਨਸਾਨੀਅਤ ਨੂੰ ਸ਼ਰਮਸਾਰ ਕੀਤਾ ਹੈ। ਇਸ ਮਾਰਚ 'ਚ ਰਜਿੰਦਰ ਸ਼ਰਮਾ, ਰਾਮ ਦਾਸ ਸਿੰਘ, ਅਮਰਜੀਤ ਕਲਸੀ,ਤਰਸੇਮ ਸਿੰਘ ਕੁਲਥਮ, ਧਰਮ ਸਿੰਘ ਜੱਸੋਮਜਾਰਾ, ਜੇ. ਡੀ ਠਾਕੁਰ ਬੰਗਾ ਸਿਟੀ, ਗਿਆਨ ਚੰਦ, ਉਪਕਾਰ ਸਿੰਘ, ਬਲਵੀਰ ਸਿੰਘ ਖਮਾਚੋਂ, ਉਂਕਾਰ ਸਿੰਘ ਭੂਤਾਂ, ਲਹਿੰਬਰ ਰਾਮ, ਮਨੀ ਪਾਠਕ, ਟੋਨੀ, ਬਿੰਦੂ, ਧਰਮ ਪਾਲ, ਗੁਰਪ੍ਰੀਤ ਸਿੰਘ ਬਾਂਦੀਆਂ, ਰਣਵੀਰ ਸਿੰਘ, ਰਾਮ ਸਿੰਘ ਸਰਪੰਚ ਭਰੋਮਜਾਰਾ ਅਤੇ ਡਾ. ਵਿਜੇ ਸ਼ਰਮਾ ਆਦਿ ਹਾਜ਼ਰ ਸਨ।

# ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਪੰਜਾਬ ਵੱਲੋਂ ਮੁਫਤ ਮੈਗਾ ਮੈਡੀਕਲ ਤੇ ਫਿਜ਼ੀਓਥਰੈਪੀ ਕੈਂਪ 4 ਨੂੰ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪੱਤਰਕਾਰਾਂ ਦੀ ਪ੍ਰਮੁੱਖ ਜਥੇਬੰਦੀ 'ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਰਜਿ. ਪੰਜਾਬ, ਇੰਡੀਆ' ਵੱਲੋਂ ਪੱਤਰਕਾਰੀ ਪ੍ਰਤੀ ਆਪਣੀ ਫਰਜ਼ਾਂ ਨੂੰ ਨਿਭਾਉਣ ਦੇ ਨਾਲ ਨਾਲ ਸਮਾਜ ਭਲਾਈ ਕਾਰਜਾਂ ਦੀ ਲੜੀ ਨੂੰ ਅੱਗੇ ਤੋਰਦਿਆਂ ਦੇਸ਼ ਦੀ ਪ੍ਰਮੁੱਖ ਮੈਡੀਕਲ ਚੇਨ 'ਫੋਰਟਿਸ ਹਸਪਤਾਲ ਮੋਹਾਲੀ' ਦੇ ਸਹਿਯੋਗ ਨਾਲ 'ਮੁਫਤ ਮੈਗਾ ਮੈਡੀਕਲ ਐਂਡ ਫਿਜੀਓਥੈਰਪਿਸਟ ਕੈਂਪ' 4 ਮਈ ਦਿਨ ਐਤਵਾਰ ਨੂੰ ਲਗਾਇਆ ਜਾ ਰਿਹਾ ਹੈ।ਪ੍ਰੈਸ ਵਾਰਤਾ ਵਿੱਚ ਦਿ ਵਰਕਿੰਗ ਰਿਪੋਰਟਰਜ਼ ਐਸੋਸੀਏਸ਼ਨ ਦੇ ਸਕੱਤਰ ਜਨਰਲ ਇੰਡੀਆ ਵਿਨੋਦ ਕੌਸ਼ਲ, ਸੂਬਾ ਪ੍ਰਧਾਨ ਪ੍ਰਿੰ. ਬਲਵੀਰ ਸਿੰਘ ਸੈਣੀ,ਵਾਈਸ ਚੇਅਰਮੈਨ ਗੁਰਬਿੰਦਰ ਸਿੰਘ ਪਲਾਹਾ,ਖਜ਼ਾਨਚੀ ਕਮ ਜਨਰਲ ਸਕੱਤਰ ਤਰਸੇਮ ਦੀਵਾਨਾ ਨੇ ਦੱਸਿਆ ਕਿ ਸ਼੍ਰੀ ਵੈਸ਼ਨੋ ਧਾਮ ਮੰਦਰ ਭਰਵਾਈ ਰੋਡ ਨਜ਼ਦੀਕ ਸ਼ਰਮਾ ਲੱਸੀ ਵਾਲਾ ਭਰਵਾਂਈਂ ਰੋਡ ਹੁਸ਼ਿਆਰਪੁਰ ਵਿਖੇ 4 ਮਈ ਨੂੰ ਸਵੇਰੇ 10 ਵਜੇ ਤੋਂ 2 ਵਜੇ ਤੱਕ ਲਗਾਏ ਜਾ ਰਹੇ ਇਸ ਮੈਗਾ ਮੁਫਤ ਮੈਡੀਕਲ ਅਤੇ ਫਿਜੀਓਥੈਰਪਿਸਟ ਕੈਂਪ ਵਿੱਚ ਫੋਰਟਿਸ ਹਸਪਤਾਲ ਮੋਹਾਲੀ ਦੇ ਦਿਲ ਦੇ ਰੋਗਾਂ ਮਾਹਿਰ ਡਾਕਟਰ ਸਿਧਾਂਸੁ ਬੁਧਾਕੋਟੀ ,ਦਿਮਾਗ ਦੇ ਰੋਗਾਂ ਦੇ ਮਾਹਿਰ ਡਾਕਟਰ ਐਚ ਐਸ ਬਰਾੜ, ਪੈਰ ਅਤੇ ਗਿੱਟੇ ਦੇ ਰੋਗਾਂ ਦੇ ਮਾਹਿਰ ਡਾਕਟਰ ਚੰਦਨ ਨਾਰੰਗ, ਦੰਦਾਂ ਦੇ ਡਾਕਟਰ ਭੂਪੇਸ਼ ਮਨੋਚਾ ਵੱਲੋਂ ਦੰਦਾਂ,ਦਿਲ, ਦਿਮਾਗ ਹੱਡੀਆਂ ਰੀੜ ਦੀ ਹੱਡੀ ਦੇ ਰੋਗਾਂ ਸਬੰਧੀ ਮੁਫਤ ਚੈੱਕ ਅਪ ਕੀਤਾ ਜਾਵੇਗਾ ਅਤੇ ਮੁਫਤ ਦਵਾਈ ਵੀ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਕੈਂਸਰ ਸਕਰੀਨਿੰਗ, ਈਸੀਜੀ, ਬਲੱਡ ਸ਼ੂਗਰ, ਬਲੱਡ ਪ੍ਰੈਸ਼ਰ ਚੈਕ ਅਪ, ਹੱਡੀਆਂ 'ਚ ਕੈਲਸ਼ੀਅਮ ਦੀ ਜਾਂਚ ਵਾਲਾ ਟੈਸਟ ਵੀ ਮੁਫਤ ਕੀਤਾ ਜਾਵੇਗਾ ਤੇ ਦਵਾਈਆਂ ਵੀ ਦਿੱਤੀਆਂ ਜਾਣਗੀਆਂ। ਇਸ ਕੈਂਪ ਵਿੱਚ ਡਾਕਟਰ ਦੀਕਸ਼ਾ ਸ਼ਰਮਾ ਅਤੇ ਡਾਕਟਰ ਪ੍ਰੀਆ ਵੱਲੋਂ ਫਿਜੀਓਥੈਰਪਿਸਟ ਦੀਆਂ ਸੇਵਾਵਾਂ ਵੀ ਦਿੱਤੀਆਂ ਜਾਣਗੀਆਂ।

# ਗੈਰ-ਕਾਨੂੰਨੀ ਸ਼ਰਾਬ ਦੇ ਠੇਕੇ ਦਾ ਚਲਦਾ ਕੰਮ ਬੰਦ ਕਰਵਾਇਆ



**ਫਿਲੌਰ (ਨਿਰਮਲ)**- ਲੋਕ ਇਨਸਾਫ ਮੰਚ ਤਹਿਸੀਲ ਫਿਲੌਰ ਦੀ ਟੀਮ ਵੱਲੋਂ ਬੱਸ ਸਟਾਪ ਫਿਲੌਰ ਵਿਖੇ ਪੰਜਾਬ ਸਰਕਾਰ ਦੇ ਆਗੂਆਂ ਦੀ ਸ਼ਹਿ 'ਤੇ ਸ਼ਰਾਬ ਮਾਫੀਆ ਵਲੋਂ ਬਣਾਏ ਜਾ ਰਹੇ ਗੈਰ ਕਾਨੂੰਨੀ ਸ਼ਰਾਬ ਦੇ ਠੇਕੇ ਦਾ ਚਲਦਾ ਕੰਮ ਬੰਦ ਕਰਵਾਇਆ ਗਿਆ, ਕਿਉਂਕਿ ਉਹਨਾਂ ਕੋਲ ਉਸਾਰੀ ਕਰਨ ਦੀ ਕੋਈ ਨਗਰ ਕੌਂਸਲ ਫਿਲੌਰ, ਪੀ ਡਬਲਿਊ ਡੀ ਜਾਂ ਨੈਸ਼ਨਲ ਹਾਈਵੇ ਅਥਾਰਟੀ ਦੀ ਮਨਜੂਰੀ ਨਹੀਂ ਸੀ। ਇਸ ਮੌਕੇ ਨਗਰ ਕੌਂਸਲ ਦੇ ਪ੍ਰਧਾਨ ਨਾਲ ਗੱਲ ਕੀਤੀ ਤਾਂ ਉਹਨਾਂ ਨੇ ਵੀ ਪੱਲ੍ਹਾ ਝਾੜ ਦਿੱਤਾ, ਬਾਅਦ ਵਿੱਚ ਬਾਕੀ ਨਗਰ ਕੌਂਸਲ ਫਿਲੌਰ ਦੇ ਅਧਿਕਾਰੀ ਵੀ ਟਾਲ ਮਟੋਲ ਕਰ ਗਏ ਤੇ ਸਥਾਨਕ ਕੌਂਸਲਰ ਨੇ ਵੀ ਕਿਹਾ ਕਿ ਮੈਂ ਕਿਤੇ ਬਾਹਰ ਹਾਂ। ਇਸ ਮੌਕੇ ਲੋਕ ਇਨਸਾਫ ਮੰਚ ਤਹਿਸੀਲ ਫਿਲੌਰ ਦੇ ਪ੍ਰਧਾਨ ਜਰਨੈਲ ਫਿਲੌਰ, ਸਕੱਤਰ ਪਰਸ਼ੋਤਮ ਫਿਲੌਰ, ਸੀਨੀਅਰ ਮੀਤ ਪ੍ਰਧਾਨ ਹੰਸ ਰਾਜ ਸੰਤੋਖਪੁਰਾ, ਕੈਸ਼ੀਅਰ ਡਾਕਟਰ ਸੰਦੀਪ ਫਿਲੌਰ, ਕੋਰ ਕਮੇਟੀ ਮੈਂਬਰ ਡਾਕਟਰ ਅਸ਼ੋਕ ਕੁਮਾਰ, ਕੁਲਦੀਪ ਲੰਬਰਦਾਰ, ਸਰੂਪ ਕਲੇਰ ਅਤੇ ਮੱਖਣ ਰਾਮ ਸੰਤੋਖਪੁਰਾ ਆਦਿ ਆਗੂਆਂ ਨੇ ਚੇਤਾਵਨੀ ਦਿੱਤੀ ਕਿ ਅਗਰ ਠੇਕਾ ਖੋਲ੍ਹਣ ਦਾ ਕੰਮ ਦੁਬਾਰਾ ਸ਼ੁਰੂ ਕੀਤਾ ਤਾਂ ਭਰਾਤਰੀ ਜਥੇਬੰਦੀਆਂ ਨੂੰ ਨਾਲ ਲੈ ਕੇ ਅੰਦੋਲਨ ਕੀਤਾ ਜਾਵੇਗਾ ਜਿਸ ਦੀ ਜਿੰਮੇਵਾਰ ਸਥਾਨਕ ਪ੍ਰਸ਼ਾਸਨ ਦੀ ਹੋਵੇਗੀ। ਇਸ ਮੌਕੇ ਨੈਸ਼ਨਲ ਹਾਈਵੇ ਅਥਾਰਟੀ ਦੇ ਅਧਿਕਾਰੀਆਂ ਵਲੋਂ 24 ਘੰਟੇ ਵਿੱਚ ਗੈਰ ਕਾਨੂੰਨੀ ਸ਼ਰਾਬ ਦਾ ਠੇਕਾ ਚੁਕਵਾਉਣ ਦਾ ਵਾਅਦਾ ਕੀਤਾ।

# ਐੱਨ ਆਰ ਆਈ ਵੱਲੋਂ ਸਰਕਾਰੀ ਸਕੂਲ ਨੂੰ ਵਾਟਰ ਕੂਲਰ ਦਾਨ

**ਬਲਾਚੌਰ (ਜਸਵਿੰਦਰ ਬੈਂਸ)**- ਪਿੰਡ ਕੰਗਨਾ ਬੇਟ ਵਿਖੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਲਈ ਪਿੰਡ ਦੇ ਹੀ ਐਨ ਆਰ ਆਈ ਵਲੋਂ ਵਾਟਰ ਕੂਲਰ ਦਾਨ ਕੀਤਾ ਗਿਆ। ਪਿੰਡ ਕੰਗਨਾ ਬੇਟ ਦੇ ਸਾਬਕਾ ਸਰਪੰਚ ਅਤੇ ਸਮਾਜ ਸੇਵੀ ਅਵਤਾਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਧਿਆਨ ਵਿੱਚ ਆਇਆ ਸੀ ਕਿ ਗਰਮੀ ਦੇ ਇਸ ਮੌਸਮ ਵਿੱਚ ਪ੍ਰਾਇਮਰੀ ਸਕੂਲ ਦੇ ਬੱਚਿਆਂ ਅਤੇ ਅਧਿਆਪਕਾਂ ਨੂੰ ਠੰਡੇ ਪਾਣੀ ਦੀ ਕਾਫੀ ਮੁਸ਼ਕਲ ਆ ਰਹੀ ਹੈ। ਜਿਸ ਬਾਰੇ ਉਨ੍ਹਾਂ ਅਮਰੀਕਾ ਸਿਟੀਜਨ ਐਨ ਆਰ ਆਈ ਜਸਵੰਤ ਸਿੰਘ ਨਾਲ ਗੱਲ ਕੀਤੀ ਤਾਂ ਉਨ੍ਹਾਂ ਵਲੋਂ ਇਸ ਸਮੱਸਿਆ ਦਾ ਪਹਿਲ ਦੇ ਆਧਾਰ ਉਪਰ ਹੱਲ ਕਰਦਿਆਂ ਸਕੂਲ ਨੂੰ ਇੱਕ ਵਾਟਰ ਕੂਲਰ ਦਾਨ ਵਜੋਂ ਦਿੱਤਾ ਗਿਆ। ਉਨ੍ਹਾਂ ਦੇ ਇਸ ਨੇਕ ਸਮਾਜ ਸੇਵੀ ਉਪਰਾਲੇ ਲਈ ਸਮੂਹ ਸਕੂਲ ਦੇ ਅਧਿਆਪਕਾਂ ਅਤੇ ਨਗਰ ਨਿਵਾਸੀਆ ਵਲੋ ਧੰਨਵਾਦ ਕੀਤਾ ਗਿਆ। ਇਸ ਮੌਕੇ ਸਾਬਕਾ ਸਰਪੰਚ ਅਵਤਾਰ ਸਿੰਘ, ਜਗਦੀਸ਼ ਸਿੰਘ ਸਾਬਕਾ ਪੰਚ, ਮਾਸਟਰ ਨਰਿੰਦਰ ਕੁਮਾਰ, ਮਾਸਟਰ ਪੰਕਜ ਸਿਆਲ, ਮਨਜਿੰਦਰ ਸਿੰਘ ਸੈਣੀ, ਲਵਲੀ ਖਾਲਸਾ ਅਤੇ ਅਮਰਜੀਤ ਸਿੰਘ ਸਮੇਤ ਹੋਰ ਵੀ ਨਗਰ ਨਿਵਾਸੀ ਹਾਜ਼ਰ ਸਨ।



# ਪਡਿਆਲਾ ਨੇ ਦਿੱਤੀਆਂ ਸਲਾਈ ਮਸ਼ੀਨਾਂ




**ਕੁਰਾਲੀ (ਮੋਹਨ ਅੱਗਰਵਾਲ)**- ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਸ਼ਹੀਦ ਭਗਤ ਸਿੰਘ ਖਾਲਸਾ ਕਾਲਜ ਫਾਰ ਵੂਮੈਨ ਪਿੰਡ ਪਡਿਆਲਾ ਵਿਖੇ ਸਾਲਾਨਾ ਇਨਾਮ ਵੰਡ ਸਮਾਰੋਹ ਕਰਵਾਏ ਗਏ। ਇਸ ਮੌਕੇ ਉੱਘੇ ਖੇਡ ਪ੍ਰਮੋਟਰ ਗੁਰਪ੍ਰਤਾਪ ਸਿੰਘ ਪਡਿਆਲਾ ਜਨਰਲ ਸਕੱਤਰ (ਪੰਜਾਬ ਕਿਸਾਨ ਕਾਂਗਰਸ) ਵੱਲੋਂ ਇਸ ਸਾਲਾਨਾ ਸਮਾਰੋਹ ਵਿੱਚ ਹਾਜਰੀ ਭਰੀ। ਸਕੂਲ ਦੀ ਪ੍ਰਿੰਸੀਪਲ ਮੈਡਮ ਜਸਵੀਰ ਕੌਰ ਨੇ ਦੱਸਿਆ ਕਿ ਸਮਾਰੋਹ ਦੌਰਾਨ ਵੱਖ-ਵੱਖ ਕੋਰਸਾਂ ਦੇ ਵਿੱਚ ਚੰਗੇ ਨੰਬਰਾਂ ਨਾਲ ਪ੍ਰੀਖਿਆ ਪਾਸ ਕਰਨ ਵਾਲੀਆਂ ਲੜਕੀਆਂ ਨੂੰ ਸਨਮਾਨਿਤ ਕੀਤਾ ਗਿਆ। ਸਿਲਾਈ ਕਢਾਈ ਦਾ ਕੋਰਸ ਪੂਰਾ ਕਰਨ ਵਾਲੀਆਂ ਲੜਕੀਆਂ ਨੂੰ ਪਡਿਆਲਾ ਵੱਲੋਂ ਸਿਲਾਈ ਮਸ਼ੀਨਾਂ ਦਿੱਤੀਆਂ ਗਈਆਂ।

# ਹਾਕੀ ਕਲੱਬ ਦੇ ਖਿਡਾਰੀਆਂ ਨੂੰ ਵੰਡੀਆਂ ਖੇਡ ਕਿੱਟਾਂ




**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)** ਸਥਾਨਕ ਚਰਨ ਗੰਗਾ ਖੇਡ ਸਟੇਡੀਅਮ ਵਿੱਚ ਸ੍ਰੀ ਅਨੰਦਪਰ ਸਾਹਿਬ ਹਾਕੀ ਕਲੱਬ ਵਲੋਂ ਚਲਾਈ ਜਾ ਰਹੀ ਹਾਕੀ ਖੇਡ ਅਕੈਡਮੀ ਜਿਸ ਵਿੱਚ 75 ਖਿਡਾਰੀ (ਲੜਕੇ ਅਤੇ ਲੜਕੀਆਂ) ਹਾਕੀ ਦੀ ਸਿਖਲਾਈ ਪ੍ਰਾਪਤ ਕਰ ਰਹੇ ਹਨ, ਨੂੰ, ਰਾਊਂਡਗਲਾਸ ਖੇਡ ਸੰਸਥਾ ਵਲੋਂ ਭੇਜੀਆਂ ਗਈਆਂ ਕਿੱਟਾਂ ਕਲੱਬ ਦੇ ਸਮੂਹ ਮੈਂਬਰਾਂ ਵਲੋਂ ਵੰਡੀਆਂ ਗਈਆਂ।ਕਲੱਬ ਦੇ ਕੋਚ ਕਮਲਪ੍ਰੀਤ ਸਿੰਘ ਮੱਟੂ ਨੇ ਦੱਸਿਆ ਕੇ ਸਾਡੇ ਕਲੱਬ ਵਲੋਂ ਖਿਡਾਰੀਆਂ ਨੂੰ ਫ੍ਰੀ ਖੇਡ ਸਿਖਲਾਈ ਦੇ ਨਾਲ ਨਾਲ ਹਰ ਸਹੂਲਤ ਬਿਲਕੁੱਲ ਮੁਫ਼ਤ ਦਿੱਤੀ ਜਾਂਦੀ ਹੈ। ਪਿਛਲੇ 2 ਸਾਲਾਂ ਤੋਂ ਰਾਊਂਡਗਲਾਸ ਖੇਡ ਸੰਸਥਾਂ ਕਲੱਬ ਨੂੰ ਲਗਾਤਾਰ ਸਹਿਯੋਗ ਦੇ ਰਹੀ ਹੈ। ਜਿਸ ਸਦਕਾ ਅਸੀਂ ਖਿਡਾਰੀਆਂ ਨੂੰ ਹੋਰ ਵਧੀਆ ਸਹੂਲਤਾਂ ਦੇ ਸਕੇ ਹਾਂ।ਮਾਸਟਰ ਅਮਰਜੀਤ ਸਿੰਘ ਅਤੇ ਅਕਾਸ਼ਦੀਪ ਸਿੰਘ ਵੱਲੋਂ ਵੀ ਵਿੱਤੀ ਸਹਾਇਤਾ ਦਿੱਤੀ ਗਈ।ਇਸ ਮੌਕੇ ਕਲੱਬ ਦੇ ਸਰਪ੍ਰਸਤ ਕੈਪਟਨ ਤਰਸੇਮ ਸਿੰਘ, ਲੰਬੜਦਾਰ ਕਾਬਲ ਸਿੰਘ,ਮਾਸਟਰ ਜਸਕਰਨ ਸਿੰਘ, ਪ੍ਰੋ. ਅਸ਼ੋਕ ਕੁਮਾਰ, ਹਰਪ੍ਰੀਤ ਸਿੰਘ, ਅਮਰਜੀਤ ਸਿੰਘ (ਡੀ. ਪੀ.), ਹਰਵਿੰਦਰ ਸਿੰਘ ਬੇਲਾ, ਡਾ. ਵੀਰਪਾਲ ਸਿੰਘ ਆਦਿ ਹਾਜ਼ਰ ਸਨ।

# ਹਲਕਾ ਇੰਚਾਰਜ ਨੇ ਸਕੂਲ 'ਚ ਕੰਮਾਂ ਦਾ ਕੀਤਾ ਉਦਘਾਟਨ




**ਫਿਲੌਰ (ਨਿਰਮਲ)** ਪਿੰਡ ਝੰਡੀਪੀਰ ਵਿਖੇ ਸਰਕਾਰੀ ਪ੍ਰਾਇਮਰੀ ਸਮਾਰਟ ਸਕੂਲ ਵਿਖੇ ਪੰਜਾਬ ਸਰਕਾਰ ਦੀ ਅਗਵਾਈ ਹੇਠ ਪੰਜਾਬ ਸਿਖਿਆ ਕ੍ਰਾਂਤੀ ਨਾਲ ਬਦਲਦਾ ਪੰਜਾਬ ਮੁਹਿੰਮ ਤਹਿਤ ਹਲਕਾ ਇੰਚਾਰਜ ਫਿਲੌਰ ਜੁਆਇੰਟ ਸਕੱਤਰ ਪੰਜਾਬ ਵਾਇਸ ਚੈਅਰਮੈਨ ਐਜੂਕੇਸ਼ਨ ਬੋਰਡ ਪੰਜਾਬ ਪ੍ਰਿੰਸੀਪਲ ਪ੍ਰੇਮ ਕੁਮਾਰ ਵਲੋਂ ਸਕੂਲ ਵਿੱਚ ਹੋਏ ਵੱਖ ਵੱਖ ਕੰਮਾਂ ਦਾ ਉਦਘਾਟਨ ਕੀਤਾ ਗਿਆ। ਸਕੂਲ ਦੇ ਇੰਚਾਰਜ ਜਗਜੀਤ ਸਿੰਘ, ਪਿੰਡ ਦੇ ਸਰਪੰਚ ਜਸਵੀਰ ਸਿੰਘ,ਹਲਕਾ ਕੋਆਰਡੀਨੇਟਰ ਜਗਤ ਰਾਮ ਭੱਟੀ, ਬਲਰਾਜ ਸਿੰਘ ਯੂਥ ਵਿੰਗ , ਪਰਮਜੀਤ ਸਿੰਘ ਭਾਰਤੀ, ਜਸਵਿੰਦਰ ਸਿੰਘ ਯੂਥ ਵਿੰਗ, ਬਲਾਕ ਪ੍ਰਧਾਨ ਅਵਤਾਰ ਚੰਦ, ਜਗਜੀਤ ਸਿੰਘ, ਮਾਸਟਰ ਸੁਖਦੇਵ ਸਿੰਘ, ਅਮਰਜੀਤ, ਕੁਲਦੀਪ ਸਿੰਘ, ਹਰਦੀਪ ਸਿੰਘ ਅਤੇ ਪਾਰਟੀ ਮੈਂਬਰ ਮੌਜੂਦ ਸਨ।



ਸ੍ਰੀ ਭੋਲੇ ਸਾਈਂ ਸੇਵਾ ਮੰਡਲ ਰਜਿ. ਫਿਲੌਰ ਵਲੋਂ ਕਰਵਾਈ ਗਈ ਬਾਰ੍ਹਵੀਂ ਵਿਸ਼ਾਲ ਸਾਈਂ ਭਜਨ ਸੰਧਿਆ ਮੌਕੇ ਔਰਤਾਂ ਸਾਈਂ ਬਾਬਾ ਦਾ ਗੁਣਗਾਨ ਕਰਦੀਆਂ ਹੋਈਆਂ।
ਫੋਟੋ ਤੇ ਵੇਰਵਾ :- ਬੀ ਐੱਸ ਕੈਨੇਡੀ ਫਿਲੌਰ

# ਸੀ ਟੀ ਯੂ ਸਾਰੇ ਪ੍ਰੋਗਰਾਮਾਂ 'ਚ ਵਧ-ਚੜ੍ਹ ਕੇ ਹੋਵੇਗੀ ਸ਼ਾਮਲ : ਵਰਮਾ



**ਜਲੰਧਰ (ਕੇਸਰ)** ਸੈਂਟਰ ਆਫ ਟਰੇਡ ਯੂਨੀਅਨਜ (ਸੀ ਟੀ ਯੂ) ਪੰਜਾਬ ਪਹਿਲੀ ਮਈ ਮਜਦੂਰ ਦਿਵਸ, 4 ਮਈ ਜਲੰਧਰ ਟਰੇਡ ਯੂਨੀਅਨਾਂ ਦੀ ਸਾਂਝੀ ਸੂਬਾਈ ਕਨਵੈਨਸ਼ਨ ਅਤੇ 20 ਮਈ ਦੇਸ਼ ਵਿਆਪੀ ਹੜਤਾਲ ਵਿੱਚ ਵੱਧ ਚੜ੍ਹ ਕੇ ਸ਼ਾਮਲ ਹੋਵੇਗੀ। ਸੀ ਟੀ ਯੂ ਪੰਜਾਬ ਦੇ ਪ੍ਰਧਾਨ ਕਾਮਰੇਡ ਦੇਵ ਰਾਜ ਵਰਮਾ ਦੀ ਪ੍ਰਧਾਨਗੀ ਹੇਠ ਹੋਈ ਸੂਬਾ ਵਰਕਿੰਗ ਕਮੇਟੀ ਮੀਟਿੰਗ ਦੀ ਜਾਣਕਾਰੀ ਪ੍ਰੈਸ ਨਾਲ ਸਾਂਝੀ ਕਰਦਿਆਂ ਜਨਰਲ ਸਕੱਤਰ ਕਾਮਰੇਡ ਨੱਥਾ ਸਿੰਘ ਢਡਵਾਲ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਜਦੋਂ ਦੀ ਸਤਾ ਵਿਚ ਆਈ ਹੈ, ਲਗਾਤਾਰ ਮਜਦੂਰਾਂ ਖਿਲਾਫ ਫੈਸਲਿਆਂ ਦੀ ਝੜੀ ਲਾ ਰੱਖੀ ਹੈ। ਮੀਟਿੰਗ ਵਿੱਚ 20 ਮਈ ਦੇਸ਼ ਵਿਆਪੀ ਹੜਤਾਲ ਦੀ ਸਫਲਤਾ ਲਈ ਪਬਲਿਕ ਤੇ ਗੇਟ ਮੀਟਿੰਗਾਂ ਕਰਨ ਦਾ ਸੱਦਾ ਦਿੱਤਾ ਗਿਆ। ਮੀਟਿੰਗ ਵਿੱਚ ਦੋ ਮਿੰਟ ਦਾ ਮੋਨ ਧਾਰ ਕੇ ਪਹਿਲਗਾਮ ਵਿਖੇ ਅੱਤਵਾਦੀਆਂ ਹੱਥੋਂ ਮਾਰੇ ਗਏ ਨਿਰਦੋਸ਼ ਸੈਲਾਨੀਆਂ ਅਤੇ ਅੱਤਵਾਦੀਆਂ ਨਾਲ ਲੜਦੇ ਸ਼ਹੀਦ ਹੋਏ ਆਦਿਲ ਹੁਸੈਨ ਨੂੰ ਸ਼ਰਧਾਂਜ਼ਲੀ ਭੇਂਟ ਕੀਤੀ। ਇਸ ਮੌਕੇ ਸੀ ਟੀ ਯੂ ਪੰਜਾਬ ਨਾਲ ਐਫੀਲੀਏਟਿਡ ਵੱਖ-ਵੱਖ ਜਥੇਬੰਦੀਆਂ ਪੰਜਾਬ ਨਿਰਮਾਣ ਮਜਦੂਰ ਯੂਨੀਅਨ, ਲਾਲ ਝੰਡਾ ਪੰਜਾਬ ਭੱਠਾ ਲੇਬਰ ਯੂਨੀਅਨ, ਮਿਡ-ਡੇ-ਮੀਲ ਵਰਕਰਜ ਯੂਨੀਅਨ, ਥੀਂਨ ਡੈਮ ਵਰਕਰਜ ਯੂਨੀਅਨ ਸ਼ਾਹਪੁਰ ਕੰਢੀ, ਲੁਧਿਆਣਾ,ਅੰਮ੍ਰਿਤਸਰ ਤੇ ਜਲੰਧਰ ਤੋਂ ਵੱਖ ਵੱਖ ਉਦਯੋਗਿਕ ਖੇਤਰ ਨਾਲ ਸਬੰਧਤ ਯੂਨੀਅਨ ਦੇ ਆਗੂ ਵੀ ਹਾਜ਼ਰ ਸਨ।

# ਸੰਘਰਸ਼ ਕਰਨ ਦਾ ਜਮਹੂਰੀ ਹੱਕ ਬਹਾਲ ਕੀਤਾ ਜਾਵੇ : ਧਰਮਕੋਟ



**ਸ਼ਾਹਕੋਟ (ਗਿਆਨ ਸੈਦਪੁਰੀ)** ਕਿਸਾਨਾਂ ਦੀਆਂ ਹੱਕੀ ਮੰਗਾਂ ਲਈ ਕੀਤੇ ਸੰਘਰਸ਼ਾਂ ਵਿੱਚ ਸ਼ਾਮਲ ਕਿਸਾਨ ਆਗੂਆਂ ਅਤੇ ਹੋਰ ਇਨਸਾਫ ਪੰਸਦ ਲੋਕਾਂ ਉੱਪਰ ਕੀਤੇ ਪੁਲਸ ਜਬਰ ਵਿਰੁੱਧ ਰੋਸ ਪ੍ਰਗਟ ਕਰਨ ਲਈ ਸੋਮਵਾਰ ਨੂੰ ਸੰਯੁਕਤ ਕਿਸਾਨ ਮੋਰਚੇ ਵੱਲੋਂ ਪੰਜਾਬ ਭਰ ਵਿੱਚ ਮੁੱਖ ਮੰਤਰੀ ਦੇ ਨਾਂਅ ਮੰਗ ਪੱਤਰ ਦਿੱਤੇ ਗਏ। ਇਸੇ ਸਿਲਸਿਲੇ ਤਹਿਤ ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਸੂਰਤ ਸਿੰਘ ਧਰਮਕੋਟ ਦੀ ਅਗਵਾਈ ਵਿੱਚ ਕਿਸਾਨ ਆਗੂਆਂ ਨੇ ਏ. ਡੀ. ਸੀ. ਮੋਗਾ ਮੈਡਮ ਚਾਰੂਮਿਤਾ ਨੂੰ ਮੰਗ ਪੱਤਰ ਦਿੱਤਾ। ਮੁੱਖ ਮੰਤਰੀ ਪੰਜਾਬ ਭਗਵੰਤ ਸਿੰਘ ਮਾਨ ਦੇ ਨਾਂਅ ਦਿੱਤੇ ਪੱਤਰ ਵਿੱਚ ਮੰਗ ਕੀਤੀ ਗਈ ਹੈ ਕਿ ਸੰਘਰਸ਼ ਕਰ ਰਹੇ ਕਿਸਾਨਾਂ ਉੱਤੇ ਪੁਲਸ ਜਬਰ ਬੰਦ ਕੀਤਾ ਜਾਵੇ ਅਤੇ ਜਨਤਕ ਸੰਘਰਸ਼ ਕਰਨ ਦਾ ਬੁਨਿਆਦੀ ਜਮਹੂਰੀ ਹੱਕ ਬਹਾਲ ਕੀਤਾ ਜਾਵੇ। ਆਦਰਸ਼ ਸਕੂਲ ਚਾਉਂਕੇ ਦੇ ਨੌਕਰੀਓ ਫਾਰਗ ਕੀਤੇ ਗਏ ਅਧਿਆਪਕਾਂ ਨੂੰ ਬਹਾਲ ਕੀਤਾ ਜਾਵੇ। ਜੇਲ੍ਹੀ ਡੱਕੇ ਹੋਏ ਅਧਿਆਪਕ, ਕਿਸਾਨ, ਵਿਦਿਆਰਥੀ ਤੇ ਮਾਪਿਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ। ਔਰਤ ਕਿਸਾਨ ਆਗੂਆ ਦੀ ਕੀਤੀ ਕੁੱਟਮਾਰ ਦੇ ਦੋਸ਼ੀ ਪੁਲਸ ਅਧਿਕਾਰੀਆਂ ਵਿਰੁੱਧ ਕੇਸ ਦਰਜ ਕਰਕੇ ਗ੍ਰਿਫਤਾਰ ਕੀਤਾ ਜਾਵੇ। ਇਸੇ ਤਰ੍ਹਾਂ ਪਿੰਡ ਅਖਾੜਾ ਵਿਖੇ ਪ੍ਰਦੂਸ਼ਣ ਦਾ ਕਾਰਨ ਬਣ ਰਹੀ ਫੈਕਟਰੀ ਬੰਦ ਕਰਵਾਉਣ ਲਈ ਸ਼ਾਂਤਮਈ ਮੋਰਚੇ ਲਾਉਣ ਵਾਲੇ ਕਿਸਾਨਾਂ ਮਜਦੂਰਾਂ ਉੱਤੇ ਅੰਨ੍ਹਾ ਤਸ਼ੱਦਦ ਕਰਨ ਵਾਲੇ ਪੁਲਸ ਅਧਿਕਾਰੀਆਂ ਵਿਰੁੱਧ ਕਾਨੂੰਨੀ ਕਾਰਵਾਈ ਕੀਤੀ ਜਾਵੇ। ਕਿਰਤੀ ਕਿਸਾਨ ਯੂਨੀਅਨ ਯੂਥ ਵਿੰਗ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਨਿਰਭੈ ਸਿੰਘ ਖਾਈ 'ਤੇ ਕਾਤਲਾਨਾ ਹਮਲਾ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਜਾਵੇ।

# ਕੰਪਿਊਟਰ ਅਧਿਆਪਕਾਂ ਵੱਲੋਂ ਮਜ਼ਦੂਰ ਦਿਵਸ 'ਤੇ ਲੁਧਿਆਣਾ 'ਚ ਕਰਨਗੇ ਸੂਬਾ ਪੱਧਰੀ ਰੋਸ ਮੁਜ਼ਾਹਰਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)** ਕੰਪਿਊਟਰ ਅਧਿਆਪਕ ਆਪਣੀਆਂ ਮੰਗਾਂ ਦੀ ਪ੍ਰਾਪਤੀ ਲਈ ਮਜ਼ਦੂਰ ਦਿਵਸ 'ਤੇ ਪਰਵਾਰਾਂ ਸਮੇਤ ਲੁਧਿਆਣਾ 'ਚ ਸੂਬਾ ਪੱਧਰੀ ਰੋਸ ਮਾਰਚ ਕਰਨਗੇ। ਕੰਪਿਊਟਰ ਅਧਿਆਪਕਾਂ ਸੰਘਰਸ਼ ਕਮੇਟੀ, ਪੰਜਾਬ ਨੇ ਬੀਤੇ ਦਿਨੀਂ ਹੋਈ ਸੂਬਾ ਪਧਰੀ ਮੀਟਿੰਗ 'ਚ ਇਹ ਫੈਸਲਾ ਕੀਤਾ ਹੈ। ਜ਼ਿਲ੍ਹਾ ਹੁਸ਼ਿਆਰਪੁਰ ਪ੍ਰਧਾਨ ਵਿਸ਼ਾਲ ਵਿੰਨੀ ਅਤੇ ਸਕੱਤਰ ਕਮਲ ਮਾਹੀ ਨੇ ਜਾਣਕਾਰੀ ਦਿੰਦੇ ਹੋਇਆਂ ਦਸਿਆ ਕਿ ਸੂਬਾ ਪਧਰੀ ਰੋਸ ਮੁਜ਼ਾਹਰੇ ਲਈ ਜ਼ਿਲ੍ਹੇ 'ਚੋਂ ਵੱਡੀ ਗਿਣਤੀ ਕੰਪਿਊਟਰ ਅਧਿਆਪਕ ਸ਼ਾਮਲ ਹੋਣਗੇ।ਰੋਸ ਮੁਜ਼ਾਹਰੇ ਨੂੰ ਸਫ਼ਲ ਬਣਾਉਣ ਲਈ ਬਲਾਕ ਪੱਧਰ 'ਤੇ ਜੱਥੇਬੰਦੀ ਦੀਆਂ ਲਾਮਬੰਦੀ ਮੀਟਿੰਗਾਂ ਕੀਤੀਆਂ ਜਾ ਰਹੀਆਂ ਹਨ।ਜ਼ਿਲ੍ਹਾ ਆਗੂ ਰਘੁਬੀਰ ਸਿੰਘ, ਸ਼ਮਿੰਦਰ ਕੌਰ, ਸੁਮਨ ਬਾਲਾ ਅਤੇ ਰਣਜੀਤ ਸਿੰਘ ਨੇ ਦਸਿਆ ਕਿ 20 ਸਾਲਾਂ ਦੀ ਸਰਵਿਸ ਪੂਰੀ ਹੋਣ ਦੇ ਬਾਵਜੂਦ ਸੂਬੇ ਦੇ 6640 ਕੰਪਿਊਟਰ ਅਧਿਆਪਕ ਅੱਜ ਵੀ ਆਪਣੇ ਹੱਕਾਂ ਤੋਂ ਵਾਂਝੇ ਹਨ। ਸਮੇਂ ਦੀਆਂ ਸਰਕਾਰਾਂ ਦੀ ਡੰਗ ਟਪਾਊ ਨੀਤੀਆਂ ਦੇ ਚੱਲਦਿਆਂ ਕੰਪਿਊਟਰ ਅਧਿਆਪਕ ਵਿੱਤ ਵਿਭਾਗ ਅਤੇ ਸਿੱਖਿਆ ਵਿਭਾਗ ਵਿਚਾਲੇ ਪਿਸਣ ਨੂੰ ਮਜ਼ਬੂਰ ਹਨ।ਇਹ ਰੋਸ ਮਾਰਚ ਡੀਸੀ ਦਫ਼ਤਰ ਲੁਧਿਆਣਾ ਤੋਂ ਜ਼ਿਮਨੀ ਚੋਣਾਂ 'ਚ ਆਪ ਦੇ ਉਮੀਦਵਾਰ ਸੰਜੀਵ ਅਰੋੜਾ ਦੇ ਦਫ਼ਤਰ ਤੱਕ ਕੱਢਿਆ ਜਾਵੇਗਾ।

# ਸੰਯੁਕਤ ਕਿਸਾਨ ਮੋਰਚਾ ਨੇ ਮੁੱਖ ਮੰਤਰੀ ਪੰਜਾਬ ਨੂੰ ਭੇਜਿਆ ਮੰਗ ਪੱਤਰ



**ਰੂਪਨਗਰ (ਨ ਜ ਸ):** ਸੰਯੁਕਤ ਕਿਸਾਨ ਮੋਰਚਾ ਰੂਪਨਗਰ ਵਿੱਚ ਸ਼ਾਮਿਲ ਜਥੇਬੰਦੀਆਂ ਕੁੱਲ ਹਿੰਦ ਕਿਸਾਨ ਸਭਾ, ਕਿਰਤੀ ਕਿਸਾਨ ਮੋਰਚਾ,ਕੁੱਲ ਹਿੰਦ ਕਿਸਾਨ ਸਭਾ (ਅਜੇ ਭਵਨ), ਭਾਰਤੀ ਕਿਸਾਨ ਯੂਨੀਅਨ ਕਾਦੀਆਂ ,ਜਮਹੂਰੀ ਕਿਸਾਨ ਸਭਾ ਆਦਿ ਦੇ ਆਗੂਆਂ ਵੱਲੋਂ ਮੁੱਖ ਮੰਤਰੀ ਪੰਜਬ ਨੂੰ ਵਧੀਕ ਡਿਪਟੀ ਕਮਿਸ਼ਨਰ ਪੂਜਾ ਸਿਆਲ ਗਰੇਵਾਲ ਰੂਪਨਗਰ ਰਾਹੀਂ ਇੱਕ ਮੰਗ ਪੱਤਰ ਭੇਜ ਕੇ ਮੰਗ ਕੀਤੀ ਗਈ ਤੇ ਬਠਿੰਡਾ ਜ਼ਿਲ੍ਹੇ ਦੇ ਪਿੰਡ ਚਾਉਕੇ ਅਤੇ ਜਗਰਾਉਂ ਦੇ ਪਿੰਡ ਅਖਾੜਾ ਵਿਖੇ ਸੰਘਰਸ਼ ਕਰ ਰਹੇ ਲੋਕਾਂ ਤੇ ਪੁਲਿਸ ਵੱਲੋਂ ਜਬਰ ਢਾਹਿਆ ਗਿਆ ਹੈ ਅਤੇ ਸੰਗਰੂਰ ਵਿੱਚ ਗੁੰਡਾ ਅਨਸਰਾਂ ਵੱਲੋਂ ਸੰਘਰਸ਼ਸ਼ੀਲ ਟੀਚਰਾਂ ਕਿਸਾਨਾਂ ਮਜ਼ਦੂਰਾਂ ਅਤੇ ਹੋਰ ਕਿਰਤੀ ਲੋਕਾਂ ਉੱਪਰ ਜਾਬਰ ਹਮਲਾ ਕੀਤਾ ਗਿਆ ਅਤੇ ਦਰਜਨਾਂ ਲੋਕਾਂ ਨੂੰ ਜੇਲਾਂ ਵਿੱਚ ਡੱਕਿਆ ਗਿਆ ਹੈ, ਔਰਤ ਕਿਸਾਨ ਆਗੂਆਂ ਦੀ ਬੇਕਿਰਕ ਕੁੱਟਮਾਰ ਕੀਤੀ ਗਈ ਹੈ ਅਤੇ ਉਹਨਾਂ ਪ੍ਰਤੀ ਜਾਲਮਾਨਾ ਅਤੇ ਅਪਮਾਨਜਨਕ ਵਤੀਰਾ ਅਪਨਾਇਆ ਗਿਆ ਹੈ। ਸਰਕਾਰ ਸੰਘਰਸ਼ੀ ਲੋਕਾਂ ਨੂੰ ਦਬਾਉਣਾ ਤੁਰੰਤ ਬੰਦ ਕਰੇ ਅਤੇ ਜਾਇਜ਼ ਮੰਗਾਂ ਮੰਨ ਕੇ ਉਹਨਾਂ ਨੂੰ ਇਨਸਾਫ ਦੇਵੇ । ਇਸ ਮੌਕੇ ਸਾਥੀ ਸੁਰਜੀਤ ਸਿੰਘ ਢੇਰ, ਵੀਰ ਸਿੰਘ ਬੜਵਾ,ਦਵਿੰਦਰ ਨੰਗਲੀ, ਗੁਰਨਾਮ ਸਿੰਘ ਔਲਖ,ਤਰਲੋਚਨ ਸਿੰਘ ਹੁਸੈਨਪੁਰ, ਰਪਿੰਦਰ ਸਿੰਘ ਰੂਪਾ ਖੁਆਸਪੁਰ, ਅਮਨਪ੍ਰੀਤ ਸਿੰਘ, ਕਾਮਰੇਡ ਗੁਰਦੇਵ ਸਿੰਘ ਬਾਗੀ ਸੀਟੂ ਆਗੂ,ਪ੍ਰੇਮ ਚੰਦ ਜੱਟਪੁਰ ਅਤੇ ਸ਼ਮਸ਼ੇਰ ਸਿੰਘ ਹਵੇਲੀ ਆਦਿ ਆਗੂ ਹਾਜਰ ਸਨ।

# ਚੌਧਰੀ ਬਲਬੀਰ ਸਿੰਘ ਦਾ 40ਵਾਂ ਬਲਿਦਾਨ ਦਿਵਸ 10 ਨੂੰ ਮਨਾਇਆ ਜਾਵੇਗਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੈਣੀ ਜਾਗ੍ਰਿਤੀ ਮੰਚ ਪੰਜਾਬ ਦੀ ਮੀਟਿੰਗ ਕੁਲਵੰਤ ਸਿੰਘ ਸੈਣੀ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿਚ ਅਮਰ ਸ਼ਹੀਦ ਚੌਧਰੀ ਬਲਬੀਰ ਸਿੰਘ ਦਾ 40ਵਾਂ ਬਲਿਦਾਨ ਦਿਵਸ ਸੈਣੀ ਭਵਨ ਨੇੜੇ ਗੰਜਾ ਸਕੂਲ ਮਿਤੀ 10 ਮਈ ਨੂੰ ਸਵੇਰੇ 10:00 ਵਜੇ ਮਨਾਇਆ ਜਾਵੇਗਾ। ਚੌਧਰੀ ਬਲਬੀਰ ਸਿੰਘ ਦੇਸ਼ ਦੇ ਮਹਾਨ ਸਪੂਤ ਅਤੇ ਸ਼ੇਰੇ ਪੰਜਾਬ ਦੇ ਨਾਂਅ ਨਾਲ ਜਾਣੇ ਜਾਂਦੇ ਸਨ। ਉਹਨਾਂ ਨੇ ਆਪਣੀ ਜਿੰਦਗੀ ਵਿਚ ਹਰ ਇੱਕ ਗਰੀਬ ਨੂੰ ਆਪਣੇ ਸੀਨੇ ਲਗਾਇਆ ਅਤੇ ਉਸਦੇ ਦੁਖ ਸੁੱਖ ਦੇ ਸਾਂਝੇ ਬਣੇ। ਕਿਸੇ ਵੀ ਵਿਅਕਤੀ ਦੀ ਇਹਨੀਂ ਜਿਆਦਾ ਤਾਕਤ ਨਹੀਂ ਸੀ ਕਿ ਉਹਨਾਂ ਦੇ ਸੀਨੇ ਵਿਚ ਗੋਲੀ ਮਾਰ ਸਕੇ। ਸੋ ਕਾਇਰਾਂ ਨੇ ਉਹਨਾਂ ਦੇ ਪਿੱਛੇ ਗੋਲੀ ਚਲਾ ਕੇ ਉਹਨਾਂ ਨੂੰ ਸ਼ਹੀਦ ਕੀਤਾ ਜਿਸ ਨਾਲ ਇਸ ਦੇਸ਼ ਦੇ ਸਾਰੇ ਲੋਕਾ ਦਾ ਦਿੱਲ ਟੁੱਟਿਆ ਅਤੇ ਹਰ ਇੱਕ ਨੂੰ ਉਹਨਾਂ ਦੀ ਮੌਤ 'ਤੇ ਹੰਝੂ ਬਹਾਏ। ਇਸ ਮੀਟਿੰਗ ਵਿਚ ਸੰਦੀਪ ਸੈਣੀ, ਪ੍ਰੇਮ ਸੈਣੀ, ਹਰਿੰਦਰ ਸੈਣੀ ਬਿੱਟੂ, ਕਿਰਪਾਲ ਸਿੰਘ ਪਾਲੀ ਸੈਣੀ, ਪ੍ਰਭਜੋਤ ਸਿੰਘ ਸੈਣੀ, ਭੁਪਿੰਦਰ ਸੈਣੀ, ਐਸ ਕੇ ਸੈਣੀ, ਚਮਨ ਲਾਲ ਸੈਣੀ, ਹਰੀ ਰਾਮ ਸੈਣੀ ਆਦਿ ਸ਼ਾਮਿਲ ਹੋਏ ਅਤੇ ਚੌਧਰੀ ਸਾਹਿਬ ਦੇ ਬਲਿਦਾਨ ਦਿਵਸ ਨੂੰ ਵੱਡੇ ਪੱਧਰ 'ਤੇ ਮਨਾਉਣ ਦਾ ਸਕੰਲਪ ਕੀਤਾ।

# 3 ਮਹੀਨੇ ਤੋਂ ਮਾਣ-ਭੱਤੇ ਨੂੰ ਤਰਸ ਰਹੀਆਂ ਆਂਗਣਵਾੜੀ ਵਰਕਰਾਂ ਤੇ ਹੈਲਪਰਾਂ : ਪੂਨਾ ਰਾਣੀ



**ਬਲਾਚੌਰ (ਜਸਵਿੰਦਰ ਬੈਂਸ)** ਸੁਰੱਖਿਆ ਅਤੇ ਇਸਤਰੀ ਬਾਲ ਵਿਕਾਸ ਵਿਭਾਗ ਪੰਜਾਬ ਅਧੀਨ ਆਂਗਣਬਾੜੀ ਸੈਟਰਾਂ 'ਚ ਆਪਣੀਆਂ ਸੇਵਾਵਾਂ ਨਿਭਾ ਰਹੀਆਂ ਸੂਬੇ ਦੀਆਂ 54 ਹਜ਼ਾਰ ਤੋਂ ਵੱਧ ਆਂਗਣਬਾੜੀ ਵਰਕਰਾਂ ਤੇ ਹੈਲਪਰਾਂ ਪਿਛਲੇ ਲਗਭਗ ਤਿੰਨ ਮਹੀਨੇ ਤੋਂ ਮਾਣਮੱਤੇ ਨੂੰ ਤਰਸ ਰਹੀਆਂ ਹਨ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਪ੍ਰਧਾਨ ਪੂਨਾ ਰਾਣੀ ਜੀਤਪੁਰ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਜਦ ਕਿ ਸੂਬੇ ਦੇ ਕੁਝ ਬਲਾਕ ਅਜਿਹੇ ਵੀ ਹਨ ਜਿੱਥੋਂ ਦੀਆਂ ਆਂਗਣਬਾੜੀ ਵਰਕਰਾਂ ਤੇ ਹੈਲਪਰਾਂ ਨੂੰ ਪਿਛਲੇ ਲਗਭਗ ਚਾਰ ਮਾਹੀਨਿਆ ਤੋਂ ਮਾਣਭੱਤਾ ਨਹੀਂ ਮਿਲਿਆ ਉਨ੍ਹਾਂ ਵੱਲੋਂ ਇਕੱਤਰਤ ਕੀਤੀ ਜਾਣਕਾਰੀ ਦੇ ਅਨੁਸਾਰ ਆਂਗਣਵਾੜੀ ਹੈਲਪਰਾਂ ਤੇ ਵਰਕਰਾਂ ਨੂੰ ਦਸੰਬਰ 2024 ਤੋਂ ਲੈ ਕਿ ਜਨਵਰੀ ਫਰਵਰੀ ਮਾਰਚ ਮਹੀਨੇ ਦਾ ਮਾਣਭੱਤਾ ਨਹੀਂ ਦਿੱਤਾ ਗਿਆ ਜਦ ਕਿ ਅਪ੍ਰੈਲ ਦਾ ਮਹੀਨਾ ਵੀ ਖਤਮ ਹੋਣ ਵਾਲਾ ਹੈ ਜ਼ਿਲ੍ਹਾ ਪ੍ਰਧਾਨ ਪੂਨਾ ਰਾਣੀ ਨੇ ਕਿਹਾ ਕਿ ਸਰਕਾਰ ਨੇ ਆਂਗਣਬਾੜੀ ਵਰਕਰਾਂ ਦੀਆਂ ਮੰਗਾਂ ਤਾ ਕਿ ਮੰਨਣੀਆਂ ਹਨ, ਸਗੋਂ ਉਨ੍ਹਾਂ ਨੂੰ ਆਪਣਾ ਬਣਦਾ ਹੱਕ ਮਾਣ ਭੱਤਾ ਲੈਣ ਦੇ ਲਈ ਸ਼ਘਰੰਸ਼ ਕਰਨਾ ਪੈਂਦਾ ਹੈ ਉਨ੍ਹਾ ਨੇ ਕਿਹਾ ਕਿ ਅਗਰ ਸਰਕਾਰ ਵੱਲੋਂ ਉਨ੍ਹਾਂ ਦਾ ਮਾਣਭੱਤਾ ਜਲਦ ਤੋਂ ਜਲਦ ਨਾ ਦਿੱਤਾ ਗਿਆ ਤਾ ਆਉਣ ਵਾਲੇ ਸਮੇਂ ਦੇ ਦੋਰਾਨ ਆਂਗਣਬਾੜੀ ਵਰਕਰਾਂ ਤੇ ਹੈਲਪਰਾਂ ਦੇ ਵੱਲੋਂ ਸਰਕਾਰ ਦੇ ਖਿਲਾਫ ਸੰਘਰਸ਼ ਕੀਤਾ ਜਾਵੇਗਾ।

# ਮਜ਼ਦੂਰ ਦਿਵਸ ਮੌਕੇ ਪੁਰਾਣੀ ਪੈਨਸ਼ਨ ਲਾਗੂ ਕਰਾਉਣ ਲਈ ਮੰਤਰੀਆਂ/ਵਿਧਾਇਕਾਂ ਦੇ ਘਰਾਂ ਮੂਹਰੇ ਡਟਣਗੇ ਮੁਲਾਜ਼ਮ : ਓਢਰਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਸੂਬੇ ਦੇ ਐੱਨ.ਪੀ.ਐੱਸ ਮੁਲਾਜ਼ਮਾਂ ਲਈ ਪੁਰਾਣੀ ਪੈਨਸ਼ਨ ਦੀ ਬਹਾਲੀ ਲਈ ਸੰਘਰਸ਼ੀਲ ਪੁਰਾਣੀ ਪੈਨਸ਼ਨ ਪ੍ਰਾਪਤੀ ਫਰੰਟ ਪੰਜਾਬ (ਪੀ.ਪੀ.ਪੀ.ਐੱਫ਼.) ਵੱਲੋਂ 1 ਮਈ ਨੂੰ ਮਜ਼ਦੂਰ ਦਿਵਸ ਤੇ ਜ਼ਿਲ੍ਹਾ ਕੇਂਦਰਾਂ ਤੇ ਆਪ ਸਰਕਾਰ ਦੇ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਦੇ ਦਫਤਰਾਂ/ਘਰਾਂ ਅੱਗੇ ਉਲੀਕੇ ਜ਼ਿਲਾ ਪੱਧਰੀ ਧਰਨਿਆਂ ਦੀਆਂ ਤਿਆਰੀਆਂ ਜ਼ੋਰਾਂ ਉੱਤੇ ਹਨ। ਜਥੇਬੰਦੀ ਦੇ ਦੋਆਬਾ ਜੋਨ ਦੇ ਕਨਵੀਨਰ ਇੰਦਰ ਸੁਖਦੀਪ ਸਿੰਘ ਓਢਰਾ, ਜ਼ਿਲਾ ਕਨਵੀਨਰ ਗੁਰਜਿੰਦਰ ਸਿੰਘ ਮੰਝਪੁਰ, ਜਨਰਲ ਸਕੱਤਰ ਬਲਜੀਤ ਸਿੰਘ ਮਹਿਮੋਵਾਲ, ਡੀ.ਐੱਮ.ਐੱਫ਼. ਦੇ ਜ਼ਿਲ੍ਹਾ ਜਨਰਲ ਸਕੱਤਰ ਮਨਜੀਤ ਸਿੰਘ ਦਸੂਹਾ ਅਤੇ ਡੀ.ਟੀ.ਐੱਫ਼. ਦੇ ਜ਼ਿਲ੍ਹਾ ਪ੍ਰਧਾਨ ਸੁਖਦੇਵ ਡਾਨਸੀਵਾਲ ਆਦਿ ਆਗੂਆਂ ਨੇ ਕਿਹਾ ਕਿ 1 ਮਈ ਨੂੰ ਮਨਾਇਆ ਜਾਣ ਵਾਲਾ ਅੰਤਰਰਾਸ਼ਟਰੀ ਮਜ਼ਦੂਰ ਦਿਵਸ ਮਿਹਨਤਕਸ਼ ਜਮਾਤ ਦੇ ਹਿੱਤਾਂ ਦੀ ਰਾਖੀ ਦਾ ਅਤੇ ਲੁਟੇਰੇ ਪੂੰਜੀਵਾਦੀ ਪ੍ਰਬੰਧ ਖਿਲਾਫ ਸੰਘਰਸ਼ਾਂ ਦਾ ਪ੍ਰਤੀਕ ਹੈ।ਅਜੋਕੀ ਸੰਸਾਰੀ ਸਾਮਰਾਜੀ ਵਿਵਸਥਾ ਵਿੱਚ ਜਿੱਥੇ ਸਾਮਰਾਜੀ ਦੇਸ਼ ਵਿਕਾਸਸ਼ੀਲ ਮੁਲਕਾਂ ਦੀ ਬਾਂਹ ਮਰੋੜ ਕੇ ਕਾਰਪੋਰੇਟ ਪੱਖੀ ਨੀਤੀਆਂ ਨੂੰ ਠੋਸ ਰਹੇ ਹਨ ਉੱਥੇ ਭਾਰਤ ਵਰਗੇ ਦੇਸ਼ਾਂ ਦੇ ਹਾਕਮ ਇਹਨਾਂ ਸਾਮਰਾਜੀ ਨੀਤੀਆਂ ਅੱਗੇ ਅੜਨ ਦੀ ਬਜਾਏ ਦੇਸ਼ ਦੇ ਮਨੁੱਖੀ ਅਤੇ ਕੁਦਰਤੀ ਸੰਸਾਧਨਾਂ ਦੀ ਲੁੱਟ ਨੂੰ ਹੋਰ ਤੇਜ਼ ਕਰ ਰਹੇ ਹਨ।ਉਹਨਾਂ ਕਿਹਾ ਕਿ ਪੰਜਾਬ ਦੀ ਮੌਜੂਦਾ ਆਪ ਸਰਕਾਰ ਵਲੋ ਜਾਰੀ ਪੁਰਾਣੀ ਪੈਨਸ਼ਨ ਸਕੀਮ ਦੋਬਾਰਾ ਲਾਗੂ ਕਰਨ ਦਾ ਨੋਟੀਫਿਕੇਸ਼ਨ ਪਿਛਲੇ ਤਿੰਨ ਸਾਲ ਤੋਂ ਲਟਕ ਰਿਹਾ ਹੈ। ਰੋਸ ਵਜੋਂ ਪੰਜਾਬ ਦੇ ਕੈਬਨਿਟ ਮੰਤਰੀਆਂ ਅਤੇ ਵਿਧਾਇਕਾਂ ਦੇ ਘਰਾਂ ਮੂਹਰੇ ਜ਼ਿਲ੍ਹਾ ਪੱਧਰੀ ਧਰਨਿਆਂ ਵਿੱਚ ਪੁਰਾਣੀ ਪੈਨਸ਼ਨ ਦਾ ਨੋਟੀਫਿਕੇਸ਼ਨ ਅਮਲ ਵਿੱਚ ਲਿਆਉਣ ਲਈ ਅਵਾਜ਼ ਬੁਲੰਦ ਕੀਤੀ ਜਾਵੇਗੀ।ਇਸ ਮੌਕੇ ਜ਼ਿਲ੍ਹਾ ਵਿੱਤ ਸਕੱਤਰ ਨੰਦ ਰਾਮ, ਪ੍ਰਵੀਨ ਸ਼ੇਰਪੁਰ, ਰਜਿੰਦਰ ਹੇਜਮਾਂ, ਬਲਜਿੰਦਰ ਸਹੋਤਾ, ਮਨਜੀਤ ਸਿੰਘ ਸੈਣੀ, ਸੋਮ ਪਾਲ, ਰਮੇਸ਼ ਬੱਗਾ, ਵਰਿੰਦਰ ਸੈਣੀ, ਜਸਵਿੰਦਰ ਝਿੰਗੜ, ਦਲਜਿੰਦਰ ਸਿੰਘ, ਜੀਵਨ ਕੁਮਾਰ ਸੰਧੂ, ਕਰਨੈਲ ਸਿੰਘ, ਹਰਿੰਦਰ ਸੁਮਨ, ਨਿਰਮਲ ਸਿੰਘ, ਸੰਜੀਵ ਕਲਸੀ, ਗੁਰਪਾਲ ਸਿੰਘ, ਦਲਜੀਤ ਸਿੰਘ, ਪਰਮਜੀਤ ਸਿੰਘ, ਪ੍ਰਦੀਪ ਕੁਮਾਰ, ਜਰਨੈਲ ਡਘਾਮ, ਰਾਕੇਸ਼ ਕੁਮਾਰ, ਜਸਵੀਰ ਬੋਦਲ, ਅਜੇ ਕੁਮਾਰ, ਜਸਮੀਤ ਸਿੰਘ, ਰਜਨੀਸ਼ ਕੁਮਾਰ, ਅਮਨਦੀਪ ਸਿੰਘ ਚੌਹਾਨ ਆਦਿ ਹਾਜ਼ਰ ਸਨ।

# ਪੰਜ ਮੈਂਬਰੀ ਭੁੱਖ ਹੜਤਾਲ ਲੜੀ ਦੂਜੇ ਦਿਨ 'ਚ ਪ੍ਰਵੇਸ਼




**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਚੰਡੀਗੜ੍ਹ ਕਾਲਜ ਟੀਚਰਜ ਯੂਨੀਅਨ ਦੇ ਡੀ ਏ ਵੀ ਕੋਆਰਡੀਨੇਸ਼ਨ ਦੇ ਭਰਪੂਰ ਸਮਰਥਨ ਹੇਠ ਐਚ ਐਮ ਵੀ ਯੂਨਿਟ ਵੱਲੋਂ ਐਚ ਐਮ ਵੀ ਕਾਲਜ ਨੂੰ ਆਟੋਨੋਮਸ ( ਖੁਦਮੁਖਤਿਆਰ ਸੰਸਥਾ) ਬਣਾਉਣ ਦੀਆਂ ਪ੍ਰਿੰਸੀਪਲ ਅਤੇ ਡੀ ਏ ਵੀ ਮੈਨੇਜਿੰਗ ਕਮੇਟੀ ਦੀਆਂ ਕੋਸ਼ਿਸ਼ਾਂ ਦੇ ਵਿਰੋਧ ਵਿੱਚ ਭੁੱਖ ਹੜਤਾਲ ਲੜੀ ਦੂਸਰੇ ਦਿਨ ਵਿਚ ਪ੍ਰਵੇਸ਼ ਕਰ ਗਈ। ਇਸ ਵਿੱਚ ਹਰ ਰੋਜ ਪੰਜ ਮੈਂਬਰ ਲੜੀਵਾਰ ਭੁੱਖ ਹੜਤਾਲ 'ਤੇ ਬੈਠਿਆ ਕਰਨਗੇ। ਵਰਨਣਯੋਗ ਹੈ ਕਿ ਇਹ ਰੋਸ ਧਰਨਾ ਛੇਵੇਂ ਦਿਨ ਵਿੱਚ ਪ੍ਰਵੇਸ਼ ਕਰ ਗਿਆ ਹੈ। ਆਟੋਨਮਸ (ਖੁਦਮੁਖਤਿਆਰ ਸੰਸਥਾ) ਵਿਦਿਆਰਥੀਆਂ ਦੇ ਹਿੱਤਾਂ ਵਿੱਚ ਵੀ ਨਹੀਂ ਕਿਉਂਕਿ ਇਸ ਨਾਲ ਜਿੱਥੇ ਵਿਦਿਆਰਥੀਆਂ 'ਤੇ ਆਰਥਿਕ ਬੋਝ ਵੀ ਵਧੇਗਾ ਉਥੇ ਨਾਲ ਹੀ ਉਹਨਾਂ ਦੇ ਲਈ ਅਕਾਦਮਿਕ ਵਿਕਾਸ ਦੇ ਮੌਕੇ ਵੀ ਘਟਣਗੇ। ਭੁੱਖ ਹੜਤਾਲ ਕਰ ਰਹੇ ਅਧਿਆਪਕ ਯੂਨੀਅਨ ਦੇ ਮੈਂਬਰਾਂ ਨੇ ਰੋਸ ਪ੍ਰਗਟ ਕਰਦਿਆਂ ਦੱਸਿਆ ਕਿ ਡੀ ਏ ਵੀ ਕਾਲਜ ਮੈਨੇਜਮੈਂਟ ਕਮੇਟੀ ਵੱਲੋਂ ਲੰਮੇ ਸਮੇਂ ਤੋਂ ਅਧਿਆਪਕਾਂ ਦੀਆਂ ਹੱਕੀ ਅਤੇ ਜਾਇਜ ਮੰਗਾਂ ਨੂੰ ਨਜਰ ਅੰਦਾਜ ਕੀਤਾ ਜਾ ਰਿਹਾ ਹੈ। ਐਚ ਐਮ ਵੀ ਕਾਲਜ ਨੂੰ ਆਟੋਨੋਮਸ,( ਖੁਦਮੁਖਤਿਆਰ ਸੰਸਥਾ) ਬਣਾਉਣ ਦੀਆਂ ਕੋਸ਼ਿਸ਼ਾਂ ਦੇ ਵਿਰੋਧ ਵਿੱਚ ਇਹ ਭੁੱਖ ਹੜਤਾਲ ਮਿਤੀ 28 ਅਪ੍ਰੈਲ ਨੂੰ ਵੀ ਜਾਰੀ ਰਹੀ ਜਿਸ ਵਿਚ ਡਾ. ਸੀਮਾ ਖੰਨਾ (ਜਾਇੰਟ ਸੈਕਟਰੀ ਐਚ ਐਮ ਵੀ ਯੂਨਿਟ) ਪ੍ਰੋ ਗੁਲਾਗੌਂਗ, ਪ੍ਰੋ. ਗੁਰਮੀਤ ਸਿੰਘ( ਐਗਜੀਕਿਊਟਿਵ ਮੈਂਬਰ ਐਚ ਐਮ ਵੀ ਯੂਨਿਟ) ,ਡਾ. ਰਵਿੰਦਰ ਮੋਹਨ ਜਿੰਦਲ (ਫਾਇਨਾਂਸ ਸੈਕਟਰੀ ਐਚ ਐਮ ਵੀ ਯੂਨਿਟ) ਡਾ. ਕਾਜਲ ਪੁਰੀ ( ਐਕਜੀਕਿਊਟਿਵ ਮੈਂਬਰ) ਸ਼ਾਮਿਲ ਹਨ। ਇਹ ਵਰਨਣਯੋਗ ਹੈ ਕਿ ਡੀ ਏ ਵੀ ਕਾਲਜਿਜ ਮੈਨੇਜਿੰਗ ਕਮੇਟੀ ਦੁਆਰਾ ਬਹੁਤ ਲੰਮੇ ਸਮੇਂ ਤੋਂ ਅਧਿਆਪਕਾਂ ਦੀਆਂ ਜਾਇਜ ਮੰਗਾਂ ਨੂੰ ਨਜਰ ਅੰਦਾਜ ਕੀਤਾ ਜਾ ਰਿਹਾ ਹੈ। ਇਸੇ ਲਈ 29 ਅਪ੍ਰੈਲ ਨੂੰ ਡੀ ਏ ਵੀ ਮੈਨੇਜਿੰਗ ਕਮੇਟੀ ਨਵੀਂ ਦਿੱਲੀ ਦੇ ਦਫਤਰ ਬਾਹਰ ਵਿਸਾਲ ਰੋਸ ਪ੍ਰਦਰਸ਼ਨ ਕੀਤਾ ਜਾਵੇਗਾ। ਜਿਸ ਵਿੱਚ ਉਪਰੋਕਤ ਮੰਗਾਂ ਦੇ ਨਾਲ ਨਾਲ ਐਚ ਐਮ ਵੀ ਕਾਲਜ ਨੂੰ ਆਟੋਨੋਮਸ ਬਣਾਉਣ ਤੋਂ ਰੋਕਣ ਦਾ ਮੁੱਖ ਮੁੱਦਾ ਸ਼ਾਮਲ ਹੈ।

## ਸਾਹਿਤ ਸਭਾ ਦੀ ਮੀਟਿੰਗ 'ਚ ਪਹਿਲਗਾਮ ਦੇ ਮ੍ਰਿਤਕਾਂ ਨੂੰ ਸ਼ਰਧਾਂਜਲੀ



**ਜਲਾਲਾਬਾਦ (ਜੀਤ ਕੁਮਾਰ)**-ਸਾਹਿਤ ਸਭਾ ਜਲਾਲਾਬਾਦ ਦੀ ਮਾਸਿਕ ਮੀਟਿੰਗ ਪ੍ਰਧਾਨ ਗੋਪਾਲ ਬਜਾਜ ਦੀ ਪ੍ਰਧਾਨਗੀ ਹੇਠ ਕੀਤੀ ਗਈ। ਉਨ੍ਹਾਂ ਵੱਲੋਂ ਇਸ ਮੀਟਿੰਗ ਦੇ ਸ਼ੁਰੂ ਵਿੱਚ ਪਹਿਲਗਾਮ ਵਿਖੇ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਲੋਕਾਂ ਦੀ ਆਤਮਿਕ ਸ਼ਾਂਤੀ ਲਈ ਦੋ ਮਿੰਟ ਦਾ ਮੋਨ ਰੱਖਿਆ ਗਿਆ ਅਤੇ ਇਸ ਘਟਨਾ ਦੀ ਜੰਮ ਕੇ ਨਿਖੇਧੀ ਕੀਤੀ ਗਈ। ਸਭਾ ਦੇ ਸਰਪ੍ਰਸਤ ਸੂਬਾ ਸਿੰਘ ਨੰਬਰਦਾਰ ਤੇ ਕੈਸ਼ੀਅਰ ਜਸਕਰਨਜੀਤ ਸਿੰਘ ਨੇ ਇਸ ਹਮਲੇ ਨੂੰ ਭਾਈਚਾਰਕ ਸਾਂਝ ਵਿੱਚ ਦਰਾਰ ਪਾਉਣ ਲਈ ਇੱਕ ਕੋਝੀ ਸਾਜ਼ਿਸ਼ ਆਖਿਆ। ਉਨ੍ਹਾਂ ਕਿਹਾ ਕਿ ਅਜਿਹੇ ਲੋਕਾਂ ਨੂੰ ਮੂੰਹ ਤੋੜ ਜਵਾਬ ਦੇਣ ਲਈ ਸਾਰੇ ਧਰਮਾਂ ਦੇ ਲੋਕ ਇੱਕ ਜੁੱਟ ਹਨ। ਮੰਚ ਦਾ ਸੰਚਾਲਨ ਕਰ ਰਹੀ ਐਡਵੋਕੇਟ ਪ੍ਰੀਤੀ ਬਾਬੂਟਾ ਦੀਆਂ ਰਚਨਾਵਾਂ ਵਿੱਚੋਂ ਵੀ ਪਹਿਲਗਾਮ ਵਿੱਚ ਮਾਰੇ ਗਏ ਲੋਕਾਂ ਪ੍ਰਤੀ ਦਰਦ ਝਲਕ ਰਿਹਾ ਸੀ। ਉਨ੍ਹਾਂ ਵੱਲੋਂ ਮੰਚ 'ਤੇ ਬੁਲਾਏ ਗਏ ਸਾਹਿਤਕਾਰਾਂ ਦੀਆਂ ਰਚਨਾਵਾਂ ਵਿੱਚੋਂ ਵੀ ਪਹਿਲਗਾਮ ਵਿੱਚ ਵਾਪਰੇ ਖੌਫਨਾਕ ਮੰਜ਼ਰ ਨੂੰ ਬਿਆਨ ਕਰਨ ਵਾਲੀਆਂ ਰਚਨਾਵਾਂ ਪੇਸ਼ ਕੀਤੀਆਂ ਜਾ ਰਹੀਆਂ ਸਨ, ਜੋ ਮਨ ਨੂੰ ਝੰਝੋੜ ਕੇ ਰੱਖ ਦੇਣ ਵਾਲੀਆਂ ਸਨ। ਇਸ ਮੀਟਿੰਗ ਵਿੱਚ ਪ੍ਰਵੇਸ਼ ਖੰਨਾ, ਸੰਦੀਪ ਝਾਂਬ, ਬਲਵੀਰ ਪਵਾਰ, ਪ੍ਰਕਾਸ਼ ਦੋਸ਼ੀ, ਨੀਰਜ ਛਾਬੜਾ, ਰੋਸ਼ਨ ਲਾਲ ਅਸੀਜਾ, ਵਿਪਨ ਜਲਾਲਾਬਾਦੀ, ਹਰਸ਼ਦੀਪ ਕੌਰ, ਊਸ਼ਾ ਝਾਂਬ, ਦੇਵ ਰਾਜ ਸ਼ਰਮਾ, ਅਸ਼ੋਕ ਮੋਜੀ, ਸਤਨਾਮ ਮਹਿਰਮ, ਜਸਵੰਤ ਸਿੰਘ ਤੇ ਅਮਰੀਕ ਸਿੰਘ ਆਦਿ ਹਾਜ਼ਰ ਸਨ।

## ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਬੱਚਿਆਂ ਦੇ ਧਾਰਮਿਕ ਮੁਕਾਬਲੇ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਫ਼ਿਰੋਜ਼ਪੁਰ ਛਾਉਣੀ ਵੱਲੋਂ ਹਰੇਕ ਸਾਲ ਦੀ ਤਰ੍ਹਾਂ ਇਸ ਸਾਲ ਵੀ ਸਾਲਾਨਾ ਸਮਾਗਮ ਕਰਵਾਇਆ ਜਾ ਰਿਹਾ ਹੈ, ਜਿਸ ਤਹਿਤ ਬੱਚਿਆਂ ਦੇ ਧਾਰਮਿਕ ਮੁਕਾਬਲੇ ਕਰਵਾਏ ਗਏ। ਸੁਸਾਇਟੀ ਵੱਲੋਂ ਖਾਲਸਾ ਗੁਰਦੁਆਰਾ ਸਾਹਿਬ ਫ਼ਿਰੋਜ਼ਪੁਰ ਛਾਉਣੀ ਵਿਖੇ ਇਹ ਮੁਕਾਬਲੇ ਕਰਵਾਏ ਗਏ। ਇਸ ਦੌਰਾਨ ਸੁਸਾਇਟੀ ਦੇ ਪ੍ਰਧਾਨ ਬਲਜੀਤ ਸਿੰਘ ਨੇ ਦੱਸਿਆ ਕਿ ਸ੍ਰੀ ਸੁਖਮਨੀ ਸਾਹਿਬ ਸੁਸਾਇਟੀ ਵੱਲੋਂ ਅੱਜ ਬੱਚਿਆਂ ਦੇ ਧਾਰਮਿਕ ਮੁਕਾਬਲਿਆਂ ਵਿੱਚ ਜਪੁਜੀ ਸਾਹਿਬ ਕੰਠ, ਕਵਿਤਾ ਉਚਾਰਣ, ਭਾਸ਼ਣ, ਸ਼ਬਦ ਕੀਰਤਨ ਤੇ ਦਸਤਾਰਬੰਦੀ ਦੇ ਮੁਕਾਬਲੇ ਕਰਵਾਏ ਗਏ ਹਨ, ਜਿਸ 'ਚ ਸਕੂਲਾਂ ਦੇ ਬੱਚਿਆਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ ਹੈ। ਸੁਸਾਇਟੀ ਦੇ ਜਨਰਲ ਸਕੱਤਰ ਹਰਵਿੰਦਰਜੀਤ ਸਿੰਘ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਵਿੱਚ ਵੱਖ-ਵੱਖ ਸਕੂਲਾਂ ਦੇ 250 ਦੇ ਕਰੀਬ ਬੱਚਿਆਂ ਨੇ ਭਾਗ ਲਿਆ ਤੇ ਹਰੇਕ ਭਾਗ ਲੈਣ ਵਾਲੀ ਬੱਚੇ ਨੂੰ ਭਾਗ ਲੈਣ ਦਾ ਸਨਮਾਨਤ ਕੀਤਾ ਗਿਆ। ਇਨ੍ਹਾਂ ਮੁਕਾਬਲਿਆਂ ਵਿੱਚ ਮਲਕੀਤ ਸਿੰਘ ਮੀਰਾ ਸ਼ਾਹ ਨੂਰ, ਗੁਰਸਾਹਿਬ ਸਿੰਘ, ਇੰਦਰਜੀਤ ਸਿੰਘ, ਗੁਰਮੀਤ ਸਿੰਘ, ਲਖਵੀਰ ਸਿੰਘ, ਜਸਵਿੰਦਰ ਪਾਲ ਸਿੰਘ ਪੰਨੂ, ਵਰਿੰਦਰਪਾਲ ਸਿੰਘ, ਸਰਬਜੀਤ ਸਿੰਘ ਭਾਵੜਾ ਤੇ ਕੰਵਲਜੀਤ ਸਿੰਘ ਨੇ ਬਤੌਰ ਜੱਜ ਨਿਸ਼ਕਾਮ ਸੇਵਾ ਨਿਭਾਈ। ਇਸ ਮੌਕੇ ਪ੍ਰਧਾਨ ਖਾਲਸਾ ਗੁਰਦਵਾਰਾ ਪ੍ਰਬੰਧਕ ਕਮੇਟੀ ਸਤਿੰਦਰਜੀਤ ਸਿੰਘ, ਸੰਪੂਰਨ ਸਿੰਘ, ਹਰਚਰਨ ਸਿੰਘ, ਦਲਜੀਤ ਸਿੰਘ, ਜਸਵੰਤ ਸਿੰਘ, ਕਸ਼ਮੀਰ ਸਿੰਘ, ਸੁਖਵਿੰਦਰ ਸਿੰਘ ਐਸ ਐਸ ਬਿੰਦਰਾ ਆਦਿ ਹਾਜ਼ਰ ਸਨ।

## ਕੋਟਾਂ ਕਾਲਜ ਦੇ ਮਨਰਾਜ ਨੇ ਸ਼ੂਟਿੰਗ 'ਚ ਜਿੱਤੇ ਚਾਂਦੀ ਤਮਗੇ



**ਦੋਰਾਹਾ (ਹਰਮਿੰਦਰ ਸੇਠ)**-ਮਾਤਾ ਗੰਗਾ ਖਾਲਸਾ ਕਾਲਜ ਮੰਜੀ ਸਾਹਿਬ ਕੋਟਾਂ (ਪ੍ਰਬੰਧ ਅਧੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ ਸਾਹਿਬ) ਦੇ ਵਿਦਿਆਰਥੀ ਜਿੱਥੇ ਰਸਮੀ-ਵਿੱਦਿਆ ਹਾਸਲ ਕਰਕੇ ਸ਼ਾਨਦਾਰ ਪੁਜ਼ੀਸ਼ਨਾਂ ਪ੍ਰਾਪਤ ਕਰਦੇ ਹਨ, ਉੱਥੇ ਨਾਲ-ਨਾਲ ਧਾਰਮਿਕ ਤੇ ਖੇਡਾਂ ਦੇ ਖੇਤਰ ਵਿੱਚ ਵੀ ਮਾਣਮੱਤੀਆਂ ਪ੍ਰਾਪਤੀਆਂ ਕਰਕੇ ਦੂਜੇ ਵਿਦਿਆਰਥੀਆਂ ਲਈ ਮਿਸਾਲ ਕਾਇਮ ਕਰਦੇ ਹਨ। ਜ਼ਿਕਰਯੋਗ ਹੈ ਕਿ ਬੀ.ਸੀ.ਏ. ਭਾਗ ਪਹਿਲਾ ਦੇ ਵਿਦਿਆਰਥੀ ਮਨਰਾਜ ਸਿੰਘ ਨੇ ਗਨ-ਸ਼ੂਟਿੰਗ ਮੁਕਾਬਲੇ ਵਿੱਚ ਚਾਂਦੀ ਦੇ ਤਮਗੇ ਪ੍ਰਾਪਤ ਕੀਤੇ।ਉਸ ਨੇ ਗਨ ਐਂਡ ਗੋਲਡ ਸ਼ੂਟਿੰਗ ਰੇਂਜ ਲੁਧਿਆਣਾ ਵਿੱਚ ਹੋਏ ਓਪਨ ਟੂਰਨਾਮੈਂਟ ਦੇ ਸ਼ੂਟਿੰਗ (ਏਅਰ ਪਿਸਤਲ 10 ਮੀਟਰ) ਅਤੇ ਔਕਸਫੋਰਡ ਸ਼ੂਟਿੰਗ ਅਕੈਡਮੀ ਪਾਇਲ ਵਿੱਚ ਹੋਏ ਓਪਨ ਟੂਰਨਾਮੈਂਟ ਦੇ ਸ਼ੂਟਿੰਗ (ਏਅਰ ਪਿਸਤਲ 10 ਮੀਟਰ) ਵਿੱਚ ਦੂਸਰਾ ਸਥਾਨ ਹਾਸਲ ਕਰਕੇ ਚਾਂਦੀ ਦੇ ਤਮਗੇ ਪ੍ਰਾਪਤ ਕਰਕੇ ਕਾਲਜ ਤੇ ਮਾਪਿਆਂ ਦਾ ਨਾਮ ਰੌਸ਼ਨ ਕੀਤਾ।ਕਾਲਜ ਪ੍ਰਿੰਸੀਪਲ ਡਾ. ਗਗਨਦੀਪ ਸਿੰਘ ਨੇ ਮਾਪਿਆਂ ਤੇ ਕੋਚ ਸਾਹਿਬਾਨ ਨੂੰ ਵਧਾਈ ਦਿੱਤੀ ਤੇ ਮਨਰਾਜ ਸਿੰਘ ਨੂੰ ਨਿਰੰਤਰ ਮਿਹਨਤ ਜਾਰੀ ਰੱਖਣ ਅਤੇ ਉੱਚ-ਬੁਲੰਦੀਆਂ ਹਾਸਲ ਕਰਨ ਦਾ ਆਸ਼ੀਰਵਾਦ ਦਿੱਤਾ।

## ਰੂਪ ਵਾਟਿਕਾ ਸਕੂਲ 'ਚ ਡਾਂਸ ਪ੍ਰਤੀਯੋਗਿਤਾ ਕਰਵਾਈ



**ਜਗਰਾਉਂ (ਅਮਿਤ ਖੰਨਾ)**-ਰੂਪ ਵਾਟਿਕਾ ਸਕੂਲ ਜਗਰਾਉਂ ਵਿਖੇ ਅੰਤਰ ਹਾਊਸ ਡਾਂਸ ਪ੍ਰਤੀਯੋਗਤਾ ਕਰਵਾਈ ਗਈ, ਜਿਸ ਵਿੱਚ ਬੱਚਿਆਂ ਨੇ ਬਹੁਤ ਹੀ ਜੋਸ਼ ਨਾਲ ਹਿੱਸਾ ਲਿਆ।ਸਾਰੇ ਹਾਊਸ ਦੇ ਬੱਚਿਆਂ ਨੂੰ ਅਲੱਗ-ਅਲੱਗ ਵਿਸ਼ੇ ਦਿੱਤੇ ਗਏ ਜਿਵੇਂ ਨਾਰੀ ਸ਼ਕਤੀ, ਧਰਤੀ ਬਚਾਓ, ਕਿਸੇ ਵੀ ਰਾਜ ਦਾ ਲੋਕ ਨਾਚ ਤੇ ਬਾਲ ਮਜ਼ਦੂਰੀ।ਬੱਚਿਆਂ ਨੇ ਬੜੇ ਹੀ ਜੋਸ਼ ਨਾਲ ਪ੍ਰਤੀਯੋਗਤਾ ਵਿੱਚ ਹਿੱਸਾ ਲਿਆ ਤੇ ਜੂਨੀਅਰ ਵਰਗ ਵਿੱਚੋਂ ਆਰਿਆ ਭੱਟ ਹਾਊਸ ਦੀ ਅਰੀਮਿਆ ਨੇ ਪਹਿਲਾ ਸਥਾਨ ਹਾਸਲ ਕੀਤਾ।ਅਬਦੁਲ ਕਲਾਮ ਹਾਊਸ ਦੀ ਬਲਰੀਤ ਕੌਰ ਤੇ ਭਾਸਕਰ ਹਾਊਸ ਦੇ ਏਕਮਪ੍ਰੀਤ ਸਿੰਘ ਨੇ ਦੂਜਾ ਹਾਊਸ ਸਥਾਨ ਹਾਸਲ ਕੀਤਾ।ਰਮਨ ਹਾਊਸ ਦੀ ਚਹਿਲ ਜੈਨ ਨੇ ਤੀਜਾ ਸਥਾਨ ਹਾਸਲ ਕੀਤਾ।ਸੀਨੀਅਰ ਵਰਗ ਵਿੱਚੋਂ ਆਰਿਆ ਭੱਟ ਹਾਊਸ ਦੀ ਤ੍ਰਿਪਤੀ ਨੇ ਪਹਿਲਾ ਸਥਾਨ ਹਾਸਲ ਕੀਤਾ।ਅਬਦੁਲ ਕਲਾਮ ਹਾਊਸ ਦੀ ਜਸਲੀਨ ਨੇ ਦੂਜਾ ਸਥਾਨ ਹਾਸਲ ਕੀਤਾ, ਰਮਨ ਹਾਊਸ ਦੀ ਰੀਆ ਤੇ ਭਾਸਕਰ ਹਾਊਸ ਦੀ ਵੰਦਨਾ ਨੇ ਤੀਜਾ ਸਥਾਨ ਹਾਸਲ ਕੀਤਾ।ਸਕੂਲ ਦੇ ਪ੍ਰਿੰਸੀਪਲ ਸ੍ਰੀਮਤੀ ਵਿੰਮੀ ਠਾਕੁਰ ਨੇ ਬੱਚਿਆਂ ਨੂੰ ਵਧਾਈ ਦਿੱਤੀ ਤੇ ਉਨ੍ਹਾਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ।ਮੈਡਮ ਨੇ ਬੱਚਿਆਂ ਦਾ ਹੌਸਲਾ ਵਧਾਉਂਦਿਆਂ ਕਿਹਾ ਕਿ ਸਾਨੂੰ ਹਰ ਤਰ੍ਹਾਂ ਦੀ ਪ੍ਰਤੀਯੋਗਤਾ ਵਿੱਚ ਹਿੱਸਾ ਲੈਂਦੇ ਰਹਿਣਾ ਚਾਹੀਦਾ ਹੈ।ਹਾਰ ਤੇ ਜਿੱਤ ਸਾਡੀ ਜ਼ਿੰਦਗੀ ਵਿੱਚ ਮਾਇਨੇ ਨਹੀਂ ਰੱਖਦੀਆਂ, ਬਲਕਿ ਸਾਨੂੰ ਅੱਗੇ ਵਧ ਕੇ ਹਰ ਚੀਜ਼ ਵਿੱਚ ਸ਼ਾਮਲ ਹੋਣਾ ਚਾਹੀਦਾ ਹੈ।

## ਮਾਛੀਵਾੜਾ ਦੀ ਟੀਮ ਨੇ ਕ੍ਰਿਕਟ ਲੀਗ ਟੂਰਨਾਮੈਂਟ ਜਿੱਤਿਆ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਸਥਾਨਕ ਸ੍ਰੀ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਕ੍ਰਿਕਟ ਲੀਗ ਟੂਰਨਾਮੈਂਟ ਕਰਵਾਇਆ ਗਿਆ, ਜਿਸ ਵਿੱਚ ਟਾਂਡਾ ਕਾਲੀਆ, ਭਵਾਨੀ, ਆਨੰਦਪੁਰ, ਕਟਾਣੀ, ਮੁਬਾਰਕਪੁਰ, ਰਣੀਆ, ਮਾਦਪੁਰ, ਮਾਛੀਵਾੜਾ ਸਾਹਿਬ ਏ ਤੇ ਬੀ ਟੀਮਾਂ ਨੇ ਭਾਗ ਲਿਆ। ਫਾਈਨਲ ਮੁਕਾਬਲੇ ਵਿੱਚ ਮਾਛੀਵਾੜਾ ਸਾਹਿਬ ਦੀ ਟੀਮ ਪਹਿਲੇ ਸਥਾਨ 'ਤੇ ਰਹੀ ਤੇ ਆਨੰਦਪੁਰ ਦੀ ਟੀਮ ਦੂਜੇ ਸਥਾਨ 'ਤੇ ਰਹੀ। ਇਸ ਮੌਕੇ ਪ੍ਰਬੰਧਕਾਂ ਵੱਲੋਂ ਪਹਿਲੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ 8100 ਰੁਪਏ ਤੇ ਰਨਰਅੱਪ ਨੂੰ 4100 ਰੁਪਏ ਇਨਾਮ ਦਿੱਤਾ ਗਿਆ। ਕ੍ਰਿਕਟ ਲੀਗ ਵਿੱਚ ਮੁੱਖ ਮਹਿਮਾਨ ਵਜੋਂ ਭਾਜਪਾ ਦੇ ਸੀਨੀਅਰ ਆਗੂ ਰਾਜੇਸ਼ ਲੀਹਲ ਨੇ ਸ਼ਮੂਲੀਅਤ ਕੀਤੀ। ਉਨ੍ਹਾਂ ਕ੍ਰਿਕਟ ਲੀਗ ਕਰਵਾਉਣ ਵਾਲੇ ਪ੍ਰਬੰਧਕਾਂ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਨੌਜਵਾਨ ਖੇਡਾਂ ਨਾਲ ਜੁੜਨ ਤੇ ਨਸ਼ਿਆਂ ਤੋਂ ਦੂਰ ਰਹਿਣ ਤਾਂ ਹੀ ਵਧੀਆ ਸਮਾਜ ਸਿਰਜਿਆ ਜਾ ਸਕਦਾ ਹੈ। ਉਨ੍ਹਾਂ ਜੇਤੂ ਟੀਮਾਂ ਨੂੰ ਇਨਾਮ ਵੀ ਵੰਡੇ। ਇਸ ਮੌਕੇ ਰਮੇਸ਼ ਸ਼ਰਮਾ, ਅਸ਼ੋਕ ਮਨੋਚਾ, ਮਦਨ ਲਾਲ, ਨੰਦਨ ਸਾਹਨੀ ਆਦਿ ਮੌਜੂਦ ਸਨ।

## ਮੈਡੀਕਲ ਕੈਂਪ 'ਚ ਕੀਤਾ 200 ਮਰੀਜ਼ਾਂ ਦਾ ਚੈੱਕਅੱਪ



**ਬਰੇਟਾ (ਰੀਤਵਾਲ)**-ਬੱਪੀਆਣਾ ਹਾਊਸ ਸੇਖੋਂ ਫਾਰਮ ਬਰੇਟਾ ਵਿਖੇ ਇੱਕ ਮੈਡੀਕਲ ਚੈੱਕਅਪ ਕੈਂਪ ਲਾਇਆ ਗਿਆ। ਇਸ ਕੈਂਪ ਦੇ ਪ੍ਰਬੰਧਕ ਜਸਵਿੰਦਰ ਪਾਲ ਸਿੰਘ ਸੇਖੋਂ ਨੇ ਜਾਣਕਾਰੀ ਦਿੰਦਿਆਂ ਦੱਸਿਆ ਕੈਂਪ ਵਿੱਚ ਹੱਡੀਆਂ, ਗਿਆਨੋਲਜੀ, ਜਨਰਲ ਮੈਡੀਸਨ ਤੋਂ ਇਲਾਵਾ ਫਿਜ਼ੀਓਥਰੈਪੀ ਦੇ ਮਾਹਰ ਡਾਕਟਰ ਪੁੱਜੇ ਹੋਏ ਸਨ, ਜਿਸ ਵਿੱਚ 200 ਦੇ ਲਗਭਗ ਮਰੀਜ਼ਾਂ ਦਾ ਚੈੱਕਅਪ ਕਰਕੇ ਦਵਾਈਆਂ ਮੁਫਤ ਦਿੱਤੀਆਂ ਗਈਆਂ। ਉਨ੍ਹਾਂ ਕਿਹਾ ਕਿ ਇਲਾਕੇ ਵਿੱਚ ਸਿਹਤ ਸਹੂਲਤਾਂ ਦੀ ਘਾਟ ਨੂੰ ਵੇਖਦੇ ਹੋਏ ਉਨ੍ਹਾਂ ਵੱਲੋਂ ਸਮੇਂ ਸਮੇਂ ਇਸ ਤਰ੍ਹਾਂ ਦੇ ਕੈਂਪ ਲਗਾਏ ਜਾਂਦੇ ਹਨ। ਇਸ ਮੌਕੇ ਰਣਵੀਰ ਸਿੰਘ ਸੇਖੋਂ, ਪਵਨ ਕੁਮਾਰ ਬਾਂਸਲ, ਨਰਿੰਦਰ ਕੁਮਾਰ, ਬੂਟਾ ਸਿੰਘ, ਮਨਿੰਦਰ ਕੁਮਾਰ, ਕ੍ਰਿਸ਼ਨ ਸਿੰਘ ਹਾਜ਼ਰ ਸਨ।

# ਖੰਨਾ ਦੇ ਅਮਲੋਹ ਚੌਕ 'ਚ ਡਾਕਟਰ ਅੰਬੇਡਕਰ ਦਾ ਬੁੱਤ ਲਗਵਾਉਣ ਲਈ ਐੱਸ ਡੀ ਐੱਮ ਨੂੰ ਦਿੱਤਾ ਮੰਗ ਪੱਤਰ



**ਦੋਰਾਹਾ (ਹਰਮਿੰਦਰ ਸੇਠ)**-ਭਾਰਤ ਵਿੱਚ ਸਦੀਆਂ ਤੋਂ ਗੁਲਾਮ ਬਣਾ ਕੇ ਰੱਖੇ 85% ਮੂਲਨਿਵਾਸੀ ਲੋਕਾਂ ਨੂੰ ਉਨ੍ਹਾਂ ਦੇ ਹੱਕ ਦਿਵਾਉਣ ਵਾਲੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਸਾਹਿਬ ਖਿਲਾਫ ਜਿਸ ਤਰ੍ਹਾਂ ਗੁਰਪਤਵੰਤ ਪੰਨੂ ਤੇ ਹੋਰ ਭਾਰਤੀ ਏਜੰਸੀਆਂ ਦੇ ਬੰਦੇ ਗਲਤ ਪ੍ਰਚਾਰ ਕਰਕੇ ਉਨ੍ਹਾਂ ਦੀ ਕਿਰਦਾਰਕੁਸ਼ੀ ਕਰ ਰਹੇ ਹਨ, ਇਹ ਬਹੁਤ ਹੀ ਮੰਦਭਾਗਾ ਹੈ ਕਿਉਂਕਿ ਡਾਕਟਰ ਅੰਬੇਡਕਰ ਸਾਹਿਬ ਨੇ ਇਕੱਲੇ ਦਲਿਤਾਂ ਲਈ ਹੀ ਨਹੀਂ ਸਗੋਂ ਸਮਾਜ ਤੇ ਦੇਸ਼ ਦੇ ਹਰ ਵਰਗ ਲਈ ਅਤੇ ਦੇਸ਼ ਨੂੰ ਮਜ਼ਬੂਤ ਕਰਨ ਲਈ ਵਿਧੀ ਵਿਧਾਨ ਤਿਆਰ ਕੀਤਾ।ਇਸ ਦੇਸ਼ ਵਿੱਚ ਜੋ ਗੁਲਾਮ ਵਿਵਸਥਾ ਸੀ, ਉਸ ਨੂੰ ਤੋੜਨ ਲਈ ਇੱਕ ਵੱਡਾ ਉਪਰਾਲਾ ਕੀਤਾ। ਦੇਸ਼ ਵਿੱਚ ਲਾਗੂ ਮਨੂੰ ਸਿਮਰਤੀ ਨੂੰ ਖਤਮ ਕਰਕੇ ਦੇਸ਼ ਅੰਦਰ ਸੱਤਾ, ਸਮਾਨਤਾ ਤੇ ਭਾਈਚਾਰੇ ਦੀ ਗੱਲ ਕਰਨ ਵਾਲਾ ਸੰਵਿਧਾਨ ਲੈ ਕੇ ਆਂਦਾ। ਇਸ ਦੇਸ਼ ਅੰਦਰ ਮਨੂੰ ਸਿਮਰਤੀ ਨੂੰ ਮੰਨਣ ਵਾਲੇ ਲੋਕ ਤਰਲੋ ਮੱਛੀ ਹੋਏ ਪਏ ਹਨ ਕਿ ਕਿਸ ਤਰ੍ਹਾਂ ਇਸ ਸੰਵਿਧਾਨ ਨੂੰ ਖਤਮ ਕੀਤਾ ਜਾਵੇ ਅਤੇ ਸਮੇਂ ਸਮੇਂ 'ਤੇ ਤਰ੍ਹਾਂ ਤਰ੍ਹਾਂ ਦੀਆਂ ਚਾਲਾਂ ਚੱਲਦੇ ਰਹੇ, ਪ੍ਰੰਤੂ ਹੁਣ ਇਸ ਦੇਸ਼ ਦਾ ਮੂਲਨਿਵਾਸੀ ਜਾਗ ਚੁੱਕਿਆ ਹੈ ਤੇ ਉਸ ਨੂੰ ਪਤਾ ਹੈ ਕਿ ਸੰਵਿਧਾਨ ਸਾਡੇ ਹੱਕਾਂ ਤੇ ਅਧਿਕਾਰਾਂ ਦੀ ਰਾਖੀ ਕਰਦਾ ਹੈ, ਇਸ ਲਈ ਇਹ ਲੋਕ ਸੰਵਿਧਾਨ ਨੂੰ ਤਾਂ ਖਤਮ ਨਹੀਂ ਕਰ ਸਕੇ, ਪ੍ਰੰਤੂ ਡਾਕਟਰ ਅੰਬੇਡਕਰ ਸਾਹਿਬ ਵਰਗੇ ਯੁੱਗਪੁਰਸ਼ ਦੀ ਕਿਰਦਾਰਕੁਸ਼ੀ ਕਰਨ ਲੱਗੇ ਹੋਏ ਹਨ, ਜਿਸ ਨੂੰ ਸਮਾਜ ਬਿਲਕੁਲ ਵੀ ਬਰਦਾਸ਼ਤ ਨਹੀਂ ਕਰੇਗਾ। ਇਨ੍ਹਾਂ ਗੱਲਾਂ ਦਾ ਪ੍ਰਗਟਾਵਾ ਉੱਘੇ ਅੰਬੇਡਕਰਵਾਦੀ ਤੇ ਵਿਧਾਨ ਸਭਾ ਹਲਕਾ ਪਹਿਲ ਤੋਂ ਆਜ਼ਾਦ ਚੋਣ ਲੜ ਚੁੱਕੇ ਗੁਰਦੀਪ ਸਿੰਘ ਕਾਲੀ ਨੇ ਐੱਸ ਡੀ ਐੱਮ ਖੰਨਾ ਨੂੰ ਇਕ ਮੰਗ ਪੱਤਰ ਦੇ ਕੇ ਖੰਨਾ ਦਾ ਅਮਲੋਹ ਚੌਕ ਜਿਸ ਦਾ ਨਾਂਅ ਡਾਕਟਰ ਅੰਬੇਡਕਰ ਸਾਹਿਬ ਦੇ ਨਾਂ 'ਤੇ ਰੱਖਿਆ ਹੈ, ਉੱਥੇ ਉਨ੍ਹਾਂ ਦਾ ਬੁੱਤ ਲਗਾਉਣ ਲਈ ਵੱਖ ਵੱਖ ਜਥੇਬੰਦੀਆਂ ਨਾਲ ਮਿਲ ਕੇ ਮੰਗ ਪੱਤਰ ਦਿੱਤਾ। ਗੁਰਦੀਪ ਸਿੰਘ ਕਾਲੀ ਨੇ ਕਿਹਾ ਕਿ 15 ਦਿਨ ਦੇ ਅੰਦਰ ਅੰਦਰ ਅਮਲੋਹ ਚੌਕ 'ਚ ਡਾਕਟਰ ਅੰਬੇਡਕਰ ਸਾਹਿਬ ਦਾ ਬੁੱਤ ਲਗਾਇਆ ਜਾਵੇ ਨਹੀਂ ਤਾਂ ਉਸ ਜਗ੍ਹਾ ਉੱਤੇ ਅੰਬੇਡਕਰਵਾਦੀ ਲੋਕ ਤੇ ਜਥੇਬੰਦੀਆਂ ਇਕੱਠੀਆਂ ਹੋ ਕੇ ਪੱਕਾ ਧਰਨਾ ਲਗਾਉਣਗੀਆਂ। ਇਸ ਮੌਕੇ ਅਨਿਲ ਕੁਮਾਰ, ਅਸ਼ੋਕ ਕੁਮਾਰ, ਅੰਮ੍ਰਿਤ ਭਾਰਤੀ, ਬੀਬੀ ਜਸਵਿੰਦਰ ਕੌਰ ਫੈਜਗੜ੍ਹ, ਬੀਬੀ ਜਸਵਿੰਦਰ ਕੌਰ ਬਘੌਰ, ਸਾਬਕਾ ਥਾਣੇਦਾਰ ਰਣਜੀਤ ਸਿੰਘ, ਅਵਤਾਰ ਸਿੰਘ ਤਾਰੀ ਆਦਿ ਸਮੇਤ ਵੱਡੀ ਗਿਣਤੀ ਵਿੱਚ ਔਰਤਾਂ ਤੇ ਮਰਦ ਸ਼ਾਮਲ ਸਨ।

## ਭੁੱਕੀ ਤੇ ਹੈਰੋਇਨ ਸਮੇਤ ਚਾਰ ਕਾਬੂ

**ਸ਼ੇਰਪੁਰ (ਰਵੀ ਟਿੱਬਾ)**-ਸਰਤਾਜ ਸਿੰਘ ਚਾਹਲ ਸੀਨੀਅਰ ਕਪਤਾਨ ਪੁਲਸ ਸੰਗਰੂਰ ਦੀਆਂ ਹਦਾਇਤਾਂ ਅਨੁਸਾਰ ਦਮਨਬੀਰ ਸਿੰਘ, ਉਪ ਕਪਤਾਨ ਪੁਲਸ ਸਬ ਡਵੀਜ਼ਨ ਧੂਰੀ ਦੀ ਸੁਪਰਵੀਜ਼ਨ ਹੇਠ ਅਤੇ ਥਾਣੇਦਾਰ ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਸ਼ੇਰਪੁਰ ਦੀ ਹਦਾਇਤ ਅਨੁਸਾਰ ਸ:ਥ: ਗੁਰਪਾਲ ਸਿੰਘ ਨੇ ਇਕ ਕਾਰਗੁਜ਼ਾਰੀ ਦਰਜ ਕੀਤੀ। ਜਿਸ ਵਿੱਚ ਸਮੇਤ ਪੁਲਿਸ ਪਾਰਟੀ ਦੇ ਦੌਰਾਨੇ ਗਸ਼ਤ ਇਕ ਇਤਲਾਹ ਅਨੁਸਾਰ ਦੋਸ਼ੀ ਬਲਵਿੰਦਰ ਸਿੰਘ ਉਰਫ ਬਿੰਦਰ ਪੁੱਤਰ ਮੰਗੂ ਸਿੰਘ ਵਾਸੀ ਪੱਤੀ ਖਲੀਲ ਸ਼ੇਰਪੁਰ ਅਤੇ ਗਗਨਦੀਪ ਸਿੰਘ ਉਰਫ ਗੱਗਾ ਪੁੱਤਰ ਮਨਜੀਤ ਸਿੰਘ ਵਾਸੀ ਬਿੰਦ ਪੱਤੀ, ਸ਼ੇਰਪੁਰ ਨੂੰ ਨੇੜੇ ਪੁਲ ਕੱਸੀ ਰਾਮਨਗਰ ਛੰਨਾ ਰੋਡ ਸ਼ੇਰਪੁਰ ਤੋਂ ਗ੍ਰਿਫਤਾਰ ਕਰਕੇ ਇਨ੍ਹਾਂ ਪਾਸੋਂ 4 ਕਿਲੋ ਭੁੱਕੀ ਚੂਰਾ ਪੋਸਤ ਬਰਾਮਦ ਕਰਕੇ ਮੁਕੱਦਮਾ ਥਾਣਾ ਸ਼ੇਰਪੁਰ ਦਰਜ ਰਜਿਸਟਰ ਕਰਵਾਇਆ ਗਿਆ ਅਤੇ ਥਾਣੇਦਾਰ ਗੁਰਪਾਲ ਸਿੰਘ ਮੁੱਖ ਅਫਸਰ ਥਾਣਾ ਸ਼ੇਰਪੁਰ ਵੱਲੋਂ ਵੀ ਕਾਰਗੁਜ਼ਾਰੀ ਦਰਜ ਕਰਦਿਆਂ ਦੌਰਾਨੇ ਗਸ਼ਤ ਨੇੜੇ ਬਿਆਸ ਘਰ ਬਰਨਾਲਾ ਰੋਡ ਸ਼ੇਰਪੁਰ ਤੋਂ ਦੋਸ਼ੀਆਨ ਚਮਨਪ੍ਰੀਤ ਸਿੰਘ ਉਰਫ ਚੰਨੀ ਪੁੱਤਰ ਨਿਰਮਲ ਸਿੰਘ ਵਾਸੀ ਬਿੰਦ ਪੱਤੀ ਸ਼ੇਰਪੁਰ ਅਤੇ ਜਗਦੀਪ ਸਿੰਘ ਉਰਫ ਜੱਗਾ ਪੁੱਤਰ ਬਲਵਿੰਦਰ ਸਿੰਘ ਵਾਸੀ ਰਾਏਪੁਰ ਮਾਖਾ ਜ਼ਿਲ੍ਹਾ ਮਾਨਸਾ ਨੂੰ ਗ੍ਰਿਫਤਾਰ ਕਰਕੇ ਇਨ੍ਹਾਂ ਦੇ ਕਬਜ਼ੇ ਚੋਂ 6 ਗਰਾਮ ਹੈਰੋਇਨ ਸਮੇਤ ਮੋਟਰ ਸਾਇਕਲ ਥਾਣਾ ਸ਼ੇਰਪੁਰ ਦਰਜ ਰਜਿਸਟਰ ਕਰਵਾਇਆ ਗਿਆ। ਦੋਸ਼ੀਆਨ ਨੂੰ ਗ੍ਰਿਫਤਾਰ ਕਰਕੇ ਅਦਾਲਤ ਵਿਖੇ ਪੇਸ਼ ਕੀਤਾ ਗਿਆ। ਇਸ ਸਮੇਂ ਏ ਐਸ ਆਈ ਗੁਰਪਾਲ ਸਿੰਘ, ਹੌਲਦਾਰ ਜਗਪਾਲ ਸਿੰਘ, ਹੌਲਦਾਰ ਕੁਲਦੀਪ ਸਿੰਘ, ਮੁੱਖ ਮੁਨਸ਼ੀ ਲਖਵਿੰਦਰ ਸਿੰਘ ਲੱਖਾ ਅਤੇ ਹੋਰ ਵੀ ਪੁਲਸ ਕਰਮੀ ਹਾਜ਼ਰ ਸਨ।

## ਭੂਮੀ ਮਾਫੀਆ ਦੁਆਰਾ ਕਿਸਾਨ ਆਗੂ ਦੀ ਕੁੱਟਮਾਰ ਦੀ ਲਿਬਰੇਸ਼ਨ ਵੱਲੋਂ ਸਖਤ ਨਿੰਦਾ

### *ਪੇਂਡੂ ਖੇਤਰਾਂ ਵਿਚਲੀ ਬੇਚੈਨੀ ਲਈ ਮਾਨ ਸਰਕਾਰ ਜ਼ਿੰਮੇਵਾਰ : ਆਗੂ*

**ਮਾਨਸਾ (ਆਤਮਾ ਸਿੰਘ ਪਮਾਰ)**-ਸੀਪੀਆਈ ਐੱਮ ਐੱਲ ਲਿਬਰੇਸ਼ਨ ਨੇ ਲਹਿਰਾ ਨੇੜਲੇ ਪਿੰਡ ਖਾਈ ਦੇ ਵਾਸੀ ਤੇ ਕਿਸਾਨ ਆਗੂ ਮਾਸਟਰ ਨਿਰਭੈ ਸਿੰਘ ਨੂੰ ਸੱਤਾਧਾਰੀ ਆਪ ਨਾਲ ਜੁੜੇ ਭੂਮੀ ਮਾਫੀਆ ਗਰੋਹ ਵੱਲੋਂ ਹਮਲਾ ਕਰਕੇ ਬੁਰੀ ਤਰ੍ਹਾਂ ਫ਼ੱਟੜ ਕਰਨ ਦੀ ਸਖ਼ਤ ਨਿੰਦਾ ਕੀਤੀ ਹੈ ਅਤੇ ਸਾਰੇ ਹਮਲਾਵਰਾਂ ਨੂੰ ਤੁਰੰਤ ਗ੍ਰਿਫ਼ਤਾਰ ਕਰਨ ਦੀ ਮੰਗ ਵੀ ਕੀਤੀ ਹੈ।ਪਾਰਟੀ ਆਗੂਆਂ ਸੁਖਦਰਸ਼ਨ ਸਿੰਘ ਨੱਤ, ਗੁਰਨਾਮ ਸਿੰਘ ਭੀਖੀ, ਬਲਬੀਰ ਸਿੰਘ ਝਲੂਰ ਤੇ ਕਾਮਰੇਡ ਗੋਬਿੰਦ ਸਿੰਘ ਛਾਜਲੀ ਵੱਲੋਂ ਜਾਰੀ ਪ੍ਰੈੱਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਸੱਤਾ ਦੀ ਸਿੱਧੀ ਸਰਪ੍ਰਸਤੀ ਕਾਰਨ ਅਜਿਹੇ ਬਦਮਾਸ਼ ਗਰੋਹ ਬਹੁਤ ਹੰਕਾਰ ਵਿੱਚ ਹਨ, ਪਰ ਇਨਕਲਾਬੀ ਤਾਕਤਾਂ ਤੇ ਕਿਸਾਨ ਮਜ਼ਦੂਰ ਜਥੇਬੰਦੀਆਂ ਇਕਜੁੱਟ ਹੋ ਕੇ ਇਨ੍ਹਾਂ ਗੁੰਡਿਆਂ ਤੇ ਉਨ੍ਹਾਂ ਦੇ ਸਰਪ੍ਰਸਤਾਂ ਦੀ ਹੈਂਕੜ ਨੂੰ ਮਿੱਟੀ ਵਿੱਚ ਮਿਲਾ ਦੇਣਗੀਆਂ।ਬਿਆਨ ਵਿੱਚ ਮਾਨ ਸਰਕਾਰ ਨੂੰ ਚਿਤਾਵਨੀ ਦਿੱਤੀ ਹੈ ਕਿ ਜੋ ਬਦਮਾਸ਼ ਭੂ ਮਾਫ਼ੀਆ ਗਰੋਹ ਤੇ ਖੂਨ ਚੂਸ ਸੂਦਖੋਰ ਛੋਟੇ ਕਿਸਾਨਾਂ ਦੀਆਂ ਜ਼ਮੀਨਾਂ ਤੇ ਗਰੀਬ ਪਰਵਾਰਾਂ ਦੇ ਘਰ ਤੇ ਘਰੇਲੂ ਸਾਮਾਨ ਤੱਕ ਹੜੱਪ ਰਹੇ ਹਨ, ਜੇਕਰ ਉਨ੍ਹਾਂ ਖਿਲਾਫ ਤੁਰੰਤ ਸਖਤ ਐਕਸ਼ਨ ਨਾ ਲਿਆ ਗਿਆ ਤਾਂ ਪੇਂਡੂ ਖੇਤਰਾਂ 'ਚ ਜੋ ਤਿੱਖੀ ਬੇਚੈਨੀ ਤੇ ਟਕਰਾਅ ਪੈਦਾ ਹੋਵੇਗਾ, ਉਸ ਦੀ ਪੂਰੀ ਜ਼ਿੰਮੇਵਾਰੀ ਪੰਜਾਬ ਸਰਕਾਰ ਦੀ ਹੋਵੇਗੀ।

## ਯੂ ਪੀ ਐੱਸ ਸੀ 'ਚ 597 ਰੈਂਕ ਹਾਸਲ ਕਰਕੇ ਕਸ਼ਿਸ਼ ਗੁਪਤਾ ਨੇ ਇਲਾਕੇ ਦਾ ਨਾਂਅ ਰੌਸ਼ਨ ਕੀਤਾ : ਸੋਢੀ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਭਾਰਤੀ ਲੋਕ ਸੇਵਾ ਆਯੋਗ ਵੱਲੋਂ ਬੀਤੇ ਦਿਨੀਂ ਜਾਰੀ ਕੀਤੇ ਨਤੀਜਿਆਂ ਅਨੁਸਾਰ ਸਰਦੂਲਗੜ੍ਹ ਦੇ ਜੰਮਪਲ ਕਸ਼ਿਸ਼ ਗੁਪਤਾ ਨੇ ਦੇਸ਼ ਵਿੱਚੋਂ 597ਵੇਂ ਨੰਬਰ 'ਤੇ ਰਹਿੰਦੇ ਹੋਏ ਭਾਰਤੀ ਲੋਕ ਸੇਵਾ ਆਯੋਗ ਦੀ ਪ੍ਰੀਖਿਆ ਪਾਸ ਕਰਕੇ ਮਿਸਾਲ ਕਾਇਮ ਕੀਤੀ ਹੈ।ਜ਼ਿਕਰਯੋਗ ਹੈ ਕਿ ਸਰਦੂਲਗੜ੍ਹ ਸਬ ਡਵੀਜ਼ਨ ਦਾ ਇਹ ਪਹਿਲਾ ਨੌਜਵਾਨ ਹੈ, ਜਿਸ ਨੇ ਭਾਰਤੀ ਲੋਕ ਸੇਵਾ ਆਯੋਗ ਦੀ ਪ੍ਰੀਖਿਆ ਪਾਸ ਕੀਤੀ ਹੈ।ਇਲਾਕੇ ਵਿੱਚ ਇਸ ਨਾਲ ਖ਼ੁਸ਼ੀ ਦੀ ਲਹਿਰ ਦੌੜ ਗਈ ਹੈ।ਕਸ਼ਿਸ਼ ਗੁਪਤਾ ਦੇ ਘਰ ਵਧਾਈਆਂ ਦੇਣ ਵਾਲਿਆਂ ਦਾ ਤਾਂਤਾ ਲੱਗਿਆ ਹੋਇਆ ਹੈ।ਇਸ ਮੌਕੇ ਜਤਿੰਦਰ ਸਿੰਘ ਸੋਢੀ ਜ਼ਿਲ੍ਹਾ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਸ਼ਹਿਰੀ ਨੇ ਵੀ ਕਸ਼ਿਸ਼ ਗੁਪਤਾ ਦੇ ਪਰਵਾਰ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਸ਼ਿਸ਼ ਗੁਪਤਾ ਦੀ ਸਫਲਤਾ, ਸਾਦਗੀ ਭਰਪੂਰ ਜੀਵਨ ਤੇ ਨਿਮਰਤਾ ਇਲਾਕੇ ਦੇ ਨੌਜਵਾਨਾਂ ਲਈ ਪ੍ਰੇਰਨਾ ਦਾਇਕ ਹੋਵੇਗਾ ਤੇ ਰਾਹ ਦਸੇਰਾ ਬਣੇਗਾ।ਸ੍ਰੀ ਸੋਢੀ ਨੇ ਦੱਸਿਆ ਕਿ ਕਸ਼ਿਸ਼ ਗੁਪਤਾ ਦੇ ਦਾਦਾ ਸ੍ਰੀ ਰਾਜ ਕੁਮਾਰ ਗੁਪਤਾ ਸਿਹਤ ਵਿਭਾਗ ਸੈਨੇਟਰੀ ਇੰਸਪੈਕਟਰ ਤੇ ਦਾਦੀ ਸ੍ਰੀਮਤੀ ਦਿਆਵੰਤੀ ਗੁਪਤਾ ਪ੍ਰਿੰਸੀਪਲ ਸਰਕਾਰੀ ਸੈਕੰਡਰੀ ਸਕੂਲ ਗਰਲਜ਼ ਰਿਟਾਇਰ ਹੋਏ ਹਨ।ਪਿਤਾ ਸਵ. ਸ੍ਰੀ ਵਿਪਨ ਗੁਪਤਾ ਇੰਸਪੈਕਟਰ ਸਥਾਨਕ ਸਰਕਾਰਾਂ ਵਿੱਚ ਨੌਕਰੀ ਕਰਦੇ ਸਨ, ਮਾਤਾ ਰੰਜੂ ਗੁਪਤਾ ਵੀ ਡਾਕਟਰ ਹਨ। ਸਾਰਾ ਪਰਵਾਰ ਬਹੁਤ ਪੜ੍ਹਿਆ ਲਿਖਿਆ ਤੇ ਸਾਮਾਜਿਕ ਰੁਤਬੇ ਵਾਲਾ ਹੈ।ਕਸ਼ਿਸ਼ ਗੁਪਤਾ ਦੀ ਭੈਣ ਕੀਰਤੀ ਗੁਪਤਾ ਵੀ ਇਲਾਕੇ ਦੀ ਹੋਣਹਾਰ ਬੇਟੀ ਹੈ, ਜੋ ਕਿ ਐੱਮ ਬੀ ਬੀ ਐੱਸ (ਡਾਕਟਰ) ਦੀ ਪੜ੍ਹਾਈ ਦੇ ਆਖ਼ਰੀ ਸਾਲ ਵਿੱਚ ਪੜ੍ਹਾਈ ਕਰ ਰਹੀ ਹੈ।ਇਨ੍ਹਾਂ ਬੱਚਿਆਂ ਦੇ ਪਿਤਾ ਸ੍ਰੀ ਵਿਪਨ ਗੁਪਤਾ ਦੀ ਇਨ੍ਹਾਂ ਦੇ ਬਚਪਨ ਵਿੱਚ ਇੱਕ ਸੜਕ ਹਾਦਸੇ ਦੌਰਾਨ ਮੌਤ ਹੋ ਗਈ ਸੀ, ਫਿਰ ਵੀ ਬੱਚਿਆਂ ਦਾ ਮਿਹਨਤ ਕਰ ਕੇ ਆਪਣੇ ਪਰਵਾਰ ਤੇ ਇਲਾਕੇ ਦਾ ਰੌਸ਼ਨ ਕਰਨ ਦਾ ਸਿਹਰਾ ਉਨ੍ਹਾਂ ਦੀ ਮਾਤਾ ਤੇ ਸਾਰੇ ਪਰਵਾਰ ਨੂੰ ਜਾਂਦਾ ਹੈ।

# ਸੰਯੁਕਤ ਕਿਸਾਨ ਮੋਰਚੇ ਵੱਲੋਂ ਡੀ ਸੀ ਨੂੰ ਮੰਗ ਪੱਤਰ

### ■ ਪੰਜਾਬ ਸਰਕਾਰ ਤਾਨਾਸ਼ਾਹ ਵਤੀਰਾ ਬੰਦ ਕਰੇ : ਕਿਸਾਨ ਆਗੂ



**ਫਾਜ਼ਿਲਕਾ (ਪਰਮਜੀਤ ਢਾਬਾਂ)**-ਸੰਯੁਕਤ ਕਿਸਾਨ ਮੋਰਚੇ ਦੇ ਸੂਬਾ ਪੱਧਰੀ ਸੱਦੇ ਅਨੁਸਾਰ ਮੋਰਚੇ ਦੇ ਵਫਦ ਵੱਲੋਂ ਡਿਪਟੀ ਕਮਿਸ਼ਨਰ ਦਫਤਰ ਫਾਜ਼ਿਲਕਾ ਸਾਹਮਣੇ ਇਕੱਠੇ ਹੋ ਕੇ ਡਿਪਟੀ ਕਮਿਸ਼ਨਰ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਾਮ ਮੰਗ ਪੱਤਰ ਦਿੱਤਾ ਗਿਆ। ਇਸ ਮੌਕੇ ਜਾਣਕਾਰੀ ਦਿੰਦਿਆਂ ਕਿਰਤੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਸੁਖਚੈਨ ਸਿੰਘ ਜ਼ਿਲ੍ਹਾ ਸਕੱਤਰ ਮਨਦੀਪ ਸਿੰਘ, ਬੀ ਕੇ ਯੂ ਉਗਰਾਹਾਂ ਦੇ ਜ਼ਿਲ੍ਹਾ ਮੀਤ ਪ੍ਰਧਾਨ ਗੁਰਮੀਤ ਸਿੰਘ, ਬੀ ਕੇ ਯੂ ਡਕੌਂਦਾ ਧਨੇਰ ਦੇ ਜ਼ਿਲ੍ਹਾ ਪ੍ਰਧਾਨ ਹਰਮੀਤ ਸਿੰਘ ਢਾਬਾਂ, ਕੁੱਲ ਹਿੰਦ ਕਿਸਾਨ ਸਭਾ ਦੇ ਆਗੂ ਹਰਭਜਨ ਸਿੰਘ, ਕ੍ਰਾਂਤੀਕਾਰੀ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਅਤਰ ਪ੍ਰੀਤ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਚਾਉਕੇ (ਬਠਿੰਡਾ) ਕਿਰਤੀ ਕਿਸਾਨ ਯੂਨੀਅਨ ਜ਼ਿਲ੍ਹਾ ਸੰਗਰੂਰ ਦੇ ਯੂਥ ਵਿੰਗ ਦੇ ਕਨਵੀਨਰ ਨਿਰਭੈ ਸਿੰਘ ਵਿਰਕ ਤੇ ਭੂ ਮਾਫੀਏ ਵੱਲੋਂ ਜਾਨਲੇਵਾ ਹਮਲਾ, ਅਖਾੜਾ (ਜਗਰਾਓਂ) ਵਿਖੇ ਪੁਲਸ ਵੱਲੋਂ ਅਤੇ ਸੰਗਰੂਰ ਵਿਖੇ ਗੁੰਡਾ ਅਨਸਰਾਂ ਵੱਲੋਂ ਸੰਘਰਸ਼ਸ਼ੀਲ ਟੀਚਰਾਂ, ਕਿਸਾਨਾਂ, ਮਜ਼ਦੂਰਾਂ ਤੇ ਹੋਰ ਕਿਰਤੀ ਲੋਕਾਂ ਉੱਤੇ ਅੰਨ੍ਹੇ ਜਾਬਰ ਹੱਲੇ ਕੀਤੇ ਗਏ ਹਨ ਅਤੇ ਦਰਜਨਾਂ ਲੋਕਾਂ ਨੂੰ ਜੇਲ੍ਹੀਂ ਡੱਕਿਆ ਗਿਆ ਹੈ।ਔਰਤ ਕਿਸਾਨ ਆਗੂਆਂ ਦੀ ਬੇਕਿਰਕ ਕੁੱਟਮਾਰ ਕੀਤੀ ਗਈ ਹੈ ਤੇ ਉਨ੍ਹਾਂ ਪ੍ਰਤੀ ਜ਼ਾਲਮਾਨਾ ਤੇ ਅਪਮਾਨਜਨਕ ਵਤੀਰਾ ਅਪਣਾਇਆ ਗਿਆ ਹੈ।ਅਖਾੜਾ (ਜਗਰਾਓਂ) ਪਿੰਡ ਵਿੱਚ ਗੰਭੀਰ ਬਿਮਾਰੀਆਂ ਦਾ ਕਾਰਨ ਬਣਨ ਵਾਲੀ ਫੈਕਟਰੀ ਦਾ ਵਿਰੋਧ ਕਰ ਰਹੇ ਲੋਕਾਂ 'ਤੇ ਜਬਰ ਢਾਹਿਆ ਗਿਆ ਹੈ ਤੇ ਅਗਾਊਂ ਗ੍ਰਿਫਤਾਰੀਆਂ ਕੀਤੀਆਂ ਗਈਆਂ ਸਨ।

ਚਾਉਕੇ (ਬਠਿੰਡਾ) ਮਾਮਲੇ ਵਿੱਚ ਇੱਕ ਪੀੜਤ ਟੀਚਰ ਸਮੇਤ ਦੋ ਦਰਜਨ ਤੋਂ ਵੱਧ ਕਿਸਾਨਾਂ ਤੇ ਪਿੰਡ ਵਾਸੀਆਂ ਨੂੰ ਅਜੇ ਵੀ ਜੇਲ੍ਹੀਂ ਡੱਕਿਆ ਹੋਇਆ ਹੈ।ਪੰਜਾਬ ਸਰਕਾਰ ਅਜਿਹਾ ਜਾਬਰ ਤਾਨਾਸ਼ਾਹੀ ਵਤੀਰਾ ਤੁਰੰਤ ਬੰਦ ਕਰੇ ਤੇ ਸੰਬੰਧਤ ਜਾਇਜ਼ ਮੰਗਾਂ ਬਿਨਾਂ ਦੇਰੀ ਮੰਨਣ ਤੇ ਲਾਗੂ ਕਰਨ ਦੀ ਮੰਗ ਲਈ ਅੱਜ ਫ਼ਾਜ਼ਿਲਕਾ ਜ਼ਿਲ੍ਹੇ ਦੇ ਕਿਸਾਨਾਂ, ਮਜ਼ਦੂਰਾਂ ਵੱਲੋਂ ਡੀ ਸੀ ਦਫਤਰ ਅੱਗੇ ਜਨਤਕ ਰੋਸ ਪ੍ਰਦਰਸ਼ਨ ਕੀਤਾ ਗਿਆ ਹੈ। ਉਨ੍ਹਾਂ ਸੰਘਰਸ਼ਸ਼ੀਲ ਲੋਕਾਂ 'ਤੇ ਜਾਬਰ ਹੱਲੇ ਲਈ ਜ਼ਿੰਮੇਵਾਰ ਪੰਜਾਬ ਸਰਕਾਰ ਦੇ ਘਟੀਆ ਵਧੀਰੇ ਦੀ ਨਿੰਦਾ ਕਰਦੇ ਹੋਏ ਚੇਤਾਵਨੀ ਦਿੰਦੇ ਕਿਹਾ ਕਿ ਸੰਘਰਸ਼ੀ ਲੋਕਾਂ ਦੇ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਜੇਕਰ ਸਰਕਾਰ ਇਹੀ ਜਬਰ ਦਾ ਰਾਹ ਅਖਤਿਆਰ ਕਰਦੀ ਹੈ ਤਾਂ ਭਵਿੱਖ ਵਿੱਚ ਵੱਡੇ ਰੋਹ ਦਾ ਸਾਹਮਣਾ ਕਰਨ ਲਈ ਤਿਆਰ ਰਹੇ।

## ਕਿਸਾਨਾਂ ਲਗਾਈ ਠੰਢੇ ਮਿੱਠੇ ਪਾਣੀ ਦੀ ਛਬੀਲ

**ਬਠਿੰਡਾ (ਪਰਵਿੰਦਰ ਜੀਤ ਸਿੰਘ)**

ਜ਼ਿਲ੍ਹੇ ਦੀਆਂ ਅਨਾਜ ਮੰਡੀਆਂ ਅੰਦਰ ਚੱਲ ਰਹੀ ਕਣਕ ਦੀ ਖਰੀਦ ਦੇ ਮੱਦੇਨਜ਼ਰ ਅਤੇ ਪੈ ਰਹੀ ਗਰਮੀ ਨੂੰ ਮੁੱਖ ਰੱਖਦਿਆਂ ਜ਼ਿਲ੍ਹਾ ਮੰਡੀ ਬੋਰਡ ਵੱਲੋਂ ਜ਼ਿਲ੍ਹੇ ਦੀਆਂ ਵੱਖ-ਵੱਖ ਅਨਾਜ ਮੰਡੀਆਂ ਵਿੱਚ ਠਢਡੇ ਮਿੱਠੇ ਪਾਣੀ ਅਤੇ ਸ਼ਰਬਤ ਦੀ ਛਬੀਲ ਲਗਾਈ ਗਈ।

ਜ਼ਿਲ੍ਹਾ ਮੰਡੀ ਅਫ਼ਸਰ ਗੌਰਵ ਗਰਗ ਨੇ ਦੱਸਿਆ ਕਿ ਪੈ ਰਹੀ ਗਰਮੀ ਨੂੰ ਮੁੱਖ ਰੱਖਦੇ ਹੋਏ ਜ਼ਿਲ੍ਹੇ ਭਰ ਦੀਆਂ ਮੁੱਖ ਅਨਾਜ ਮੰਡੀਆਂ ਵਿੱਚੋਂ ਅਨਾਜ ਮੰਡੀ ਬਠਿੰਡਾ, ਸੰਗਤ, ਰਾਮਾਂ, ਤਲਵੰਡੀ ਸਾਬੋ, ਭੁੱਚੋ, ਨਥਾਣਾ, ਰਾਮਪੁਰਾ ਫੂਲ, ਮੌੜ, ਭਗਤਾ ਭਾਈਕਾ, ਗੋਨਿਆਣਾ ਆਦਿ ਮੁੱਖ ਮੰਡੀਆਂ ਵਿਖੇ ਠੰਢੇ ਪਾਣੀ ਦੀ ਛਬੀਲ ਲਗਾਈ ਗਈ ਹੈ।ਉਨ੍ਹਾਂ ਦੱਸਿਆ ਕਿ ਮੰਡੀਆਂ ਵਿੱਚ ਕਿਸਾਨਾਂ ਦੀ ਸਹੂਲਤ ਲਈ ਸਾਫ਼-ਸਫ਼ਾਈ, ਪੀਣ ਵਾਲੇ ਪਾਣੀ ਤੋਂ ਇਲਾਵਾ ਛਾਂ ਅਤੇ ਹੋਰ ਲੋੜੀਂਦੇ ਢੁਕਵੇਂ ਪ੍ਰਬੰਧ ਵੀ ਕੀਤੇ ਗਏ ਹਨ।

# ਸਰਕਾਰੀ ਪ੍ਰਾਇਮਰੀ ਸਕੂਲ ਵਿਖੇ ਧਾਰਮਿਕ ਦੀਵਾਨ ਸਜਾਏ

### ■ ਪਵਨ ਗੁਪਤਾ ਸਮੇਤ ਵੱਖ-ਵੱਖ ਸ਼ਖਸੀਅਤਾਂ ਨੂੰ ਕੀਤਾ ਸਨਮਾਨਤ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸ੍ਰੀ ਸੁਖਮਨੀ ਸਾਹਿਬ ਸੇਵਾ ਸੋਸਾਇਟੀ ਬਾਘਾ ਪੁਰਾਣਾ ਦੇ ਸਮੂਹ ਮੈਂਬਰਾਂ ਵੱਲੋਂ ਹਫਤਾਵਾਰੀ ਦੀਵਾਨ ਸਰਕਾਰੀ ਪ੍ਰਾਇਮਰੀ ਸਕੂਲ ਦਲੀਪ ਬਸਤੀ ਵਿਖੇ ਸਜਾਏ ਗਏ, ਜਿਸ ਵਿੱਚ ਪੰਜ ਬਾਣੀਆਂ ਦੇ ਨਿਤਨੇਮ ਉਪਰੰਤ ਸ੍ਰੀ ਸੁਖਮਨੀ ਸਾਹਿਬ ਦੇ ਜਾਪ ਕੀਰਤਨ ਵਿਚਾਰਾਂ ਉਪਰੰਤ ਸਰਬੱਤ ਦੇ ਭਲੇ ਤੇ ਬੱਚਿਆਂ ਦੀ ਚੰਗੀ ਵਿੱਦਿਆ ਲਈ ਅਰਦਾਸ ਬੇਨਤੀ ਹੋਈ।ਕਰਵਾਏ ਗਏ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਦੌਰਾਨ ਨਗਰ ਕੌਂਸਲ ਬਾਘਾ ਪੁਰਣਾ ਦੇ ਪ੍ਰਧਾਨ ਸੋਨੀਆ ਗੁਪਤਾ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਵਨ ਗੁਪਤਾ, ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਦੀਪਕ ਅਰੋੜਾ, ਕੌਂਸਲਰ ਮਨਦੀਪ ਕੱਕੜ, ਕੌਂਸਲਰ ਗੁਰਪ੍ਰੀਤ ਮਨਚੰਦਾ, ਕੌਂਸਲਰ ਪ੍ਰਿਥੀ ਸਿੰਘ, ਜਗਸੀਰ ਸਿੰਘ ਜੱਗਾ ਸਾਬਕਾ ਕੌਂਸਲਰ ਦੇ ਇਲਾਵਾ ਵੱਖ-ਵੱਖ ਸਿਆਸੀ ਪਾਰਟੀਆਂ ਦੇ ਆਗੂ ਸਾਹਿਬਾਨਾਂ ਵੱਲੋਂ ਸ਼ਮੂਲੀਅਤ ਕੀਤੀ ਗਈ।ਸਕੂਲ ਦੇ ਪ੍ਰਿੰਸੀਪਲ ਪੁਸ਼ਪਿੰਦਰ ਕੌਰ ਤੇ ਸਟਾਫ ਮੈਂਬਰ ਰਾਜ ਕੁਮਾਰ, ਰਜਨੀਸ਼ ਕੌਰ, ਜਸਵੀਰ ਕੌਰ, ਹਰਪ੍ਰੀਤ ਕੌਰ ਰੋਡੇ, ਮਨਿੰਦਰ ਕੌਰ, ਗੀਨਾ ਰਾਣੀ ਵੱਲੋਂ ਉਨ੍ਹਾਂ ਦਾ ਸਨਮਾਨ ਕੀਤਾ ਗਿਆ।ਸ੍ਰੀ ਸੁਖਮਨੀ ਸਾਹਿਬ ਸੇਵਾ ਸੁਸਾਇਟੀ ਵੱਲੋਂ ਸਕੂਲ ਨੂੰ ਛੇ ਕੁਰਸੀਆਂ, ਇੱਕ ਪ੍ਰਿੰਟਰ, ਭਾਂਡੇ ਆਦਿ ਵਸਤੂਆਂ ਦਿੱਤੀਆਂ ਗਈਆਂ ਤਾਂ ਜੋ ਬੱਚਿਆਂ ਦੀ ਪੜ੍ਹਾਈ ਵਿੱਚ ਕਿਸੇ ਤਰ੍ਹਾਂ ਦੀ ਕੋਈ ਸਮੱਸਿਆ ਨਾ ਆਵੇ।

ਇਸ ਸਮੇਂ ਸੁਸਾਇਟੀ ਦੇ ਪ੍ਰਧਾਨ ਪਰਮਜੀਤ ਸਿੰਘ, ਸਰਬਜੀਤ ਸਿੰਘ, ਸੁਖਮੰਦਰ ਸਿੰਘ, ਹਰਬੰਸ ਸਿੰਘ, ਕੁਲਵਿੰਦਰ ਸਿੰਘ, ਨਿਸ਼ਾਨ ਸਿੰਘ, ਗੁਰਦੇਵ ਸਿੰਘ, ਹਰਮਨਦੀਪ ਸਿੰਘ, ਹਰਭਜਨ ਸਿੰਘ,.ਹਰਬੰਸ ਸਿੰਘ ਜਗਾਧਰੀ, ਸੁਖਦੇਵ ਸਿੰਘ, ਰੁਪਿੰਦਰ ਸਿੰਘ, ਦਰਸ਼ਨ ਸਿੰਘ, ਦਿਲਪ੍ਰੀਤ ਸਿੰਘ, ਕਮਲਪ੍ਰੀਤ ਸਿੰਘ, ਸੁੱਖ ਚਾਵਲਾ, ਰਾਜ ਕਮਲ ਸਿੰਘ, ਜਸਮੀਤ ਸਿੰਘ, ਹਰਪ੍ਰੀਤ ਸਿੰਘ, ਪਵਨ ਸਿੰਘ, ਗੁਰਮੇਜਰ ਸਿੰਘ ਆਦਿ ਮੈਂਬਰ ਸ਼ਾਮਲ ਸਨ।ਇਸ ਮੌਕੇ ਸਰਕਾਰੀ ਪ੍ਰਾਇਮਰੀ ਸਕੂਲ ਦੇ ਸਟਾਫ਼ ਤੇ ਸੁਸਾਇਟੀ ਵੱਲੋਂ ਗਰ ਕੌਂਸਲ ਬਾਘਾ ਪੁਰਣਾ ਦੇ ਪ੍ਰਧਾਨ ਸੋਨੀਆਂ ਰਾਣੀ ਗੁਪਤਾ, ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਪਵਨ ਗੁਪਤਾ, ਨਗਰ ਸੁਧਾਰ ਟਰੱਸਟ ਦੇ ਸਾਬਕਾ ਚੇਅਰਮੈਨ ਦੀਪਕ ਅਰੋੜਾ, ਕੌਂਸਲਰ ਮਨਦੀਪ ਕੱਕੜ, ਕੌਂਸਲਰ ਗੁਰਪ੍ਰੀਤ ਮਨਚੰਦਾ, ਕੌਂਸਲਰ ਪ੍ਰਿਥੀ ਸਿੰਘ, ਜਗਸੀਰ ਸਿੰਘ ਜੱਗਾ ਸਾਬਕਾ ਕੌਂਸਲਰ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ।

# ਸੀਨੀਅਰ ਸਿਟੀਜ਼ਨ ਭਲਾਈ ਸੰਸਥਾ ਵੱਲੋਂ ਜਨਮ ਦਿਨ ਸਨਮਾਨ ਸਮਾਰੋਹ



**ਸੰਗਰੂਰ (ਪ੍ਰਵੀਨ ਸਿੰਘ)**-ਸਥਾਨਕ ਬਨਾਸਰ ਬਾਗ ਸਥਿਤ ਮੁੱਖ ਦਫਤਰ ਵਿਖੇ ਸੀਨੀਅਰ ਸਿਟੀਜਨ ਭਲਾਈ ਸੰਸਥਾ ਵੱਲੋਂ ਮਹੀਨਾਵਾਰ ਸਨਮਾਨ ਸਮਾਰੋਹ ਡਾ: ਨਰਵਿੰਦਰ ਸਿੰਘ ਕੌਸ਼ਲ ਪ੍ਰਧਾਨ ਤੇ ਇੰਜਨੀਅਰ ਪ੍ਰਵੀਨ ਬਾਂਸਲ ਚੇਅਰਮੈਨ ਦੀ ਅਗਵਾਈ ਵਿੱਚ ਕੀਤਾ ਗਿਆ।ਉਨ੍ਹਾਂ ਨਾਲ ਬਲਦੇਵ ਸਿੰਘ ਗੋਸਲ ਮੁੱਖ ਸਰਪ੍ਰਸਤ, ਦਲਜੀਤ ਸਿੰਘ ਜ਼ਖ਼ਮੀ ਸਰਪ੍ਰਸਤ ਪ੍ਰਧਾਨਗੀ ਮੰਡਲ ਵਿੱਚ ਸ਼ਾਮਲ ਹੋਏ।ਸੁਪਰ ਸਿਟੀਜਨ ਪੂਰਨ ਚੰਦ ਜਿੰਦਲ ਨੇ ਸਮਾਰੋਹ ਦੀ ਪ੍ਰਧਾਨਗੀ ਕੀਤੀ।ਸਭ ਤੋਂ ਪਹਿਲਾਂ ਪਹਿਲਗਾਮ ਵਿਖੇ ਹੋਏ ਕਤਲੇਆਮ ਦੌਰਾਨ ਮਾਰੇ ਗਏ ਸੈਲਾਨੀਆਂ ਨੂੰ ਸ਼ਰਧਾਂਜਲੀ ਦਿੱਤੀ।ਉਪਰੰਤ ਜਗਜੀਤ ਸਿੰਘ ਜਨਰਲ ਸਕੱਤਰ ਨੇ ਸਭ ਦਾ ਸਵਾਗਤ ਕੀਤਾ ਤੇ ਸਟੇਜ ਸੰਚਾਲਨ ਦੀ ਕਾਰਵਾਈ ਸ਼ੁਰੂ ਕੀਤੀ।ਸਮਾਗਮ ਦਾ ਆਗਾਜ਼ ਓਮ ਪ੍ਰਕਾਸ਼ ਛਾਬੜਾ ਨੇ ਆਪਣੀ ਸੋਹਜ ਭਰੀ ਆਵਾਜ਼ ਵਿੱਚ ਕੀਤਾ।ਪ੍ਰਸਿੱਧ ਗਾਇਕਾ ਪਵਿੱਤਰ ਕੌਰ ਗਰੇਵਾਲ, ਦਰਸ਼ਨਾਂ ਦੇਵੀ, ਗੁਰਮੁੱਖ ਸਿੰਘ ਆਦਿ ਨੇ ਵੀ ਗੀਤ ਸੰਗੀਤ ਦੀ ਖੂਬਸੂਰਤ ਪੇਸ਼ਕਾਰੀ ਕੀਤੀ।ਭੁਪਿੰਦਰ ਸਿੰਘ ਜੱਸੀ ਸੀਨੀਅਰ ਮੀਤ ਪ੍ਰਧਾਨ ਨੇ ਸੰਸਥਾ ਵੱਲੋਂ ਕੀਤੇ ਜਾ ਰਹੇ ਕਾਰਜਾਂ ਨੂੰ ਸਲਾਹਿਆ।ਡਾ: ਕੌਸ਼ਲ ਨੇ ਸੰਸਥਾ ਦੀਆਂ ਪਿਛਲੇ ਸਾਲ ਦੀਆਂ ਕਾਰਜਵਿਧੀਆਂ ਬਾਰੇ ਦਸਦੇ ਹੋਏ ਖੁਸ਼ੀ ਜ਼ਾਹਰ ਕੀਤੀ ਤੇ ਕਿਹਾ ਕਿ ਇਸ ਸੰਸਥਾ ਦੀ ਸਥਾਪਨਾ ਦੇ 25ਵੇਂ ਸਿਲਵਰ ਜੁਬਲੀ ਵਰ੍ਹੇ ਵਿੱਚ ਅਸੀਂ ਪਹੁੰਚ ਚੁੱਕੇ ਹਾਂ।ਉਨ੍ਹਾਂ ਸੰਸਥਾ ਦੇ ਫਾਊਂਡਰ ਪ੍ਰਧਾਨ ਸਵਰਗੀ ਸੁਖਦੇਵ ਸਿੰਘ ਜੱਸਲ ਡੀ ਐੱਸ ਪੀ ਤੋਂ ਲੈ ਕੇ ਵੱਖ ਵੱਖ ਸਮੇਂ ਬਣੇ ਪ੍ਰਧਾਨ ਤੇ ਸਕੱਤਰ ਸਾਹਿਬਾਨ ਵੱਲੋਂ ਸੰਸਥਾ ਦਫ਼ਤਰ ਦੇ ਵਿਕਾਸ ਵਿੱਚ ਪਾਏ ਯੋਗਦਾਨ ਦਾ ਵਿਸ਼ੇਸ਼ ਜ਼ਿਕਰ ਕੀਤਾ ਅਤੇ ਵੱਖ ਵੱਖ ਸ਼ਖਸੀਅਤਾਂ ਵੱਲੋਂ ਨਿੱਜੀ ਤੌਰ 'ਤੇ ਅਤੇ ਸਰਕਾਰ, ਪ੍ਰਸ਼ਾਸਨ ਵੱਲੋਂ ਗ੍ਰਾਂਟਾਂ ਦੇ ਰੂਪ ਵਿੱਚ ਆਰਥਿਕ ਸਹਾਇਤਾ ਪ੍ਰਾਪਤੀ ਲਈ ਕੀਤੇ ਯਤਨਾਂ ਲਈ ਧੰਨਵਾਦ ਕੀਤਾ।ਸੁਰਿੰਦਰ ਪਾਲ ਸਿੰਘ ਸਿਦਕੀ ਪ੍ਰੈੱਸ ਸਕੱਤਰ ਨੇ ਦੱਸਿਆ ਕਿ ਇਸ ਮੌਕੇ ਜਿਨ੍ਹਾਂ ਮੈਂਬਰਾਂ ਦੇ ਅਪ੍ਰੈਲ ਮਹੀਨੇ 'ਚ ਜਨਮ ਦਿਨ ਆਏ, ਉਨ੍ਹਾਂ ਨੂੰ ਨੂੰ ਹਾਰ ਪਾ ਕੇ ਤੇ ਗਿਫਟ ਦੇ ਕੇ ਸਨਮਾਨਤ ਕੀਤਾ ਗਿਆ। ਵਿਆਹ ਵਰ੍ਹੇਗੰਢ ਵਾਲੀਆਂ ਜੋੜੀਆਂ ਦਾ ਵੀ ਸਨਮਾਨ ਕੀਤਾ ਗਿਆ, ਜਿਸ ਨਾਲ ਖੁਸ਼ਗਵਾਰ ਮਾਹੌਲ ਬਣ ਗਿਆ।ਸੰਸਥਾ ਦੇ ਨਵੇਂ ਬਣੇ ਮੈਂਬਰਾਂ ਪ੍ਰਿੰਸੀਪਲ ਰਾਜਿੰਦਰ ਸਿੰਗਲਾ, ਗੁਰਦੇਵ ਸਿੰਘ ਭੁੱਲਰ, ਕ੍ਰਿਸ਼ਨ ਕੁਮਾਰ ਸਿੰਗਲਾ, ਜਸਵੰਤ ਸਿੰਘ, ਅਮਿਤ ਸਿੰਘ, ਜੋਗਿੰਦਰ ਕੌਰ ਦਾ ਬੈਜ ਲਗਾ ਕੇ ਸਵਾਗਤ ਕੀਤਾ ਗਿਆ।ਸਮਾਗਮ ਲਈ ਅਵਿਨਾਸ਼ ਸ਼ਰਮਾ, ਪ੍ਰਿੰਸੀਪਲ ਸੁਖਦਰਸ਼ਨ ਸਿੰਘ ਢਿੱਲੋਂ, ਨਿਰਮਲ ਸਿੰਘ ਮਾਣਾ, ਕੁਲਵੰਤ ਸਿੰਘ ਅਕੋਈ, ਰਾਜ ਕੁਮਾਰ ਬਾਂਸਲ, ਕਰਨ ਆਦਿ ਨੇ ਵਿਸ਼ੇਸ਼ ਸਹਿਯੋਗ ਦਿੱਤਾ।

## ਐੱਸ ਡੀ ਐੱਮ ਨੇ ਅਨਾਜ ਮੰਡੀ 'ਚ ਕਣਕ ਦੇ ਖਰੀਦ ਪ੍ਰਬੰਧਾਂ ਦਾ ਲਿਆ ਜਾਇਜ਼ਾ

**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਅਨਾਜ ਮੰਡੀ ਧੂਰੀ ਵਿਖੇ ਐੱਸ ਡੀ ਐੱਮ ਧੂਰੀ ਰਿਸ਼ਵ ਬਾਂਸਲ ਨੇ ਕਣਕ ਦੇ ਖਰੀਦ ਪ੍ਰਬੰਧਾਂ ਦਾ ਜਾਇਜ਼ਾ ਲਿਆ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਧੂਰੀ ਦੇ ਪ੍ਰਧਾਨ ਜਤਿੰਦਰ ਸਿੰਘ ਸੋਨੀ ਮੰਡੇਰ ਨੇ ਦੱਸਿਆ ਕਿ ਧੂਰੀ ਅਨਾਜ ਮੰਡੀ ਵਿੱਚ ਕਣਕ ਦੀ ਖਰੀਦ ਅਤੇ ਲਿਫਟਿੰਗ ਦੇ ਪ੍ਰਬੰਧ ਠੀਕ ਹਨ ਅਤੇ ਕਰੀਬ 8 ਲੱਖ ਗੱਟਾ ਦੇ ਕਰੀਬ ਕਣਕ ਦੀ ਬੋਲੀ ਹੋ ਚੁੱਕੀ ਹੈ, ਜਿਸ ਵਿੱਚ ਵਪਾਰੀਆਂ ਨੇ ਵੀ ਕਣਕ ਦੀ ਖਰੀਦ ਕੀਤੀ ਹੈ। ਐੱਸ.ਡੀ.ਐੱਮ ਬਾਂਸਲ ਨੇ ਆੜ੍ਹਤੀਆਂ ਨੂੰ ਕਿਹਾ ਕਿ ਜੇਕਰ ਕਿਸੇ ਨੂੰ ਮੰਡੀ ਵਿੱਚ ਕੋਈ ਮੁਸ਼ਕਲ ਪੇਸ਼ ਆਉਂਦੀ ਹੈ ਤਾਂ ਤੁਰੰਤ ਜਾਣਕਾਰੀ ਦਿੱਤੀ ਜਾਵੇ। ਇਸ ਮੌਕੇ ਆੜ੍ਹਤੀਆ ਐਸੋਸੀਏਸ਼ਨ ਦੇ ਆਗੂ ਬਲਵਿੰਦਰ ਕੁਮਾਰ, ਚੌਧਰੀ ਪਵਨ ਕੁਮਾਰ ਵਰਮਾ, ਰਵਿੰਦਰ ਕੁਮਾਰ ਭੋਲਾ, ਨਰਿੰਦਰ ਕੁਮਾਰ, ਮਾਰਕਿਟ ਕਮੇਟੀ ਦੇ ਮਨਪ੍ਰੀਤ ਸਿੰਘ, ਸੁਰਿੰਦਰ ਸਿੰਘ ਆਦਿ ਹਾਜ਼ਰ ਸਨ।

## ਮਾਤਾ ਗੁਜਰੀ ਸਕੂਲ ਗੁਥਮੜਾ ਨੇ ਓਵਰ ਆਲ ਟਰਾਫੀ ਜਿੱਤੀ




**ਪਟਿਆਲਾ (ਰਜਿੰਦਰ ਬਿੰਦ)**-ਮਾਤਾ ਗੁਜਰੀ ਸੀਨੀਅਰ ਸੈਕੰਡਰੀ ਸਕੂਲ ਗੁਥਮੜਾ ਦੇ ਵਿਦਿਆਰਥੀਆਂ ਨੇ ਆਸਰਾ ਕਾਲਜ ਭਵਾਨੀਗੜ੍ਹ ਪਟਿਆਲਾ ਵਿਖੇ ਕਰਵਾਈ ਤੀਜੀ ਵਾਈ ਐੱਸ ਪੀ ਏ ਬਾਕਸਿੰਗ ਚੈਂਪੀਅਨਸ਼ਿਪ ਵਿੱਚ ਕੋਚ ਹਰਦੀਪ ਕੁਮਾਰ ਦੀ ਅਗਵਾਈ ਹੇਠ ਭਾਗ ਲੈਂਦਿਆਂ 11 ਸੋਨ ਤਮਗੇ, 11 ਚਾਂਦੀ ਦੇ ਤਮਗੇ ਤੇ ਇੱਕ ਕਾਂਸੀ ਦਾ ਤਮਗਾ ਜਿੱਤ ਕੇ ਆਪਣੇ ਸਕੂਲ ਦਾ ਨਾਮ ਚਮਕਾਇਆ ਅਤੇ ਓਵਰ ਆਲ ਟਰਾਫੀ ਜਿੱਤ ਕੇ ਸਕੂਲ ਦੇ ਨਾਮ ਨੂੰ ਚਾਰ ਚੰਨ ਲਾਏ। ਇਸ ਮੌਕੇ ਸਕੂਲ ਡਾਇਰੈਕਟਰ ਭੁਪਿੰਦਰ ਸਿੰਘ, ਪ੍ਰੈਜ਼ੀਡੈਂਟ ਰਵਿੰਦਰ ਕੌਰ, ਪ੍ਰਿੰਸੀਪਲ ਮਮਤਾ ਮੱਕੜ ਤੇ ਅਕਾਦਮਿਕ ਡਾਇਰੈਕਟਰ ਸ੍ਰੀਮਤੀ ਤੇਜਿੰਦਰ ਕੌਰ ਵਾਲੀਆ ਨੇ ਵਿਦਿਆਰਥੀਆਂ ਤੇ ਉਨ੍ਹਾਂ ਦੇ ਕੋਚ ਨੂੰ ਇਸ ਉਪਲਬਧੀ ਲਈ ਵਧਾਈ ਦਿੱਤੀ ਅਤੇ ਭਵਿੱਖ 'ਚ ਹੋਣ ਵਾਲੀਆਂ ਪ੍ਰਤੀਯੋਗਤਾਵਾਂ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

## ਮੰਡੀ 'ਚ ਲਿਫਟਿੰਗ ਦੀ ਸੁਸਤ ਚਾਲ ਕਾਰਨ ਆੜ੍ਹਤੀ ਤੇ ਮਜ਼ਦੂਰ ਪ੍ਰੇਸ਼ਾਨ : ਫੱਤਣਵਾਲਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**-ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਜਨਰਲ ਸਕੱਤਰ ਤੇ ਮਾਰਕਿਟ ਕਮੇਟੀ ਦੇ ਸਾਬਕਾ ਚੇਅਰਮੈਨ ਜਗਜੀਤ ਸਿੰਘ ਬਰਾੜ ਹਨੀ ਫੱਤਣਵਾਲਾ ਵੱਲੋਂ ਸਥਾਨਕ ਸ਼ਹਿਰ ਦੀ ਨਵੀਂ ਦਾਣਾ ਮੰਡੀ ਦਾ ਦੌਰਾ ਕੀਤਾ ਗਿਆ। ਦੌਰੇ ਦੌਰਾਨ ਹਨੀ ਫੱਤਣਵਾਲਾ ਨੇ ਦੇਖਿਆ ਕਿ ਮੰਡੀ ਦੇ ਹਾਲਾਤ ਬਹੁਤ ਮਾੜੇ ਹਨ ਤੇ ਲਿਫਟਿੰਗ ਦੀ ਸੁਸਤ ਚਾਲ ਕਾਰਨ ਆੜ੍ਹਤੀ ਤੇ ਮਜ਼ਦੂਰ ਪ੍ਰੇਸ਼ਾਨ ਹਨ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਹਨੀ ਫੱਤਣਵਾਲਾ ਨੇ ਕਿਹਾ ਕਿ ਇਹ ਹਾਲਤ ਸਿਰਫ ਮੁਕਤਸਰ ਮੰਡੀ ਦੀ ਜਾਂ ਪਿੰਡਾਂ ਵਿੱਚ ਹੀ ਨਹੀਂ ਸਾਰੇ ਪੰਜਾਬ ਦੀਆਂ ਮੰਡੀਆਂ ਦੀ ਲਿਫਟਿੰਗ ਪੱਖੋਂ ਹੈ। ਉਨ੍ਹਾਂ ਕਿਹਾ ਕਿ ਅਕਾਲੀ ਸਰਕਾਰ ਸਮੇਂ ਕਣਕ ਦੇ ਸੀਜ਼ਨ ਮੌਕੇ 20 ਦਿਨ ਵਿੱਚ ਮੰਡੀ ਖਾਲੀ ਕਰਕੇ ਕੰਮ ਨੇਪਰੇ ਚਾੜ੍ਹ ਦਿੱਤਾ ਜਾਂਦਾ ਸੀ ਤੇ ਅੱਜ ਹਾਲਾਤ ਇਹ ਹਨ ਕਿ ਘੱਟੋ ਘੱਟ 45 ਦਿਨ ਦਾ ਸਮਾਂ ਮੰਡੀ ਵਿੱਚੋਂ ਲਿਫਟਿੰਗ ਦਾ ਕੰਮ ਖਤਮ ਕਰਨ 'ਤੇ ਲੱਗੇਗਾ। ਹਨੀ ਫੱਤਣਵਾਲਾ ਨੇ ਐਨਾ ਲੰਮਾ ਸਮਾਂ ਲੱਗਣ 'ਤੇ ਇਸ ਗੱਲ ਦੀ ਚਿੰਤਾ ਪ੍ਰਗਟ ਕੀਤੀ ਕਿ ਹਾਲੇ 3 ਦਿਨ ਪਹਿਲਾਂ ਹੀ ਮੰਡੀ ਵਿੱਚ ਕਣਕ ਦੀਆਂ ਬੋਰੀਆਂ ਨੂੰ ਅੱਗ ਲੱਗ ਗਈ, ਜਿਸ ਨਾਲ ਕਾਫੀ ਨੁਕਸਾਨ ਹੋ ਗਿਆ। ਉਨ੍ਹਾਂ ਪੰਜਾਬ ਸਰਕਾਰ ਨੂੰ ਕਿਹਾ ਕਿ ਇਸ ਪਾਸੇ ਧਿਆਨ ਦੇ ਕੇ ਲਿਫਟਿੰਗ ਦੇ ਕੰਮ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਕਿ ਮਜ਼ਦੂਰ ਨੂੰ ਵੀ ਉਨ੍ਹਾਂ ਦੀ ਮਿਹਨਤ ਜਲਦੀ ਮਿਲੇ ਤੇ ਆੜ੍ਹਤੀਆ ਵੀ ਆਪਣੀ ਜ਼ਿੰਮੇਵਾਰੀ ਤੋਂ ਜਲਦੀ ਫਾਰਗ ਹੋ ਸਕੇ।

## ਆਕਸਫੋਰਡ ਦੇ ਵਿਹੜੇ 'ਚ ਮਨਾਇਆ ਵਿਸ਼ਵ ਡਾਂਸ ਦਿਵਸ




**ਬਠਿੰਡਾ (ਰਾਜੀਵ ਗੋਇਲ)**-ਦਿ ਆਕਸਫੋਰਡ ਸਕੂਲ ਆਫ਼ ਐਜੂਕੇਸ਼ਨ ਭਗਤਾ ਭਾਈਕਾ ਵਿਖੇ ਵਿਸ਼ਵ ਡਾਂਸ ਦਿਵਸ (ਵਰਲਡ ਡਾਂਸ ਡੇਅ) ਮਨਾਇਆ ਗਿਆ। ਸਵੇਰ ਦੀ ਸਭਾ ਦੌਰਾਨ ਹੀ ਸ਼ੁਰੂ ਹੋਏ ਇਸ ਪ੍ਰੋਗਰਾਮ ਦਾ ਆਰੰਭ ਸ਼ਬਦ ਗਾਇਨ ਨਾਲ ਹੋਇਆ। ਇਸ ਤੋਂ ਬਾਅਦ ਇੰਟਰ ਹਾਊਸ ਡਾਂਸ ਮੁਕਾਬਲੇ ਸ਼ੁਰੂ ਹੋਏ। ਇਸ ਸਮੇਂ ਸਕੂਲ ਦੇ ਬਲਿਊ ਹਾਊਸ, ਗ੍ਰੀਨ ਹਾਊਸ, ਰੈੱਡ ਹਾਊਸ ਤੇ ਯੈਲੋ ਹਾਊਸ ਵੱਲੋਂ ਭਾਰਤ ਦੇ ਵੱਖ-ਵੱਖ ਲੋਕ ਨਾਚਾਂ ਨੂੰ ਪੇਸ਼ ਕੀਤਾ ਗਿਆ। ਨਰਸਰੀ ਤੋਂ ਪਹਿਲੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਵੀ ਦਿਲ ਖਿੱਚਵਾਂ ਡਾਂਸ ਪੇਸ਼ ਕੀਤਾ ਗਿਆ। ਭਾਰਤ ਦੇ ਵੱਖ-ਵੱਖ ਰਾਜਾਂ ਦੀ ਪੁਸ਼ਾਕ ਵਿੱਚ ਸਜੀਆਂ-ਧਜੀਆਂ ਮੁਟਿਆਰਾਂ ਸੱਭਿਆਚਾਰ ਦੀ ਜਿਉਂਦੀ ਜਾਗਦੀ ਤਸਵੀਰ ਲੱਗ ਰਹੀਆਂ ਸਨ। ਪ੍ਰੋਗਰਾਮ ਦੇ ਅੰਤ ਵਿੱਚ ਸਕੂਲ ਦੇ ਪ੍ਰਿੰਸੀਪਲ ਸਾਹਿਬ ਸ੍ਰੀ ਰੂਪ ਲਾਲ ਬਾਂਸਲ ਨੇ ਵਿਦਿਆਰਥੀਆਂ ਨੂੰ ਸੰਬੋਧਤ ਹੁੰਦੇ ਹੋਏ ਹਰ ਵਿਦਿਆਰਥੀ ਨੂੰ ਕਿਸੇ ਨਾ ਕਿਸੇ ਕਿਰਿਆਤਮਕ ਰੁਚੀ ਦਾ ਹਿੱਸਾ ਬਣਨ ਲਈ ਪ੍ਰੇਰਿਤ ਕੀਤਾ ਤੇ ਕਿਹਾ ਕਿ ਅਜਿਹੀਆਂ ਰੁਚੀਆਂ ਵੀ ਸਾਡੀ ਬੁੱਧੀ ਨੂੰ ਬਲਵਾਨ ਬਣਾਉਂਦੀਆਂ ਹਨ। ਜੱਜ ਕਮੇਟੀ ਦੀ ਭੂਮਿਕਾ ਸਕੂਲ ਦੇ ਕੁਆਰਡੀਨੇਟਰਜ਼ ਵੱਲੋਂ ਨਿਭਾਈ ਗਈ। ਇਸ ਸਮੇਂ ਸਕੂਲ ਦੀ ਪ੍ਰਬੰਧਕ ਕਮੇਟੀ ਦੇ ਸਰਪ੍ਰਸਤ ਮੈਂਬਰ ਹਰਦੇਵ ਸਿੰਘ ਬਰਾੜ (ਸਾਬਕਾ ਚੇਅਰਮੈਨ), ਹਰਗੁਰਪ੍ਰੀਤ ਸਿੰਘ ਗਗਨ ਬਰਾੜ (ਚੇਅਰਮੈਨ), ਗੁਰਮੀਤ ਸਿੰਘ ਗਿੱਲ (ਪ੍ਰਧਾਨ), ਪਰਮਪਾਲ ਸਿੰਘ 'ਸ਼ੈਰੀ ਢਿੱਲੋਂ' (ਵਾਈਸ ਚੇਅਰਮੈਨ), ਗੁਰਮੀਤ ਸਿੰਘ ਗਿੱਲ ਸਰਪੰਚ (ਵਿੱਤ-ਸਕੱਤਰ) ਨੇ ਬੱਚਿਆਂ ਦੀ ਕਲਾ ਦੀ ਤਾਰੀਫ਼ ਕੀਤੀ ਤੇ ਇਸੇ ਤਰ੍ਹਾਂ ਵੱਖ-ਵੱਖ ਮੁਕਾਬਲਿਆਂ ਵਿੱਚ ਭਾਗ ਲੈਂਦੇ ਰਹਿਣ ਲਈ ਹੱਲਾਸ਼ੇਰੀ ਦਿੱਤੀ।

## ਬਾਬਾ ਫਰੀਦ ਲਾਅ ਕਾਲਜ ਦੇ ਵਿਦਿਆਰਥੀਆਂ ਸੀ ਟੀ 'ਵਰਸਿਟੀ ਦੇ ਮੂਟ ਕੋਰਟ ਮੁਕਾਬਲੇ 'ਚ ਲਿਆ ਹਿੱਸਾ



**ਫਰੀਦਕੋਟ (ਐਲਿਗਜ਼ੈਂਡਰ ਡਿਸੂਜ਼ਾ)**-ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਮਾਨਯੋਗ ਚੇਅਰਮੈਨ ਸਵ. ਸ੍ਰ. ਇੰਦਰਜੀਤ ਸਿੰਘ ਖਾਲਸਾ ਜੀ ਦੀ ਅਗਾਂਹਵਧੂ ਸੋਚ ਨੂੰ ਅੱਗੇ ਵਧਾਉਂਦੇ ਹੋਏ ਸਿਮਰਜੀਤ ਸਿੰਘ ਸੇਖੋਂ ਦੀ ਰਹਿਨੁਮਾਈ ਤੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਅਸਿਸਟੈਂਟ ਪ੍ਰੋਫੈਸਰ ਮਿਸ ਮਨਪ੍ਰੀਤ ਕੌਰ ਤੇ ਮਿਸ ਹਰਬੰਸ ਜੱਸੀ ਬੀ.ਏ.ਐੱਲ.ਐੱਲ.ਬੀ. ਭਾਗ-ਚੌਥਾ ਦੇ ਵਿਦਿਆਰਥੀਆਂ ਖੁਸ਼ਪ੍ਰੀਤ ਕੌਰ, ਖੁਸ਼ਦੀਪ ਕੌਰ ਤੇ ਮੁਸਕਾਨਦੀਪ ਕੌਰ ਨੂੰ ਸੀ.ਟੀ. ਯੂਨੀਵਰਸਿਟੀ ਵਿਖੇ ਕਰਵਾਏ ਜਾਣ ਵਾਲੇ ਮੂਟ ਕੋਰਟ ਮੁਕਾਬਲੇ ਵਿੱਚ ਭਾਗ ਲੈਣ ਲਈ ਲੈ ਕੇ ਗਏ। ਮੁਕਾਬਲੇ ਦੇ ਅੰਤ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਤੇ ਸਰਟੀਫਿਕੇਟ ਦੇ ਕੇ ਸਨਮਾਨਤ ਕੀਤਾ ਗਿਆ। ਵਿਦਿਆਰਥੀਆਂ ਦੇ ਕਾਲਜ ਵਿੱਚ ਪਹੁੰਚਣ 'ਤੇ ਕਾਲਜ ਦੇ ਪ੍ਰਿੰਸੀਪਲ ਡਾ. ਪੰਕਜ ਕੁਮਾਰ ਗਰਗ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ। ਉਨ੍ਹਾਂ ਮਾਨਯੋਗ ਚੇਅਰਮੈਨ ਸਾਹਿਬ, ਮੈਨੇਜਿੰਗ ਕਮੇਟੀ ਮੈਂਬਰ ਸਾਹਿਬਾਨ, ਸਮੂਹ ਸਟਾਫ ਤੇ ਵਿਦਿਆਰਥੀਆਂ ਦਾ ਸਹਿਯੋਗ ਦੇਣ ਲਈ ਧੰਨਵਾਦ ਕੀਤਾ। ਇਸ ਮੌਕੇ ਇੰਚਾਰਜ ਅਕੈਡਮਿਕ ਡਾ. ਨਵਜੋਤ ਕੌਰ ਵੀ ਮੌਜੂਦ ਰਹੇ।

## ਗਗਨਦੀਪ ਬਣੇ ਭਾਜਪਾ ਮੰਡਲ ਦੇ ਦੂਜੀ ਵਾਰ ਪ੍ਰਧਾਨ



**ਬਰੇਟਾ (ਰੀਤਵਾਲ)**-ਗਗਨਦੀਪ ਸ਼ਰਮਾ ਨੂੰ ਭਾਰਤੀ ਜਨਤਾ ਪਾਰਟੀ ਮੰਡਲ ਬਰੇਟਾ ਦਾ ਲਗਾਤਾਰ ਦੂਜੀ ਵਾਰ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਪ੍ਰਧਾਨ ਦੇ ਅਹੁਦੇ ਲਈ ਉਨ੍ਹਾਂ ਦਾ ਨਾਮ ਅਸ਼ੋਕ ਕੁਮਾਰ ਗੋਰਾ ਵੱਲੋਂ ਪੇਸ਼ ਕੀਤਾ ਗਿਆ ਤੇ ਸੂਰਜ ਪ੍ਰਕਾਸ਼ ਗੋਇਲ ਵੱਲੋਂ ਇਸ ਦੀ ਤਾਈਦ ਕੀਤੀ ਗਈ ਅਤੇ ਸਰਬਸੰਮਤੀ ਨਾਲ ਗਗਨਦੀਪ ਸ਼ਰਮਾ ਨੂੰ ਪ੍ਰਧਾਨ ਚੁਣ ਲਿਆ ਗਿਆ। ਉਨ੍ਹਾਂ ਇਸ ਨਿਯੁਕਤੀ ਦਾ ਪੱਤਰ ਮਾਨਸਾ ਜ਼ਿਲ੍ਹੇ ਦੇ ਚੋਣ ਅਬਜ਼ਰਵਰ ਭਾਨੂ ਪ੍ਰਤਾਪ ਸਿੰਘ ਤੇ ਜ਼ਿਲ੍ਹਾ ਪ੍ਰਧਾਨ ਰਾਕੇਸ਼ ਜੈਨ ਵੱਲੋਂ ਦਿੱਤਾ ਗਿਆ। ਇਸ ਮੌਕੇ ਗਗਨਦੀਪ ਸ਼ਰਮਾ ਨੇ ਕਿਹਾ ਕਿ ਉਹ ਇਸ ਜ਼ਿੰਮੇਵਾਰੀ ਨੂੰ ਤਨਦੇਹੀ ਨਾਲ ਨਿਭਾਉਣਗੇ ਤੇ ਪਾਰਟੀ ਦੇ ਵਿਸਥਾਰ ਲਈ ਦਿਨ-ਰਾਤ ਇੱਕ ਕਰ ਦਣਗੇ। ਇਸ ਨਿਯੁਕਤੀ ਦਾ ਸਵਾਗਤ ਕਰਦਿਆਂ ਹਲਕਾ ਇੰਚਾਰਜ ਸੂਬੇਦਾਰ ਭੋਲਾ ਸਿੰਘ, ਨਰਿੰਦਰ ਬਾਂਸਲ, ਪੁਨੀਤ ਮਿੱਤਲ, ਮੋਹਿਤ ਜਾਗੜਾ, ਹਰੀਸ਼ ਕੁਮਾਰ, ਓਮ ਲਾਲ, ਗੋਬਿੰਦ ਸ਼ਰਮਾ, ਡਿੰਪਲ ਸ਼ਰਮਾ, ਸੂਰਜ ਭਾਨ, ਮਨਪ੍ਰੀਤ ਸ਼ਰਮਾ, ਪ੍ਰਸ਼ੋਤਮ ਸਿੰਘ ਖੁਡਾਲ, ਰਾਜੂ ਬਾਂਸਲ, ਅਸ਼ੋਕ ਕੁਮਾਰ ਕਾਲੀ ਨੇ ਹਾਈ ਕਮਾਂਡ ਦਾ ਧੰਨਵਾਦ ਕੀਤਾ।

## ਉੱਪਲੀ ਰੋਡ ਦੀ ਅਪਗਰੇਡੇਸ਼ਨ ਦਾ ਕੰਮ ਸ਼ੁਰੂ, ਵਿਧਾਇਕਾ ਭਰਾਜ ਨੇ ਰੱਖਿਆ ਨੀਂਹ ਪੱਥਰ

**ਸੰਗਰੂਰ (ਪ੍ਰਵੀਨ ਸਿੰਘ)**-ਇਲਾਕਾ ਵਾਸੀਆਂ ਦੀ ਚਿਰੋਕਣੀ ਮੰਗ ਨੂੰ ਪੂਰਾ ਕਰਦਿਆਂ ਪੰਜਾਬ ਸਰਕਾਰ ਵੱਲੋਂ ਸਥਾਨਕ ਸੰਗਰੂਰ-ਉੱਪਲੀ ਰੋਡ ਦੀ ਅਪਗਰੇਡੇਸ਼ਨ ਦਾ ਕੰਮ ਸ਼ੁਰੂ ਕਰ ਦਿੱਤਾ ਗਿਆ ਹੈ।ਵਿਧਾਇਕਾ ਨਰਿੰਦਰ ਕੌਰ ਭਰਾਜ ਨੇ ਅੱਜ ਸਮੂਹ ਇਲਾਕਾ ਵਾਸੀਆਂ ਦੀ ਹਾਜ਼ਰੀ ਵਿੱਚ ਇਸ ਮਹੱਤਵਪੂਰਨ ਪ੍ਰੋਜੈਕਟ ਦਾ ਨੀਂਹ ਪੱਥਰ ਰੱਖਿਆ। ਸਮਾਗਮ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਇਹ ਸੜਕ ਸ਼ਹਿਰ ਅਤੇ ਇਲਾਕੇ ਦੀ ਬਹੁਤ ਹੀ ਮਹੱਤਵਪੂਰਨ ਸੜਕ ਹੈ। ਪਿਛਲੀਆਂ ਸਰਕਾਰਾਂ ਵੱਲੋਂ ਇਸ ਸੜਕ ਦੀ ਬਿਲਕੁਲ ਵੀ ਸਾਰ ਨਹੀਂ ਲਈ ਗਈ। ਜਿਸ ਕਾਰਨ ਸਥਾਨਕ ਲੋਕਾਂ ਨੂੰ ਇਥੋਂ ਆਵਾਜਾਈ ਕਰਨ ਵਿੱਚ ਬਹੁਤ ਸਮੱਸਿਆ ਦਾ ਸਾਹਮਣਾ ਕਰਨਾ ਪੈਂਦਾ ਸੀ। ਉਨ੍ਹਾਂ ਕਿਹਾ ਕਿ ਇਸ ਸੜਕ ਦੀ 97 ਲੱਖ ਰੁਪਏ ਦੀ ਲਾਗਤ ਨਾਲ ਪੂਰੀ ਤਰ੍ਹਾਂ ਕਾਇਆ ਕਲਪ ਕੀਤੀ ਜਾਵੇਗੀ। ਸੜਕ ਬਣਨ ਨਾਲ ਲੋਕਾਂ ਨੂੰ ਬਹੁਤ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸੂਬੇ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਵਚਨਬੱਧ ਹੈ। ਉਨ੍ਹਾਂ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਦੀ ਦਿੱਖ ਅਤੇ ਦਿਸ਼ਾ ਪੂਰੀ ਤਰ੍ਹਾਂ ਬਦਲ ਜਾਵੇਗੀ। ਉਹਨਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਦਾ ਵਿਕਾਸ ਵਿੱਚ ਯੋਗਦਾਨ ਦੇਣ।

30-April-1-page-11-25-Majha-25.qxd 4/29/2025 10:39 PM Page 1



# ਵੇਰਕਾ ਪਸ਼ੂ ਖੁਰਾਕ ਪਲਾਂਟ ਦਾ ਸਹਾਇਕ ਮੈਨੇਜਰ 25,000 ਰੁਪਏ ਰਿਸ਼ਵਤ ਲੈਂਦਾ ਕਾਬੂ



ਧਾਰੀਵਾਲ/ਗੁਰਦਾਸਪੁਰ (ਮਨਦੀਪ ਸਿੰਘ ਵਿੱਕੀ, ਜਨਕ ਮਹਾਜਨ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਭ੍ਰਿਸ਼ਟਾਚਾਰ ਵਿਰੁੱਧ ਜ਼ੀਰੋ-ਸਹਿਣਸ਼ੀਲਤਾ ਨੀਤੀ ਤਹਿਤ ਇੱਕ ਵੱਡੀ ਕਾਰਵਾਈ ਕਰਦਿਆਂ ਪੰਜਾਬ ਵਿਜੀਲੈਂਸ ਬਿਊਰੋ ਨੇ ਮੰਗਲਵਾਰ ਨੂੰ ਵੇਰਕਾ ਪਸ਼ੂ ਖੁਰਾਕ ਪਲਾਂਟ, ਘਣੀਏ ਕੇ ਬਾਂਗਰ, ਜ਼ਿਲ੍ਹਾ ਗੁਰਦਾਸਪੁਰ ਵਿਖੇ ਤਾਇਨਾਤ ਸਹਾਇਕ ਮੈਨੇਜਰ (ਕੁਆਲਿਟੀ ਅਸ਼ੋਰੈਂਸ) ਸ਼ਲਿੰਦਰ ਕੁਮਾਰ ਨੂੰ 25,000 ਰੁਪਏ ਦੀ ਰਿਸ਼ਵਤ ਲੈਂਦੇ ਹੋਏ ਰੰਗੇ ਹੱਥੀਂ ਕਾਬੂ ਕੀਤਾ ਹੈ।ਇਹ ਖੁਲਾਸਾ ਕਰਦੇ ਹੋਏ ਰਾਜ ਵਿਜੀਲੈਂਸ ਬਿਊਰੋ ਦੇ ਇੱਕ ਸਰਕਾਰੀ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਨੂੰ ਅੰਮ੍ਰਿਤਸਰ ਦੇ ਇੱਕ ਨਿਵਾਸੀ ਦੁਆਰਾ ਦਰਜ ਕਰਵਾਈ ਗਈ ਸ਼ਿਕਾਇਤ ਦੇ ਬਾਅਦ ਗ੍ਰਿਫਤਾਰ ਕੀਤਾ ਗਿਆ ਸੀ ਜਿਸਦੇ ਪਰਿਵਾਰ ਦੀ ਫਰਮ ਇੱਕ ਦਹਾਕੇ ਤੋਂ ਵੱਧ ਸਮੇਂ ਤੋਂ ਉਕਤ ਵੇਰਕਾ ਪਲਾਂਟ ਨੂੰ ਕੱਚਾ ਮਾਲ ਸਪਲਾਈ ਕਰ ਰਹੀ ਹੈ।ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਨੂੰ ਦੱਸਿਆ ਕਿ ਉਸਦਾ ਪੁੱਤਰ ਪਿਛਲੇ 10-12 ਸਾਲਾਂ ਤੋਂ ਵੇਰਕਾ ਕੈਟਲ ਫੀਡ ਪਲਾਂਟ ਨੂੰ ਡੀ-ਆਇਲ ਕੀਤੇ ਚੌਲ ਅਤੇ ਡੀ-ਆਇਲ ਕੀਤੀ ਸਰ੍ਹੋਂ ਦੀ ਸਪਲਾਈ ਕਰ ਰਿਹਾ ਹੈ।ਉਸਨੇ ਦੋਸ਼ ਲਗਾਇਆ ਕਿ ਉਕਤ ਮੁਲਜ਼ਮ ਉਨ੍ਹਾਂ ਦੀ ਹਾਲੀਆ ਖੇਪ ਨੂੰ ਪਾਸ ਕਰਨ ਬਦਲੇ ਰਿਸ਼ਵਤ ਮੰਗ ਰਿਹਾ ਸੀ ਅਤੇ ਧਮਕੀ ਦਿੱਤੀ ਕਿ ਨਹੀਂ ਤਾਂ ਉਹ ਬੇਬੁਨਿਆਦ ਇਤਰਾਜ਼ ਲਗਾ ਦੇਵੇਗਾ ਅਤੇ ਅੱਗੇ ਤੋਂ ਫਰਮ ਨੂੰ ਟੈਂਡਰਾਂ ਵਿੱਚ ਯੋਗ ਹੋਣ ਤੋਂ ਬਲੈਕਲਿਸਟ ਕਰਵਾ ਦੇਵੇਗਾ।ਬੁਲਾਰੇ ਨੇ ਦੱਸਿਆ ਕੀਤਾ ਕਿ 28 ਮਾਰਚ, 2025 ਨੂੰ ਪਲਾਂਟ ਵੱਲੋਂ ਮਿਲੇ ਇੱਕ ਈ-ਮੇਲ ਡਿਮਾਂਡ ਨੋਟਿਸ ਦੇ ਜਵਾਬ ਵਿੱਚ ਸ਼ਿਕਾਇਤਕਰਤਾ ਨੇ ਪਲਾਂਟ ਨੂੰ ਕੱਚੇ ਮਾਲ ਨਾਲ ਭਰੇ ਛੇ ਟਰੱਕ ਭੇਜੇ ਸਨ ਪਰ ਮੁਲਜ਼ਮ ਨੇ ਇਹ ਖੇਪ ਪਾਸ ਕਰਨ ਲਈ 1,00,000 ਰੁਪਏ ਦੀ ਮੰਗ ਕੀਤੀ ਅਤੇ ਰਿਸ਼ਵਤ ਦੇਣ ਲਈ ਸਿਰਫ 75,000 ਰੁਪਏ ਵਿੱਚ ਤੈਅ ਹੋ ਗਿਆ ਸੀ ਜੋ ਕਿ ਤਿੰਨ ਕਿਸ਼ਤਾਂ ਵਿੱਚ ਅਦਾ ਕੀਤੀ ਜਾਣੀ ਸੀ।ਉਕਤ ਮੁਲਜ਼ਮ ਪਹਿਲਾਂ ਹੀ ਦੋ ਕਿਸ਼ਤਾਂ ਵਿੱਚ 50,000 ਰੁਪਏ ਸ਼ਿਕਾਇਤਕਰਤਾ ਕੋਲੋਂ ਰਿਸ਼ਵਤ ਵਜੋਂ ਲੈ ਚੁੱਕਾ ਹੈ ਅਤੇ ਬਾਕੀ ਰਹਿੰਦੇ 25,000 ਰੁਪਏ ਮੰਗ ਰਿਹਾ ਹੈ।ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾਇਆ ਅਤੇ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ 25,000 ਰੁਪਏ ਦੀ ਤੀਜੀ ਕਿਸ਼ਤ ਪ੍ਰਾਪਤ ਕਰਦਿਆਂ ਮੁਲਜ਼ਮ ਨੂੰ ਰੰਗੇ ਹੱਥੀਂ ਕਾਬੂ ਕਰ ਲਿਆ।ਇਸ ਸਬੰਧ ਵਿੱਚ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਰੇਂਜ ਅੰਮ੍ਰਿਤਸਰ ਦੇ ਥਾਣੇ ਵਿੱਚ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਉਸਨੂੰ ਕੱਲ੍ਹ ਸਮਰੱਥ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ ਅਤੇ ਇਸ ਕੇਸ ਦੀ ਹੋਰ ਜਾਂਚ ਜਾਰੀ ਹੈ।

# ਭਲਕੇ ਮਜ਼ਦੂਰ ਦਿਹਾੜੇ 'ਤੇ ਮਜ਼ਦੂਰਾਂ ਨੂੰ ਮਹਿਲ ਕਲਾਂ ਵਿਖੇ ਭਰਵੀਂ ਸ਼ਮੂਲੀਅਤ ਕਰਨ ਦਾ ਸੱਦਾ

ਸ਼ੇਰਪੁਰ (ਨਰਸ)-ਪਿੰਡ ਗੁਮਟੀ ਸ਼ੇਰਪੁਰ ਸੋਢੀ ਖੇੜੀ ਵਿਖੇ ਉੱਘੇ ਸਮਾਜ ਸੇਵੀ ਭਾਨ ਸਿੰਘ ਜੱਸੀ ਪੇਧਨੀ ਅਤੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਦਿਹਾੜੀ ਮਜ਼ਦੂਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਪ੍ਰਕਾਸ਼ ਸਿੰਘ ਸੰਦੌੜ, ਜ਼ਿਲ੍ਹਾ ਮੀਤ ਪ੍ਰਧਾਨ ਸਾਧੂ ਸਿੰਘ, ਜਨਰਲ ਸਕੱਤਰ ਹੈਪੀ ਸਿੰਘ ਸੀਨੀਆਰ ਕਲਾਂ ਤੇ ਜ਼ਿਲ੍ਹਾ ਸਕੱਤਰ ਭੋਲਾ ਸਿੰਘ ਕਲਾਲ ਮਾਜਰਾ, ਮਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਖੁਸ਼ੀਆ ਸਿੰਘ, ਜ਼ਿਲ੍ਹਾ ਮੀਤ ਪ੍ਰਧਾਨ ਕਰ ਸਿੰਘ, ਪਰਮਜੀਤ ਸਿੰਘ ਦਰਦੀ ਮਹਿਲ ਕਲਾਂ ਬੀਡੀਪੀਓ ਬਲਾਕ ਵਿੱਚ ਮਨਾਉਣ ਲਈ ਮੀਟਿੰਗਾਂ ਕਰਵਾ ਕੇ ਮਜ਼ਦੂਰਾਂ ਨੂੰ ਵੱਧ ਤੋਂ ਵੱਧ ਗਿਣਤੀ ਵਿੱਚ ਪਹੁੰਚਣ ਦਾ ਸੱਦਾ ਦਿੱਤਾ ਗਿਆ। ਮਜ਼ਦੂਰਾਂ ਦੀਆਂ ਮੀਟਿੰਗਾਂ ਨੂੰ ਸੰਬੋਧਨ ਕਰਦਿਆਂ ਸਮਾਜ ਸੇਵੀ ਭਾਨ ਸਿੰਘ ਜੱਸੀ ਪੇਧਨੀ ਅਤੇ ਮਜ਼ਦੂਰ ਜਥੇਬੰਦੀਆਂ ਦੇ ਸਾਂਝੇ ਮੋਰਚੇ ਦੇ ਆਗੂਆਂ ਨੇ ਕਿਹਾ ਕਿ ਸਰਮਾਏਦਾਰ, ਕਾਰਪੋਰੇਟ ਘਰਾਣਿਆਂ ਪੱਖੀ ਅਤੇ ਗਰੀਬ ਮਜ਼ਦੂਰ ਵਿਰੋਧੀ ਨੀਤੀਆਂ ਘੜੇ ਜਾਣ ਕਰਕੇ ਗਰੀਬਾਂ ਅਤੇ ਅਮੀਰਾਂ ਦਾ ਆਪਸੀ ਪਾੜਾ ਵਧ ਰਿਹਾ ਹੈ। ਗਰੀਬ ਹੋਰ ਗਰੀਬ ਅਤੇ ਅਮੀਰ ਹੋਰ ਅਮੀਰ ਹੋ ਰਹੇ ਹਨ। ਮਜ਼ਦੂਰ ਆਗੂਆਂ ਨੇ ਕਿਹਾ ਕਿ ਬੇਜ਼ਮੀਨੇ, ਬੇਰੁਜ਼ਗਾਰ ਲੋਕ ਆਮਦਨ ਦੇ ਗੁਜ਼ਾਰੇਯੋਗ ਸਾਧਨ ਨਾ ਹੋਣ ਕਰਕੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਮਜ਼ਦੂਰ ਆਗੂਆਂ ਨੇ ਕੇਂਦਰ ਤੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਮਜ਼ਦੂਰਾਂ ਨੂੰ ਸਾਰਾ ਸਾਲ ਮਨਰੇਗਾ ਦਾ ਰੁਜ਼ਗਾਰ ਅਤੇ 700 ਰੁਪਏ ਪ੍ਰਤੀ ਦਿਨ ਦਿਹਾੜੀ ਅਤੇ ਬੁਢਾਪਾ ਪੈਨਸ਼ਨ 10 ਹਜ਼ਾਰ ਮਹੀਨਾ ਦੇਣਾ ਯਕੀਨੀ ਬਣਾਇਆ ਜਾਵੇ, ਸਰਕਾਰੀ ਵਿਭਾਗਾਂ ਵਿੱਚ ਪੜ੍ਹੇ-ਲਿਖੇ ਨੌਜਵਾਨਾਂ ਨੂੰ ਰੁਜ਼ਗਾਰ ਦੇਣਾ ਯਕੀਨੀ ਬਣਾਇਆ ਜਾਵੇ, ਖੁਰਾਕ ਸੁਰੱਖਿਆ ਐਕਟ ਅਧੀਨ ਸਰਕਾਰੀ ਰਾਸ਼ਨ ਡਿੱਪੂਆਂ ਰਾਹੀਂ ਪਹਿਲਾਂ ਦੀ ਤਰ੍ਹਾਂ ਪ੍ਰਤੀ ਰਾਸ਼ਨ ਕਾਰਡ 35 ਕਿੱਲੋ ਕਣਕ, ਪੰਜ ਕਿੱਲੋ, ਚੌਲ, ਖੰਡ, ਚਾਹ ਪੱਤੀ, ਰਸੋਈ ਗੈਸ ਸਮੇਤ 14 ਵਸਤਾਂ ਸਬਸਿਡੀ 'ਤੇ ਗਰੀਬਾਂ ਨੂੰ ਵੰਡਣਾ ਯਕੀਨੀ ਬਣਾਇਆ ਜਾਵੇ, ਮਨਰੇਗਾ ਦੇ ਪਿਛਲੇ ਕੀਤੇ ਕੰਮ ਦੇ ਪੈਸੇ ਅਤੇ ਬੁਢਾਪਾ, ਵਿਧਵਾ, ਅੰਗਹੀਣਾਂ ਦੀਆਂ ਮਾਰਚ ਅਤੇ ਅਪ੍ਰੈਲ ਮਹੀਨੇ ਦੀਆਂ ਬਕਾਇਆ ਰਹਿੰਦੀਆਂ ਪੈਨਸ਼ਨਾਂ ਦੀ ਰਾਸ਼ੀ ਲਾਭਪਾਤਰੀਆਂ ਦੇ ਖਾਤਿਆਂ ਵਿੱਚ ਜਲਦੀ ਤੋਂ ਜਲਦੀ ਪਾਈ ਜਾਵੇ। ਇਸ ਮੌਕੇ ਕਿਰਨਾ ਕੌਰ, ਪੰਪੀ ਸਿੰਘ, ਸ਼ੇਰਾ ਸਿੰਘ, ਦਲਵਾਰਾ ਸਿੰਘ, ਪਰਮਜੀਤ ਕੌਰ, ਰਣਜੀਤ ਕੌਰ, ਚਰਨਜੀਤ ਕੌਰ, ਕਰਮਜੀਤ ਕੌਰ, ਜੋਗਿੰਦਰ ਕੌਰ, ਬਲਜਿੰਦਰ ਕੌਰ, ਜਾਗਰ ਸਿੰਘ, ਹਿੰਮਤ ਸਿੰਘ ਸੋਢੀ ਖੇੜੀ, ਗੁਰਮੀਤ ਕੌਰ, ਜਸਵੰਤ ਕੌਰ, ਸਿੰਦਰ ਕੌਰ, ਗੁਰਚਰਨ ਸਿੰਘ, ਕਰਨੈਲ ਸਿੰਘ ਗੁਮਟੀ ਆਦਿ ਵੱਡੀ ਗਿਣਤੀ ਵਿੱਚ ਮਜ਼ਦੂਰ ਹਾਜ਼ਰ ਸਨ।

# ਮੰਗਾਂ ਨਾ ਮੰਨੇ ਜਾਣ ਤੋਂ ਸਤਾਈਆਂ ਮਿਡ ਡੇ ਮੀਲ ਵਰਕਰਾਂ ਨੇ ਪੁਤਲਾ ਫੂਕਿਆ



ਧਾਰੀਵਾਲ (ਗੁਰਦਾਸਪੁਰ) (ਮਨਦੀਪ ਸਿੰਘ ਵਿੱਕੀ)-ਸਥਾਨਕ ਗੁਰੂ ਨਾਨਕ ਪਾਰਕ ਵਿਖੇ ਮਿਡ ਡੇ ਮੀਲ ਵਰਕਰਾਂ ਨੇ ਇਕੱਠ ਕਰਕੇ ਰੋਸ ਪ੍ਰਦਰਸ਼ਨ ਕੀਤਾ।ਜ਼ਿਲ੍ਹੇ ਦੇ ਵੱਖ-ਵੱਖ ਥਾਵਾਂ ਤੋਂ ਇੱਕਤਰ ਹੋਈਆਂ ਵਰਕਰਾਂ ਨੇ ਆਪਣੀਆਂ ਹੱਕੀ ਮੰਗਾਂ ਲਈ ਜ਼ੋਰਦਾਰ ਨਾਅਰੇਬਾਜ਼ੀ ਕੀਤੀ। ਇਹ ਇਕੱਤਰਤਾ ਪ੍ਰਧਾਨ ਮਨਜੀਤ ਕੌਰ ਵੜੈਚ ਅਤੇ ਨਿਰਮਲਜੀਤ ਕੌਰ ਚੱਕ ਸ਼ਰੀਫ ਦੀ ਪ੍ਰਧਾਨਗੀ ਹੇਠ ਕੀਤੀ ਗਈ।ਪਸਸਫ ਗੁਰਦਾਸਪੁਰ ਦੇ ਆਗੂ ਅਨਿਲ ਕੁਮਾਰ ਲਾਹੌਰੀਆ, ਦਿਲਦਾਰ ਭੰਡਾਲ, ਰਣਜੀਤ ਕੌਰ ਅਤੇ ਮੰਗਲਦੀਪ ਵਸ਼ਿਸ਼ਟ ਰੂਪ ਵਿੱਚ ਸ਼ਾਮਲ ਹੋਏ।ਇਸ ਸਮੇਂ ਵੱਖ-ਵੱਖ ਬੁਲਾਰਿਆਂ ਨੇ ਬੋਲਦਿਆਂ ਦੱਸਿਆ ਕਿ ਸਰਕਾਰੀ ਸਕੂਲਾਂ 'ਚ ਚਲਦੇ ਮਿਡ ਡੇ ਮੀਲ ਦੇ ਕੰਮ ਨੂੰ ਇਹ ਬੀਬੀਆਂ 20 ਸਾਲਾਂ ਤੋਂ ਨਿਭਾ ਰਹੀਆਂ ਹਨ, ਪਰ ਇਨ੍ਹਾਂ ਨੂੰ ਅਜੇ ਵੀ ਲਗਭਗ 33 ਰੁਪਏ ਦਿਹਾੜੀ ਤੇ ਕੰਮ ਕਰਨਾ ਪੈ ਰਿਹਾ ਹੈ।ਅੱਤ ਦੀ ਮਹਿੰਗਾਈ ਵਿੱਚ ਘਰਾਂ ਦੇ ਗੁਜ਼ਾਰੇ ਕਰਨੇ ਔਖੇ ਹੋਏ ਹਨ, ਸਰਕਾਰਾਂ ਕੋਲੋਂ ਲੜ ਕੇ ਮੰਨਵਾਈਆਂ ਮੰਗਾਂ ਵੀ ਲਾਗੂ ਨਹੀਂ ਕੀਤੀਆਂ ਗਈਆਂ, ਵਰਕਰਾਂ ਦਾ ਜੀਵਨ ਬੀਮਾ ਕੀਤਾ ਜਾਵੇ, ਖਾਣਾ ਪਕਾਉਣ ਲਈ ਵਰਦੀਆਂ ਦਾ ਪ੍ਰਬੰਧ ਕੀਤਾ ਜਾਵੇ, ਜਿਉਣ ਜੋਗੀ ਘੱਟੋ-ਘੱਟ ਉਜਰਤ 15000 ਦਿੱਤੀ ਜਾਵੇ, ਪੱਚੀ ਬੱਚਿਆਂ 'ਤੇ ਦੋ ਵਰਕਰਾਂ ਰੱਖੀਆਂ ਜਾਣ, 100 ਬੱਚਿਆਂ ਤੋਂ ਉੱਪਰ ਤਿੰਨ ਬੀਬੀਆਂ ਰੱਖੀਆਂ ਜਾਣ ਅਤੇ ਇਨ੍ਹਾਂ ਦੇ ਰੁਜ਼ਗਾਰ ਦਾ ਪੱਕਾ ਪ੍ਰਬੰਧ ਕੀਤਾ ਜਾਵੇ।ਵਿਭਿੰਨ ਆਗੂਆਂ ਨੇ ਕਿਹਾ ਕਿ ਜੇਕਰ ਮਿਡ ਡੇ ਮੀਲ ਵਰਕਰਾਂ ਦੀਆਂ ਮੰਗਾਂ ਦਾ ਹੱਲ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਸਰਕਾਰ ਨੂੰ ਇਨ੍ਹਾਂ ਦੇ ਤਿੱਖੇ ਵਿਰੋਧ ਦਾ ਸਾਹਮਣਾ ਕਰਨਾ ਪਏਗਾ। ਇਸ ਸਮੇਂ ਹੋਰਨਾਂ ਤੋਂ ਇਲਾਵਾ ਸੁਰਿੰਦਰ ਕੌਰ, ਬਬਿਤਾ ਕੁਮਾਰੀ, ਪਿੰਕੀ, ਰਾਜਵਿੰਦਰ ਕੌਰ, ਰਤਨ ਕੌਰ, ਦਵਿੰਦਰ ਕੌਰ ਨੈਨੇਕੋਟ, ਸਪਨਾ, ਬਲਵਿੰਦਰ ਕੌਰ, ਮੰਨਜੀਤ ਕੌਰ, ਹਰਜੀਤ ਕੌਰ ਅਤੇ ਪ੍ਰੀਤੀ ਆਦ ਹਾਜ਼ਿਰ ਸਨ।

# ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਜ਼ਿਲ੍ਹਾ ਪੱਧਰੀ ਮੀਟਿੰਗ 4 ਮਈ ਨੂੰ: ਡੀਸੀ

ਗੁਰਦਾਸਪੁਰ (ਜਨਕ ਮਹਾਜਨ)-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਸੂਬਾ ਵਾਸੀਆਂ ਨੂੰ ਨਸ਼ਿਆਂ ਵਿਰੁੱਧ ਲਾਮਬੱਧ ਕਰਨ ਲਈ ਪੰਜਾਬ ਸਰਕਾਰ ਵੱਲੋਂ ਸੂਬੇ ਵਿੱਚ ਨਸ਼ਾ ਛੁਡਾਊ ਯਾਤਰਾ ਸ਼ੁਰੂ ਕੀਤੀ ਜਾ ਰਹੀ ਹੈ।ਨਸ਼ਾ ਛੁਡਾਊ ਯਾਤਰਾ ਤਹਿਤ ਰਾਜ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਪਿੰਡ ਅਤੇ ਵਾਰਡ ਪੱਧਰ ਤੱਕ ਲਿਜਾਇਆ ਜਾਵੇਗਾ।ਜ਼ਿਲ੍ਹਾ ਗੁਰਦਾਸਪੁਰ ਵਿੱਚ ਨਸ਼ਾ ਛੁਡਾਊ ਯਾਤਰਾ ਨੂੰ ਕਾਮਯਾਬ ਕਰਨ ਲਈ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਵੱਲੋਂ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਜ਼ਿਲ੍ਹੇ ਦੀਆਂ ਧਾਰਮਿਕ ਅਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਜਨਰਲ) ਡਾ. ਹਰਜਿੰਦਰ ਸਿੰਘ ਬੇਦੀ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 4 ਮਈ ਨੂੰ ਗੁਰਦਾਸਪੁਰ ਵਿਖੇ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦਿਆਂ ਨਾਲ ਜ਼ਿਲ੍ਹਾ ਪੱਧਰੀ ਮੀਟਿੰਗ ਕੀਤੀ ਜਾਵੇਗੀ ਜਿਸ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਦੇ ਨੁਮਾਇੰਦੇ ਸ਼ਾਮਲ ਹੋਣਗੇ।ਉਨ੍ਹਾਂ ਕਿਹਾ ਕਿ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਵਿੱਚ ਵਿਲੇਜ ਡਿਫੈਂਸ ਕਮੇਟੀਆਂ ਦਾ ਸਾਥ ਲਿਆ ਜਾਵੇਗਾ।ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ 7 ਮਈ ਤੋਂ ਸੂਬੇ ਵਿੱਚ ਸ਼ੁਰੂ ਹੋਣ ਜਾ ਰਹੀ ਨਸ਼ਾ ਛੁਡਾਊ ਯਾਤਰਾ ਤਹਿਤ ਪਿੰਡਾਂ ਅਤੇ ਸ਼ਹਿਰਾਂ ਦੇ ਵਾਰਡਾਂ ਵਿੱਚ ਵਿਸ਼ੇਸ਼ ਪ੍ਰੋਗਰਾਮਾਂ ਦਾ ਆਯੋਜਨ ਕਰਕੇ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੱਧ ਕੀਤਾ ਜਾਵੇਗਾ।ਉਨ੍ਹਾਂ ਕਿਹਾ ਕਿ ਇਨ੍ਹਾਂ ਸਮਾਗਮਾਂ ਵਿੱਚ ਕੈਬਨਿਟ ਮੰਤਰੀ, ਵਿਧਾਇਕ ਅਤੇ ਪ੍ਰਸ਼ਾਸਨਿਕ ਅਧਿਕਾਰੀ ਵੀ ਹਿੱਸਾ ਲੈਣਗੇ।ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨਸ਼ਾ ਛੁਡਾਊ ਯਾਤਰਾ ਤਹਿਤ ਲੋਕਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਤੋਂ ਜਾਣੂ ਕਰਵਾਉਣ ਲਈ ਪਿੰਡਾਂ ਤੇ ਸ਼ਹਿਰਾਂ ਵਿੱਚ ਨੁੱਕੜ ਨਾਟਕ, ਸੈਮੀਨਾਰ ਤੇ ਵਿਚਾਰ ਗੋਸ਼ਟੀਆਂ ਵੀ ਕਰਵਾਈਆਂ ਜਾਣਗੀਆਂ।ਮੀਟਿੰਗ ਵਿੱਚ ਗੁਰਮੀਤ ਸਿੰਘ ਬਾਜਵਾ, ਪਵਨ ਸ਼ਰਮਾ, ਸਨਾਤਨ ਜਾਗਰਨ ਮੰਚ, ਮਨੋਜ ਕੁਮਾਰ ਪ੍ਰਧਾਨ ਕ੍ਰਿਸ਼ਨਾ ਮੰਦਰ ਕਾਦੀਆਂ, ਗੁਰਪ੍ਰੀਤ ਸਿੰਘ ਰਾਧਾ ਸੁਆਮੀ ਸਤਿਸੰਗ ਘਰ, ਭਾਰਤ ਵਿਕਾਸ ਪ੍ਰੀਸ਼ਦ ਤੋਂ ਇੰਦਰਜੀਤ ਸਿੰਘ ਬਾਜਵਾ (ਸਾਬਕਾ ਸਿੱਖਿਆ ਅਧਿਕਾਰੀ), ਜ਼ਿਲ੍ਹਾ ਗਾਈਡੈਂਸ ਕਾਊਂਸਲਰ ਪਰਮਿੰਦਰ ਸਿੰਘ ਸੈਣੀ ਆਦਿ ਹਾਜ਼ਰ ਸਨ।




# ਸੀ ਪੀ ਆਈ ਨੇ ਪਹਿਲਗਾਮ ਵਿਖੇ ਦਰਿੰਦਗੀ ਦਾ ਸ਼ਿਕਾਰ ਹੋਏ ਲੋਕਾਂ ਨੂੰ ਦਿੱਤੀ ਸ਼ਰਧਾਂਜਲੀ



ਚੇਤਨਪੁਰਾ (ਸੁਖਵੰਤ ਚੇਤਨਪੁਰੀ)-ਸੀਪੀਆਈ ਬਲਾਕ ਮਜੀਠਾ ਦੀ ਇਲਾਕਾ ਕਮੇਟੀ ਦੀ ਮੀਟਿੰਗ ਰਾਜਜੀਤ ਸਿੰਘ ਕੱਥੂਨੰਗਲ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਸਮੇਂ ਸਭ ਤੋਂ ਪਹਿਲਾਂ ਪਹਿਲਗਾਮ ਵਿੱਚ ਸ਼ਹੀਦ ਹੋਣ ਵਾਲੇ ਲੋਕਾਂ ਨੂੰ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ। ਉਪਰੰਤ ਸੈਕਟਰੀ ਮਜੀਠਾ ਨੇ ਪਿਛਲੇ ਕੰਮਾਂ ਦੀ ਰਿਪੋਰਟ ਪੇਸ਼ ਕਰਦਿਆਂ ਦੱਸਿਆ ਕਿ 7 ਅਪ੍ਰੈਲ ਨੂੰ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਡੀਸੀ ਦਫਤਰ ਅੰਮ੍ਰਿਤਸਰ ਦੇ ਸਾਹਮਣੇ ਦਿਹਾੜੀਆਂ ਦੇ ਪੈਸੇ ਲੈਣ ਸਬੰਧੀ ਜੋ ਮੁਜ਼ਾਹਰਾ ਕੀਤਾ ਗਿਆ ਸੀ ਉਹ ਮੁਜ਼ਾਹਰਾ ਕਾਫੀ ਉਤਸ਼ਾਹ ਜਨਕ ਸੀ। ਉਨ੍ਹਾਂ ਕਿਹਾ ਕਿ ਸਭ ਤੋਂ ਮਾੜੀ ਗੱਲ ਹੈ ਕਿ ਮਜ਼ਦੂਰਾਂ ਨੂੰ ਦਿਹਾੜੀਆਂ ਦੇ ਪੂਰੇ ਪੈਸੇ ਹਾਲਾਂ ਤੱਕ ਵੀ ਨਹੀਂ ਦਿੱਤੇ ਗਏ।ਉਨ੍ਹਾਂ ਕਿਹਾ ਕਿ ਮਜ਼ਦੂਰਾਂ ਨੇ ਜਿਹੜੇ ਖਾਣ ਜੋਗੇ ਦਾਣੇ ਮੁੱਲ ਲੈਣੇ ਸਨ ਜਾਂ ਬੱਚਿਆਂ ਨੂੰ ਨਵੀਂਆਂ ਕਲਾਸਾਂ ਵਿੱਚ ਦਾਖਲ ਕਰਵਾਉਣਾ ਸੀ ਉਹ ਖਰਚਾ ਕਰਨ ਤੋਂ ਵੀ ਔਖੇ ਹਨ।ਇਸ ਸਮੇਂ ਕਾ: ਬਲਕਾਰ ਸਿੰਘ ਦੁਧਾਲਾ ਨੇ ਕਿਹਾ ਕਿ 2 ਮਈ ਨੂੰ ਸਾਰੇ ਪੰਜਾਬ ਵਿੱਚ ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਵੱਲੋਂ ਡੀਸੀ ਦਫ਼ਤਰਾਂ ਅੱਗੇ ਜ਼ੋਰਦਾਰ ਮੁਜ਼ਾਹਰੇ ਕੀਤੇ ਜਾਣਗੇ। ਨਰੇਗਾ ਰੁਜ਼ਗਾਰ ਪ੍ਰਾਪਤ ਮਜ਼ਦੂਰ ਯੂਨੀਅਨ ਦੇ ਜ਼ਿਲਾ ਸੈਕਟਰੀ ਰਣਜੀਤ ਜੇਠੂਵਾਲ ਨੇ ਕਿਹਾ ਕਿ ਪੰਜਾਬ ਦੀ ਭਗਵੰਤ ਮਾਨ ਅਤੇ ਕੇਂਦਰ ਸਰਕਾਰ ਨਰੇਗਾ ਕਾਨੂੰਨ ਨੂੰ ਖਤਮ ਕਰਨ ਵਾਲੇ ਪਾਸੇ ਕਦਮ ਪੁੱਟ ਰਹੀਆਂ ਹਨ, ਜਿਸ ਵਾਸਤੇ 2 ਮਈ ਨੂੰ ਪੰਜਾਬ ਸਰਕਾਰ ਤੇ ਕੇਂਦਰ ਸਰਕਾਰ ਦੇ ਪੁਤਲੇ ਫੂਕੇ ਜਾਣਗੇ।ਇਸ ਮੀਟਿੰਗ ਨੂੰ ਸਾਥੀ ਸੁਖਵਿੰਦਰ ਸਿੰਘ, ਜੋਗਿੰਦਰ ਸਿੰਘ ਚਵਿੰਡਾ ਦੇਵੀ, ਸੀਤਲ ਰਾਮਦੀਵਾਲੀ, ਜਗੀਰ ਸਿੰਘ, ਜਸਵੰਤ ਸਿੰਘ ਮੁੱਗੋਸੋਹੀ ਅਤੇ ਸੁਖਪ੍ਰੀਤ ਖੁਸ਼ੀਪੁਰ ਨੇ ਵੀ ਸੰਬੋਧਨ ਕੀਤਾ।

# ਕੈਨੇਡਾ ਪੜ੍ਹਨ ਗਈ ਲੜਕੀ ਦੀ ਸ਼ੱਕੀ ਹਾਲਾਤ 'ਚ ਮੌਤ



ਡੇਰਾ ਬੱਸੀ (ਵਿਨੈ ਕੁਮਾਰ ਜੈਨ)-ਕੈਨੇਡਾ ਪੜ੍ਹਨ ਗਈ 21 ਸਾਲਾ ਲੜਕੀ ਦੀ ਸ਼ੱਕੀ ਹਾਲਾਤ ਵਿੱਚ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਵੰਸ਼ਿਕਾ ਵਜੋਂ ਹੋਈ ਹੈ। ਮ੍ਰਿਤਕਾ ਆਮ ਆਦਮੀ ਪਾਰਟੀ ਦੇ ਨੇਤਾ ਦਵਿੰਦਰ ਸੈਣੀ ਦੀ ਧੀ ਸੀ। ਜਾਣਕਾਰੀ ਅਨੁਸਾਰ 12ਵੀਂ ਤੋਂ ਬਾਅਦ ਵੰਸ਼ਿਕਾ ਪੜ੍ਹਾਈ ਲਈ ਕੈਨੇਡਾ ਦੇ ਓਟਾਵਾ ਚਲੀ ਗਈ। ਉਸ ਨੇ 2 ਸਾਲਾਂ ਦੇ ਕੋਰਸ ਵਿੱਚ ਦਾਖਲਾ ਲਿਆ ਸੀ ਅਤੇ 18 ਅਪ੍ਰੈਲ ਨੂੰ ਆਪਣੀ ਅੰਤਿਮ ਪ੍ਰੀਖਿਆ ਦਿੱਤੀ ਸੀ। ਉਹ ਕੁਝ ਦਿਨਾਂ ਤੋਂ ਕੰਮ 'ਤੇ ਜਾਣ ਲੱਗੀ ਸੀ। 22 ਅਪ੍ਰੈਲ ਨੂੰ ਉਹ ਕੰਮ ਲਈ ਘਰੋਂ ਨਿਕਲੀ ਪਰ ਵਾਪਸ ਨਹੀਂ ਆਈ। ਉਸ ਦੀ 25 ਅਪ੍ਰੈਲ ਨੂੰ ਆਈਲੈਟਸ ਦੀ ਪ੍ਰੀਖਿਆ ਸੀ। ਉਸ ਦੀ ਸਹੇਲੀ, ਜੋ ਪੇਪਰ ਲੈਣ ਲਈ ਉਸ ਦੇ ਨਾਲ ਸੀ, ਉਸ ਨੂੰ ਵਾਰ-ਵਾਰ ਫੋਨ ਕਰਦੀ ਰਹੀ। ਪਰ ਉਸ ਦਾ ਫ਼ੋਨ ਬੰਦ ਸੀ। ਪ੍ਰੀਖਿਆ ਦੇਣ ਤੋਂ ਬਾਅਦ ਜਦੋਂ ਉਹ ਵੰਸ਼ਿਕਾ ਦੇ ਘਰ ਆਈ, ਤਾਂ ਉਸ ਨੂੰ ਪਤਾ ਲੱਗਾ ਕਿ ਉਹ ਕੰਮ ਤੋਂ ਵਾਪਸ ਨਹੀਂ ਆਈ। ਉਨ੍ਹਾਂ ਨੇ ਭਾਰਤ ਵਿੱਚ ਉਸ ਦੇ ਪਰਵਾਰ ਅਤੇ ਹੋਰ ਦੋਸਤਾਂ ਨੂੰ ਸੂਚਿਤ ਕਰਕੇ ਉਸ ਦੀ ਭਾਲ ਸ਼ੁਰੂ ਕਰ ਦਿੱਤੀ। ਜਦੋਂ ਪੁਲਸ ਨੇ ਜਾਂਚ ਕੀਤੀ ਤਾਂ ਕੁੜੀ ਦੀ ਲਾਸ਼ ਬੀਚ 'ਤੇ ਮਿਲੀ। ਪਰਵਾਰ ਨੇ ਸ਼ੱਕ ਜਤਾਇਆ ਹੈ ਕਿ ਉਸ ਦਾ ਕਤਲ ਕੀਤਾ ਗਿਆ ਹੈ। ਜਿਸ ਦੀ ਜਾਂਚ ਹੋਣੀ ਚਾਹੀਦੀ ਹੈ।

# ਰਸੂਲਪੁਰ ਰੰਗੜਾਂ ਵਿਖੇ ਉਸਾਰੇ ਜਾਣ ਵਾਲੇ ਆਂਗਣਵਾੜੀ ਸੈਂਟਰ ਦਾ ਕੰਮ ਸ਼ੁਰੂ



ਦੀਨਾਨਗਰ, (ਬਲਵਿੰਦਰ ਸਿੰਘ ਬਿੱਲਾ)-ਆਮ ਆਦਮੀ ਪਾਰਟੀ ਦੇ ਜਿਲ੍ਹਾ ਪ੍ਰਧਾਨ ਸ਼ਹਿਰੀ ਤੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਵੱਲੋਂ ਵਿਧਾਨਸਭਾ ਹਲਕਾ ਦੀਨਾਨਗਰ ਦੇ ਪਿੰਡ ਰਸੂਲਪੁਰ ਰੰਗੜਾਂ ਵਿਖੇ 9 ਲੱਖ ਰੁਪਏ ਦੀ ਲਾਗਤ ਨਾਲ ਉਸਾਰੇ ਜਾਣ ਵਾਲੇ ਆਂਗਣਵਾੜੀ ਸੈਂਟਰ ਦਾ ਕੰਮ ਸ਼ੁਰੂ ਕਰਵਾਇਆ ਗਿਆ। ਆਂਗਣਵਾੜੀ ਸੈਂਟਰ ਦਾ ਨਿਰਮਾਣ ਕੰਮ ਸ਼ੁਰੂ ਕਰਵਾਉਣ ਮੌਕੇ ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਦੀ ਦਿਸ਼ਾ ਵੱਲ ਲਗਾਤਾਰ ਯਤਨ ਜਾਰੀ ਹਨ।ਪਿਛਲੇ ਤਿੰਨ ਸਾਲਾਂ ਦੇ ਥੋੜੇ ਜਿਹੇ ਸਮੇਂ ਦੌਰਾਨ ਹੀ ਆਮ ਆਦਮੀ ਪਾਰਟੀ ਦੀ ਸਰਕਾਰ ਨੇ ਸਿੱਖਿਆ, ਸਿਹਤ ਅਤੇ ਬਿਜਲੀ ਦੇ ਖੇਤਰ ਅੰਦਰ ਮਿਸਾਲੀ ਕੰਮ ਕੀਤੇ ਹਨ ਅਤੇ ਇਹਨਾਂ ਕੰਮਾਂ ਦੇ ਨਤੀਜੇ ਪੰਜਾਬ ਦੇ ਲੋਕਾਂ ਦੇ ਸਾਹਮਣੇ ਹਨ।ਹਲਕਾ ਇੰਚਾਰਜ ਸ਼ਮਸ਼ੇਰ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਆਮ ਲੋਕਾਂ ਦੀ ਸਰਕਾਰ ਹੈ ਅਤੇ ਉਹ ਹਰੇਕ ਅਜਿਹੇ ਖੇਤਰ ਵਿੱਚ ਮਿਸਾਲੀ ਕੰਮ ਰਹੀ ਹੈ ਜਿਸ ਨਾਲ ਆਮ ਲੋਕਾਂ ਨੂੰ ਵੱਧ ਤੋਂ ਵੱਧ ਫ਼ਾਇਦਾ ਹੋ ਸਕੇ।ਉਨ੍ਹਾਂ ਕਿਹਾ ਕਿ ਕਿਸੇ ਵੀ ਦੇਸ਼ ਜਾਂ ਸਮਾਜ ਦੀ ਤਰੱਕੀ ਲਈ ਉਸਦਾ ਸਿੱਖਿਅਤ ਹੋਣਾ ਬਹੁਤ ਜ਼ਰੂਰੀ ਹੈ ਅਤੇ ਸਿੱਖਿਅਤ ਹੋਣ ਲਈ ਸਿੱਖਿਆ ਦਾ ਮੁੱਢਲਾ ਢਾਂਚਾ ਮਜ਼ਬੂਤ ਹੋਣਾ ਚਾਹੀਦਾ ਹੈ ਪਰ ਪਿਛਲੀਆਂ ਸਰਕਾਰਾਂ ਨੇ ਸਿੱਖਿਆ ਦੇ ਮੁੱਢਲੇ ਢਾਂਚੇ ਨੂੰ ਮਜ਼ਬੂਤ ਤਾਂ ਕੀ ਕਰਨਾ ਸੀ ਸਗੋਂ ਸਿੱਖਿਆ ਢਾਂਚੇ ਦੀਆਂ ਮੁੱਢਲੀਆਂ ਜ਼ਰੂਰਤਾਂ ਵੱਲ ਵੀ ਧਿਆਨ ਨਹੀਂ ਦਿੱਤਾ।ਉਨ੍ਹਾਂ ਕਿਹਾ ਕਿ ਹੁਣ ਆਮ ਆਦਮੀ ਪਾਰਟੀ ਦੀ ਸਰਕਾਰ ਸਕੂਲਾਂ ਦੀਆਂ ਚਾਰਦੀਵਾਰੀਆਂ ਤੋਂ ਲੈ ਕੇ ਸਕੂਲਾਂ ਦੇ ਹਰ ਉਹ ਵਿਕਾਸ ਕਾਰਜ ਕਰ ਰਹੀ ਹੈ ਜਿਸ ਨਾਲ ਸਰਕਾਰੀ ਸਕੂਲ ਅਤਿ ਆਧੁਨਿਕ ਸ਼੍ਰੇਣੀ ਵਿੱਚ ਆ ਸਕਣ। ਸਰਕਾਰੀ ਸਕੂਲਾਂ ਦੀ ਰੂਪ ਰੇਖਾ ਤੇ ਸਿੱਖਿਆ ਦੇ ਮਿਆਰ ਦਾ ਗਰਾਫ਼ ਬਹੁਤ ਉੱਚਾ ਚੁੱਕਿਆ ਗਿਆ ਹੈ ਅਤੇ ਇਸ ਸਬੰਧੀ ਯਤਨ ਆਉਣ ਵਾਲੇ ਦਿਨਾਂ ਵਿੱਚ ਜਾਰੀ ਰਹਿਣਗੇ।ਇਸ ਮੌਕੇ ਸਰਪੰਚ ਮੀਨਾ, ਬਲਾਕ ਪ੍ਰਧਾਨ ਮਨਿੰਦਰ ਸਿੰਘ ਗੋਰਾ, ਸਰਪੰਚ ਕੁਲਵੰਤ ਸਿੰਘ ਕਲੀਚਪੁਰ, ਰੁਪਿੰਦਰ ਕੌਰ ਕੱਤੋਵਾਲ, ਦੀਪਕ ਕੁਮਾਰ ਮਹਿਰਾਜਪੁਰ ਅਤੇ ਕਾਰਤਿਕ ਦੌਆਬਾ ਵੀ ਮੌਜੂਦ ਸਨ।

## ਖ਼ਾਲਸਾ ਕਾਲਜ ਦੇ ਸਾਇੰਸ ਤੇ ਐਜੂਕੇਸ਼ਨ ਵਿਭਾਗ ਵੱਲੋਂ ਵਿਦਾਇਗੀ ਸਮਾਰੋਹ



ਗੜ੍ਹਸ਼ੰਕਰ (ਫੂਲਾ ਸਿੰਘ ਬੀਰਮਪੁਰ)-ਬੱਬਰ ਅਕਾਲੀ ਮੈਮੋਰੀਅਲ ਖ਼ਾਲਸਾ ਕਾਲਜ ਗੜ੍ਹਸ਼ੰਕਰ ਵਿਖੇ ਕਾਲਜ ਦੇ ਸਾਇੰਸ ਅਤੇ ਐਜੂਕੇਸਨ ਵਿਭਾਗ ਵਲੋਂ ਵਿਦਿਆਰਥੀਆਂ ਲਈ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਸਮਾਰੋਹ ਦੌਰਾਨ ਭਾਵੁਕ ਪਲਾਂ ਨੂੰ ਵੱਖ-ਵੱਖ ਰੰਗਾਰੰਗ ਕਿਰਿਆਵਾਂ ਨੂੰ ਕਵਿਤਾ, ਗੀਤ, ਭੰਗੜਾ, ਹਾਸਰਸ ਖੇਡਾਂ ਆਦਿ ਨਾਲ ਸਜਾਇਆ ਗਿਆ। ਸਮਾਗਮ ਦੌਰਾਨ ਮੁੱਖ ਆਕਰਸ਼ਣ ਮਿਸ ਅਤੇ ਮਿਸਟਰ ਫੇਅਰਵੈਲ ਦੀ ਚੋਣ ਰਿਹਾ। ਐਜੂਕੇਸ਼ਨ ਵਿਭਾਗ ਵਲੋਂ ਵਿਦਿਆਰਥੀ ਮਹੇਸ਼ ਨਾਫਰਾ ਨੂੰ ਮਿਸਟਰ ਫੇਅਰਵੈਲ ਅਤੇ ਵਿਦਿਆਰਥਣ ਨਿਕਿਤਾ ਨੂੰ ਮਿਸ ਫੇਅਰਵੈਲ ਚੁਣਿਆ ਗਿਆ। ਸਾਇੰਸ ਵਿਭਾਗ ਦੇ ਵਿਦਿਆਰਥੀ ਅਕਾਸ਼ ਕੁਮਾਰ ਨੂੰ ਮਿਸਟਰ ਫੇਅਰਵੈਲ ਅਤੇ ਵਿਦਿਆਰਥਣ ਚਰਨਦੀਪ ਨੂੰ ਮਿਸ ਫੇਅਰਵੈਲ ਦਾ ਖਿਤਾਬ ਦਿੱਤਾ ਗਿਆ। ਮਿਸ ਐਲੀਗੈਂਟ ਕਿਰਨਦੀਪ ਕੌਰ, ਬੈਸਟ ਪ੍ਰਫੋਰਮੈਂਸ ਲਈ ਕੋਮਲ ਅਤੇ ਮਿਸ ਚਾਰਮਿੰਗ ਲਈ ਸਿਮਰਨਜੀਤ ਨੂੰ ਚੁਣਿਆ ਗਿਆ। ਇਸ ਮੌਕੇ ਸੀਨੀਅਰ ਵਿਦਿਆਰਥੀਆਂ ਨੇ ਕਾਲਜ ਵਿਚ ਬਿਤਾਏ ਯਾਦਗਾਰੀ ਪਲਾਂ ਨੂੰ ਸਾਂਝਾ ਕਰਦਿਆਂ ਜੂਨੀਅਰ ਵਿਦਿਆਰਥੀਆਂ ਅਤੇ ਅਧਿਆਪਕਾਂ ਦਾ ਧੰਨਵਾਦ ਕੀਤਾ। ਕਾਲਜ ਦੇ ਸੀਨੀਅਰ ਪ੍ਰੋਫੈਸਰ ਲਖਵਿੰਦਰਜੀਤ ਕੌਰ ਨੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਸੁਨਹਿਰੀ ਭਵਿੱਖ ਲਈ ਸ਼ੁੱਭਕਾਮਨਾਵਾਂ ਦਿੱਤੀਆਂ। ਡਾ. ਕੁਲਦੀਪ ਕੌਰ ਅਤੇ ਡਾ. ਸੰਘਾ ਗੁਰਬਖਸ਼ ਕੌਰ ਨੇ ਵਿਦਿਆਰਥੀਆਂ ਨੂੰ ਕਾਲਜ ਨਾਲ ਜੁੜੇ ਰਹਿਣ ਲਈ ਪ੍ਰੇਰਦਿਆਂ ਉਨ੍ਹਾਂ ਦੇ ਮਿਥੇ ਉਦੇਸ਼ਾਂ ਦੀ ਪੂਰਤੀ ਲਈ ਸ਼ੁੱਭਕਾਮਨਾਵਾਂ ਦਿੱਤੀਆਂ।

## 25 ਫੀਸਦੀ ਰਾਖਵਾਂ ਕੋਟਾ ਨਾ ਰੱਖਣ ਵਾਲੇ ਪ੍ਰਾਈਵੇਟ ਸਕੂਲਾਂ ਦੇ ਲਾਇਸੈਂਸ ਰੱਦ ਕੀਤੇ ਜਾਣਗੇ : ਮੋਹਿੰਦਰ ਭਗਤ



ਜਲੰਧਰ ( ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)-ਸਿੱਖਿਆ ਦੇ ਅਧਿਕਾਰ ਐਕਟ ਤਹਿਤ ਪੰਜਾਬ ਸਰਕਾਰ ਜ਼ਮੀਨੀ ਪੱਧਰ 'ਤੇ ਸਰਕਾਰੀ ਹੁਕਮਾਂ ਨੂੰ ਲਾਗੂ ਕਰਨ ਲਈ ਹਰ ਤਰ੍ਹਾਂ ਨਾਲ ਜੁਟੀ ਹੋਈ ਹੈ। ਇਹ ਜਾਣਕਾਰੀ ਪੰਜਾਬ ਦੇ ਬਾਗਬਾਨੀ, ਸੁਤੰਤਰਤਾ ਸੈਨਾਨੀ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਨੇ ਦਿੱਤੀ। ਉਨ੍ਹਾਂ ਕਿਹਾ ਕਿ ਸਰਕਾਰੀ ਹੁਕਮਾਂ ਦੀ ਪਾਲਣਾ ਨਾ ਕਰਨ ਵਾਲੇ ਪ੍ਰਾਈਵੇਟ ਸਕੂਲਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ ਅਤੇ ਉਨ੍ਹਾਂ ਦੇ ਲਾਇਸੈਂਸ ਰੱਦ ਕਰ ਦਿੱਤੇ ਜਾਣਗੇ।ਕੈਬਨਿਟ ਮੰਤਰੀ ਨੇ ਪੰਜਾਬ ਦੇ ਸਾਰੇ ਪ੍ਰਾਈਵੇਟ ਸਕੂਲਾਂ ਨੂੰ ਕਮਜ਼ੋਰ ਵਰਗਾਂ ਦੇ ਵਿਦਿਆਰਥੀਆਂ ਲਈ 25 ਪ੍ਰਤੀਸ਼ਤ ਸੀਟਾਂ ਰਾਖਵੀਆਂ ਰੱਖਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਸਪੱਸ਼ਟ ਕਿਹਾ ਕਿ ਸਿੱਖਿਆ ਦਾ ਅਧਿਕਾਰ ਐਕਟ, 2009 ਦੇ ਉਪਬੰਧਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਣੀ ਚਾਹੀਦੀ ਹੈ ਅਤੇ ਪੰਜਾਬ ਸਰਕਾਰ ਅਕਾਦਮਿਕ ਸੈਸ਼ਨ 2025-26 ਤੋਂ ਇਸ ਨੂੰ ਸੁਚਾਰੂ ਢੰਗ ਨਾਲ ਲਾਗੂ ਕਰਨ ਲਈ ਜ਼ਰੂਰੀ ਕਦਮ ਚੁੱਕੇਗੀ।ਸ੍ਰੀ ਭਗਤ ਨੇ ਕਿਹਾ ਕਿ ਆਰ.ਟੀ.ਈ. ਐਕਟ ਦੀ ਧਾਰਾ ਅਧੀਨ ਆਉਣ ਵਾਲੇ ਸਾਰੇ ਸਕੂਲਾਂ ਨੂੰ ਆਪਣੀ ਕਲਾਸ ਵਿੱਚ ਕੁੱਲ ਸੀਟਾਂ ਦਾ 25 ਪ੍ਰਤੀਸ਼ਤ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਪਛੜੇ ਵਰਗਾਂ ਦੇ ਬੱਚਿਆਂ ਲਈ ਰਾਖਵਾਂ ਰੱਖਣਾ ਚਾਹੀਦਾ ਹੈ।ਚਿਤਾਵਨੀ ਭਰੇ ਲਹਿਜੇ ਵਿੱਚ ਕੈਬਨਿਟ ਮੰਤਰੀ ਨੇ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਸਕੂਲਾਂ ਵਿਰੁੱਧ ਢੁੱਕਵੀਂ ਕਾਰਵਾਈ ਕਰੇਗੀ, ਜੋ ਐਕਟ ਦੀ ਪਾਲਣਾ ਨਹੀਂ ਕਰਨਗੇ।

# ਨੈਤਿਕ ਸਿੱਖਿਆ ਦੀ ਪ੍ਰੀਖਿਆ 'ਚ ਵਿਸ਼ੇਸ਼ ਸਨਮਾਨ ਹਾਸਲ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਬਾਬਾ ਬੰਦਾ ਸਿੰਘ ਬਹਾਦਰ ਕਾਲਜ ਆਫ ਐਜੂਕੇਸ਼ਨ ਧਾਰੀਵਾਲ ਵਿਖੇ ਡਾਇਰੈਕਟਰ ਸਰਦਾਰ ਅਮਰਜੀਤ ਸਿੰਘ ਚਾਹਲ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੀ ਯੋਗ ਅਗਵਾਈ ਹੇਠ ਕਾਲਜ ਦੇ ਵਿਦਿਆਰਥੀਆਂ ਦੁਆਰਾ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਭਾਗ ਲਿਆ ਗਿਆ ਅਤੇ ਵਧੀਆ ਕਾਰਗੁਜ਼ਾਰੀ ਕਰਦੇ ਹੋਏ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤੇ।ਨੈਤਿਕ ਸਿੱਖਿਆ ਇਮਤਿਹਾਨ ਵਿੱਚ ਬੀ. ਐੱਡ. ਦੇ ਵਿਦਿਆਰਥੀ ਖੁਸ਼ੀ, ਜਸਪਿੰਦਰ ਕੌਰ, ਰਾਜਨਪ੍ਰੀਤ ਕੌਰ ਅਤੇ ਸਮੀਕਸ਼ਾ ਨੇ ਤੀਸਰਾ ਸਥਾਨ ਹਾਸਿਲ ਕਰਕੇ ਵਿਸ਼ੇਸ਼ ਸਨਮਾਨ ਪ੍ਰਾਪਤ ਕੀਤੇ ਅਤੇ ਆਪਣੇ ਕਾਲਜ ਤੇ ਮਾਤਾ ਪਿਤਾ ਦਾ ਨਾਮ ਰੌਸ਼ਨ ਕੀਤਾ।ਪ੍ਰੋਫੈਸਰ ਰਣਵੀਰ ਸਿੰਘ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਇਹ ਇਮਤਿਹਾਨ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਦੀ ਅਗਵਾਈ ਹੇਠ ਕੀਤਾ ਗਿਆ ਹੈ।

ਮੈਨੇਜਰ ਸਰਦਾਰ ਰਸ਼ਪਾਲ ਸਿੰਘ, ਸਰਦਾਰ ਬਲਜੀਤ ਸਿੰਘ, ਰਣਵੀਰ ਸਿੰਘ ਅਤੇ ਪ੍ਰਿੰਸੀਪਲ ਕਿਰਨ ਕੇਸਰ ਦੁਆਰਾ ਨੈਤਿਕ ਸਿੱਖਿਆ ਇਮਤਿਹਾਨ ਵਿੱਚ ਭਾਗ ਲੈਣੇ ਵਾਲੇ ਵਿਦਿਆਰਥੀਆਂ ਨੂੰ ਸਰਟੀਫਿਕੇਟ ਅਤੇ ਮੈਡਲ ਪ੍ਰਦਾਨ ਕਰਕੇ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੁਆਰਾ ਵਿਦਿਆਰਥੀਆਂ ਨੂੰ ਪ੍ਰੇਰਿਤ ਕੀਤਾ ਗਿਆ ਕਿ ਵੱਧ ਤੋਂ ਵੱਧ ਅਜਿਹੇ ਇਮਤਿਹਾਨਾਂ ਵਿੱਚ ਭਾਗ ਲੈਣ ਅਤੇ ਸਫਲਤਾ ਪ੍ਰਾਪਤ ਕਰਨ।

# ਘੱਟ ਗਿਣਤੀ ਲੋਕ ਭਲਾਈ ਸੰਸਥਾ ਦੇ ਪ੍ਰਧਾਨ ਗਿੱਲ ਨੂੰ ਮਿਲੀ ਜਾਨੋਂ ਮਾਰਨ ਦੀ ਧਮਕੀ



ਰਈਆ (ਡੀ. ਕੇ. ਰੈਂਡੀ)-ਘੱਟ ਗਿਣਤੀ ਲੋਕ ਭਲਾਈ ਸੰਸਥਾ (ਰਜਿ.) ਦੇ ਪ੍ਰਧਾਨ ਅਤੇ ਹਾਈਕੋਰਟ 'ਚ ਪਟੀਸ਼ਨਰ ਕਰਤਾ ਸਤਨਾਮ ਸਿੰਘ ਗਿੱਲ ਨੂੰ ਪਰਿਵਾਰ ਸਮੇਤ ਜਾਨੋਂ ਮਾਰਨ ਦੀ ਧਕਮੀ ਮਿਲੀ ਹੈ।ਪ੍ਰੈੱਸ ਨੂੰ ਜਾਣਕਾਰੀ ਦਿੰਦਿਆਂ ਪਟੀਸ਼ਨਰ ਸਤਨਾਮ ਸਿੰਘ ਗਿੱਲ ਨੇ ਦੱਸਿਆ ਕਿ ਉਸ ਨੇ ਪ੍ਰਾਈਵੇਟ ਸਿੱਖਿਆ ਮਾਫ਼ੀਆ ਦੀਆਂ ਮਨਮਾਨੀਆਂ ਨੂੰ ਠੱਲ੍ਹਣ ਲਈ ਅਤੇ ਬੱਚਿਆਂ ਨੂੰ 25% ਕੋਟੇ ਤਹਿਤ ਨਿੱਜੀ ਸਕੂਲਾਂ 'ਚ ਦਾਖਲੇ ਦਿਵਾਉਣ ਲਈ ਹਾਈ ਕੋਰਟ ਤੋਂ ਸਕੂਲਾਂ ਖਿਲਾਫ ਕੇਸ ਜਿੱਤੇ ਹਨ।ਸਤਨਾਮ ਸਿੰਘ ਗਿੱਲ ਨੇ ਕਿਹਾ ਕਿ ਸਕੂਲਾਂ ਦੇ ਹਮਾਇਤੀ ਕੁਝ ਸਮਾਜ ਵਿਰੋਧੀ ਅਨਸਰ ਮੇਰੀ ਆਵਾਜ਼ ਬੰਦ ਕਰਵਾਉਣਾ ਚਾਹੁੰਦੇ ਹਨ।ਹੁਣ ਮੇਰਾ ਅਤੇ ਮੇਰੇ ਪਰਿਵਾਰ ਦਾ ਜਾਨੀ ਨੁਕਸਾਨ ਕਰਨ ਲਈ ਐਜੂਕੇਸ਼ਨ ਮਾਫ਼ੀਆ ਦੇ ਸਮਰਥਕਾਂ ਨੇ ਮੈਨੂੰ ਜਾਨੋਂ ਮਾਰਨ ਦਾ ਫੈਸਲਾ ਲੈਂਦਿਆਂ ਧਮਕੀ ਦੇ ਕੇ ਲੋਕ ਹਿੱਤ ਲਹਿਰ ਨੂੰ ਤਾਰੋਪੀਡ ਕਰਨ ਦੀ ਕੋਸ਼ਿਸ਼ ਕੀਤੀ ਹੈ।ਉਸ ਨੇ ਹਾਈ ਕੋਰਟ ਨੂੰ ਅਪੀਲ ਕੀਤੀ ਹੈ ਕਿ ਖ਼ਬਰ ਦਾ ਸੂ ਮੋਟੋ ਲੈਂਦਿਆਂ ਮੇਰਾ ਪੱਖ ਸੁਣਿਆ ਜਾਵੇ।


# ਸਰਪੰਚ ਨਿਰੰਕਾਰ ਸਿੰਘ ਦੀ ਯਾਦ 'ਚ ਮੁਫਤ ਮੈਡੀਕਲ ਕੈਂਪ ਲਾਇਆ



ਤਰਸਿੱਕਾ, (ਤਰਸੇਮ ਸਿੰਘ ਸਾਧਪੁਰ)-ਵਿਧਾਨ ਸਭਾ ਹਲਕਾ ਮਜੀਠਾ ਦੇ ਪਿੰਡ ਤਰਗੜ੍ਹ 'ਚ ਸਵਰਗਵਾਸੀ ਸਰਪੰਚ ਨਿਰੰਕਾਰ ਸਿੰਘ ਦੀ ਨਿੱਘੀ ਤੇ ਮਿੱਠੀ ਯਾਦ ਵਿੱਚ ਸਾਲਾਨਾ ਬਰਸੀ 'ਤੇ ਪਰਿਵਾਰ ਵੱਲੋਂ ਅੱਖਾਂ ਤੇ ਮੈਡੀਕਲ ਦਾ ਫ੍ਰੀ ਕੈਂਪ ਲਗਾਇਆ ਜਿਸ ਵਿੱਚ ਨਾਮਵਰ ਡਾਕਟਰਾਂ ਦੀ ਟੀਮ ਨੇ ਚੈਕਅਪ ਕੀਤਾ ਅਤੇ ਮੁਫ਼ਤ ਇਲਾਜ ਲਈ ਦਵਾਈਆਂ ਵੀ ਦਿੱਤੀਆਂ ਤੇ ਜਿਨ੍ਹਾਂ ਨੂੰ ਅਪਰੇਸ਼ਨ ਦੀ ਲੋੜ ਹੈ ਉਨ੍ਹਾਂ ਦਾ ਮੁਫ਼ਤ ਅਪਰੇਸ਼ਨ ਵੀ ਕੀਤਾ ਜਾਵੇਗਾ। ਇਸ ਕੈਂਪ ਵਿੱਚ ਉਚੇਚੇ ਤੌਰ ਤੇ ਪਹੁੰਚੇ ਮੁੱਖ ਮਹਿਮਾਨ ਤੇ ਇਸ ਪਰਿਵਾਰ ਦੇ ਅਤਿ ਨਜ਼ਦੀਕੀ ਹਲਕਾ ਮਜੀਠਾ ਦੇ ਕਾਂਗਰਸ ਦੇ ਇੰਚਾਰਜ ਤੇ ਸੀਨੀਅਰ ਕਾਂਗਰਸੀ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਕਿਹਾ ਕਿ ਲੋੜਵੰਦ ਪਰਿਵਾਰਾਂ ਦੀ ਸਹਾਇਤਾ ਕਰਨਾ ਤੇ ਉਨ੍ਹਾਂ ਦਾ ਫ੍ਰੀ ਇਲਾਜ ਕਰਨਾ ਬਹੁਤ ਵੱਡੀ ਸੇਵਾ ਹੈ ਜਿਸ ਵਾਸਤੇ ਮੈਂ ਇਸ ਪਰਿਵਾਰ ਦੇ ਮੁਖੀ ਸਾਬਕਾ ਸਰਪੰਚ ਸੁਰਜੀਤ ਸਿੰਘ ਤੇ ਸਰਪੰਚ ਮਨਜੀਤ ਕੌਰ ਦਾ ਉਚੇਚੇ ਤੌਰ ਤੇ ਧੰਨਵਾਦ ਕਰਨਾ ਚਾਹੁੰਦਾ ਹਾਂ ਜੋ ਹਰ ਸਾਲ ਆਪਣੇ ਭਰਾ ਤੇ ਪਤੀ ਦੀ ਬਰਸੀ 'ਤੇ ਮੈਡੀਕਲ ਕੈਂਪ ਲਾਉਂਦੇ ਤੇ ਬੱਚਿਆਂ ਨੂੰ ਫ੍ਰੀ ਕਾਪੀਆਂ ਕਿਤਾਬਾਂ ਦਿੰਦੇ ਹਨ। ਸੱਚਰ ਨੇ ਕਿਹਾ ਕਿ ਅੱਜ ਸਮੇਂ ਦੀ ਲੋੜ ਹੈ ਕਿ ਅਸੀਂ ਪਿੰਡਾਂ ਵਿੱਚ ਵੀ ਜਿਹੜੇ ਸਾਡੇ ਨੌਜਵਾਨ ਬੱਚੇ ਨਸ਼ੇ ਦੀ ਦਲਦਲ ਵਿੱਚ ਫਸ ਗਏ ਹਨ ਉਨ੍ਹਾਂ ਦਾ ਵੀ ਡਾਕਟਰੀ ਇਲਾਜ ਕਰਵਾ ਕੇ ਠੀਕ ਕਰੀਏ ਤਾਂ ਜੋ ਉਹ ਵੀ ਆਪਣੇ ਪਰਿਵਾਰਾਂ ਵਿੱਚ ਸੁੱਖ ਦੀ ਜ਼ਿੰਦਗੀ ਬਤੀਤ ਕਰ ਸਕਣ।

ਇਸ ਮੌਕੇ ਉਨ੍ਹਾਂ ਦੇ ਨਾਲ ਮਜੀਠਾ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਨਵਦੀਪ ਸਿੰਘ ਸੋਨਾ, ਸਾਬਕਾ ਸਰਪੰਚ ਸੁਰਜੀਤ ਸਿੰਘ, ਸਾਬਕਾ ਸਰਪੰਚ ਮਨਜੀਤ ਕੌਰ, ਅਵਤਾਰ ਸਿੰਘ, ਜਸਲਾਇਕ ਸਿੰਘ, ਰਣਜੀਤ ਸਿੰਘ ਭੈਣੀ ਲਿੱਧੜ, ਲਵਪ੍ਰੀਤ ਸਿੰਘ, ਗੁਰਭੇਜ ਸਿੰਘ, ਬਲਵਿੰਦਰ ਕੌਰ ਤੇ ਬਲਜਿੰਦਰ ਸਿੰਘ ਮੈਂਬਰ ਵੀ ਹਾਜ਼ਰ ਸਨ।

# ਜ਼ਿਲਾ ਪੱਧਰੀ ਟੀਮ ਵੱਲੋਂ ਬਲਾਕ ਫਤਿਹਗੜ੍ਹ ਚੂੜੀਆਂ ਦੇ ਬੀਜ ਵਿਕ੍ਰੇਤਾਵਾਂ ਦੀਆਂ ਦੁਕਾਨਾਂ ਦੀ ਚੈਕਿੰਗ



ਫਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਕਿਸਾਨਾਂ ਨੂੰ ਮਿਆਰੀ ਖੇਤੀ ਸਮੱਗਰੀ ਖਾਸ ਕਰਕੇ ਝੋਨੇ ਦੀਆਂ ਸੁਧਰੀਆਂ ਕਿਸਮਾਂ ਉਪਲਬਧ ਕਰਵਾਉਣ ਦੇ ਮਕਸਦ ਨਾਲ ਜ਼ਿਲਾ ਪੱਧਰੀ ਟੀਮ ਵੱਲੋਂ ਬਲਾਕ ਫਤਿਹਗੜ੍ਹ ਚੂੜੀਆਂ ਦੇ ਬੀਜ ਵਿਕ੍ਰੇਤਾਵਾਂ ਦੀਆਂ ਦੁਕਾਨਾਂ ਦੀ ਚੈਕਿੰਗ ਕੀਤੀ ਗਈ।ਮੁੱਖ ਖੇਤੀਬਾੜੀ ਅਫ਼ਸਰ ਡਾ. ਅਮਰੀਕ ਸਿੰਘ ਦੀ ਅਗਵਾਈ ਵਾਲੀ ਟੀਮ ਵਿਚ ਡਾ. ਮਨਪ੍ਰੀਤ ਸਿੰਘ ਖ਼ੇਤੀਬਾੜੀ ਅਫ਼ਸਰ (ਪੌਦ ਸੁਰੱਖਿਆ) ਡਾ. ਰਵਿੰਦਰ ਸਿੰਘ ਖ਼ੇਤੀਬਾੜੀ ਵਿਕਾਸ ਅਫ਼ਸਰ ਸ਼ਾਮਿਲ ਸਨ। ਚੈਕਿੰਗ ਦੌਰਾਨ ਕਿਸੇ ਵੀ ਬੀਜ ਵਿਕ੍ਰੇਤਾ ਕੋਲ ਪਾਬੰਦੀ ਸ਼ੁਦਾ ਬੀਜ ਨਹੀਂ ਪਾਇਆ ਗਿਆ।ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਪੰਜਾਬ ਸਰਕਾਰ ਵਲੋਂ ਪੂਸਾ 44 ਅਤੇ ਹਾਈਬ੍ਰਿਡ ਕਿਸਮਾਂ ਦੀ ਲਵਾਈ ਕਰਨ ਲਗਾਈ ਪਾਬੰਦੀ ਹੋਣ ਕਾਰਨ ਇਨਾਂ ਕਿਸਮਾਂ ਦੇ ਬੀਜ ਦੀ ਵਿਕਰੀ ਨਹੀਂ ਕਰ ਸਕਦਾ।ਉਨ੍ਹਾਂ ਕਿਹਾ ਕਿ ਜੇਕਰ ਕੋਈ ਬੀਜ ਵਿਕ੍ਰੇਤਾ ਪਾਬੰਦੀਸ਼ੁਦਾ ਕਿਸਮਾਂ ਦੀ ਵਿਕਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।ਉਨ੍ਹਾਂ ਕਿਹਾ ਕਿ ਪੰਜਾਬ ਯੂਨੀਵਰਸਿਟੀ ਲੁਧਿਆਣਾ ਅਤੇ ਖੇਤੀਬਾੜੀ ਵਿਭਾਗ ਵੱਲੋਂ ਪ੍ਰਵਾਨਿਤ ਪੀਆਰ 121,122, ਪੀਆਰ 126,128,129,130, ਐੱਚਕੇਆਰ 47, ਪੀਆਰ 131 ਅਤੇ 132 ਕਿਸਮਾਂ ਦੀ ਬਿਜਾਈ ਕਰਨ ਲਈ ਜਾਗਰੂਕ ਕੀਤਾ ਜਾ ਰਿਹਾ ਹੈ।ਉਨ੍ਹਾਂ ਕਿਹਾ ਕਿ ਇਹ ਕਿਸਮਾਂ ਪਾਣੀ ਦੀ ਬੱਚਤ ਲਈ ਵਧੇਰੇ ਕਾਰਗਰ ਹਨ ਅਤੇ ਪਰਾਲੀ ਦੀ ਸੰਭਾਲ ਕਰਨੀ ਵੀ ਸੌਖੀ ਹੁੰਦੀ ਹੈ।ਉਨ੍ਹਾਂ ਬੀਜ ਵਿਕ੍ਰੇਤਾਵਾਂ ਨੂੰ ਇਹ ਵੀ ਹਦਾਇਤ ਕੀਤੀ ਕਿ ਕਿਸਾਨਾਂ ਨੂੰ ਬੀਜ ਦੀ ਵਿਕਰੀ ਕਰਨ ਉਪਰੰਤ ਬਿੱਲ ਜ਼ਰੂਰ ਦਿੱਤਾ ਜਾਵੇ।ਉਨ੍ਹਾਂ ਨੇ ਕਿਹਾ ਕਿ ਇਸ ਵਾਰ ਜ਼ਿਲਾ ਗੁਰਦਾਸਪੁਰ ਅੰਦਰ ਝੋਨੇ ਦੀ ਲਵਾਈ ਦਾ ਸਮਾ 5 ਜੂਨ ਤੋਂ ਨਿਰਧਾਰਤ ਕੀਤਾ ਗਿਆ ਹੈ।ਉਨ੍ਹਾਂ ਕਿਹਾ ਕਿ ਸਮੂਹ ਬੀਜ ਵਿਕਰੇਤਾਵਾਂ ਨੂੰ ਹਦਾਇਤ ਕੀਤੀ ਕਿ ਹਰੇਕ ਕਿਸਾਨ ਨੂੰ ਬੀਜ ਦੀ ਵਿਕਰੀ ਕਰਨ ਉਪਰੰਤ ਬਿੱਲ ਹਰ ਹਾਲਤ ਵਿੱਚ ਕੱਟ ਕੇ ਦਿੱਤਾ ਜਾਵੇ ਅਤੇ ਜੇਕਰ ਕੋਈ ਬੀਜ ਵਿਕ੍ਰੇਤਾ ਬਿੱਲ ਦੇਣ ਤੋਂ ਬਗੈਰ ਬੀਜ ਦੀ ਵਿਕਰੀ ਕਰਦਾ ਪਾਇਆ ਗਿਆ ਤਾਂ ਉਸ ਖਿਲਾਫ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ ਜਿਸ ਵਿਚ ਲਾਇਸੰਸ ਮੁਅੱਤਲ ਵੀ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਪੀ ਆਰ 126 ਝੋਨੇ ਦੀ ਕਿਸਮ ਦੀ ਪਨੀਰੀ ਦੀ ਬਿਜਾਈ 15-20 ਮਈ ਤੋਂ ਬਾਅਦ ਕੀਤੀ ਜਾਵੇ।

# ਮੁਕੇਸ਼ ਵਰਮਾ ਤੇ ਸਰਵਣ ਸਿੰਘ ਧੰਦਲ ਵੱਲੋਂ ਨਸ਼ਾ ਛੁਡਾਊ ਕੇਂਦਰ ਗੁਰਦਾਸਪੁਰ ਦਾ ਦੌਰਾ

## *ਮਰੀਜ਼ਾਂ ਨੂੰ ਨਸ਼ਾ ਛੱਡਣ ਦਾ ਦ੍ਰਿੜ੍ਹ ਇਰਾਦਾ ਕਰਨ ਲਈ ਕੀਤਾ ਪ੍ਰੇਰਿਤ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ, ਜਗਤ ਪੰਜਾਬੀ ਸਭਾ ਕੈਨੇਡਾ ਦੀ ਸੂਬਾ ਇਕਾਈ ਨੇ ਮੰਗਲਵਾਰ ਨੂੰ ਜਗਤ ਪੰਜਾਬੀ ਸਭਾ ਦੇ ਪ੍ਰਧਾਨ ਮੁਕੇਸ਼ ਵਰਮਾ ਦੀ ਅਗਵਾਈ ਹੇਠ ਰੈੱਡ ਕਰਾਸ ਡੀ-ਅਡਿਕਸ਼ਨ ਸੈਂਟਰ, ਗੁਰਦਾਸਪੁਰ ਦਾ ਦੌਰਾ ਕੀਤਾ।ਇਸ ਮੌਕੇ ਉਨ੍ਹਾਂ ਨਾਲ ਉਪ ਪ੍ਰਧਾਨ ਸਰਵਣ ਸਿੰਘ ਧੰਦਲ ਵੀ ਮੌਜੂਦ ਸਨ।ਇਸ ਮੌਕੇ ਉਨ੍ਹਾਂ ਨੇ ਡੀ-ਅਡਿਕਸ਼ਨ ਸੈਂਟਰ ਦੇ ਡਾਇਰੈਕਟਰ, ਰਾਸ਼ਟਰੀ ਪੁਰਸਕਾਰ ਜੇਤੂ ਰੋਮੇਸ਼ ਮਹਾਜਨ ਨੂੰ ਉਨ੍ਹਾਂ ਦੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨਿਤ ਕੀਤਾ।ਉਨ੍ਹਾਂ ਨੇ ਕੇਂਦਰ ਵਿੱਚ ਆਏ ਮਰੀਜ਼ਾਂ ਨੂੰ ਨਸ਼ੇ ਦੀ ਬਿਮਾਰੀ ਤੋਂ ਛੁਟਕਾਰਾ ਪਾਉਣ ਲਈ ਨਸ਼ਾ ਛੱਡਣ ਅਤੇ ਇੱਕ ਚੰਗਾ ਅਤੇ ਸਿਹਤਮੰਦ ਜੀਵਨ ਜਿਉਣ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਨਸ਼ਾ ਸਾਡੇ ਸਮਾਜ ਨੂੰ ਦੀਮਕ ਵਾਂਗ ਖੋਖਲਾ ਕਰ ਰਿਹਾ ਹੈ।ਜੇਕਰ ਨਸ਼ਾ ਛੁਡਾਊ ਕੇਂਦਰ ਵਿੱਚ ਪਹੁੰਚਣ ਵਾਲੇ ਮਰੀਜ਼ ਆਪਣਾ ਮਨ ਬਣਾ ਲੈਣ ਤਾਂ ਉਹ ਨਸ਼ਾ ਛੱਡ ਸਕਣਗੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਮਾਜ ਵਿੱਚੋਂ ਨਸ਼ੇ ਦੀ ਲਾਹਨਤ ਨੂੰ ਖਤਮ ਕਰਨ ਲਈ ਜੰਗੀ ਪੱਧਰ 'ਤੇ ਯਤਨ ਕਰ ਰਹੀ ਹੈ ਜਿਸ ਕਾਰਨ ਅਜਿਹੇ ਮਰੀਜ਼ ਜਿਨ੍ਹਾਂ ਨੇ ਗਲਤ ਲੋਕਾਂ ਦੇ ਪ੍ਰਭਾਵ ਹੇਠ ਆ ਕੇ ਆਪਣੀ ਜਵਾਨੀ ਬਰਬਾਦ ਕਰ ਲਈ ਹੈ, ਉਨ੍ਹਾਂ ਦਾ ਨਸ਼ਾ ਛੁਡਾਊ ਕੇਂਦਰਾਂ ਵਿੱਚ ਸਭ ਤੋਂ ਵਧੀਆ ਤਰੀਕੇ ਨਾਲ ਇਲਾਜ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਰੋਮੇਸ਼ ਮਹਾਜਨ ਦੀ ਅਗਵਾਈ ਹੇਠ ਸਮੇਂ-ਸਮੇਂ ਤੇ ਅਜਿਹੇ ਮਰੀਜ਼ਾਂ ਨੂੰ ਨਸ਼ਾ ਛੱਡਣ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਜਿਸ ਦੇ ਨਤੀਜੇ ਵਜੋਂ ਬਹੁਤ ਸਾਰੇ ਨੌਜਵਾਨ ਠੀਕ ਹੋ ਕੇ ਆਪਣੇ ਪਰਿਵਾਰਾਂ ਅਤੇ ਸਮਾਜ ਨਾਲ ਰਹਿ ਰਹੇ ਹਨ। ਉਨ੍ਹਾਂ ਕਿਹਾ ਕਿ ਕਿਸੇ ਦੇਸ਼ ਨੂੰ ਤਬਾਹ ਕਰਨ ਲਈ ਵਿਦੇਸ਼ੀ ਤਾਕਤਾਂ ਨਸ਼ਿਆਂ ਵਰਗੇ ਹਥਿਆਰਾਂ ਦੀ ਵਰਤੋਂ ਕਰਦੀਆਂ ਹਨ ਪਰ ਜੋ ਨੌਜਵਾਨ ਆਪਣੇ ਦੇਸ਼ ਅਤੇ ਮਾਪਿਆਂ ਨੂੰ ਪਿਆਰ ਕਰਦਾ ਹੈ, ਉਹ ਅਜਿਹੀਆਂ ਬੁਰਾਈਆਂ ਨੂੰ ਆਪਣੇ ਤੋਂ ਦੂਰ ਰੱਖ ਕੇ ਚੰਗੀ ਜ਼ਿੰਦਗੀ ਜਿਉਂਦਾ ਹੈ।ਇਸ ਮੌਕੇ ਨੈਸ਼ਨਲ ਐਵਾਰਡੀ ਰੋਮੇਸ਼ ਮਹਾਜਨ ਨੇ ਸੰਸਥਾ ਦੇ ਪ੍ਰਧਾਨ ਮੁਕੇਸ਼ ਵਰਮਾ ਅਤੇ ਉਪ ਪ੍ਰਧਾਨ ਸਰਵਣ ਸਿੰਘ ਧੰਦਲ ਦਾ ਧੰਨਵਾਦ ਕੀਤਾ ਅਤੇ ਭਵਿੱਖ ਵਿੱਚ ਵੀ ਇਸੇ ਤਰ੍ਹਾਂ ਸਮਾਜ ਦੀ ਸੇਵਾ ਕਰਨ ਅਤੇ ਨੌਜਵਾਨਾਂ ਨੂੰ ਇਸ ਬੁਰਾਈ ਤੋਂ ਦੂਰ ਰੱਖਣ ਲਈ ਹਰ ਸੰਭਵ ਯਤਨ ਕਰਨ ਦਾ ਭਰੋਸਾ ਦਿੱਤਾ ਜਿਸ ਲਈ ਜਗਤ ਪੰਜਾਬੀ ਸਭਾ ਦੀ ਸੂਬਾ ਇਕਾਈ ਨੇ ਉਨ੍ਹਾਂ ਦੀ ਭਰਪੂਰ ਪ੍ਰਸ਼ੰਸਾ ਕੀਤੀ।



# ਗੁਰਦਾਸਪੁਰ ਜ਼ਿਲ੍ਹਾ ਪੁਲਸ ਵੱਲੋਂ ਵੱਖ-ਵੱਖ ਮਾਮਲਿਆਂ ਤਹਿਤ ਭਗੌੜੇ ਸਮੇਤ 10 ਦੋਸ਼ੀ ਗ੍ਰਿਫਤਾਰ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਪੁਲਸ ਜ਼ਿਲ੍ਹਾ ਗੁਰਦਾਸਪੁਰ ਦੇ ਐੱਸਐੱਸਪੀ ਅਦਿੱਤਿਆ ਵੱਲੋਂ ਜਾਰੀ ਪ੍ਰੈੱਸ ਬਿਆਨ ਵਿੱਚ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਵੱਲੋਂ ਐਲਾਨੇ ਯੁੱਧ ਨਸ਼ੇ ਦੇ ਵਿਰੁੱਧ ਮੁਹਿੰਮ ਤਹਿਤ ਮਾਨਯੋਗ ਡਾਇਰੈਕਟਰ ਜਨਰਲ ਪੁਲਸ, ਪੰਜਾਬ ਅਤੇ ਮਾਨਯੋਗ ਡਿਪਟੀ ਇੰਸਪੈਕਟਰ ਜਨਰਲ ਪੁਲਸ, ਬਾਰਡਰ ਰੇਂਜ, ਅੰਮ੍ਰਿਤਸਰ ਵੱਲੋਂ ਦਿੱਤੇ ਗਏ ਦਿਸ਼ਾ-ਨਿਰਦੇਸ਼ਾ ਅਨੁਸਾਰ ਥਾਣਾ ਦੀਨਾਨਗਰ ਪੁਲਸ ਵੱਲੋਂ ਅਮਰ ਨੂੰ ਕਾਬੂ ਕਰਕੇ ਉਸ ਪਾਸੋਂ 06 ਗ੍ਰਾਮ ਹੈਰੋਇਨ ਅਤੇ 900 ਰੁਪਏ ਡਰੱਗ ਮਨੀ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21(ਬੀ)/27(ਏ)-61-85 ਐੱਨਡੀਪੀਐੱਸ ਐਕਟ ਥਾਣਾ ਦੀਨਾਨਗਰ ਵਿਖੇ ਦਰਜ ਰਜਿਸਟਰ ਕੀਤਾ ਗਿਆ।ਇਸ ਤੋਂ ਇਲਾਵਾ 02 ਵੱਖ-ਵੱਖ ਮੁਕੱਦਮਿਆਂ ਵਿੱਚ 03 ਔਰਤਾਂ ਨੂੰ ਗ੍ਰਿਫਤਾਰ ਕਰਕੇ ਉਨਾਂ ਪਾਸੋਂ 97500 ਐੱਮ.ਐੱਲ. ਨਜ਼ਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ ਤੇ ਉਕਤਾਂ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਦੀਨਾਨਗਰ ਵਿਖੇ ਦਰਜ ਰਜਿਸਟਰ ਕੀਤੇ ਗਏ। ਥਾਣਾ ਬਹਿਰਾਮਪੁਰ ਵਿਖੇ ਦੋਸ਼ੀ ਬੀਰਬਲ ਉਰਫ ਰਿੰਕਾ ਨੂੰ ਕਾਬੂ ਕਰਕੇ ਉਸ ਪਾਸੋਂ 45 ਨਸ਼ੀਲੀਆ ਗੋਲੀਆਂ ਬ੍ਰਾਮਦ ਕੀਤੀਆਂ ਗਈਆਂ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 22-61-85 ਐੱਨਡੀਪੀਐੱਸ ਐਕਟ ਥਾਣਾ ਬਹਿਰਾਮਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਇਸ ਤੋਂ ਇਲਾਵਾ ਪਵਨ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 6750 ਐੱਮ. ਐੱਲ. ਨਜ਼ਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਬਹਿਰਾਮਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ।ਥਾਣਾ ਸਿਟੀ ਗੁਰਦਾਸਪੁਰ ਵਿਖੇ ਹਿਤੇਸ਼ ਸ਼ਰਮਾ ਨੂੰ ਕਾਬੂ ਕਰਕੇ ਉਸ ਪਾਸੋਂ 08 ਗ੍ਰਾਮ 12 ਮਿਲੀਗ੍ਰਾਮ ਹੈਰੋਇਨ ਬ੍ਰਾਮਦ ਹੋਈ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 21-61-85 ਐੱਨਡੀਪੀਐੱਸ ਐਕਟ ਥਾਣਾ ਸਿਟੀ ਗੁਰਦਾਸਪੁਰ ਵਿਖੇ ਦਰਜ ਰਜਿਸਟਰ ਕੀਤਾ ਗਿਆ। ਥਾਣਾ ਦੋਰਾਂਗਲਾ ਵਿਖੇ ਇੱਕ ਔਰਤ ਨੂੰ ਕਾਬੂ ਕਰਕੇ ਉਸ ਪਾਸੋਂ 11,250 ਐਮ. ਐਲ. ਨਜ਼ਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ ਤੇ ਦੋਸ਼ਣ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਦੋਰਾਂਗਲਾ ਵਿਖੇ ਦਰਜ ਰਜਿਸਟਰ ਕੀਤਾ ਗਿਆ।ਥਾਣਾ ਤਿੱਬੜ ਵਿਖੇ ਅਸ਼ੋਕ ਕੁਮਾਰ ਨੂੰ ਕਾਬੂ ਕਰਕੇ ਉਸ ਪਾਸੋਂ 7500 ਐੱਮ. ਐੱਲ. ਨਜ਼ਾਇਜ ਸ਼ਰਾਬ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਤਿੱਬੜ ਵਿਖੇ ਦਰਜ ਰਜਿਸਟਰ ਕੀਤਾ ਗਿਆ।ਥਾਣਾ ਕਲਾਨੌਰ ਵਿਖੇ ਗੁਰਪ੍ਰੀਤ ਸਿੰਘ ਨੂੰ ਕਾਬੂ ਕਰਕੇ ਉਸ ਪਾਸੋਂ 7500 ਐੱਮ. ਐੱਲ. ਨਜ਼ਾਇਜ਼ ਸ਼ਰਾਬ ਬ੍ਰਾਮਦ ਕੀਤੀ, ਜਿਸ ਤੇ ਦੋਸ਼ੀ ਦੇ ਖਿਲਾਫ ਮੁਕੱਦਮਾ ਬਾ-ਜੁਰਮ 61-1-14 ਆਬਕਾਰੀ ਐਕਟ ਤਹਿਤ ਥਾਣਾ ਕਲਾਨੌਰ ਵਿਖੇ ਦਰਜ ਰਜਿਸਟਰ ਕੀਤਾ ਗਿਆ।ਇਸ ਤੋਂ ਇਲਾਵਾ ਬਲਵਿੰਦਰ ਕੁਮਾਰ ਜੋ ਜੁਰਮ 420 ਭ:ਦ: ਥਾਣਾ ਸਿਟੀ ਗੁਰਦਾਸਪੁਰ ਵਿੱਚ ਮਾਨਯੋਗ ਅਦਾਲਤ ਵੱਲੋਂ ਭਗੌੜਾ ਕਰਾਰ ਕੀਤਾ ਗਿਆ ਸੀ, ਨੂੰ 29.04.2025 ਨੂੰ ਗ੍ਰਿਫਤਾਰ ਕੀਤਾ ਗਿਆ।

# ਜ਼ਿਲ੍ਹਾ ਮੰਡੀਆਂ 'ਚ ਖਰੀਦੀ 424225 ਮੀਟਰਿਕ ਟਨ ਕਣਕ ਦਾ 966.69 ਕਰੋੜ ਰੁਪਏ ਕੀਤਾ ਭੁਗਤਾਨ : ਡੀ ਸੀ

ਗੁਰਦਾਸਪੁਰ (ਜਨਕ ਮਹਾਜਨ)-ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਨਿਰਵਿਘਨ ਜਾਰੀ ਹੈ ਅਤੇ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 424225 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ।ਕਿਸਾਨਾਂ ਦੀ ਫ਼ਸਲ ਖ਼ਰੀਦਣ ਤੋਂ ਬਾਅਦ 24 ਘੰਟੇ ਦੇ ਅੰਦਰ-ਅੰਦਰ ਫ਼ਸਲ ਦੀ ਅਦਾਇਗੀ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 966.69 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਨੂੰ ਕੀਤਾ ਜਾ ਚੁੱਕਾ ਹੈ।ਜ਼ਿਲ੍ਹਾ ਗੁਰਦਾਸਪੁਰ ਵਿੱਚ ਚੱਲ ਰਹੀ ਕਣਕ ਦੀ ਖ਼ਰੀਦ ਬਾਰੇ ਜਾਣਕਾਰੀ ਦਿੰਦਿਆਂ ਡਿਪਟੀ ਕਮਿਸ਼ਨਰ ਗੁਰਦਾਸਪੁਰ ਸ੍ਰੀ ਦਲਵਿੰਦਰਜੀਤ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਤੱਕ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ 455976 ਮੀਟਰਿਕ ਟਨ ਕਣਕ ਦੀ ਆਮਦ ਹੋਈ ਸੀ, ਜਿਸ ਵਿੱਚੋਂ 424225 ਮੀਟਰਿਕ ਟਨ ਕਣਕ ਖ਼ਰੀਦੀ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਖ਼ਰੀਦ ਏਜੰਸੀ ਪਨਗਰੇਨ ਨੇ 122776 ਮੀਟਰਿਕ ਟਨ, ਮਾਰਕਫੈੱਡ ਨੇ 117094 ਮੀਟਰਿਕ ਟਨ, ਪਨਸਪ ਨੇ 100486 ਮੀਟਰਿਕ ਟਨ, ਪੰਜਾਬ ਸਟੇਟ ਵੇਅਰ ਹਾਊਸ ਕਾਰਪੋਰੇਸ਼ਨ ਨੇ 63675 ਮੀਟਰਿਕ ਟਨ ਅਤੇ ਐਫ਼ਸੀਆਈ ਨੇ 17652 ਮੀਟਰਿਕ ਟਨ ਕਣਕ ਖ਼ਰੀਦੀ ਹੈ।ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਕਿਸਾਨਾਂ ਨੂੰ ਖ਼ਰੀਦੀ ਗਈ ਕਣਕ ਦੀ ਅਦਾਇਗੀ ਵੀ ਨਾਲ ਦੀ ਨਾਲ ਕੀਤੀ ਜਾ ਰਹੀ ਹੈ ਅਤੇ ਬੀਤੀ ਸ਼ਾਮ ਤੱਕ 966.69 ਕਰੋੜ ਰੁਪਏ ਦੀ ਰਾਸ਼ੀ ਦਾ ਭੁਗਤਾਨ ਕਿਸਾਨਾਂ ਦੇ ਬੈਂਕ ਖਾਤਿਆਂ ਵਿੱਚ ਕੀਤਾ ਜਾ ਚੁੱਕਾ ਹੈ।ਉਨ੍ਹਾਂ ਦੱਸਿਆ ਕਿ ਬੀਤੀ ਸ਼ਾਮ ਤੱਕ 149185 ਮੀਟਰਿਕ ਟਨ ਕਣਕ ਦੀ ਲਿਫ਼ਟਿੰਗ ਕੀਤੀ ਜਾ ਚੁੱਕੀ ਹੈ। ਉਨ੍ਹਾਂ ਕਿਹਾ ਕਿ ਅੱਜ ਸਵੇਰ ਤੋਂ ਹੀ ਲਿਫ਼ਟਿੰਗ ਦਾ ਕੰਮ ਤੇਜ਼ੀ ਨਾਲ ਜਾਰੀ ਹੈ।ਜ਼ਿਲ੍ਹੇ ਵਿੱਚ ਕਣਕ ਦੀ ਖ਼ਰੀਦ ਲਈ 92 ਮੰਡੀਆਂ ਬਣਾਈਆਂ ਗਈਆਂ ਹਨ, ਜਦਕਿ 2 ਆਰਜ਼ੀ ਖ਼ਰੀਦ ਕੇਂਦਰ ਸਥਾਪਿਤ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਸਾਰੀਆਂ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਅਤੇ ਲਿਫ਼ਟਿੰਗ ਨਿਰਵਿਘਨ ਚੱਲ ਰਹੀ ਹੈ।

# ਸਰਹੱਦੀ ਪਿੰਡ ਮੋਦੇ ਵਿਖੇ ਜ਼ਿਲ੍ਹਾ ਪ੍ਰਸ਼ਾਸਨ ਨੇ ਨਸ਼ਾ ਤਸਕਰ ਦਾ ਘਰ ਕੀਤਾ ਢਹਿ-ਢੇਰੀ



ਅੰਮ੍ਰਿਤਸਰ, (ਨਰਿੰਦਰ ਜੀਤ ਸਿੰਘ)-ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਰਾਜ ਭਰ ਵਿੱਚ ਨਸ਼ਾ ਮੁਕਤੀ ਲਈ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਵੱਡੀ ਕਾਰਵਾਈ ਕਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੇ ਸਰਹੱਦੀ ਪਿੰਡ ਮੋਦੇ ਦੇ ਨਸ਼ਾ ਤਸਕਰ ਰਣਜੀਤ ਸਿੰਘ ਦਾ ਘਰ ਜੇਸੀਬੀ ਮਸ਼ੀਨਾਂ ਨਾਲ ਢਾਹ ਦਿੱਤਾ।ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕੇ ਦੇ ਲੋਕ ਅਤੇ ਪੁਲਸ ਵੀ ਹਾਜ਼ਰ ਸੀ।ਜ਼ਿਲਾ ਪੁਲਸ ਮੁਖੀ ਸ ਮਨਿੰਦਰ ਸਿੰਘ ਨੇ ਨਸ਼ਾ ਤਸਕਰਾਂ ਨੂੰ ਚਿਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੋ ਵੀ ਵਿਅਕਤੀ ਲੋਕਾਂ ਦੀਆਂ ਜ਼ਿੰਦਗੀਆਂ ਬਰਬਾਦ ਕਰਦਾ ਹੈ, ਉਸ ਨਾਲ ਕੋਈ ਲਿਹਾਜ਼ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਅਜਿਹੇ ਵਿਅਕਤੀ ਜੋ ਨਸ਼ਾ ਤਸਕਰੀ ਦੇ ਧੰਦੇ ਵਿੱਚ ਸ਼ਾਮਿਲ ਹਨ ਜਾਂ ਤਾਂ ਇਹ ਨਾਜਾਇਜ਼ ਕੰਮ ਛੱਡ ਕੇ ਮੁੱਖ ਧਾਰਾ ਵਿੱਚ ਪਰਤ ਆਉਣ ਨਹੀਂ ਤਾਂ ਉਨ੍ਹਾਂ ਦੇ ਨਾਲ ਵੀ ਇਹੀ ਕੁਝ ਹੋਵੇਗਾ।ਇਸ ਮੌਕੇ ਪਹੁੰਚੇ ਐੱਸਪੀਡੀ ਅਦਿਤਿਆ ਵਾਰੀਅਰ ਨੇ ਦੱਸਿਆ ਕਿ ਉਕਤ ਨਸ਼ਾ ਤਸਕਰ ਰਣਜੀਤ ਸਿੰਘ ਪੁੱਤਰ ਦਲਬੀਰ ਸਿੰਘ ਵਾਸੀ ਮੋਦੇ ਥਾਣਾ ਘਰਿੰਡਾ ਖਿਲਾਫ ਵੱਖ-ਵੱਖ ਥਾਣਿਆਂ ਵਿੱਚ 12 ਕੇਸ ਦਰਜ ਹਨ, ਜਿਸ ਵਿੱਚੋਂ ਛੇ ਕੇਸ ਐੱਨਡੀਪੀਐੱਸ ਐਕਟ ਅਧੀਨ ਹਨ। ਉਨ੍ਹਾਂ ਦੱਸਿਆ ਕਿ ਇਹ ਪਿਛਲੇ ਲੰਮੇ ਸਮੇਂ ਤੋਂ ਅਪਰਾਧ ਦੀ ਦੁਨੀਆ ਵਿੱਚ ਵਿਚਰ ਰਿਹਾ ਹੈ ਅਤੇ ਸੰਨ 2012 ਤੋਂ ਲੈ ਕੇ ਹੁਣ ਤੱਕ ਇਸ ਖਿਲਾਫ ਅੰਮ੍ਰਿਤਸਰ ਸ਼ਹਿਰ, ਡੀਆਰਆਈ ਅੰਮ੍ਰਿਤਸਰ, ਥਾਣਾ ਅਜਨਾਲਾ, ਐੱਸਐੱਸਓਸੀ ਅੰਮ੍ਰਿਤਸਰ, ਥਾਣਾ ਲੋਪੋਕੇ, ਥਾਣਾ ਡਵੀਜ਼ਨ ਨੰਬਰ ਸੱਤ ਲੁਧਿਆਣਾ, ਥਾਣਾ ਘਰਿੰਡਾ, ਥਾਣਾ ਡਵੀਜ਼ਨ ਨੰਬਰ ਦੋ ਲੁਧਿਆਣਾ ਅਤੇ ਥਾਣਾ ਸਾਹਨੇਵਾਲ ਵਿੱਚ ਵੱਖ-ਵੱਖ ਐਕਟਾਂ ਅਧੀਨ ਕੇਸ ਦਰਜ ਹਨ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ ਵਿੱਢੇ ਯੁੱਧ ਤਹਿਤ ਜ਼ਿਲ੍ਹੇ ਭਰ ਵਿੱਚ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਜੰਗੀ ਪੱਧਰ ਉਤੇ ਚੱਲ ਰਹੀ ਹੈ।ਉਨ੍ਹਾਂ ਕਿਹਾ ਕਿ ਅਸੀਂ ਨਸ਼ਾ ਤਸਕਰਾਂ ਲਈ ਦੀਵਾਰ ਬਣ ਕੇ ਖੜੇ ਹਾਂ ਅਤੇ ਜੋ ਵਿਅਕਤੀ ਨਸ਼ਾ ਪੀਂਦੇ ਹਨ ਉਹਨਾਂ ਨੂੰ ਇਸ ਦਾ ਰੋਗੀ ਜਾਣ ਕੇ ਇਲਾਜ ਕਰਵਾਇਆ ਜਾ ਰਿਹਾ ਹੈ।

30 Apr Page-12.qxd 4/29/2025 10:58 PM Page 1



## ਪੁਲਸ ਵੱਲੋਂ 4 ਵਿਅਕਤੀਆਂ ਪਾਸੋਂ ਨਸ਼ਾ ਤੇ ਹਥਿਆਰਾਂ ਦੀ ਵੱਡੀ ਬਰਾਮਦਗੀ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਕ੍ਰਿਸ਼ਨ ਗਰਗ)** ਸ਼੍ਰੀ ਦੀਪਕ ਪਾਰਿਕ ਆਈ.ਪੀ.ਐਸ. ਸੀਨੀਅਰ ਕਪਤਾਨ ਪੁਲਸ, ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਪ੍ਰੈਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਗੌਰਵ ਯਾਦਵ ਆਈ.ਪੀ.ਐਸ. ਡੀ.ਜੀ.ਪੀ. ਪੰਜਾਬ ਅਤੇ ਹਰਚਰਨ ਸਿੰਘ ਭੁੱਲਰ ਆਈ.ਪੀ.ਐਸ. ਡੀ.ਆਈ.ਜੀ. ਰੋਪੜ ਰੇਂਜ, ਰੋਪੜ ਦੇ ਦਿਸ਼ਾ ਨਿਰਦੇਸ਼ਾਂ ਤੇ ਮੋਹਾਲੀ ਪੁਲਸ ਵੱਲੋਂ ਮਾੜੇ ਅਨਸਰਾਂ ਅਤੇ ਨਸ਼ਾ ਤਸਕਰਾਂ ਵਿਰੁੱਧ ਕਾਰਵਾਈ ਕਰਦੇ ਹੋਏ 04 ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਪਾਸੋਂ 211 ਗ੍ਰਾਮ ਹੈਰੋਇਨ, 08 ਲੱਖ 10 ਹਜ਼ਾਰ ਰੁਪਏ ਡਰੱਗ ਮਨੀ, 02 ਨਜਾਇਜ਼ ਹਥਿਆਰ .32 ਬੋਰ ਸਮੇਤ 11 ਕਾਰਤੂਸ, 05 ਕਾਰਤੂਸ 30 ਬੋਰ ਅਤੇ 02 ਗੱਡੀਆਂ ਬ੍ਰਾਮਦ ਕਰਾਉਣ ਵਿੱਚ ਸਫਲਤਾ ਹਾਸਲ ਕੀਤੀ ਹੈ। ਉਨ੍ਹਾਂ ਨੇ ਦੱਸਿਆ ਕਿ ਇਸ: ਹਰਮਿੰਦਰ ਸਿੰਘ ਇੰਚਾਰਜ ਸੀ.ਆਈ.ਏ. ਸਟਾਫ ਦੀ ਨਿਗਰਾਨੀ ਹੇਠ ਸੀ.ਆਈ.ਏ. ਦੀ ਟੀਮ ਨੇ ਸ਼ੱਕੀ ਪੁਰਸ਼ਾਂ ਦੀ ਤਲਾਸ਼ ਦੇ ਸਬੰਧ ਵਿੱਚ ਸੀ.ਪੀ.-67 ਮਾਲ ਸੈਕਟਰ-67 ਮੋਹਾਲੀ ਮੌਜੂਦ ਸੀ, ਜਿੱਥੇ ਕਿ ਸੀ.ਆਈ.ਏ. ਦੀ ਟੀਮ ਨੂੰ ਇਤਲਾਹ ਮਿਲੀ ਕਿ ਸਤਨਾਮ ਸਿੰਘ ਉਰਫ ਨਿੱਕੂ ਪੁੱਤਰ ਦਰਸ਼ਨ ਸਿੰਘ ਵਾਸੀ ਫੇਜ਼-1



ਮੋਹਾਲੀ, ਸੂਰਜ ਕੁਮਾਰ ਉਰਫ ਪਹਿਲਵਾਨ ਪੁੱਤਰ ਅਸ਼ੋਕ ਕੁਮਾਰ ਵਾਸੀ ਨੇੜੇ ਪਾਣੀ ਵਾਲੀ ਟੈਂਕੀ, ਸੋਹਾਣਾ ਅਤੇ ਸੁਖਵਿੰਦਰ ਸਿੰਘ ਉਰਫ ਸੁੱਖ ਪੁੱਤਰ ਬਲਵੀਰ ਸਿੰਘ ਵਾਸੀ ਪਿੰਡ ਗੁੜਾ ਥਾਣਾ ਨਕੋਦਰ, ਜ਼ਿਲ੍ਹਾ ਜਲੰਧਰ ਜਿਨ੍ਹਾਂ ਪਾਸ ਨਜਾਇਜ਼ ਹਥਿਆਰ ਹਨ, ਮੁਖਬਰੀ ਦੇ ਅਧਾਰ 'ਤੇ ਉਕਤ ਤਿੰਨੋਂ ਵਿਰੁੱਧ ਮੁਕੱਦਮਾ ਥਾਣਾ ਸੋਹਾਣਾ ਦਰਜ ਕੀਤਾ ਗਿਆ ਸੀ। ਜੋ ਤਿੰਨੋਂ ਦੋਸ਼ੀਆਂ ਨੂੰ ਸੀ.ਆਈ.ਏ. ਦੀ ਟੀਮ ਵੱਲੋਂ ਨੇੜੇ ਪਿੰਡ ਮੌਲੀ ਬੈਦਵਾਣ ਤੋਂ ਕਾਬੂ ਕੀਤਾ ਤਾਂ ਦੋਸ਼ੀਆਂ ਦੀ ਕਾਰ ਵਿੱਚੋਂ ਇੱਕ ਪਿਸਟਲ 32 ਬੋਰ ਸਮੇਤ 01 ਵਾਧੂ ਮੈਗਜ਼ੀਨ ਅਤੇ 05 ਜਿੰਦਾ ਕਾਰਤੂਸ ਅਤੇ 201 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਪੁੱਛਗਿੱਛ ਦੌਰਾਨ ਦੋਸ਼ੀ ਸਤਨਾਮ ਸਿੰਘ ਉਰਫ ਨਿੱਕੂ ਨੇ ਮੰਨਿਆ ਕਿ ਉਹ ਹੈਰੋਇਨ ਦੀ ਖੇਪ ਸੁਹੇਲ ਪੁੱਤਰ ਮੁਹੰਮਦ ਸ਼ਬੀਰ ਵਾਸੀ, ਝਾਮਪੁਰ ਬਲੌਂਗੀ ਤੋਂ ਲੈ ਕੇ ਆਉਂਦਾ ਹੈ। ਜਿਸ 'ਤੇ ਕਾਰਵਾਈ ਕਰਦੇ ਹੋਏ ਦੋਸ਼ੀ ਸੁਹੇਲ ਨੂੰ ਮੁਕੱਦਮਾ ਵਿੱਚ ਤੁਰੰਤ ਉਸਦੇ ਘਰ ਦੇ ਪਤੇ ਤੋਂ ਗ੍ਰਿਫਤਾਰ ਕੀਤਾ। ਜਿਸ ਪਾਸੋਂ ਵੀ ਇੱਕ ਪਿਸਟਲ .32 ਬੋਰ ਸਮੇਤ 06 ਕਾਰਤੂਸ, 05 ਕਾਰਤੂਸ .30 ਬੋਰ ਅਤੇ 08 ਲੱਖ 10 ਹਜ਼ਾਰ ਰੁਪਏ ਡਰੱਗ ਮਨੀ ਬ੍ਰਾਮਦ ਹੋਈ ਅਤੇ ਉਸਦੀ ਕਾਲੇ ਰੰਗ ਦੀ ਥਾਰ ਗੱਡੀ ਨੰ: 01-3251 ਵਿੱਚੋਂ 10 ਗ੍ਰਾਮ ਹੈਰੋਇਨ ਬ੍ਰਾਮਦ ਹੋਈ। ਉਨ੍ਹਾਂ ਇਹ ਵੀ ਦੱਸਿਆ ਕਿ ਇੰਚਾਰਜ ਸੀ.ਆਈ.ਏ. ਸਟਾਫ ਦੀ ਨਿਗਰਾਨੀ ਹੇਠ ਸੀ.ਆਈ.ਏ. ਦੀ ਟੀਮ ਨੇੜੇ ਗੇਟ ਨੰ: ਸਟੇਡ, ਖਰੜ ਵਿਖੇ ਹਰਮਿੰਦਰ ਕੁਮਾਰ ਪੁੱਤਰ ਰਾਜੇਸ਼ ਕੁਮਾਰ ਜੋ ਕਿ ਪਿੰਡ ਖੁਰਦਨਪੁਰ ਪੁਰਾ, ਜ਼ਿਲ੍ਹਾ ਬਰੇਲੀ, ਯੂ.ਪੀ. ਦਾ ਰਹਿਣ ਵਾਲਾ ਹੈ, ਨੂੰ ਕਾਬੂ ਕੀਤਾ। ਤਲਾਸ਼ੀ ਦੌਰਾਨ ਉਸ ਪਾਸੋਂ 01 ਨਜਾਇਜ਼ ਦੇਸੀ ਪਿਸਤੌਲ .315 ਬੋਰ ਸਮੇਤ 02 ਕਾਰਤੂਸ ਬ੍ਰਾਮਦ ਕੀਤੇ ਗਏ।

## ਸੀ ਪੀ ਆਈ ਐੱਮ ਐੱਲ ਨਿਊ ਡੈਮੋਕਰੇਸੀ ਵੱਲੋਂ ਰਾਜ ਭਰ 'ਚ ਪ੍ਰਦਰਸ਼ਨ




**ਜਲੰਧਰ (ਕੇਸਰ)** ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ) ਨਿਊ ਡੈਮੋਕਰੇਸੀ ਦੀ ਪੰਜਾਬ ਰਾਜ ਕਮੇਟੀ ਦੇ ਸੱਦੇ ਤਹਿਤ ਕਪੂਰਥਲਾ,ਜਲੰਧਰ, ਗੁਰਦਾਸਪੁਰ, ਸ਼ਹੀਦ ਭਗਤ ਸਿੰਘ ਨਗਰ ਤੋਂ ਇਲਾਵਾ ਮੋਗਾ, ਲੁਧਿਆਣਾ, ਫਰੀਦਕੋਟ,ਮੁਕਤਸਰ , ਸੰਗਰੂਰ, ਪਟਿਆਲਾ,ਰੋਪੜ ਸਮੇਤ ਪੰਜਾਬ ਭਰ ਵਿੱਚ ਜ਼ਿਲ੍ਹਾ ਪੱਧਰੀ ਇਕੱਠ ਕਰਕੇ ਕਸ਼ਮੀਰ ਦੇ ਪਹਿਲਗਾਮ ਕਤਲੇਆਮ 'ਚ ਅੱਤਵਾਦੀ ਹਮਲੇ 'ਚ ਸ਼ਹੀਦ ਹੋਏ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਉਪਰੰਤ ਪ੍ਰਦਰਸ਼ਨ ਕੀਤੇ ਗਏ ਅਤੇ ਪਹਿਲਗਾਮ ਮਾਮਲੇ ਦੀ ਉੱਚ ਪੱਧਰੀ ਨਿਰਪੱਖ ਜਾਂਚ ਕਰਵਾ ਕੇ ਇਸ ਪਿੱਛੇ ਦੀ ਸਾਜ਼ਿਸ਼ ਅਤੇ ਕਾਰਨਾਂ ਦਾ ਪਤਾ ਲਗਾ ਕੇ ਸੱਚ ਲੋਕਾਂ ਸਾਹਮਣੇ ਲਿਆਂਦਾ ਜਾਵੇ। ਪਾਰਟੀ ਦੇ ਸੀਨੀਅਰ ਆਗੂ ਕਾਮਰੇਡ ਅਜਮੇਰ ਸਿੰਘ ਨੇ ਕਿਹਾ ਕਿ ਕੇਂਦਰੀ ਸਰਕਾਰ ਵੱਲੋਂ ਜਦੋਂ ਦੇਸ਼ ਦੀ ਫੌਜ ਦਾ ਸਭ ਤੋਂ ਵੱਡਾ ਹਿੱਸਾ ਜੰਮੂ ਕਸ਼ਮੀਰ ਲਾਇਆ ਹੋਇਆ,ਚੱਪੇ ਚੱਪੇ 'ਤੇ ਸੁਰੱਖਿਆ ਤਾਇਨਾਤ ਹੋਵੇ ਫਿਰ ਵੀ ਇਨ੍ਹਾਂ ਵੱਡਾ ਅੱਤਵਾਦੀ ਹਮਲਾ ਹੋ ਜਾਵੇ, ਉਹ ਵੀ ਉਸ ਜਗ੍ਹਾ 'ਤੇ ਜਿੱਥੇ ਦੇਸ਼ ਅਤੇ ਦੁਨੀਆਂ ਭਰ ਦੇ ਯਾਤਰੀ ਘੁੰਮਣ ਲਈ ਆਉਂਦੇ ਹੋਣ ਤਾਂ ਇਹ ਹਮਲਾ ਹੋ ਜਾਣਾ ਸੁਰੱਖਿਆ ਦੇ ਮਾਮਲੇ 'ਚ ਬਹੁਤ ਵੱਡੀਆਂ ਉਣਤਾਈਆਂ ਹੋਣ ਦਾ ਸਵਾਲ ਖੜ੍ਹਾ ਕਰਦਾ ਹੈ। ਦੂਜਾ ਗੋਦੀ ਮੀਡੀਆ ਲਗਾਤਾਰ ਹਿੰਦੂ ਮੁਸਲਮਾਨ ਦਾ ਮਾਮਲਾ ਬਣਾਉਣ ਲਈ ਜ਼ਹਿਰ ਉਗਲ ਰਿਹਾ ਹੈ। ਜਿਸ ਦੀ ਜ਼ੋਰਦਾਰ ਨਿੰਦਿਆ ਕਰਨੀ ਬਣਦੀ ਹੈ। ਕਿਉਂਕਿ ਅਜਿਹੀ ਨਫਰਤ ਭਰੀਆਂ ਤਕਰੀਰਾਂ ਕਾਰਨ ਦੇਸ਼ ਅੰਦਰ ਕਸ਼ਮੀਰੀ ਵਿਦਿਆਰਥੀਆਂ ਤੇ ਮੁਸਲਮਾਨ ਲੋਕਾਂ 'ਤੇ ਹਮਲੇ ਵਧ ਗਏ ਹਨ। ਇਹਨਾਂ ਹਮਲਿਆਂ ਨੂੰ ਰੋਕਣ ਲਈ ਠੋਸ ਕਦਮ ਉਠਾਉਣੇ ਚਾਹੀਦੇ ਹਨ। ਪਾਰਟੀ ਨੇ ਮੰਗ ਕੀਤੀ ਕਿ ਭਾਰਤ ਪਾਕਿਸਤਾਨ ਦਰਮਿਆਨ ਬਣਾਇਆ ਜਾ ਰਿਹਾ ਜੰਗੀ ਮਾਹੌਲ ਖਤਮ ਕੀਤਾ ਜਾਵੇ ਅਤੇ ਆਪਸੀ ਗੱਲਬਾਤ ਸ਼ੁਰੂ ਕੀਤੀ ਜਾਵੇ, ਜੰਮੂ ਕਸ਼ਮੀਰ ਦੇ ਮਸਲੇ ਦਾ ਫੌਜੀ ਹੱਲ ਕਰਨ ਦੀ ਥਾਂ ਸਿਆਸੀ ਹੱਲ ਕੀਤਾ ਜਾਵੇ, ਪਹਿਲਗਾਮ ਦੀ ਵਾਪਰੀ ਘਟਨਾ ਦੀ ਉੱਚ ਪੱਧਰੀ ਨਿਰਪੱਖ ਜਾਂਚ ਕੀਤੀ ਜਾਵੇ, ਭਾਰਤ ਅਤੇ ਪਾਕਿਸਤਾਨ ਦੇ ਲੋਕਾਂ ਵਿੱਚ ਇੱਕ ਦੂਸਰੇ 'ਤੇ ਲਗਾਈਆਂ ਗਈਆਂ ਪਾਬੰਦੀਆਂ ਤੁਰੰਤ ਹਟਾਈਆਂ ਜਾਣ ਅਤੇ ਆਪਸੀ ਵਪਾਰ ਖੋਲ੍ਹਿਆ ਜਾਵੇ।ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਪਾਰਟੀ ਵੱਲੋਂ ਕਸ਼ਮੀਰ ਦੇ ਪਹਿਲਗਾਮ ਕਤਲੇਆਮ 'ਚ ਅੱਤਵਾਦੀ ਹਮਲੇ 'ਚ ਸ਼ਹੀਦ ਹੋਏ ਸੈਲਾਨੀਆਂ ਨੂੰ ਸ਼ਰਧਾਂਜਲੀ ਭੇਂਟ ਕਰਨ ਉਪਰੰਤ ਬੀ.ਐਮ.ਸੀ. ਚੌਕ ਤੱਕ ਪ੍ਰਦਰਸ਼ਨ ਕੀਤਾ ਗਿਆ। ਇਸ ਮੌਕੇ ਪਾਰਟੀ ਆਗੂ ਕਾਮਰੇਡ ਅਜਮੇਰ ਸਿੰਘ ਤੋਂ ਇਲਾਵਾ ਪੇਂਡੂ ਮਜ਼ਦੂਰ ਯੂਨੀਅਨ ਦੇ ਸੂਬਾ ਪ੍ਰਧਾਨ ਤਰਸੇਮ ਪੀਟਰ, ਕਸ਼ਮੀਰ ਸਿੰਘ ਘੁੱਗਸ਼ੋਰ,ਹੰਸ ਰਾਜ ਪੱਬਵਾਂ ਆਦਿ ਨੇ ਵੀ ਸੰਬੋਧਨ ਕੀਤਾ।

## ਸਰਕਾਰ ਨੇ ਬਹਾਦਰ ਸੈਨਿਕਾਂ ਨੂੰ 15.53 ਕਰੋੜ ਰੁਪਏ ਵੰਡੇ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਸੇਵਾਵਾਂ ਨਿਭਾਅ ਰਹੇ ਅਤੇ ਸਾਬਕਾ ਸੈਨਿਕਾਂ ਦੀ ਭਲਾਈ ਪ੍ਰਤੀ ਆਪਣੀ ਦ੍ਰਿੜ ਵਚਨਬੱਧਤਾ ਦੀ ਪੁਸ਼ਟੀ ਕਰਦਿਆਂ ਪੰਜਾਬ ਸਰਕਾਰ ਨੇ ਪਿਛਲੇ ਵਿੱਤੀ ਸਾਲ ਦੌਰਾਨ ਬਹਾਦਰੀ ਅਤੇ ਵਿਲੱਖਣ ਸੇਵਾਵਾਂ ਲਈ 1615 ਪੁਰਸਕਾਰ ਜੇਤੂਆਂ ਨੂੰ ਕੁੱਲ 15.53 ਕਰੋੜ ਰੁਪਏ ਦੀ ਰਾਸ਼ੀ ਵੰਡੀ। ਇੱਥੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮਹਿੰਦਰ ਭਗਤ ਨੇ ਕਿਹਾ ਕਿ ਇਹ ਰਾਸ਼ੀ ਪੰਜਾਬ ਨਾਲ ਸਬੰਧਤ ਸੈਨਿਕਾਂ ਵੱਲੋਂ ਨਿਭਾਈਆਂ ਗਈਆਂ ਬੇਮਿਸਾਲ ਬਹਾਦਰੀ ਅਤੇ ਵਿਲੱਖਣ ਸੇਵਾਵਾਂ ਦੇ ਸਨਮਾਨ ਵਜੋਂ ਵੰਡੀ ਗਈ ਹੈ। ਉਨ੍ਹਾਂ ਕਿਹਾ, 'ਸਾਡੇ ਬਹਾਦਰ ਸੈਨਿਕਾਂ ਨੇ ਆਪਣੀ ਮਿਸਾਲੀ ਹਿੰਮਤ ਅਤੇ ਨਿਰਸਵਾਰਥ ਸੇਵਾ ਰਾਹੀਂ ਦੇਸ਼ ਅਤੇ ਸੂਬੇ ਦਾ ਮਾਣ ਵਧਾਇਆ ਹੈ। ਉਨ੍ਹਾਂ ਦਾ ਬਣਦਾ ਸਨਮਾਨ ਕਰਨਾ ਸਾਡਾ ਫਰਜ਼ ਹੈ।' ਭਗਤ ਨੇ ਕਿਹਾ ਕਿ ਸੈਨਿਕਾਂ ਦੀਆਂ ਕੁਰਬਾਨੀਆਂ ਦਾ ਕਦੇ ਵੀ ਮੁੱਲ ਨਹੀਂ ਚੁਕਾਇਆ ਜਾ ਸਕਦਾ, ਪਰ ਸਰਕਾਰ ਉਨ੍ਹਾਂ ਦੀ ਬਹਾਦਰੀ ਨੂੰ ਮਾਨਤਾ ਦੇਣ ਅਤੇ ਸਲਾਮ ਕਰਨ ਲਈ ਕੋਈ ਮੌਕਾ ਨਹੀਂ ਛੱਡੇਗੀ। ਭਗਤ ਨੇ ਅੱਗੇ ਕਿਹਾ ਕਿ ਰੱਖਿਆ ਸੇਵਾਵਾਂ ਭਲਾਈ ਵਿਭਾਗ ਸੇਵਾਵਾਂ ਨਿਭਾਅ ਰਹੇ ਅਤੇ ਸੇਵਾਮੁਕਤ ਸੈਨਿਕਾਂ ਨੂੰ ਸਨਮਾਨ ਅਤੇ ਕੁਸ਼ਲਤਾ ਨਾਲ ਸਾਰੇ ਲਾਭ ਅਤੇ ਅਧਿਕਾਰ ਪ੍ਰਦਾਨ ਕਰਨ ਲਈ ਵਚਨਬੱਧ ਹੈ।

## ਡਾ. ਅੰਬੇਡਕਰ ਦੇ ਜਨਮ ਦਿਵਸ ਸੰਬੰਧੀ 5ਵਾਂ ਵਿਸ਼ਾਲ ਚੇਤਨਾ ਮਾਰਚ ਕੱਢਿਆ

**ਜਲੰਧਰ (ਦਿਲਬਾਗ ਸਿੰਘ ਉਭੀ)**- ਸਤਿਗੁਰੂ ਕਬੀਰ ਟਾਈਗਰ ਫੋਰਸ ਵੱਲੋਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਜੀ ਦੇ ਜਨਮ ਦਿਵਸ ਸਬੰਧਤ 27 ਅਪ੍ਰੈਲ ਨੂੰ ਕਬੀਰ ਵਿਹਾਰ



ਬਸਤੀ ਬਾਬਾ ਖੇਲ ਵਿਖੇ 5ਵਾਂ ਵਿਸ਼ਾਲ ਚੇਤਨਾ ਮਾਰਚ ਕੱਢਿਆ ਗਿਆ। ਇਸ ਮੌਕੇ ਪੰਜਾਬ ਦੇ ਕੈਬਨਿਟ ਮੰਤਰੀ ਮਹਿੰਦਰ ਭਗਤ ਮੁੱਖ ਮਹਿਮਾਨ ਵਜੋਂ ਪਹੁੰਚੇ। ਲੋਕਾਂ ਨੇ ਰਸਤੇ ਵਿੱਚ ਫੁੱਲਾਂ ਦੀ ਵਰਖਾ ਕਰਕੇ ਚੇਤਨਾ ਮਾਰਚ ਦਾ ਸਵਾਗਤ ਕੀਤਾ। ਕੈਬਨਿਟ ਮੰਤਰੀ ਨੇ ਕਿਹਾ ਕਿ ਅੱਜ ਅਸੀਂ ਸਾਰੇ ਇੱਥੇ ਇੱਕ ਮਹਾਨ ਸ਼ਖਸੀਅਤ ਨੂੰ ਯਾਦ ਕਰਨ ਲਈ ਇਕੱਠੇ ਹੋਏ ਹਾਂ, ਜਿਨ੍ਹਾਂ ਦਾ ਨਾਂਅ ਸੁਣਦੇ ਹੀ ਸਾਡੇ ਮਨ ਵਿੱਚ ਭਾਰਤ ਦੇ ਸੰਵਿਧਾਨ, ਸਮਾਜਿਕ ਨਿਆਂ ਅਤੇ ਸਮਾਨਤਾ ਦੀਆਂ ਭਾਵਨਾਵਾਂ ਜਾਗ ਉੱਠਦੀਆਂ ਹਨ। ਉਹ ਹਨ - ਭਾਰਤ ਰਤਨ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ। ਇਸ ਮੌਕੇ ਅਰੁਣ ਸੰਦਲ, ਲਵਲੀ ਸੰਦਲ, ਮਨਜੀਤ ਸਿੰਘ, ਸੋਮਾ ਗਿੱਲ, ਮੁਕੇਸ਼ ਲੋਖਾ, ਗੋਪਾਲ ਭਗਤ, ਰਾਜੀਵ ਭਗਤ, ਪ੍ਰਦੀਪ ਰਾਜਕੁਮਾਰ ਭਗਤ, ਟਿੰਕਾ ਪ੍ਰਧਾਨ, ਸਾਬਕਾ ਕੌਂਸਲਰ ਪ੍ਰਭੂ ਦਿਆਲ ਅਤੇ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਹਾਜ਼ਰ ਸਨ।

## ਸੰਤੋਸ਼ ਕਟਾਰੀਆ ਨੇ ਅਟਾਲ ਮਜਾਰਾ 'ਚ ਸਿੰਚਾਈ ਟਿਊਬਵੈੱਲ ਦਾ ਕੀਤਾ ਉਦਘਾਟਨ



**ਬਲਾਚੌਰ (ਜਸਵਿੰਦਰ ਬੈਂਸ)**- ਬਲਾਚੌਰ ਦੇ ਵਿਧਾਇਕ ਸੰਤੋਸ਼ ਕਟਾਰੀਆ ਨੇ ਪਿੰਡ ਅਟਾਲ ਮਜਾਰਾ ਵਿਖੇ ਲਗਭਗ 60 ਲੱਖ ਦੀ ਲਾਗਤ ਨਾਲ ਲੱਗੇ ਸਿੰਚਾਈ ਵਾਲੇ ਨਵੇਂ ਟਿਊਬਵੈੱਲ ਦਾ ਉਦਘਾਟਨ ਕੀਤਾ। ਇਸ ਪ੍ਰੋਜੈਕਟ ਨਾਲ ਕਿਸਾਨਾਂ ਨੂੰ ਖੇਤਾਂ ਦੀ ਸਿੰਚਾਈ ਲਈ ਪਾਣੀ ਦੀ ਸਹੂਲਤ ਮੁਹੱਈਆ ਕਰਵਾਉਣ ਅਤੇ ਉਨ੍ਹਾਂ ਦੀ ਉਤਪਾਦਕਤਾ ਵਧਾਉਣ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ।ਉਦਘਾਟਨ ਸਮਾਰੋਹ ਦੌਰਾਨ, ਸੰਤੋਸ਼ ਕਟਾਰੀਆ ਨੇ ਕਿਹਾ, ਇਹ ਟਿਊਬਵੈੱਲ ਪਿੰਡ ਦੇ ਕਿਸਾਨਾਂ ਲਈ ਵਰਦਾਨ ਸਾਬਤ ਹੋਵੇਗਾ। ਸਾਡੀ ਸਰਕਾਰ ਖੇਤੀਬਾੜੀ ਨੂੰ ਹੁਲਾਰਾ ਦੇਣ ਅਤੇ ਕਿਸਾਨਾਂ ਦੀ ਭਲਾਈ ਲਈ ਵਚਨਬੱਧ ਹੈ।ਸਮਾਗਮ ਵਿੱਚ ਸਥਾਨਕ ਲੋਕਾਂ ਅਤੇ ਪੰਚਾਇਤ ਮੈਂਬਰਾਂ ਨੇ ਵੀ ਹਿੱਸਾ ਲਿਆ।ਇਸ ਪ੍ਰੋਜੈਕਟ ਨਾਲ ਪਿੰਡ ਅਟਾਲ ਮਜਾਰਾ ਦੇ ਕਿਸਾਨਾਂ ਨੂੰ ਸਿੰਚਾਈ ਦੀ ਸਮੱਸਿਆ ਤੋਂ ਰਾਹਤ ਮਿਲੇਗੀ। ਇਸ ਮੌਕੇ ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ, ਸਰਪੰਚ ਕੁਲਵਿੰਦਰ ਕੌਰ, ਆਸ਼ਾ ਰਾਣੀ ਪੰਚ, ਕੁਲਵਿੰਦਰ ਕੌਰ, ਹਰਪ੍ਰੀਤ ਕੌਰ, ਬਹਾਦਰ ਸਿੰਘ, ਲਖਵਿੰਦਰ ਸਿੰਘ, ਹਰਬੰਸ ਸਿੰਘ ਕਾਨੂੰਗੋ, ਸੁਰਜੀਤ ਸਿੰਘ ਲੰਬੜਦਾਰ, ਮਾਸਟਰ ਰੇਵਲ ਸਿੰਘ, ਸਤਨਾਮ ਸਿੰਘ ਜੀਤਾ, ਜੁਝਾਰ ਸਿੰਘ ਬੈਂਸ, ਪਾਲ ਸਿੰਘ ਆਦਿ ਹਾਜ਼ਰ ਸਨ।

## 20 ਦੀ ਦੇਸ਼-ਵਿਆਪੀ ਹੜਤਾਲ ਦੀ ਸਫਲਤਾ ਲਈ ਕਨਵੈਨਸ਼ਨ 4 ਨੂੰ

**ਜਲੰਧਰ (ਰਜੇਸ਼ ਥਾਪਾ)** ਕੇਂਦਰੀ ਟ੍ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵਲੋਂ ਕੇਂਦਰ ਅਤੇ ਰਾਜ ਸਰਕਾਰਾਂ ਵਿਰੁੱਧ ਲੋਕ ਅਤੇ ਮੁਲਾਜ਼ਮ, ਮਜ਼ਦੂਰ, ਕਿਸਾਨ ਵਿਰੋਧੀ ਨੀਤੀਆਂ ਦੇ ਵਿਰੁੱਧ 20 ਮਈ ਨੂੰ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਗਿਆ। ਪੰਜਾਬ ਅੰਦਰ ਵੀ ਇਸ ਹੜਤਾਲ ਦੀ ਤਿਆਰੀ ਅਤੇ ਸਫਲਤਾ ਲਈ ਸੂਬੇ ਦੀਆਂ ਵੱਖ-ਵੱਖ ਟ੍ਰੇਡ ਯੂਨੀਅਨਾਂ ਅਤੇ ਮੁਲਾਜ਼ਮ ਫੈਡਰੇਸ਼ਨਾਂ ਵਲੋਂ ਮਿਤੀ 4 ਮਈ ਨੂੰ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਸੂਬਾ ਪੱਧਰੀ ਕਨਵੈਂਸ਼ਨ ਕੀਤੀ ਜਾ ਰਹੀ ਹੈ। ਸੂਬੇ ਦੇ ਮੁਲਾਜ਼ਮਾਂ ਦੀ ਸੰਘਰਸ਼ਸ਼ੀਲ ਜੱਥੇਬੰਦੀ ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਫੈਡਰੇਸ਼ਨ (ਪ.ਸ.ਸ.ਫ.) ਦੇ ਸੂਬਾ ਪ੍ਰਧਾਨ ਸਤੀਸ਼ ਰਾਣਾ, ਜਨਰਲ ਸਕੱਤਰ ਤੀਰਥ ਸਿੰਘ ਬਾਸੀ, ਵਿੱਤ ਸਕੱਤਰ ਗੁਰਦੀਪ ਸਿੰਘ ਬਾਜਵਾ ਅਤੇ ਪ੍ਰੈਸ ਸਕੱਤਰ ਇੰਦਰਜੀਤ ਵਿਰਦੀ ਨੇ ਕਿਹਾ ਕਿ ਕੇਂਦਰ ਸਰਕਾਰ ਦੀਆਂ ਲੋਕ ਵਿਰੋਧੀ ਨੀਤੀਆਂ ਅਤੇ ਫਿਰਕੂ ਅਜੰਡੇ ਨੂੰ ਲੋਕਾਂ ਦੀ ਕਚਹਿਰੀ ਵਿੱਚ ਨੰਗਾ ਕਰਨ ਅਤੇ ਇਹਨਾਂ ਨੀਤੀਆਂ ਦਾ ਵਿਰੋਧ ਕਰਨ ਹਿੱਤ ਕੀਤੀ ਜਾ ਰਹੀ ਇਸ ਦੇਸ਼ ਵਿਆਪੀ ਹੜਤਾਲ ਦੀ ਸਫਲਤਾ ਲਈ ਕੀਤੀ ਜਾ ਰਹੀ ਜਲੰਧਰ ਕਨਵੈਨਸ਼ਨ ਵਿੱਚ ਸੂਬੇ ਭਰ ਵਿੱਚੋਂ ਪ.ਸ.ਸ.ਫ. ਦੇ ਬੈਨਰ ਹੇਠ ਮੁਲਾਜ਼ਮਾਂ ਵਲੋਂ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਜੱਥੇਬੰਦੀ ਦੇ ਸੀਨੀਅਰ ਮੀਤ ਪ੍ਰਧਾਨ ਕਰਮਜੀਤ ਸਿੰਘ ਬੀਹਲਾ, ਮੱਖਣ ਸਿੰਘ ਵਾਹਿਦਪੁਰੀ, ਸੁਖਵਿੰਦਰ ਚਾਹਲ, ਹਰਮਨਪ੍ਰੀਤ ਕੌਰ ਗਿੱਲ ਨੇ ਕਿਹਾ ਕਿ ਇਹ ਦੇਸ਼ ਵਿਆਪੀ ਹੜਤਾਲ ਰਾਹੀਂ ਮੰਗ ਕੀਤੀ ਜਾ ਰਹੀ ਹੈ ਕਿ ਚਾਰ ਕਿਰਤ ਕਾਨੂੰਨਾਂ ਦੇ ਪ੍ਰਸਤਾਵ ਨੂੰ ਰੱਦ ਕੀਤਾ ਜਾਵੇ, ਪੀ.ਐਫ.ਆਰ.ਡੀ.ਏ. ਬਿੱਲ ਨੂੰ ਰੱਦ ਕਰਕੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ, ਰਾਜ ਸਰਕਾਰਾਂ ਦੁਆਰਾ ਜਾਰੀ ਕੀਤੀ ਗਈ ਵਾਧਿਤ ਅਨੁਸਾਰ ਹਰ ਪ੍ਰਕਾਰ ਦੇ ਕੱਚੇ, ਠੇਕੇ, ਆਊਟ ਸੋਰਸਿੰਗ, ਡੇਲੀ ਵੇਜ, ਵਰਕ ਚਾਰਜ, ਇੰਨਲਿਸਟਿਡ ਤੇ ਕੰਮ ਕਰਦੇ ਮੁਲਾਜ਼ਮਾਂ ਦੀਆਂ ਸੇਵਾਵਾਂ ਨੂੰ ਪੱਕਾ ਕੀਤਾ ਜਾਵੇ ਅਤੇ ਸਰਕਾਰੀ ਵਿਭਾਗਾਂ ਅੰਦਰ ਪੱਕੇ ਤੌਰ 'ਤੇ ਭਰਤੀ ਕਰਕੇ ਖਾਲੀ ਅਸਾਮੀਆਂ ਨੂੰ ਭਰਿਆ ਜਾਵੇ, ਸਰਕਾਰੀ ਵਿਭਾਗਾਂ ਦੇ ਨਿੱਜੀਕਰਨ, ਨਿਗਮੀਕਰਣ, ਪੁਨਰ ਗਠਨ ਨੂੰ ਬੰਦ ਕੀਤਾ ਜਾਵੇ, ਮਹਿੰਗਾਈ ਭੱਤੇ ਦੀਆਂ ਰਹਿੰਦੀਆਂ ਕਿਸ਼ਤਾਂ ਅਤੇ ਬਕਾਇਆ ਦੀ ਅਦਾਇਗੀ ਯਕ ਮੁਸ਼ਤ ਕੀਤੀ ਜਾਵੇ, ਰਾਸ਼ਟਰੀ ਸਿੱਖਿਆ ਨੀਤੀ 2020 ਨੂੰ ਰੱਦ ਕੀਤਾ ਜਾਵੇ, ਸੰਵਿਧਾਨ ਦੀ ਰਾਖੀ ਕੀਤੀ ਜਾਵੇ, ਕੈਸ਼ਲੈਸ ਹੈਲਥ ਸਕੀਮ ਦੀਆਂ ਤਰੁੱਟੀਆਂ ਦੂਰ ਕਰਕੇ ਮੁੜ ਚਾਲੂ ਕੀਤਾ ਜਾਵੇ।



## ਅਨੁਸੂਚਿਤ ਜਾਤੀ ਵਿਦਿਆਰਥੀਆਂ ਦੇ ਸਕਾਲਰਸ਼ਿਪ ਮਾਮਲੇ ਲੋਕ ਸਭਾ 'ਚ ਚੁੱਕਾਂਗਾ : ਮੀਤ ਹੇਅਰ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਵਿਦਿਆਰਥੀਆਂ ਦੇ ਸਕਾਲਰਸ਼ਿਪ ਨਾਲ ਸਬੰਧਤ ਮਾਮਲੇ ਲੋਕ ਸਭਾ ਵਿੱਚ ਚੁੱਕਾਂਗਾ। ਇਹ ਪ੍ਰਗਟਾਵਾ ਇੱਥੇ ਸੰਗਰੂਰ ਲੋਕ ਸਭਾ ਹਲਕਾ ਤੋਂ ਮੈਂਬਰ ਪਾਰਲੀਮੈਂਟ ਗੁਰਮੀਤ ਸਿੰਘ ਮੀਤ ਹੇਅਰ ਨੇ ਇੱਥੇ ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਚੇਅਰਮੈਨ ਜਸਵੀਰ ਸਿੰਘ ਗੜ੍ਹੀ ਨਾਲ ਮੁਲਾਕਾਤ ਦੌਰਾਨ ਕੀਤਾ।ਹੇਅਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਅਨੁਸੂਚਿਤ ਜਾਤੀਆਂ ਦੇ ਲੋਕਾਂ ਦੀ ਭਲਾਈ ਲਈ ਵਚਨਬੱਧ ਹੈ ਅਤੇ ਲਗਾਤਾਰ ਇਸ ਦਿਸ਼ਾ ਵਿੱਚ ਕੰਮ ਕਰ ਰਹੀ ਹੈ।ਹੇਅਰ ਨੇ ਕਿਹਾ ਕਿ ਪਿਛਲੀ ਸਰਕਾਰਾਂ ਦੀਆਂ ਗਲਤੀਆਂ ਕਾਰਨ ਸੂਬੇ ਦੇ ਲੱਖਾਂ ਅਨੁਸੂਚਿਤ ਜਾਤੀਆਂ ਵਿਦਿਆਰਥੀਆਂ ਨੂੰ ਸਮੇਂ ਸਿਰ ਸਕਾਲਰਸ਼ਿਪ ਨਹੀਂ ਮਿਲੀ, ਜਿਸ ਕਾਰਨ ਉਹਨਾਂ ਨੂੰ ਕਈ ਕਿਸਮ ਦੀਆਂ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਉਨ੍ਹਾਂ ਕਿਹਾ ਕਿ ਪਿਛਲੀ ਸਰਕਾਰ ਦੀ ਗਲਤ ਨੀਤੀਆਂ ਕਾਰਨ ਸਕਾਲਰਸ਼ਿਪ ਸਕੀਮ ਦਾ ਲਾਭ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ 3 ਲੱਖ ਤੋਂ ਘੱਟ ਕੇ 60 ਹਜ਼ਾਰ ਰਹਿ ਗਈ ਸੀ, ਜੋ ਕਿ ਮੌਜੂਦਾ ਸਰਕਾਰ ਦੀਆਂ ਕੋਸ਼ਿਸ਼ਾਂ ਸਦਕਾ ਮੁੜ 2 ਲੱਖ ਦੇ ਕਰੀਬ ਹੋ ਗਈ ਹੈ।ਗੜ੍ਹੀ ਨੇ ਮੀਤ ਹੇਅਰ ਨੂੰ ਪੰਜਾਬ ਰਾਜ ਦੇ ਅਨੁਸੂਚਿਤ ਜਾਤੀਆਂ ਕਮਿਸ਼ਨ ਦੇ ਕੰਮਕਾਜ ਤੋਂ ਜਾਣੂ ਕਰਵਾਇਆ।

## ਕਿਸਾਨ ਸਾਡੇ ਅੰਨਦਾਤਾ ਤੇ ਉਨ੍ਹਾਂ ਦੀ ਹਰ ਸਮੱਸਿਆ ਦਾ ਹੱਲ ਸਾਡੀ ਪਹਿਲੀ ਤਰਜੀਹ : ਕਟਾਰੀਆ

**ਬਲਾਚੌਰ (ਜਸਵਿੰਦਰ ਬੈਂਸ)**- ਹਲਕਾ ਬਲਾਚੌਰ ਦੇ ਬਲਾਕ ਸੜੋਆ ਦੇ ਅਧੀਨ ਪੈਂਦੇ ਪਿੰਡ ਸਹੂੰਗੜਾ ਵਿਖੇ ਖੜ੍ਹੀ ਕਣਕ ਦੀ ਫਸਲ ਅਤੇ ਇੱਕ ਟਰੈਕਟਰ ਨੂੰ ਅੱਗ ਲੱਗਣ ਕਾਰਨ ਹੋਏ



ਨੁਕਸਾਨ ਦਾ ਜਾਇਜ਼ਾ ਲੈਣ ਲਈ ਵਿਧਾਇਕ ਸੰਤੋਸ਼ ਕੁਮਾਰੀ ਕਟਾਰੀਆ ਨੇ ਮੌਕੇ 'ਤੇ ਪਹੁੰਚ ਕੇ ਪੀੜਤ ਕਿਸਾਨਾਂ ਨਾਲ ਮੁਲਾਕਾਤ ਕੀਤੀ। ਅੱਗ ਨਾਲ ਕਿਸਾਨਾਂ ਨੂੰ ਹੋਏ ਵਿੱਤੀ ਨੁਕਸਾਨ ਦੀ ਪੂਰਤੀ ਲਈ ਜ਼ਿਲ੍ਹਾ ਪ੍ਰਸ਼ਾਸਨ ਨੂੰ ਮੁਆਵਜ਼ਾ ਦਿਵਾਉਣ ਦਾ ਉਨ੍ਹਾਂ ਨੇ ਕਿਸਾਨ ਭਰਾਵਾਂ ਨੂੰ ਪੂਰਾ ਭਰੋਸਾ ਦਿੱਤਾ।ਵਿਧਾਇਕ ਸੰਤੋਸ਼ ਕਟਾਰੀਆ ਨੇ ਕਿਹਾ, 'ਕਿਸਾਨ ਸਾਡੇ ਅੰਨਦਾਤਾ ਹਨ ਅਤੇ ਉਨ੍ਹਾਂ ਦੀ ਹਰ ਸਮੱਸਿਆ ਦਾ ਹੱਲ ਕਰਨਾ ਸਾਡੀ ਪਹਿਲੀ ਤਰਜੀਹ ਹੈ। ਅੱਗ ਨਾਲ ਹੋਏ ਨੁਕਸਾਨ ਦੀ ਪੜਤਾਲ ਕਰਕੇ ਪੀੜਤ ਕਿਸਾਨਾਂ ਨੂੰ ਜਲਦ ਤੋਂ ਜਲਦ ਮੁਆਵਜ਼ਾ ਦੁਆਇਆ ਜਾਵੇਗਾ।' ਉਨ੍ਹਾਂ ਨੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਨੁਕਸਾਨ ਦਾ ਜਲਦੀ ਅੰਦਾਜ਼ਾ ਲਗਾਉਣ ਅਤੇ ਮੁਆਵਜ਼ੇ ਦੀ ਪ੍ਰਕਿਰਿਆ ਸ਼ੁਰੂ ਕਰਨ ਦੇ ਨਿਰਦੇਸ਼ ਵੀ ਦਿੱਤੇ।ਪੀੜਤ ਕਿਸਾਨਾਂ ਨੇ ਵਿਧਾਇਕ ਦੇ ਇਸ ਕਦਮ ਦੀ ਸ਼ਲਾਘਾ ਕੀਤੀ ਅਤੇ ਉਮੀਦ ਜਤਾਈ ਕਿ ਸਰਕਾਰ ਵੱਲੋਂ ਉਨ੍ਹਾਂ ਨੂੰ ਜਲਦ ਰਾਹਤ ਮਿਲੇਗੀ। ਇਸ ਮੌਕੇ ਸਥਾਨਕ ਪ੍ਰਸ਼ਾਸਨ ਦੇ ਅਧਿਕਾਰੀ ਅਤੇ ਆਮ ਆਦਮੀ ਪਾਰਟੀ ਦੇ ਵਰਕਰ ਵੀ ਮੌਜੂਦ ਸਨ।

## ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਕਾਲਜ ਦਾ ਨਾਂਅ ਰੌਸ਼ਨ ਕੀਤਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**— ਸਰਕਾਰੀ ਕਾਲਜ ਹੁਸ਼ਿਆਰਪੁਰ ਦੇ ਸੰਗੀਤ ਵਿਭਾਗ ਦੇ ਵਿਦਿਆਰਥੀਆਂ ਨੇ ਪਹਿਲੇ ਅਤੇ ਤੀਸਰੇ ਸਮੈਸਟਰ ਵਿੱਚ ਪੰਜਾਬ ਯੂਨੀਵਰਸਿਟੀ



ਵਿੱਚ ਵੱਖ-ਵੱਖ ਪੁਜੀਸ਼ਨਾ ਹਾਸਲ ਕਰਕੇ ਕਾਲਜ ਦਾ ਨਾਂਅ ਰੌਸ਼ਨ ਕੀਤਾ। ਜਿਸ ਵਿੱਚ ਸੰਦੀਪ ਕੌਰ ਨੇ ਐਮ.ਏ ਸੰਗੀਤ ਗਾਇਨ ਤੀਸਰੇ ਸਮੈਸਟਰ ਵਿੱਚ ਯੂਨੀਵਰਸਿਟੀ ਵਿੱਚ ਦੂਸਰਾ ਸਥਾਨ ਅਤੇ ਰਮਣੀਕ ਕੌਰ ਨੇ ਯੂਨੀਵਰਸਿਟੀ 'ਚ ਤੀਸਰਾ ਸਥਾਨ ਪ੍ਰਾਪਤ ਕੀਤਾ। ਇਸ ਦੇ ਨਾਲ ਹੀ ਐਮ.ਏ ਭਾਗ ਪਹਿਲੇ ਦੀ ਵਿਦਿਆਰਥਣ ਜਸਲੀਨ ਕੌਰ ਨੇ ਯੂਨੀਵਰਸਿਟੀ ਵਿੱਚ ਚੌਥਾ ਸਥਾਨ ਪ੍ਰਾਪਤ ਕਰਕੇ ਸਰਕਾਰੀ ਕਾਲਜ ਹੁਸ਼ਿਆਰਪੁਰ ਅਤੇ ਸੰਗੀਤ ਵਿਭਾਗ ਗਾਇਨ ਦਾ ਨਾਂਅ ਰੋਸ਼ਨ ਕੀਤਾ। ਕਾਲਜ ਦੇ ਪ੍ਰਿੰਸੀਪਲ ਸ਼੍ਰੀਮਤੀ ਅਨੀਤਾ ਸਾਗਰ ਨੇ ਇਸ ਮੌਕੇ 'ਤੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਪ੍ਰੋਫੈਸਰ ਹਰਜਿੰਦਰ ਪਾਲ, ਪ੍ਰੋਫੈਸਰ ਹਰਮਿੰਦਰ ਕੌਰ, ਪ੍ਰੋਫੈਸਰ ਜਸਪਾਲ ਸਿੰਘ, ਪ੍ਰੋਫੈਸਰ ਸਚਕਿਰਨ ਕੌਰ, ਪ੍ਰੋਫੈਸਰ ਲਖਵਿੰਦਰ ਸਿੰਘ ਅਤੇ ਤਬਲਾ ਇੰਸਟ੍ਰਕਟਰ ਪੰਕਜ ਕੁਮਾਰ ਨੂੰ ਵਧਾਈ ਦਿੱਤੀ। ਇਸ ਮੌਕੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਮਿਹਨਤ ਕਰਕੇ ਹੋਰ ਬੁਲੰਦੀਆਂ ਹਾਸਿਲ ਕਰਨ ਦੀ ਪ੍ਰੇਰਨਾ ਦਿੱਤੀ।

## ਮਾਨ ਵੱਲੋਂ 4 ਸਰਕਾਰੀ ਸਕੂਲਾਂ 'ਚ 84.24 ਲੱਖ ਦੇ ਵਿਕਾਸ ਕਾਰਜਾਂ ਦਾ ਉਦਘਾਟਨ

**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**— ਸੂਬਾ ਸਰਕਾਰ ਦੀ ਪਹਿਲਕਦਮੀ 'ਪੰਜਾਬ ਸਿੱਖਿਆ ਕ੍ਰਾਂਤੀ' ਤਹਿਤ ਵਿਧਾਨ ਸਭਾ ਹਲਕਾ ਨਕੋਦਰ ਤੋਂ ਵਿਧਾਇਕ ਇੰਦਰਜੀਤ ਕੌਰ ਮਾਨ ਵਲੋਂ ਹਲਕੇ ਦੇ 4 ਸਰਕਾਰੀ ਸਕੂਲਾਂ ਵਿੱਚ 84.24 ਲੱਖ ਰੁਪਏ ਦੀ ਲਾਗਤ ਨਾਲ ਮੁਕੰਮਲ ਹੋਏ ਵੱਖ-ਵੱਖ ਵਿਕਾਸ ਕਾਰਜਾਂ ਦਾ ਉਦਘਾਟਨ ਕੀਤਾ ਗਿਆ। ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਕੋਦਰ (ਲੜਕੇ) ਵਿਖੇ 33 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਅਤਿ ਆਧੁਨਿਕ ਸਾਇੰਸ ਲੈਬ ਅਤੇ ਆਧੁਨਿਕ ਕਲਾਸ ਰੂਮ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਕੋਦਰ (ਲੜਕੀਆਂ) ਵਿਖੇ 22.83 ਲੱਖ ਰੁਪਏ ਨਾਲ ਚਾਰਦੀਵਾਰੀ, ਆਧੁਨਿਕ ਕਲਾਸ ਰੂਮ ਅਤੇ ਹੋਰ ਵਿਕਾਸ ਕਾਰਜ, ਸਰਕਾਰੀ ਪ੍ਰਾਇਮਰੀ ਸਕੂਲ ਡਾ.ਅੰਬੇਡਕਰ ਨਗਰ ਨਕੋਦਰ ਵਿਖੇ 9.31 ਲੱਖ ਰੁਪਏ ਦੀ ਲਾਗਤ ਨਾਲ ਚਾਰਦੀਵਾਰੀ, ਨਵੇਂ ਕਲਾਸ ਰੂਮ ਅਤੇ ਸਰਕਾਰੀ ਪ੍ਰਾਇਮਰੀ ਸਕੂਲ ਨਕੋਦਰ (ਲੜਕੇ) ਵਿਖੇ 19.10 ਲੱਖ ਰੁਪਏ ਨਾਲ ਤਿਆਰ ਦੋ ਨਵੇਂ ਕਲਾਸ ਰੂਮ ਸਮਰਪਿਤ ਕੀਤੇ ਗਏ।ਵਿਕਾਸ ਕਾਰਜਾਂ ਦੇ ਉਦਘਾਟਨੀ ਸਮਾਗਮਾਂ ਦੌਰਾਨ ਪ੍ਰਭਾਵਸ਼ਾਲੀ ਇਕੱਠਾਂ ਨੂੰ ਸੰਬੋਧਨ ਕਰਦਿਆਂ ਵਿਧਾਇਕ ਇੰਦਰਜੀਤ ਕੌਰ ਮਾਨ ਨੇ ਕਿਹਾ ਕਿ ਇਨ੍ਹਾਂ ਵਿਕਾਸ ਕਾਰਜਾਂ ਨਾਲ ਜਿਥੇ ਵਿਦਿਆਰਥੀਆਂ ਨੂੰ ਪੜ੍ਹਾਈ ਲਈ ਸਾਜ਼ਗਾਰ ਮਾਹੌਲ ਮਿਲੇਗਾ ਉਥੇ ਸਾਇੰਸ ਲੈਬ ਬਣਨ ਨਾਲ ਵਿਦਿਆਰਥੀ ਵਿਗਿਆਨ ਵਿਸ਼ੇ ਦੀ ਪੜ੍ਹਾਈ ਹੋਰ ਵੀ ਵਧੀਆ ਢੰਗ ਨਾਲ ਕਰ ਸਕਣਗੇ। ਉਨ੍ਹਾਂ ਇਸ ਮੌਕੇ ਵਿਦਿਆਰਥੀਆਂ ਦੇ ਮਾਪਿਆਂ ਨੂੰ ਵੀ ਅਪੀਲ ਕੀਤੀ ਕਿ ਉਹ ਪੰਜਾਬ ਸਰਕਾਰ ਵਲੋਂ ਸਕੂਲਾਂ ਵਿਚ ਦਿੱਤੀਆਂ ਜਾ ਸਹੂਲਤਾਂ ਸਬੰਧੀ ਆਪਣੇ ਆਲੇ-ਦੁਆਲੇ ਦੇ ਲੋਕਾਂ ਨੂੰ ਵੱਧ ਤੋਂ ਵੱਧ ਜਾਗਰੂਕ ਕਰਨ। ਵਾਤਾਵਰਣ ਦੀ ਸੰਭਾਲ ਦਾ ਸੱਦਾ ਦਿੰਦਿਆਂ ਉਨ੍ਹਾਂ ਵਲੋਂ ਇਸ ਮੌਕੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ (ਲੜਕੇ) ਨਕੋਦਰ ਵਿਖੇ ਇਕ ਬੂਟਾ ਵੀ ਲਗਾਇਆ ਗਿਆ।



## ਸੀ ਟੀ ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਪੈਨੋਰਾਮਾ 10.0 'ਚ ਮਾਰੀ ਬਾਜ਼ੀ



**ਜਲੰਧਰ (ਸ਼ੈਲੀ ਐਲਬਰਟ)** ਸੀ.ਟੀ. ਵਰਲਡ ਸਕੂਲ ਨੇ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵੱਲੋਂ ਆਯੋਜਿਤ ਪੈਨੋਰਾਮਾ 10.0 ਵਿੱਚ ਆਪਣੇ ਵਿਦਿਆਰਥੀਆਂ ਦੀਆਂ ਸ਼ਾਨਦਾਰ ਕਾਮਯਾਬੀਆਂ ਦਾ ਐਲਾਨ ਕੀਤਾ ਹੈ। ਇਸ ਮੁਕਾਬਲੇ ਵਿੱਚ ਖੇਤਰ ਦੇ ਪ੍ਰਮੁੱਖ ਸਕੂਲਾਂ ਦੇ ਹੁਨਰਮੰਦ ਵਿਦਿਆਰਥੀਆਂ ਨੇ ਹਿੱਸਾ ਲਿਆ, ਜਿੱਥੇ ਚੈੱਸ, ਕੁਸ਼ਤੀ, ਯੋਗਾ, ਡ੍ਰਿਲ, ਅਤੇ ਹੋਰ ਮੁਕਾਬਲਿਆਂ ਵਿੱਚ ਸੀ.ਟੀ. ਵਰਲਡ ਸਕੂਲ ਦੇ ਵਿਦਿਆਰਥੀਆਂ ਨੇ ਝੰਡੇ ਗੱਡੇ।ਜਸਨੂਰ (ਕਲਾਸ 11) ਨੇ ਚੈੱਸ ਵਿੱਚ ਦੂਜਾ ਸਥਾਨ ਹਾਸਲ ਕੀਤਾ। ਗੁਰਸੀਮਰਨ (ਕਲਾਸ 10) ਅਤੇ ਸ਼ਿਵਾਂਸ਼ (ਕਲਾਸ 11) ਨੇ ਕੁਸ਼ਤੀ ਵਿੱਚ ਸੋਨੇ ਦੇ ਤਗਮੇ ਜਿੱਤੇ। ਵੰਸ਼ਿਕਾ (ਕਲਾਸ 11) ਅਤੇ ਆਲੋਕ ਕੁਮਾਰ (ਕਲਾਸ 11) ਨੇ ਯੋਗਾ ਵਿੱਚ ਸੋਨਾ ਮੈਡਲ ਜਿੱਤਿਆ। ਮੁੰਡਿਆਂ ਦੀ ਟੀਮ ਨੇ ਟੱਗ ਆਫ਼ ਵਾਰ ਵਿੱਚ ਤੀਜਾ ਸਥਾਨ ਪ੍ਰਾਪਤ ਕੀਤਾ।ਕੁੜੀਆਂ ਦੀ ਟੀਮ ਨੇ ਟੱਗ ਆਫ਼ ਵਾਰ ਵਿੱਚ ਦੂਜਾ ਸਥਾਨ ਹਾਸਲ ਕੀਤਾ।ਸਕੂਲ ਨੇ ਡ੍ਰਿਲ (ਮਾਰਚ ਪਾਸਟ) ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਸਕੂਲ ਦੀ ਪ੍ਰਿੰਸੀਪਲ, ਆਰਤੀ ਜਸਵਾਲ ਨੇ ਕਿਹਾ, ਸਾਡੇ ਵਿਦਿਆਰਥੀਆਂ ਦੀਆਂ ਇਹ ਕਾਮਯਾਬੀਆਂ ਸਾਨੂੰ ਮਾਣ ਨਾਲ ਭਰ ਦਿੰਦੀਆਂ ਹਨ। ਇਹ ਸਿਰਫ਼ ਉਹਨਾਂ ਦੀ ਮਿਹਨਤ ਹੀ ਨਹੀਂ, ਸਗੋਂ ਸਾਡੇ ਸਕੂਲ ਦੇ ਸਹੀ ਮਾਰਗਦਰਸ਼ਨ ਦਾ ਨਤੀਜਾ ਵੀ ਹੈ।

## 2 ਹਜ਼ਾਰ 230 ਨਸ਼ੇ ਵਾਲੀਆਂ ਗੋਲੀਆਂ ਸਮੇਤ 4 ਕਾਬੂ

**ਫਿਲੌਰ (ਨਿਰਮਲ)**- ਸਰਵਣ ਸਿੰਘ ਬੱਲ, ਉਪ ਪੁਲਸ ਕਪਤਾਨ ਸਬ ਡਵੀਜਨ ਫਿਲੌਰ ਨੇ ਦੱਸਿਆ ਕਿ ਇੰਸਪੈਕਟਰ ਸੰਜੀਵ ਕਪੂਰ ਮੁੱਖ ਅਫਸਰ ਥਾਣਾ ਫਿਲੌਰ ਦੀ ਟੀਮ ਵੱਲੋਂ ਨਸ਼ਾਂ ਤਸਕਰਾਂ ਖਿਲਾਫ ਚਲਾਏ ਸ਼ਪੈਸਲ ਆਪ੍ਰੇਸ਼ਨ 'ਯੁੱਧ ਨਸ਼ਿਆ ਦੇ ਵਿਰੁੱਧ' ਤਹਿਤ ਪ੍ਰਭਾਵਸ਼ਾਲੀ ਕਾਰਵਾਈ ਕਰਦੇ ਹੋਏ ਅੰਤਰਰਾਜੀ ਨਸ਼ਾ ਤਸਕਰੀ ਗਿਰੋਹ ਦੇ 4 ਮੈਂਬਰਾਂ ਨੂੰ ਕਾਬੂ ਕੀਤਾ ਹੈ ,ਜਿਨਾਂ ਵਿਚ ਗੋਰਵ ਖੋਸਲਾ ਉਰਫ ਗਿੰਨੀ ਪੁੱਤਰ ਮਦਨ ਲਾਲ ਵਾਸੀ ਸਰਾਫਾ ਬਜਾਰ ਅੱਪਰਾ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਅਤੇ ਪ੍ਰਭਜੋਤ ਸਿੰਘ ਉਰਫ ਲਾਡੀ ਪੁੱਤਰ ਰਣਜੀਤ ਸਿੰਘ ਵਾਸੀ ਲਾਧੜਾ ਥਾਣਾ ਫਿਲੌਰ ਜ਼ਿਲ੍ਹਾ ਜਲੰਧਰ ਨੂੰ 103 ਪੱਤੇ ਨਸ਼ੀਲੀਆ ਗੋਲੀਆਂ (ਕੁੱਲ 1030) ਬਰਾਮਦ ਕਰਕੇ ਮੁਕੱਦਮਾ ਨੰਬਰ 116 ਮਿਤੀ 22.04.2025 ਜੁਰਮ 223-61-85 ਤਹਿਤ ਥਾਣਾ ਫਿਲੌਰ ਦਰਜ ਕੀਤਾ ਗਿਆ।ਗ੍ਰਿਫਤਾਰ ਦੋਸ਼ੀਆਨ ਨੇ ਪੁੱਛਗਿੱਛ ਦੌਰਾਨ ਦੱਸਿਆ ਕਿ ਉਹਨਾਂ ਨੂੰ ਇਹ ਗੋਲੀਆਂ ਸੁਮਿਤ ਉਰਫ ਮੰਨੂੰ ਪੁੱਤਰ ਮਾਗੇ ਰਾਮ ਵਾਸੀ ਸ਼ਾਹਧਾਰਨਪੁਰ ਥਾਣਾ ਦੇਨਬੰਦ ਜ਼ਿਲ੍ਹਾ ਸਹਾਰਨਪੁਰ ਉੱਤਰ ਪ੍ਰਦੇਸ਼ ਗੈਰ ਸਟੇਟ ਯੂ.ਪੀ ਤੋਂ ਸਸਤੇ ਭਾਅ ਲਿਆ ਕੇ ਉਹਨਾਂ ਨੂੰ ਸਪਲਾਈ ਦਿੰਦਾ ਸੀ, ਕਿਉਂਕਿ ਸੁਮਿਤ ਦੇ ਖਿਲਾਫ ਪਹਿਲਾਂ ਵੀ ਨਸ਼ਾ ਤਸਕਰੀ ਦਾ ਕੇਸ ਥਾਣਾ ਫਿਲੌਰ ਦਰਜ ਹੈ। ਜਿਸਦੀ ਤਰੀਕ ਪੇਸ਼ੀ ਪਰ ਜਲੰਧਰ ਕੋਰਟ ਆਉਣ ਵੇਲੇ ਉਹ ਨਸ਼ੀਲੀਆਂ ਗੋਲੀਆਂ ਆਪਣੇ ਨਾਲ ਲੈ ਆਉਂਦਾ ਸੀ ਅਤੇ ਸਪਲਾਈ ਦੇਣ ਉਪਰੰਤ ਉਹ ਸੁਮਿਤ ਨੂੰ ਆਨ ਲਾਈਨ ਪੈਸੇ ਦਿੰਦੇ ਸੀ। ਜੋ ਇਸ ਤੋਂ ਬਾਅਦ ਮੁਕੱਦਮਾ ਵਿੱਚ ਸੁਮਿਤ ਉਰਫ ਮੰਨੂੰ ਪੁੱਤਰ ਮਾਗੇ ਰਾਮ ਵਾਸੀ ਸ਼ਾਹਧਾਰਨਪੁਰ ਥਾਣਾ ਦੇਨਬੰਦ ਜ਼ਿਲ੍ਹਾ ਸਹਾਰਨਪੁਰ ਉੱਤਰ ਪ੍ਰਦੇਸ਼ ਅਤੇ ਸ਼ੋਇਬ ਪੁੱਤਰ ਮੇਹਰਬਾਨ ਵਾਸੀ ਹਾਸਿਮਪੁਰ ਥਾਣਾ ਦੇਨਬੰਦ ਜ਼ਿਲ੍ਹਾ ਸਹਾਰਨਪੁਰ ਉੱਤਰ ਪ੍ਰਦੇਸ਼ ਨੂੰ ਗ੍ਰਿਫਤਾਰ ਕਰਕੇ ਇਹਨਾਂ ਦੇ ਕਬਜਾ ਵਿੱਚੋਂ 120 ਪੱਤੇ ਨਸ਼ੀਲੀਆਂ ਗੋਲੀਆਂ (ਕੁੱਲ 1200) ਬਰਾਮਦ ਕੀਤੀਆਂ ਗਈਆਂ ਹਨ। ਮੁਕੱਦਮਾ ਵਿੱਚ ਧਾਰਾ 29/271 ਦਾ ਵਾਧਾ ਕੀਤਾ ਗਿਆ ਹੈ।

## ਬੇਕਸੂਰ ਲੋਕਾਂ ਨੂੰ ਗੋਲੀਆਂ ਨਾਲ ਭੁੰਨਣਾ ਅਤਿ ਨਿੰਦਨਯੋਗ : ਬਾਠ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਪਹਿਲਗਾਮ ਦੇ ਨਜਦੀਕ ਮਿੰਨੀ ਸਵਿਟਜਰਲੈਂਡ ਵਜੋਂ ਜਾਣੇ ਜਾਂਦੇ ਸਥਾਨ 'ਤੇ ਸੈਲਾਨੀਆਂ ਤੇ ਹਮਲਾ ਕਰਕੇ ਖੁਸ਼ੀਆਂ ਮਨਾ



ਰਹੇ ਦੋ ਦਰਜਨ ਤੋਂ ਵੱਧ ਬੇਕਸੂਰ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦੇਣ ਦੀ ਘਟਨਾ ਅਤੀ ਨਿੰਦਨਯੋਗ ਹੈ। ਇਸ ਘਟਨਾ ਤੇ ਦੁੱਖ ਪ੍ਰਗਟ ਕਰਦਿਆਂ ਭਾਰਤੀ ਜਨਤਾ ਪਾਰਟੀ ਦੇ ਆਗੂ ਰਿਟਾਇਰ ਐੱਸ ਐਸ ਪੀ ਅਸ਼ੋਕ ਬਾਠ ,ਰਿਟਾਇਰ ਐਸ ਐਚ ਓ ਸ਼ੁਭਾਸ਼ ਬਾਠ ਭਾਜਪਾ ਆਗੂ ਸੰਜੂ ਚੌਧਰੀ ਨੇ ਕਿਹਾ ਜਿਸ ਵਿਚ 26 ਨਿਰਦੋਸ਼ ਲੋਕਾਂ ਦੀ ਜਾਨ ਚਲੀ ਗਈ ਹੈ ਅਤੇ ਹੋਰ ਕਈ ਜ਼ਖਮੀ ਹੋਏ ਹਨ,ਇਕ ਬੇਹੱਦਅਤੇ ਨਿੰਦਣਯੋਗ ਕਾਰਾ ਹੈ,ਅਸੀਂ ਇਸਦੀ ਜੋਰਦਾਰ ਨਿਖੇਧੀ ਕਰਦੇ ਹਾਂ। ਇਹੋ ਜਹੀ ਘਿਨਾਉਣੀ ਕਾਰਵਾਈ ਇਨਸਾਨੀਅਤ ਦੇ ਖਿਲਾਫ ਹੈ। ਦੁਖੀ ਪਰਵਾਰਾਂ ਨਾਲ ਸਾਡੀ ਡੂੰਘੀ ਹਮਦਰਦੀ ਹੈ ਅਤੇ ਅਸੀਂ ਜ਼ਖ਼ਮੀਆਂ ਦੀ ਜਲਦੀ ਸਿਹਤਯਾਬੀ ਲਈ ਅਰਦਾਸ ਕਰਦਾ ਹਾਂ।ਉਹਨਾਂ ਕਿਹਾ ਕਿ ਅੱਗੇ ਲਈ ਅਜਿਹੀ ਕਿਸੇ ਘਟਨਾ ਨੂੰ ਰੋਕਣ ਲਈ ਸਰਕਾਰ ਨੂੰ ਸਖ਼ਤ ਠੋਸ ਕਦਮ ਚੁੱਕਣੇ ਚਾਹੀਦੇ ਹਨ। ਭਾਰਤੀ ਫੌਜ ਨੂੰ ਪਹਿਲਗਾਮ ਦੀ ਆਰੂ ਵੈਲੀ ਬੇਤਾਬ ਵੈਲੀ ਦਰਸ਼ਾਨ ਵੈਲੀ ਸਮੇਤ ਹੋਰ ਦੋ ਪ੍ਰਮੁੱਖ ਵੈਲੀਆਂ 'ਤੇ ਸੁਰੱਖਿਆ ਬਲ ਤੈਨਾਤ ਕਰਨੀ ਚਾਹੀਦੇ ਹਨ, ਤਾਂ ਕਿ ਭਵਿੱਖ ਵਿੱਚ ਅਜਿਹੀ ਘਟਨਾ ਨਾ ਹੋ ਸਕੇ।

## ਵਿਸ਼ਵ ਮਲੇਰੀਆ ਦਿਵਸ ਸੰਬੰਧੀ ਜਾਗਰੂਕਤਾ ਕੈਂਪ ਲਗਾਇਆ



ਪੀ.ਐਚ.ਸੀ. ਚੱਕੋਵਾਲ ਵਿਖੇ ਮਨਾਏ ਵਿਸ਼ਵ ਮਲੇਰੀਆ ਦਿਵਸ ਮੌਕੇ ਐਸ.ਐ.ਓ. ਡਾ. ਮਨਪ੍ਰੀਤ ਕੌਰ ਸੰਬੋਧਨ ਕਰਦੇ ਹੋਏ

**ਬੁਲ੍ਹੋਵਾਲ (ਵਿਰਦੀ)** ਬਰਸਾਤ ਦੇ ਮੌਸਮ ਨੂੰ ਮੁੱਖ ਰੱਖਦਿਆਂ ਸਿਵਲ ਸਰਜਨ ਹੁਸ਼ਿਆਰਪੁਰ ਡਾ. ਪਵਨ ਕੁਮਾਰ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਮੁੱਢਲਾ ਸਿਹਤ ਕੇਂਦਰ ਚੱਕੋਵਾਲ ਵਿਖੇ ਸੀਨੀਅਰ ਮੈਡੀਕਲ ਅਫ਼ਸਰ ਡਾ. ਮਨਪ੍ਰੀਤ ਕੌਰ ਦੀ ਅਗਵਾਈ ਹੇਠ ਵਿਸ਼ਵ ਮਲੇਰੀਆ ਦਿਵਸ ਮਨਾਇਆ ਗਿਆ। ਇਸ ਮੌਕੇ ਇਕੱਤਰ ਹੋਈਆਂ ਆਸ਼ਾ ਵਰਕਰਾਂ ਅਤੇ ਪੀ ਐਚ ਸੀ ਵਿਖੇ ਇਲਾਜ ਕਰਵਾਉਣ ਆਏ ਮਰੀਜ਼ਾਂ ਨੂੰ ਜਾਣਕਾਰੀ ਦਿੰਦਿਆਂ ਐੱਸ ਐਮ ਓ ਡਾ. ਮਨਪ੍ਰੀਤ ਕੌਰ ਨੇ ਦੱਸਿਆ ਕਿ ਇਸ ਦਿਨ ਲੋਕਾਂ ਨੂੰ ਮਲੇਰੀਆ ਬਿਮਾਰੀ ਬਾਰੇ ਜਾਗਰੂਕ ਕੀਤਾ ਜਾਂਦਾ ਹੈ ਕਿਉਂਕਿ ਇਹ ਬਹੁਤ ਖਤਰਨਾਕ ਬਿਮਾਰੀ ਹੈ।ਇਸ ਮੌਕੇ ਹੈਲਥ ਇੰਸਪੈਕਟਰ ਗੁਰਦੇਵ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਘਰਾਂ ਦੇ ਨੇੜੇ ਪਾਣੀ ਖੜ੍ਹਾ ਨਾ ਹੋਣ ਦਿੱਤਾ ਜਾਵੇ ਕਿਉਂਕਿ ਇਹ ਮੱਛਰ ਸਾਫ ਖੜ੍ਹੇ ਪਾਣੀ ਵਿਚ ਪੈਦਾ ਹੁੰਦਾ ਹੈ।ਇਸ ਲਈ ਘਰਾਂ ਵਿਚ ਵੀ ਫਰਿੱਜਾਂ ਦੇ ਪਿੱਛੇ, ਛੱਤਾਂ 'ਤੇ ਪੁਰਾਣੇ ਬਰਤਨਾਂ, ਪੁਰਾਣੇ ਟਾਇਰਾਂ, ਪਸ਼ੂਆਂ ਦੀਆਂ ਖੁਰਲੀਆਂ ਆਦਿ ਵਿਚ ਪਾਣੀ ਨਾ ਖੜ੍ਹਾ ਨਾ ਹੋਣ ਦਿੱਤਾ ਜਾਵੇ। ਬੀ ਈ ਈ ਹਰਦੀਪ ਸਿੰਘ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਲਾਕ ਅੰਦਰ ਆਉਂਦੇ ਸਬ-ਸੈਂਟਰਾਂ ਅਤੇ ਵੱਖ-ਵੱਖ ਪਿੰਡਾਂ ਅੰਦਰ ਮਲੇਰੀਆ ਜਾਗਰੂਕਤਾ ਕੈਂਪ ਲਗਾਏ ਜਾਣਗੇ ਤਾਂ ਜੋ ਇਸ ਜਾਨ ਲੇਵਾ ਰੋਗ ਤੋਂ ਬਚਣ ਦਾ ਹੋਕਾ ਦਿੱਤਾ ਜਾ ਸਕੇ।ਹਾਜ਼ਰ ਸਮੂਹ ਆਸ਼ਾ ਵਰਕਰਾਂ ਅਤੇ ਫੈਸਿਲੀਟੇਟਰਾਂ ਵਲੋਂ ਵੀ ਇਸ ਰੋਗ ਦੀ ਜਾਗਰੂਕਤਾ ਦੇ ਪ੍ਰਚਾਰ ਵਿੱਚ ਕੋਈ ਕਸਰ ਨਾ ਛੱਡਣ ਦਾ ਭਰੋਸਾ ਦਿੱਤਾ।

## ਤਪਦਿਕ ਦੀ ਸ਼ੁਰੂਆਤੀ ਪਛਾਣ ਤੇ ਇਲਾਜ ਬਹੁਤ ਅਹਿਮ : ਡਾ. ਸੰਗੀਤਾ ਜੈਨ

**ਮੋਹਾਲੀ (ਕ੍ਰਿਸ਼ਨ ਗਰਗ)** ਬੱਚਿਆਂ ਅੰਦਰ ਤਪਦਿਕ ਰੋਗ ਦੇ ਖਾਤਮੇ ਸਬੰਧੀ ਸਿਵਲ ਸਰਜਨ ਡਾ. ਸੰਗੀਤਾ ਜੈਨ ਦੀ ਅਗਵਾਈ ਹੇਠ ਜ਼ਿਲ੍ਹਾ ਪੱਧਰੀ ਮੀਟਿੰਗ ਹੋਈ, ਜਿਸ ਵਿਚ ਸਿਹਤ ਅਧਿਕਾਰੀਆਂ ਤੋਂ ਇਲਾਵਾ ਗੈਰ-ਸਰਕਾਰੀ ਸੰਸਥਾ ਵਿਸ਼ਵ ਸਿਹਤ ਭਾਈਵਾਲ ਦੇ ਨੁਮਾਇੰਦੇ ਸ਼ਾਮਲ ਹੋਏ। ਮੀਟਿੰਗ ਦਾ ਉਦੇਸ਼ ਬੱਚਿਆਂ ਵਿੱਚ ਟੀਬੀ ਦੇ ਲੱਛਣਾਂ, ਨਿਦਾਨ ਅਤੇ ਇਲਾਜ ਬਾਰੇ ਜਾਗਰੂਕਤਾ ਪੈਦਾ ਕਰਨਾ ਸੀ। ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਛੋਟੇ ਬੱਚਿਆਂ ਵਿੱਚ ਟੀਬੀ ਦੀ ਜਾਂਚ ਵਿੱਚ ਚੁਣੌਤੀਆਂ ਨੂੰ ਸੰਬੋਧਿਤ ਕਰਦੇ ਹੋਏ ਕਿਹਾ ਕਿ ਉਹ ਅਕਸਰ ਆਪਣੇ ਲੱਛਣਾਂ ਨੂੰ ਸਪੱਸ਼ਟ ਤੌਰ 'ਤੇ ਪ੍ਰਗਟ ਕਰਨ ਵਿੱਚ ਅਸਮਰੱਥ ਹੁੰਦੇ ਹਨ ਅਤੇ ਜਾਂਚ ਲਈ ਨਮੂਨੇ ਇਕੱਠੇ ਕਰਨਾ ਮੁਸਕਲ ਹੋ ਸਕਦਾ ਹੈ। ਬਿਮਾਰੀ ਦੇ ਫੈਲਣ ਨੂੰ ਰੋਕਣ ਲਈ ਸ਼ੁਰੂਆਤੀ ਪਛਾਣ ਅਤੇ ਇਲਾਜ ਹੋਰ ਵੀ ਮਹੱਤਵਪੂਰਨ ਹੈ। ਜ਼ਿਲ੍ਹਾ ਟੀਬੀ ਅਫਸਰ, ਡਾ. ਨਵਦੀਪ ਸਿੰਘ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ 14 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਵਿੱਚ ਦੋ ਹਫਤਿਆਂ ਤੋਂ ਵੱਧ ਸਮੇਂ ਤੱਕ ਲਗਾਤਾਰ ਖੰਘ ਅਤੇ ਬੁਖਾਰ, ਭਾਰ ਘਟਣਾ, ਭੁੱਖ ਨਾ ਲੱਗਣਾ, ਰਾਤ ਨੂੰ ਪਸੀਨਾ ਆਉਣਾ, ਜਾਂ ਥੁੱਕ ਵਿੱਚ ਖੂਨ ਆਉਣ ਵਰਗੇ ਲੱਛਣ ਦਿਖਾਈ ਦਿੰਦੇ ਹਨ ਤਾਂ ਉਨ੍ਹਾਂ ਨੂੰ ਤੁਰੰਤ ਬੱਚਿਆਂ ਦੇ ਡਾਕਟਰ ਕੋਲ ਲਿਜਾਇਆ ਜਾਣਾ ਚਾਹੀਦਾ ਹੈ। ਡਾ. ਅਮਰਪ੍ਰੀਤ ਸਿੰਘ ਅਤੇ ਸਟੇਟ ਟੈਕਨੀਕਲ ਮੈਨੇਜਰ (ਡਬਲਯੂਐਚਪੀ) ਡਾ. ਸਤੀਸ਼ ਦੁਆਰਾ ਟੀਬੀ ਨਾਲ ਸਬੰਧਤ ਮੁੱਦਿਆਂ ਤੇ ਪੇਸ਼ਕਾਰੀਆਂ ਦਿੱਤੀਆਂ ਗਈਆਂ। ਮੀਟਿੰਗ ਵਿਚ ਜ਼ਿਲ੍ਹਾ ਟੀਕਾਕਰਨ ਅਫਸਰ ਡਾ. ਗਿਰੀਸ ਡੋਗਰਾ ਤੇ ਹੋਰ ਅਧਿਕਾਰੀ ਮੌਜੂਦ ਸਨ।

## ਡਾ. ਅੰਬੇਡਕਰ ਦਾ ਜਨਮ ਦਿਵਸ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ



**ਫਗਵਾੜਾ (ਜਸਵਿੰਦਰ ਢੱਡਾ)** ਰੀਨੋ ਸ਼ਹਿਰ ਵਿਚ ਅੰਬੇਡਕਰੀ ਸਾਥੀਆਂ ਨੇ ਮਿਲ ਕੇ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਜੀ ਦਾ 134ਵਾਂ ਜਨਮ ਦਿਵਸ ਅਰਿਸਟੋਟਲ ਚੁੰਬਰ ਦੇ ਗ੍ਰਹਿ ਵਿਖੇ ਬਹੁਤ ਹੀ ਸ਼ਰਧਾ ਅਤੇ ਉਤਸ਼ਾਹ ਨਾਲ ਮਨਾਇਆ। ਪ੍ਰਧਾਨਗੀ ਹਰਜਿੰਦਰ ਸਿੰਘ ਬੀਕਾ, ਭਗਤ ਰਾਮ ਲੱਧੜ ਅਤੇ ਧਰਮ ਪਾਲ ਪੈਂਥਰ ਨੇ ਸਾਂਝੇ ਤੌਰ 'ਤੇ ਕੀਤੀ ਗਈ। ਮੰਚ ਸੰਚਾਲਨ ਦੀ ਭੂਮਿਕਾ ਪੂਨਮ ਲੱਧੜ ਨੇ ਨਿਭਾਉਂਦੇ ਹੋਏ ਸਾਰੇ ਮਹਿਮਾਨਾਂ ਅਤੇ ਸਰੋਤਿਆਂ ਜੀ ਆਇਆ ਕਿਹਾ। ਹਰਜਿੰਦਰ ਸਿੰਘ ਬੀਕਾ ਨੇ ਕੈਂਡਲ ਜਗਾ ਕੇ ਬਾਬਾ ਸਾਹਿਬ ਜੀ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਿਆਂ ਕਿਹਾ ਕਿ ਬਾਬਾ ਸਾਹਿਬ ਤੰਗੀਆਂ ਤੁਰਸ਼ੀਆਂ ਨੂੰ ਸਹਿਣ ਉਪਰੰਤ ਉੱਚ ਪੱਧਰ ਦੀ ਪੜ੍ਹਾਈ ਕਰਕੇ ਦੁਨੀਆਂ ਦੇ ਮਹਾਨ ਵਿਦਵਾਨ ਬਣੇ ਸਨ। ਜੇਕਰ ਅੱਜ ਅਸੀਂ ਅਮਰੀਕਾ ਵਿੱਚ ਵਧੀਆ ਜ਼ਿੰਦਗੀ ਗੁਜਰ ਰਹੇ ਹਾਂ ਤਾਂ ਇਹ ਬਾਬਾ ਸਾਹਿਬ ਦੀ ਬਦੌਲਤ ਹੈ। ਇਸ ਮੌਕੇ ਤੇ ਧਰਮ ਪਾਲ ਪੈਂਥਰ ਨੇ ਹਾਜ਼ਰੀਨ ਨੂੰ ਬਾਬਾ ਸਾਹਿਬ ਜੀ ਦੇ ਜਨਮ ਦਿਵਸ ਦੀ ਵਧਾਈ ਦਿੰਦੇ ਹੋਏ ਕਿਹਾ ਕਿ ਬਾਬਾ ਸਾਹਿਬ ਤੋਂ ਪਹਿਲਾਂ ਜਿਹੜੇ ਲੋਕ ਕਦੇ ਸਕੂਲਾਂ ਵਿੱਚ ਪੜ੍ਹ ਨਹੀਂ ਸੀ ਸਕਦੇ ਅੱਜ ਮਾਸਟਰ ਬਣਕੇ ਪੜ੍ਹਾ ਰਹੇ।ਭਾਰਤੀ ਸੰਵਿਧਾਨ ਦੇ ਲਾਗੂ ਹੋਣ ਨਾਲ ਹਜਾਰਾਂ ਸਾਲਾਂ ਤੋਂ ਸਮਾਜ ਵੱਲੋਂ ਦੁਰਕਾਰੇ ਲੋਕਾਂ ਨੂੰ ਸਮਾਨਤਾ, ਸੁਤੰਤਰਤਾ, ਭਾਈਚਾਰੇ ਅਤੇ ਨਿਆਂ ਦਾ ਅਧਿਕਾਰ ਮਿਲਿਆ। ਭਗਤ ਰਾਮ ਲੱਧੜ ਅਤੇ ਮੈਡਮ ਜਸਵੀਰ ਕੌਰ ਸੰਧੂ ਨੇ ਕਿਹਾ ਕਿ ਸਾਡੇ ਲਈ ਇਹ ਮਾਣ ਦੀ ਗੱਲ ਹੈ ਕਿ ਅਸੀਂ ਉਸ ਮਹਾਨ ਸ਼ਖਸ਼ੀਅਤ ਨੂੰ ਯਾਦ ਕਰ ਰਹੇ ਹਾਂ ਜਿਸਨੇ ਸਾਨੂੰ ਸਿੱਖਿਅਤ ਬਣੋ, ਸੰਘਰਸ਼ ਕਰੋ ਅਤੇ ਇੱਕਠੇ ਰਹੋ ਦਾ ਸੰਦੇਸ਼ ਅਤੇ ਸਾਡੀਆਂ ਗੁਲਾਮੀ ਦੀਆਂ ਬੇੜੀਆਂ ਨੂੰ ਤੋੜ ਕੇ ਮਾਣ ਸਨਮਾਨ ਦੀ ਜ਼ਿੰਦਗੀ ਜਿਉਣ ਦਾ ਮੌਕਾ ਦਿੱਤਾ। ਚੁੰਬਰ ਪਰਵਾਰ ਵੱਲੋਂ ਚਾਹ ਪਕੌੜਿਆਂ ਦਾ ਲੰਗਰ ਲਗਾਇਆ ਗਿਆ।

## ਆਦਰਸ਼ ਮਾਤਾ ਤੇ ਹੈਲਥੀ ਬੇਬੀ ਵਿਸ਼ੇਸ਼ ਸੰਬੰਧੀ ਕੈਂਪ ਲਗਾਇਆ

**ਬਲਾਚੌਰ (ਜਸਵਿੰਦਰ ਬੈਂਸ)**-ਪਿੰਡ ਟੌਂਸਾ ਦੇ ਰਵਿਦਾਸ ਗੁਰਦੁਆਰਾ ਸਾਹਿਬ ਵਿਖੇ ਸਨਫਾਰਮਾ ਕਮਿਊਨਿਟੀ ਹੈਲਥ ਕੇਅਰ ਸੋਸਾਇਟੀ ਵੱਲੋਂ ਆਦਰਸ਼ ਮਾਤਾ ਅਤੇ ਹੈਲਥੀ ਬੇਬੀ



ਵਿਸ਼ੇਸ਼ ਸਬੰਧੀ ਇੱਕ ਕੈਂਪ ਦਾ ਆਯੋਜਨ ਕੀਤਾ ਗਿਆ।ਕੈਂਪ ਦੌਰਾਨ ਹੈਲਥ ਕੇਅਰ ਸੋਸਾਇਟੀ ਦੇ ਡਾਕਟਰ ਰਮੇਸ਼ ਲਾਲ ਨੇ ਇੱਕੱਤਰਤ ਔਰਤਾਂ ਨੂੰ ਸਿਹਤ ਸਬੰਧੀ ਸਵਾਲ ਪੁੱਛੇ ।ਇਸ ਕੈਂਪ ਵਿੱਚ ਔਰਤਾਂ ਅਤੇ ਬੱਚਿਆਂ ਨੂੰ ਚੰਗੀ ਸਿਹਤ ਅਤੇ ਚੰਗੀ ਖੁਰਾਕ ਬਾਰੇ ਵੀ ਦੱਸਿਆ ਗਿਆ।ਇਸ ਕੈਂਪ ਵਿੱਚ ਬੱਚਿਆਂ ਦਾ ਭਾਰ ਵੀ ਚੈੱਕ ਕੀਤਾ ਗਿਆ।ਜਿਨ੍ਹਾਂ ਬੱਚਿਆਂ ਦਾ ਭਾਰ ਬਿਲਕੁਲ ਠੀਕ ਸੀ ਉਹਨਾਂ ਨੂੰ ਪਹਿਲੇ ਦੂਜੇ ਅਤੇ ਤੀਜੇ ਸਥਾਨ 'ਤੇ ਰਹਿਣ ਤੇ ਇਨਾਮ ਦਿੱਤੇ ਗਏ।ਇਸ ਕੈਂਪ ਵਿੱਚ ਬੱਚਿਆਂ ਅਤੇ ਔਰਤਾਂ ਨੇ ਵੱਧ ਚੜ ਕੇ ਹਿੱਸਾ ਲਿਆ।ਇਸ ਕੈਂਪ ਵਿੱਚ ਭਾਗ ਲੈਣ ਵਾਲੇ ਬੱਚਿਆਂ ਨੂੰ ਰਿਫਰੈਸ਼ਮੈਂਟ ਦਿੱਤੀ ਗਈ।ਇਸ ਮੌਕੇ 'ਤੇ ਸਨ ਫਰਮਾ ਕਮਿਊਨਿਟੀ ਹੈਲਥ ਕੇਅਰ ਸੋਸਾਇਟੀ ਦਾ ਸਟਾਫ ਡਾਕਟਰ ਰਮੇਸ਼ ਲਾਲ ਨਰਸ ਸਿਮਰਨਜੀਤ ਅਤੇ ਮਨਜਿੰਦਰ ਕੌਰ ਵੀ ਮੌਜੂਦ ਸਨ।

## ਗੁ. ਸਿੰਘ ਸ਼ਹੀਦਾਂ ਵਿਖੇ ਗੁਰੂ ਅੰਗਦ ਦੇਵ ਦਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

**ਐੱਸ ਏ ਐੱਸ ਨਗਰ (ਗੁਰਜੀਤ ਬਿੱਲਾ)** ਇੱਥੋਂ ਨੇੜਲੇ ਪਿੰਡ ਸੋਹਾਣਾ ਦੇ ਇਤਿਹਾਸਕ ਗੁਰਦੁਆਰਾ ਸਿੰਘ ਸ਼ਹੀਦਾਂ ਵਿਖੇ ਦੂਜੇ ਪਾਤਿਸ਼ਾਹ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪ੍ਰਕਾਸ਼ ਪੁਰਬ ਸ਼ਰਧਾ ਭਾਵਨਾ ਨਾਲ ਮਨਾਇਆ ਗਿਆ। ਪ੍ਰਕਾਸ਼ ਪੁਰਬ ਦੀ ਖ਼ੁਸ਼ੀ ਵਿੱਚ ਸਵੇਰੇ 9:00 ਵਜੇ ਸ੍ਰੀ ਸਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ, ਇਸ ਉਪਰੰਤ ਸਾਰਾ ਦਿਨ ਧਾਰਮਿਕ ਸਮਾਗਮ ਦਾ ਆਯੋਜਨ ਕੀਤਾ ਗਿਆ। ਇਸ ਧਾਰਮਿਕ ਸਮਾਗਮ ਵਿੱਚ ਭਾਈ ਕੁਲਦੀਪ ਸਿੰਘ ਦੇ ਪੰਥਕ ਜੱਥੇ ਨੇ ਦੂਜੇ ਪਾਤਿਸ਼ਾਹ ਧੰਨ ਧੰਨ ਸ੍ਰੀ ਗੁਰੂ ਅੰਗਦ ਦੇਵ ਜੀ ਦਾ ਜੀਵਨ ਬ੍ਰਿਤਾਂਤ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋ ਭਾਈ ਲਹਿਣਾ ਜੀ ਨੂੰ ਗੁਰਿਆਈ ਦੀ ਦਾਤ ਬਖਸ਼ ਕੇ ਗੁਰੂ ਅੰਗਦ ਦੇਵ ਜੀ ਬਣਾਉਣ ਦਾ ਪ੍ਰਸੰਗ ਬਾਰੇ ਸੰਗਤਾਂ ਨੂੰ ਜਾਣੂੰ ਕਰਵਾਇਆ। ਭਾਈ ਅਮਨਦੀਪ ਸਿੰਘ ਦੇ ਜੱਥੇ ਨੇ ਆਪਣੇ ਰਸ ਭਿੰਨੇ ਕੀਰਤਨ ਨਾਲ ਸੰਗਤਾਂ ਨੂੰ ਇਲਾਹੀ ਬਾਣੀ ਨਾਲ ਗਵਾ ਕੇ ਗੁਰੂ ਨਾਲ ਜੋੜਨ ਦਾ ਉਪਰਾਲਾ ਕੀਤਾ। ਸ਼੍ਰੋਮਣੀ ਪ੍ਰਚਾਰਕ ਭਾਈ ਨਾਨਕ ਸਿੰਘ



ਅੰਮ੍ਰਿਤਸਰ ਵਾਲਿਆਂ ਨੇ ਸ੍ਰੀ ਗੁਰੂ ਅੰਗਦ ਦੇਵ ਜੀ ਦੁਆਰਾ ਉਚਾਰਨ ਧੁਰ ਕੀ ਬਾਣੀ ਦੇ 62 ਸਲੋਕ ਜੋ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਸੁਭਾਏਮਾਨ ਹਨ ਉਨਾਂ ਬਾਰੇ ਸੰਗਤਾਂ ਨੂੰ ਵਿਸਥਾਰ ਸਹਿਤ ਦੱਸਿਆ। ਇਸ ਤੋਂ ਇਲਾਵਾ ਅਕਾਲ ਕਵੀਸ਼ਰੀ ਜੱਥਾ, ਭਾਈ ਪਰਵਿੰਦਰ ਸਿੰਘ, ਬੀਬੀ ਗੁਰਨੂਰ ਕੌਰ, ਭਾਈ ਓਂਕਾਰ ਸਿੰਘ, ਭਾਈ ਅਮਰਜੀਤ ਸਿੰਘ ਖਾਲਸਾ, ਭਾਈ ਗੁਰਵਿੰਦਰ ਸਿੰਘ, ਮਾਤਾ ਸੰਦਰ ਕੌਰ ਸਰਬ ਸਾਂਝੀ ਸੋਸਾਇਟੀ, ਭਾਈ ਕੁਲਤਾਰ ਸਿੰਘ ਦੇ ਜੱਥਿਆਂ ਤੋਂ ਇਲਾਵਾ ਗੁਰਦੁਆਰਾ ਸਿੰਘ ਸ਼ਹੀਦਾਂ ਦੇ ਹਜ਼ੂਰੀ ਜੱਥੇ ਭਾਈ ਮਨਦੀਪ ਸਿੰਘ, ਭਾਈ ਨਿਤਿੰਨ ਸਿੰਘ, ਭਾਈ ਗੁਰਮੀਤ ਸਿੰਘ, ਭਾਈ ਇੰਦਰਜੀਤ ਸਿੰਘ, ਭਾਈ ਸੁਖਵਿੰਦਰ ਸਿੰਘ ਨੇ ਕਥਾ, ਕੀਰਤਨ, ਕਵੀਸ਼ਰੀ ਅਤੇ ਗੁਰਮਤਿ ਵਿਚਾਰਾਂ ਰਾਹੀਂ ਸੰਗਤਾਂ ਨੂੰ ਸਾਰਾ ਦਿਨ ਹਰਿ ਜਸ ਸੁਣਾ ਕੇ ਨਿਹਾਲ ਕੀਤਾ। ਸਾਰੇ ਜੱਥਿਆਂ ਨੂੰ ਸਿਰੋਪਾਓ ਦੇ ਕੇ ਸਨਮਾਨਤ ਕੀਤਾ ਗਿਆ। ਇਸ ਦਿਹਾੜੇ ਦੀ ਖੁਸ਼ੀ ਵਿੱਚ ਦਰਬਾਰ ਸਾਹਿਬ ਜੀ ਦੀ ਅੰਦਰੋਂ ਅਤੇ ਬਾਹਰੋਂ ਵਿਸ਼ੇਸ਼ ਸਜਾਵਟ ਕੀਤੀ ਗਈ ਸੀ। ਇਸ ਮੌਕੇ 'ਤੇ ਹਜ਼ਾਰਾਂ ਸੰਗਤਾਂ ਨੇ ਇਸ ਸਥਾਨ ਦੇ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕੀਤਾ। ਗੁਰੂ ਕਾ ਲੰਗਰ ਅਤੁੱਟ ਵਰਤਾਇਆ ਗਿਆ ।

## ਸਕੂਲ ਟੂਰਨਾਮੈਂਟ ਕਮੇਟੀ ਵੱਲੋਂ ਖੇਡ ਖੇਤਰ ਦੀਆਂ ਸ਼ਖਸੀਅਤਾਂ ਸਨਮਾਨਤ




**ਜਲੰਧਰ (ਸ਼ੈਲੀ ਐਲਬਰਟ)**- ਜ਼ਿਲ੍ਹਾ ਜਲੰਧਰ ਸਕੂਲ ਟੂਰਨਾਮੈਂਟ ਕਮੇਟੀ ਵੱਲੋਂ ਸਾਲ 2024-25 ਦੇ ਦੂਜੇ ਸੈਸ਼ਨ ਵਿਚ ਖੇਡ ਖੇਤਰ 'ਚ ਅਹਿਮ ਯੋਗਦਾਨ ਪਾਉਣ ਵਾਲੇ ਵੱਖ ਵੱਖ ਖੇਤਰ ਦੇ ਅਧਿਆਪਕਾਂ, ਪ੍ਰਿੰਸੀਪਲਾਂ ਤੇ ਹੈਡਮਾਸਟਰਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕਰਨ ਦਾ ਉਪਰਾਲਾ ਕੀਤਾ ਗਿਆ। ਇਸ ਸਬੰਧੀ ਇਕ ਵਿਸ਼ੇਸ਼ ਸਮਾਗਮ ਸਾਂਈ ਦਾਸ ਸਕੂਲ ਜਲੰਧਰ ਵਿਖੇ ਕੀਤਾ ਗਿਆ ਤੇ ਬਤੌਰ ਮੁੱਖ ਮਹਿਮਾਨ ਚੇਅਰਮੈਨ ਜਲੰਧਰ ਇੰਪਰਵਮੈਂਟ ਟਰੱਸਟ ਸ੍ਰੀਮਤੀ ਰਾਜਵਿੰਦਰ ਕੌਰ ਥਿਆੜਾ ਤੇ ਡਾ. ਗੁਰਿੰਦਰਜੀਤ ਕੌਰ ਜ਼ਿਲ੍ਹਾ ਸਿੱਖਿਆ ਅਫਸਰ (ਸ) ਜਲੰਧਰ ਨੇ ਸਿੱਖਿਆ ਵਿਭਾਗ ਦੀਆਂ ਖੇਡ ਖੇਤਰ ਦੀਆਂ ਹਸਤੀਆਂ ਦਾ ਵਿਸ਼ੇਸ਼ ਸਨਮਾਨ ਕੀਤਾ। ਆਗੂਆਂ ਨੇ ਅਧਿਆਪਕਾਂ ਨੂੰ ਵਧਾਈ ਦਿੱਤੀ ਤੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਵੀ ਸੂਬੇ ਦੀ ਸਿੱਖਿਆ ਦੇ ਸੁਧਾਰ ਲਈ ਕਈ ਉਪਰਾਲੇ ਕੀਤੇ ਜਾ ਰਹੇ ਹਨ ਤੇ ਇਸ ਦੇ ਚੰਗੇ ਨਤੀਜੇ ਸਾਹਮਣੇ ਆ ਰਹੇ ਹਨ। ਡੀ ਟੀ ਸੀ ਦੇ ਜਨਰਲ ਸਕੱਤਰ ਸਟੇਟ ਐਵਾਰਡੀ ਪ੍ਰਿੰਸੀਪਲ ਹਰਮੇਸ਼ ਲਾਲ ਘੋੜਾ ਨੇ ਦੱਸਿਆ ਕਿ ਸਿੱਖਿਆ ਵਿਭਾਗ ਦੀਆਂ 4 ਸੇਵਾ ਮੁਕਤ ਸ਼ਖਸੀਅਤਾਂ ਸ੍ਰੀਮਤੀ ਕੈਲਾਸ਼ ਦੁਆ (ਨੈਸ਼ਨਲ ਐਵਾਰਡੀ) ਹਰਮੇਸ਼ ਲਾਲ ਕੋਲੇ (ਸਟੇਟ ਐਵਾਰਡੀ ਡਾ. ਜਤਿੰਦਰ ਸਾਥੀ (ਸਪੋਰਟਸ ਰਿਪੋਰਟਰ ਅਜੀਤ) ਸ੍ਰੀਮਤੀ ਰੇਸ਼ਮ ਕੌਰ (ਸਟੇਟ ਐਵਾਰਡੀ) ਦਾ ਲਾਈਫ ਟਾਈਮ ਅਚੀਵਮੈਂਟ ਐਵਾਰਡ (ਖੇਡਾਂ) ਨਾਲ ਸਨਮਾਨ ਕੀਤਾ ਗਿਆ। ਇਸ ਤੋਂ ਇਲਾਵਾ 11 ਹੋਰ ਸ਼ਖਸ਼ੀਅਤਾਂ , 2 ਸ਼ਖਸ਼ੀਅਤਾਂ ਦੀ ਤਰੱਕੀ ਹੋਣ ਤੇ 2 ਦਾ ਕੌਮਾਂਤਰੀ ਪੱਧਰ 'ਤੇ ਬਤੌਰ ਰੈਫਰੀ ਸੇਵਾਵਾਂ ਕਰਕੇ ਤੇ 70 ਸ਼ਖਸ਼ੀਅਤਾਂ ਦਾ ਜ਼ਿਲ੍ਹਾ ਪੱਧਰ 'ਤੇ ਖੇਡ ਖੇਤਰ 'ਚ ਅਹਿਮ ਯੋਗਦਾਨ ਪਾਉਣ ਕਰਕੇ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ 'ਤੇ ਉਪ ਜ਼ਿਲ੍ਹਾ ਸਿੱਖਿਆ ਅਫਸਰ (ਸ) ਜਲੰਧਰ ਰਾਜੀਵ ਜੈਸੀ, ਕੌਮਾਂਤਰੀ ਜੂਡੋ ਰੈਫਰੀ ਸੁਰਿੰਦਰ ਕੁਮਾਰ, ਪ੍ਰਿੰਸੀਪਲ ਸੁਖਦੇਵ ਰਾਜ, ਪ੍ਰਿੰਸੀਪਲ ਰਾਮ ਆਸਰਾ, ਪ੍ਰਿੰਸੀਪਲ ਸੱਤਪਾਲ, ਪ੍ਰਿੰਸੀਪਲ ਰਾਕੇਸ਼ ਸ਼ਰਮਾ, ਲੈਕਚਰਾਰ ਬਲਜੀਤ ਸਿੰਘ ਢਿੱਲੋਂ, ਡਾ. ਇੰਦਰਜੀਤ ਸਿੰਘ ਕੋਲਾ, ਐਸ.ਪੀ.ਸਿੰਘ ਤੇ ਜ਼ਿਲ੍ਹਾ ਜਲੰਧਰ ਦੇ ਸਕੂਲਾਂ ਦੇ ਪ੍ਰਿੰਸੀਪਲ ਮੁੱਖ ਅਧਿਆਪਕ ਤੇ ਸਰੀਰਕ ਸਿੱਖਿਆ ਅਧਿਆਪਕ ਵਿਸ਼ੇਸ਼ ਤੌਰ 'ਤੇ ਹਾਜਰ ਸਨ।

## ਜਸਵੰਤ ਸਿੰਘ ਨਿੱਝਰ ਡੁਮੇਲੀ ਨਮਿੱਤ ਅੰਤਮ ਅਰਦਾਸ ਅੱਜ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਜਸਵੰਤ ਸਿੰਘ ਨਿੱਝਰ ਡੁਮੇਲੀ ਨੰਬਰਦਾਰ (ਫੌਜੀ ) ਅਕਾਲ ਪੁਰਖ ਵੱਲੋਂ ਬਖਸ਼ਿਸ਼ ਸਵਾਸਾਂ ਦੀ ਪੂੰਜੀ ਪੂਰੀ ਕਰਕੇ, ਵਾਹਿਗੁਰੂ ਦੇ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੇ ਵਿਛੋੜੇ ਨਾਲ ਸੁਪਤਨੀ ਸੁਰਿੰਦਰ ਕੌਰ ਨਿੱਝਰ, ਬੇਟੀਆਂ ਰਵਿੰਦਰ ਕੌਰ ਕਨੇਡਾ, ਰਾਜਵਿੰਦਰ ਕੌਰ ਇੰਗਲੈਂਡ, ਬਲਜਿੰਦਰ ਕੌਰ, ਦਲਜਿੰਦਰ ਕੌਰ ਇਟਲੀ, ਰੁਪਿੰਦਰ ਕੌਰ , ਪਰਵਾਰ ਤੇ ਸਮਾਜ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਉਨ੍ਹਾਂ ਦੀ ਚਿਖਾ ਨੂੰ ਅਗਨ ਭੇਂਟ, ਉਨ੍ਹਾਂ ਦੀਆ ਪੰਜ ਧੀਆ ਵੱਲੋਂ ਕੀਤਾ ਗਿਆ। ਇਹ ਬਹੁਤ ਗਮਗੀਨ 'ਤੇ ਵੈਰਾਗਮਈ ਸਮਾਂ ਸੀ। ਇਸ ਸਮੇਂ ਪਿੰਡ ਦੇ ਸਰਪੰਚ ਬਚਿੰਤ ਸਿੰਘ, ਸਾਬਕਾ ਸਰਪੰਚ ਬਹਾਦਰ ਸਿੰਘ, ਸਾਬਕਾ ਸਰਪੰਚ ਪਰਮਿੰਦਰ ਪਾਲ ਸਿੰਘ ਨਿੱਝਰ, ਲਾਇਨਜ ਕਲੱਬ ਇੰਟਰਨੈਸ਼ਨਲ ਰਿਹਾਣਾ ਜੱਟਾ ਕੋਹਿਨੂਰ ਦੇ ਪ੍ਰਧਾਨ ਲਾਇਨ ਡਾਕਟਰ ਮੁਖਤਿਆਰ ਸਿੰਘ ਧਾਲੀਵਾਲ, ਸਕੱਤਰ ਲਾਇਨ ਡਾਕਟਰ ਤੇਜਬੀਰ ਸਿੰਘ ਧਾਲੀਵਾਲ ਅਤੇ ਹੋਰ ਪਤਵੰਤਿਆ, ਇਲਾਕਾ ਨਿਵਾਸੀਆਂ ਵੱਲੋਂ ਉਨ੍ਹਾਂ ਦੀ ਪਤਨੀ, ਬੇਟੀਆਂ, ਭਰਾਵਾਂ ਪ੍ਰੀਤਮ ਸਿੰਘ ਨਿੱਝਰ, ਹਰਦੇਵ ਸਿੰਘ ਨਿੱਝਰ, ਬੇਟੀਆਂ ਦੇ ਮਾਮੇ ਗੁਰਮੇਲ ਸਿੰਘ,ਮਾਸੜ ਸੁਰਿੰਦਰ ਸਿੰਘ ਨਾਲ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਗਿਆ ।ਸਵਰਗਵਾਸੀ ਜਸਵੰਤ ਸਿੰਘ ਨਿੱਝਰ ਨਮਿਤ ਅੰਤਮ ਅਰਦਾਸ 30 ਅਪ੍ਰੈਲ 2 ਨੂੰ 12 ਤੋਂ 1 ਵਜੇ ਤੱਕ ਗੁਰਦੁਆਰਾ ਬਾਬਾ ਰਾਣਾ ਸਾਹਿਬ ਡੁਮੇਲੀ ਵਿਖੇ ਹੋਵੇਗੀ ।



